**Worldwide Travel, Inc.**

*Your One Stop Shop For International Travel Needs*

*Serving Community Since 1975.*

*Michigan Office*
29211 Ford Rd.
Garden City, MI 48135
Tel: 734-525-7304
Toll Free: 800-504-3044
Fax: 866-300-9725

IATA



*Lowest Fare Guaranteed*

*Los Angles Office*
2701 E. Chapman Ave.
Ste.No.108,Fullerton,CA92831
Phone: 714-449-7766
Toll Free: 866-889-1203
Fax: 714-449-7767

*PHO presents*

**ਪੰਜਾਬੀ ਮੇਲਾ PUNJABI MELA**

**on Saturday, July 25, 2009**

at Busse Woods Forest Preserve Grove Elk Grove Village, IL. 60007
(Southwest corner of Higgins Road and Arlington Heights Road)

**More Info:**
Lakhbir Singh Sandhu (847) 975-3877, Jaswinder Sandhu (847) 254-1782, Tony Sanghera (630) 728-5490, Dr. Harjinder Singh Khaira 630-479-0031, Jairam Singh Kahlon (224) 456-8096

Tenth Year in Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 30, July 25, 2009 | 20451 N Plum Grove Rd. Palatine, IL 60074 | Ph:847-359-0746, Fax:847-705-9388



ਸੌਣ ਮਹੀਨਾ, ਤੀਆਂ ਅਤੇ ਪੀਂਘਾਂ ਕਿਸੇ ਵੇਲਿਆਂ ਦੇ ਪੰਜਾਬ ਵਿਚ ਇਕ ਦੂਜੇ ਦੇ ਸਮਅਰਥੀ ਸ਼ਬਦ ਸਨ ਅੱਜ ਸਿਰਫ ਨਾਂ ਹੀ ਬਚੇ ਹਨ। ਸੈਕਰਾਮੈਂਟੋ ਵਿਚ ਤੀਆਂ ਦੇ ਇਕ ਮੇਲੇ ਮੌਕੇ ਪੀਂਘ ਦਾ ਝੂਟਾ ਲੈਣ ਦੀ ਕੋਸ਼ਿਸ਼
-ਫੋਟੋ ਲੌਂਗਮੈਨ ਸਟੂਡੀਓ

## ਹਿਲੇਰੀ ਕਲਿੰਟਨ ਨੇ ਨਸੀਹਤਾਂ ਨਾਲ ਭਰੀ ਭਾਰਤ ਦੀ ਝੋਲੀ

**ਬਿੰਦਰ ਬਸਰਾ**

ਪੰਜ ਦਿਨ ਦੀ ਭਾਰਤ ਯਾਤਰਾ 'ਤੇ ਆਈ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਅਤਿਵਾਦ ਅਤੇ ਜਲਵਾਯੂ ਤਬਦੀਲੀ ਵਰਗੇ ਮੁੱਦਿਆਂ 'ਤੇ ਜਿਥੇ ਭਾਰਤ ਨੂੰ ਨਸੀਹਤਾਂ ਦਿੱਤੀਆਂ, ਉਥੇ ਇਨ੍ਹਾਂ ਗੰਭੀਰ ਮਸਲਿਆਂ 'ਤੇ ਰਣਨੀਤਕ ਭਾਈਵਾਲੀ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਗੱਲਬਾਤ ਦੌਰਾਨ ਅਮਰੀਕਾ ਅਤੇ ਭਾਰਤ ਦੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਤੋਂ ਇਲਾਵਾ ਅਤਿਵਾਦ ਅਤੇ ਪਾਕਿਸਤਾਨ ਦੇ ਮੁੱਦੇ ਨੂੰ ਵਿਚਾਰਿਆ। ਸ੍ਰੀਮਤੀ ਕਲਿੰਟਨ ਨੇ ਊਰਜਾ, ਸੁਰੱਖਿਆ, ਖੇਤੀਬਾੜੀ, ਵਿਸ਼ਵ ਆਰਥਿਕ ਸੰਕਟ, ਸਿੱਖਿਆ, ਗਰੀਬੀ ਅਤੇ ਮੌਸਮ ਤਬਦੀਲੀ ਵਰਗੇ ਮੁੱਦਿਆਂ 'ਤੇ ਵੀ ਚਰਚਾ ਕੀਤੀ।

ਮੁੰਬਈ 'ਚ ਅਤਿਵਾਦ ਦੇ ਸ਼ਿਕਾਰ ਲੋਕਾਂ ਲਈ ਇਨਸਾਫ ਦੀ ਵਕਾਲਤ ਕਰਨ ਪਿੱਛੋਂ ਗੁੜਗਾਓਂ 'ਚ ਮੌਸਮ ਤਬਦੀਲੀ 'ਤੇ ਇਕ ਸੈਮੀਨਾਰ ਵਿਚ ਹਿੱਸਾ ਲੈਣ ਤੋਂ ਬਾਅਦ ਸ੍ਰੀਮਤੀ ਕਲਿੰਟਨ ਨੇ ਕਿਹਾ ਕਿ ਪਾਕਿਸਤਾਨ ਅਤਿਵਾਦ ਦਾ ਗੜ੍ਹ ਹੈ ਅਤੇ ਅਮਰੀਕਾ, ਪਾਕਿਸਤਾਨ ਵਲੋਂ ਅਤਿਵਾਦ ਵਿਰੁਧ ਕੀਤੀਆਂ ਜਾ ਰਹੀਆਂ ਸਰਗਰਮੀਆਂ 'ਤੇ ਪੂਰੀ ਤਰ੍ਹਾਂ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਤਿਵਾਦ ਸਾਡੇ ਸਾਰਿਆਂ ਲਈ ਵੱਡਾ ਖਤਰਾ ਹੈ ਅਤੇ ਉਹ ਦੇਸ਼ ਵੀ ਇਸ ਤੋਂ ਬਚੇ ਨਹੀਂ ਰਹਿ ਸਕਦੇ, ਜਿਨ੍ਹਾਂ ਇਸ ਨੂੰ ਪਨਾਹ ਦਿੱਤੀ। ਸ੍ਰੀਮਤੀ ਕਲਿੰਟਨ ਨੇ ਕਿਹਾ ਕਿ ਸਾਰੇ ਦੇਸ਼ਾਂ ਨੂੰ ਇਸ ਬੁਰਾਈ ਦੇ ਖਾਤਮੇ ਲਈ ਉਠ ਖੜ੍ਹੇ ਹੋਣਾ ਚਾਹੀਦਾ ਹੈ।

ਅਤਿਵਾਦ ਦੇ ਗੜ੍ਹ ਬਾਰੇ ਸਪੱਸ਼ਟ ਕਰਦਿਆਂ ਉਨ੍ਹਾਂ ਆਖਿਆ ਕਿ ਅਲਕਾਇਦਾ, ਤਾਲਿਬਾਨ ਸਮੇਤ ਪਾਕਿਸਤਾਨ ਦੀਆਂ ਦੂਜੀਆਂ ਅਤਿਵਾਦੀ ਜਥੇਬੰਦੀਆਂ ਇਕ ਕ੍ਰਿਮੀਨਲ ਸਿੰਡੀਕੇਟ ਦਾ ਹਿੱਸਾ ਬਣ ਕੇ ਕੰਮ ਕਰ ਰਹੀਆਂ ਹਨ ਅਤੇ ਅਮਰੀਕਾ ਤੇ ਭਾਰਤ ਲਈ ਮੁਸ਼ਕਲ ਪੈਦਾ ਕਰ ਰਹੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਤਿਵਾਦ ਵਿਰੁਧ ਲੜਾਈ ਪਾਕਿਸਤਾਨ ਦੇ ਆਪਣੇ ਹਿੱਤ 'ਚ ਹੈ ਅਤੇ ਉਸ ਦੀ ਭਵਿੱਖ ਦੀ ਸੁਰੱਖਿਆ ਅਤੇ ਸਥਿਰਤਾ ਲਈ ਇਸ ਦਾ ਖਾਤਮਾ ਬੇਹੱਦ ਜ਼ਰੂਰੀ ਹੈ। ਹੁਣ ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਪਾਕਿਸਤਾਨ ਵਿਚਲਾ ਅਤਿਵਾਦ ਜਿਸ ਤਰ੍ਹਾਂ ਪਾਕਿਸਤਾਨ ਦੀ ਆਪਣੀ ਸੁਰੱਖਿਆ ਲਈ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਪਾਕਿਸਤਾਨ ਦੀ ਅਤਿਵਾਦ ਵਿਰੁਧ ਲੜਨ ਦੀ ਪ੍ਰਤੀਬੱਧਤਾ 'ਤੇ ਇਹ ਕਹਿੰਦਿਆਂ ਸਵਾਲ ਵੀ ਉਠਾਇਆ ਕਿ ਇਸ ਦਾ ਪ੍ਰਗਟਾਵਾ ਇਸ ਗੱਲ ਤੋਂ ਹੋਵੇਗਾ ਕਿ ਉਹ ਮੁੰਬਈ

(ਬਾਕੀ ਸਫਾ 6 ਉਤੇ)



ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਸੋਮਵਾਰ ਨੂੰ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ

**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

MICHIGAN WORKS APPROVED!

NO WAITING!

**ALL ★ STARS**

★ TRUCK DRIVING SCHOOL INC ★
151 MILITARY ST. ★ DETROIT, MI 48209





313-841-2222

CDL A, B, P & S
WITH AIR BRAKE

CDL LICENSING IN JUST 3 WEEKS!

WE ARE AFFILIATED WITH NWLB

WE OFFER FULL TIME, PART TIME, AND WEEKEND CLASSES TO ACCOMMODATE YOUR SCHEDULING NEEDS

★ Assist in job placement
★ Flexible hours , fit your Schedule
★ More than 25 years experience
★ UP TO $750 TO $900 PER WEEK!
★ REFRESHER COURSES AVAILABLE
★ ONE-ON-ONE TRAINING

VISIT US ONLINE AT ALLSTARSCDL.COM
EMAIL US AT WWW.ALLSTARSTRUCKSCHOOL@YAHOO.COM



SAHIL & L.A. TAN
PROUDLY PRESENTS
ZEE TV
ZEE CINEMA
Sonu Niigam
Sunidhi Chauhan
Hard Kaur
WWW.BOLLYWOODSTARSHOW.COM
BIG Cinemas
www.bigcinemas.com
LEVEL CONSTRUCTION
$35 & $300 SOLD OUT
EXPLOSION 2009
WEB PARTNERS
DESICLUB.com
Sulekha.com
Connecting Indians Worldwide
pakmanzil.com
sapaCHICAGO
ABCD CHICAGO
RADIO PARTNERS
DESICHILL
DesiJunction RADIO
DesiJunction.com
Buy Tickets Online
www.BollywoodStarShow.com
www.sulekha.com/chicago • desiclub.com/sonunigam
ON FRIDAY JULY 31ST 2009 • 8:30PM SHARP
@ ROSEMONT THEATRE (5400 N. RIVER ROAD ROSEMONT, IL)
TICKETS $35, $49, $69, $89, VIP, VVIP
VVIP ADVANTAGES
• EXPRESS RED CARPET ENTRY
• EXCLUSIVE COCKTAIL RECP. 6:30 TO 7:30PM AT LOBBY
• MEET & GREET WITH SONU & SUNIDHI ON THU JULY 30TH LOCATION TBA
FOR MORE INFO
AL-MANSOOR 773.764.7576
ATLANTIC 773-338-3600
BHAVESH (VIDEO VISION) 773-507-0023
AZIZ KHAN 815-302-9830
ANISH SHAH 224-715-5991
GRAND SPONSORS
RELIANCE International Logistics USA
American Airlines
INSURE FIRST COMMERCIAL
VEET IMPORTS & EXPORTS
Medstar LABORATORY INC.
Raj Jewels Fine Jewellers
mb financial bank
Associated Bank
FIFTH THIRD BANK
FOR SPONSORSHIP & ADVERTISING CALL:
MAYUR 877.775.5426 BHAVESH 773.262.1222 NICK 773.507.7333
FOOD CATERED BY EBONY LOUNGE

# Punjabi Americans Organization of Chicago

ਸ਼ਿਕਾਗੋ ਵਿਚ ਪੰਜਵਾਂ

# ਤੀਆਂ ਦਾ ਮੇਲਾ

*(A colorful entertaining program exclusively for ladies & girls. Boys under age of 12 are also allowed)*





## On Sunday, August 2nd, 2009

from 10:00 a.m. to 4:00 p.m.

## Waterford Banquet & Conference

933 S. Riverside Dr., Elmhurst, IL 60126

*(Brunch will be served between 11:00 am to 2:30 pm)*

**Tickets: Adults $ 10.00, Kids between 5 yrs to 8 yrs $ 5.00 and Kids under 5 yrs are free…!!!!!**

**"Teeyan Da Mela"** also presents: *The First Ever Contest of* **"Miss Punjaban Midwest-2009"**

# ਮਿਸ ਪੰਜਾਬਣ ਮਿਡਵੈਸਟ–2009

**1st Prize $500, 2nd Prize $300, and 3rd Prize $200. Registration fee of Miss Punjaban-2009 is $25.00**

Free Photo/ Portrait Session, Dholki, Open Gidha/Dance, D.J., Mehndi, Stalls of Ladies Suits & Jewelry,
Face Painting for Kids, Fashion Show, Event-Dances & Songs, and much more…!
Hurry!!!!! Dead line of Miss Punjaban – 2009 contest registration July 24th,
Fashion Show registration dead line July 15th, Event-Dances and Songs registration dead line July 24th

*For Participation, Please Contact:*

| Miss Punjaban | Items | Fashion Show | Stalls/Vendors |
|---|---|---|---|
| Sukhi Singh (847.708.4071) | Mini Multani (630.935.5239) | Pooja Sahni (847.809.0191) | Sukhi Singh (847.708.4071) |
| Naina Singh (847.828.9412) | Priti Sangha (847.740.6542) | Naiha Walia (847.687.9074) | Shweta Bawa (312.543.3154) |
| | Jasmeet Suga (708.715.1734) | Vandana Walia (847.477.6569) | |

Photography Provided by Vista Vision Production Studios Ph-773.742.3086

**For More Information**

Sonia Kular (847.532.5551), Jasmeet Suga 630-922-3878, Rene 630-688-3570, Jeevanjeet Kahlon (224.656.0097), Simi Verma (847.650.6046), Kulbir Kaur (630.637.1394) Rosy Multani (630.893.8420), Parminder Hansra (847.721.8951), Kanti Parmar (773-507-0319), Pinki Walia (847.999.8720), Gurmeet Kaur (847.677.5107), Kamal Hunjan (773.981.5153), Balbir Kaur (815.556.8407), Pammi Gill (630.893.5156), Simran Parmar (630.440.8381)

*Fashion Show Sponsored by Vandana Walia*

*For all Corporate, Social and Wedding planning needs contact Vandana 847.477.6569*

## Grand Sponsor: Suga Builders-Jasbir Suga

*Remax United - Jesse Singh *Pan-Oceanic Engineering -Gulzar S. Multani *Allstates Transportation -Nick Gakhal

**Sponsors:** Narinder S. Munder-Michigan, Gurbachan S. Pappu-Indiana, Harpal S. Tanda-Michigan, Balwinder Singh (Vicky), Kuldeep S. Tanda-Sant Baba Prem Singh Cultural Society Indiana, The Goddard School-Amrita Dandona, Remax Expert-Vic Singh, Amar Carpets Inc., A-1 American Limo- D.C, Happy Heer, Punjab Auto Works

www.PAOCHICAGO.org

# ਸਿੱਧੂ ਦਾ ਅਸਤੀਫਾ ਭਾਜਪਾ ਹਾਈਕਮਾਨ ਦੀ ਸਿਰਦਰਦੀ ਬਣਿਆ

-ਪੰਜਾਬ ਟਾਈਮਜ਼ ਨਿਊਜ਼ ਸਰਵਿਸ

**ਅੰਮ੍ਰਿਤਸਰ :** ਭਾਜਪਾ ਦੇ ਸ੍ਰੀ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਅਸਤੀਫਾ ਦੇਣ ਬਾਰੇ ਸਿਆਸੀ ਹਲਕਿਆਂ ਵਿਚ ਚਰਚਾ ਜਾਰੀ ਹੈ। ਭਾਜਪਾ ਹਾਈਕਮਾਨ ਅਤੇ ਪੰਜਾਬ ਭਾਜਪਾ ਦੀ ਲੀਡਰਸ਼ਿਪ ਸਿੱਧੂ-ਛੀਨਾ ਮੁੱਦੇ ਨੂੰ ਲੈ ਕੇ ਗੰਭੀਰ ਸੰਕਟ ਵਿਚ ਫਸੀ ਹੋਈ ਹੈ। ਹੁਣ ਨਵਜੋਤ ਸਿੰਘ ਸਿੱਧੂ ਦਾ ਸਿਆਸੀ ਭਵਿੱਖ ਦਾਅ ਉੱਪਰ ਲੱਗ ਚੁੱਕਾ ਹੈ। ਆਰ.ਐਸ. ਛੀਨਾ ਦਾ ਭਾਜਪਾ ਹਾਈਕਮਾਨ ਅਤੇ ਪ੍ਰਦੇਸ਼ ਲੀਡਰਸ਼ਿਪ ਵਿਚ ਕਾਫ਼ੀ ਅਸਰ-ਰਸੂਖ ਹੈ। ਹੁਣ ਇਹ ਦੇਖਣਾ ਹੈ ਕਿ ਤੇਜ਼-ਤਰਾਰ ਸਿੱਧੂ ਮੰਝਧਾਰ ਵਿਚੋਂ ਪਾਰ ਹੁੰਦੇ ਹਨ ਜਾਂ ਪਾਰਟੀ ਬਦਲਣ ਨੂੰ ਤਰਜੀਹ ਦਿੰਦੇ ਹਨ।

ਨਵਜੋਤ ਸਿੰਘ ਸਿੱਧੂ ਨੇ ਲੰਘੀ 17 ਜੁਲਾਈ ਆਰ.ਐਸ. ਛੀਨਾ ਨੂੰ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦਾ ਅਹੁਦਾ ਮਿਲਣ ਤੋਂ ਫੌਰਨ ਬਾਅਦ ਆਪਣਾ ਅਸਤੀਫ਼ਾ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਨੂੰ ਭੇਜ ਦਿੱਤਾ ਸੀ। ਜਿਸ ਨੂੰ ਨਾ ਮੰਨਜ਼ੂਰ ਕਰ ਦਿੱਤਾ ਗਿਆ ਸੀ। ਇਸ ਅਹਿਮ ਮੁੱਦੇ ਨੂੰ ਸੁਲਝਾਉਣ ਲਈ ਹਾਈ-ਕਮਾਨ ਵਲੋਂ ਕੁਝ ਸਮਾਂ ਮੰਗਿਆ ਗਿਆ ਹੈ। ਦੂਸਰੇ ਪਾਸੇ ਛੀਨਾ ਦੇ ਕੱਟੜ ਸਮਰਥਕ ਰਾਜਿੰਦਰ ਭੰਡਾਰੀ ਅਤੇ ਸਥਾਨਕ ਸਰਕਾਰ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਵੀ ਸਿੱਧੂ ਦੇ ਅਸਤੀਫਾ ਦੇਣ ਬਾਰੇ ਕਿਸੇ ਟਿੱਪਣੀ ਤੋਂ ਇਨਕਾਰ ਕੀਤਾ ਹੈ। ਸਿੱਧੂ ਅਗਿਆਤਵਾਸ ਵਿਚ ਹੈ ਅਤੇ ਕਿਸੇ ਨਾਲ ਗੱਲਬਾਤ ਨਹੀਂ ਕਰ ਰਿਹਾ। ਛੀਨਾ ਨੇ ਕਿਹਾ ਕਿ ਸਿੱਧੂ ਮੇਰੇ ਵੱਡੇ ਭਰਾ ਹਨ। ਸਿੱਧੂ ਜਦੋਂ ਵੀ ਅੰਮ੍ਰਿਤਸਰ ਆਉਣਗੇ, ਉਹ ਖੁਦ ਸਿੱਧੂ ਨੂੰ ਨਗਰ ਸੁਧਾਰ ਟਰੱਸਟ ਦਫਤਰ ਲੈ ਕੇ ਜਾਣਗੇ।


ਨਵਜੋਤ ਸਿੰਘ ਸਿੱਧੂ

ਹਾਲੇ ਤੱਕ ਜਦੋਂ ਨਵਜੋਤ ਸਿੰਘ ਸਿੱਧੂ ਅਸਤੀਫਾ ਦੇਣ 'ਤੇ ਅੜਿਆ ਪਿਆ ਹੈ। ਇਸੇ ਕਾਰਨ ਛੀਨਾ-ਸਿੱਧੂ ਦਾ ਟਕਰਾਅ ਪ੍ਰਦੇਸ਼ ਭਾਜਪਾ ਦੇ ਨਾਲ ਭਾਜਪਾ ਹਾਈਕਮਾਂਡ ਲਈ ਵੀ ਸਿਰਦਰਦੀ ਬਣ ਗਿਆ ਹੈ। ਜੇ ਸਿੱਧੂ ਦੀ ਮੰਗ ਮੰਨੀ ਲਈ ਗਈ ਤਾਂ ਪੰਜਾਬ ਭਾਜਪਾ ਵਿਚ ਆਪਸੀ ਖਿਚੋਤਾਣ ਵਧੇਗੀ। ਭਾਜਪਾ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਹਾਈਕਮਾਂਡ ਦੋਵਾਂ ਪੱਖਾਂ ਨੂੰ ਮਨਜ਼ੂਰ ਕਰਨ ਵਾਲਾ ਕੋਈ ਹੱਲ ਤਲਾਸ਼ ਕੇ ਇਸ ਸੰਕਟ ਨੂੰ ਟਾਲੇਗੀ। ਹਾਲ ਦੀ ਘੜੀ ਸਿੱਧੂ ਜ਼ੀਰੋ ਹੋ ਗਏ ਹਨ। ਭੰਡਾਰੀ ਕਾਲੀਆ ਗਰੁੱਪ ਮਜ਼ਬੂਤ ਹੋਇਆ ਵਿਖਾਈ ਦੇ ਰਿਹਾ ਹੈ। ਉਹ ਛੀਨਾ ਨੂੰ ਸਿੱਧੂ ਦੇ ਵਿਰੋਧ ਕਰਨ ਦੇ ਬਾਵਜੂਦ ਚੇਅਰਮੈਨੀ ਦਿਵਾਉਣ 'ਚ ਸਫਲ ਹੋ ਗਏ ਹਨ।

ਅੰਮ੍ਰਿਤਸਰ ਤੋਂ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਵਲੋਂ ਪਾਰਟੀ ਅਤੇ ਸੰਸਦ ਦੀ ਮੈਂਬਰਸ਼ਿਪ ਤੋਂ ਅਸਤੀਫੇ ਤੋਂ ਬਾਅਦ ਭਾਜਪਾ ਦੇ ਸਥਾਨਕ ਕੈਂਪ ਵਿਚ ਅਸਤੀਫਿਆਂ ਦੀ ਗਰਮਾਈ ਰਾਜਨੀਤੀ ਨੇ ਭਾਜਪਾ ਦੀ ਸਥਿਤੀ ਪਾਣੀਓਂ ਪਤਲੀ ਕਰ ਦਿੱਤੀ ਹੈ। ਭਾਵੇਂ ਕਿ ਲੋਕ ਸਭਾ ਸਪੀਕਰ ਵਲੋਂ ਸ. ਸਿੱਧੂ ਦਾ ਅਸਤੀਫਾ ਨਾ ਮਨਜ਼ੂਰ ਕਰ ਦਿੱਤਾ ਗਿਆ ਹੈ, ਪਰ ਸਿੱਧੂ ਸਮਰਥਕ ਦਰਜਨ ਦੇ ਕਰੀਬ ਭਾਜਪਾ ਕਾਰਕੁੰਨਾਂ ਨੇ ਭਾਜਪਾ ਦੀ ਸਰਗਰਮ ਸਿਆਸਤ ਨਾਲੋਂ ਖ਼ੁਦ ਨੂੰ ਲਾਂਭੇ ਕਰਦਿਆਂ ਅਸਤੀਫੇ ਦੇ ਕੇ ਅਸਿੱਧੇ ਤੌਰ 'ਤੇ ਭਾਜਪਾ ਹਾਈਕਮਾਂਡ ਵਿਰੁਧ ਬਗਾਵਤ ਦਾ ਬਿਗਲ ਵਜਾ ਦਿੱਤਾ।


ਨਵਜੋਤ ਸਿੰਘ ਸਿੱਧੂ ਵਲੋਂ ਪਾਰਟੀ ਦੀ ਮੈਂਬਰਸ਼ਿਪ ਤੋਂ ਦਿੱਤੇ ਅਸਤੀਫ਼ੇ ਨੂੰ ਲੈ ਕੇ ਜਿੱਥੇ ਲੋਕਾਂ ਅਤੇ ਸਿਆਸੀ ਹਲਕਿਆਂ ਵਿਚ ਭੰਬਲਭੂਸਾ ਬਣਿਆ ਹੋਇਆ ਹੈ, ਉਥੇ ਜ਼ਿਲ੍ਹਾ ਅੰਮ੍ਰਿਤਸਰ ਭਾਜਪਾ (ਸ਼ਹਿਰੀ) ਕਮੇਟੀ ਦੇ ਪ੍ਰਧਾਨ ਸੇਵਾ ਮੁਕਤ ਕਰਨਲ ਅਮਰੀਕ ਸਿੰਘ ਵਲੋਂ ਸਿੱਧੂ ਸਮਰਥਕਾਂ ਦੁਆਰਾ ਦਿੱਤੇ ਅਸਤੀਫ਼ਿਆਂ ਬਾਰੇ ਪੁਸ਼ਟੀ ਕਰ ਦਿੱਤੀ ਗਈ ਹੈ।

ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਇਨ੍ਹਾਂ ਸਮਰਥਕਾਂ ਦੇ ਅਸਤੀਫ਼ੇ ਸਵੀਕਾਰ ਕਰ ਲਏ ਜਾਣਗੇ ਜਾਂ ਫਿਰ ਸਮਾਂ ਆਉਣ 'ਤੇ ਰੱਦ ਕਰ ਦਿੱਤੇ ਜਾਣਗੇ। ਸ. ਸਿੱਧੂ ਵਲੋਂ ਪਾਰਟੀ ਮੁਖੀ ਨੂੰ ਭੇਜੇ ਅਸਤੀਫ਼ੇ ਨੂੰ ਲੈ ਕੇ ਹਾਈਕਮਾਂਡ ਨੇ ਫ਼ਿਲਹਾਲ ਚੁੱਪੀ ਧਾਰੀ ਹੋਈ ਹੈ। ਇਹ ਵੀ ਪਤਾ ਲੱਗਿਆ ਹੈ ਕਿ ਭਾਜਪਾ ਪੰਜਾਬ ਦੇ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ ਅਤੇ ਦਿੱਲੀ ਵਿਚ ਬੈਠੇ ਭਾਜਪਾ ਦੇ ਵੱਡੇ ਲੀਡਰ ਸਿੱਧੂ ਨੂੰ ਮਨਾਉਣ 'ਚ ਲੱਗੇ ਹੋਏ ਹਨ।

ਸਿੱਧੂ ਦੇ ਅਸਤੀਫ਼ੇ ਤੋਂ ਸਮਝਿਆ ਜਾ ਰਿਹਾ ਹੈ ਕਿ ਇਹ ਅਸਤੀਫ਼ਾ ਪ੍ਰੋ. ਰਾਜਿੰਦਰ ਭੰਡਾਰੀ ਅਤੇ ਬਲਬੀਰ ਪੁੰਜ ਅਤੇ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਵਿਰੁਧ ਦਿੱਤਾ ਗਿਆ ਫ਼ਤਵਾ ਹੈ।

# ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰਾਗ ਮੁੜ ਛਿੜਿਆ

**ਚੰਡੀਗੜ੍ਹ :** ਐਸ.ਜੀ.ਪੀ.ਸੀ. ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਹਰਿਆਣਾ ਦੀ ਹੁੱਡਾ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ। ਲੰਘੀ 18 ਜੁਲਾਈ ਨੂੰ ਇਥੇ ਕੁਝ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ 'ਚ ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਵਾਰ ਵਾਰ ਵੱਖਰੀ ਕਮੇਟੀ ਬਣਾਉਣ ਦਾ ਐਲਾਨ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਬਣਨ ਦੇ ਨਤੀਜੇ ਬੜੇ ਭਿਆਨਕ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲੇ ਸਨ ਤਾਂ ਉਨ੍ਹਾਂ ਐਸ.ਜੀ.ਪੀ.ਸੀ. ਨੂੰ ਭਰੋਸਾ ਦਿੱਤਾ ਸੀ ਕਿ ਅਜਿਹਾ ਕੋਈ ਕਦਮ ਨਹੀਂ ਉਠਾਇਆ ਜਾਵੇਗਾ। ਇਸ ਦੇ ਬਾਵਜੂਦ ਹੁੱਡਾ ਵੱਖਰੀ ਕਮੇਟੀ ਸਬੰਧੀ ਵਾਰ ਵਾਰ ਬਿਆਨ ਦੇ ਕੇ ਪ੍ਰਧਾਨ ਮੰਤਰੀ ਦੇ ਭਰੋਸੇ ਦੇ ਉਲਟ ਗੱਲਾਂ ਕਰ ਰਹੇ ਹਨ।


ਭੁਪਿੰਦਰ ਸਿੰਘ ਹੁੱਡਾ

ਮੱਕੜ ਨੇ ਕਿਹਾ ਕਿ ਉਹ ਜਲਦੀ ਹੀ ਇਸ ਮਾਮਲੇ ਨੂੰ ਲੈ ਕੇ ਮੁੜ ਪ੍ਰਧਾਨ ਮੰਤਰੀ ਕੋਲ ਜਾਣਗੇ, ਕਿਉਂਕਿ ਹਰਿਆਣਾ ਦੇ ਜ਼ਿਆਦਾਤਰ ਸਿੱਖ ਵੀ ਵੱਖਰੀ ਕਮੇਟੀ ਦੇ ਪੱਖ ਵਿਚ ਨਹੀਂ ਹਨ। ਹਰਿਆਣਾ ਸਰਕਾਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਮੌਕੇ ਰਾਜਨੀਤਿਕ ਲਾਭ ਲਈ ਅਜਿਹਾ ਕਰਨਾ ਚਾਹੁੰਦੀ ਹੈ। ਮੱਕੜ ਨੇ ਕਿਹਾ ਕਿ ਹਰਿਆਣਾ ਸਰਕਾਰ ਦੀ ਸਿੱਖ ਅਤੇ ਪੰਜਾਬ ਵਿਰੋਧੀ ਨੀਤੀ ਦਾ ਇਸ ਗੱਲ ਤੋਂ ਵੀ ਪਤਾ ਚੱਲਦਾ ਹੈ ਕਿ ਕੇਂਦਰ ਸਰਕਾਰ ਵਲੋਂ ਹਰਿਆਣਾ 'ਚ 100 ਪੰਜਾਬੀ ਅਧਿਆਪਕ ਰੱਖਣ ਦੀ ਗੱਲ ਕਹੀ ਗਈ ਸੀ, ਜੋ ਨਹੀਂ ਰੱਖੇ ਗਏ। ਹਰਿਆਣਾ ਸਰਕਾਰ ਨੇ ਆਸ ਪ੍ਰਗਟ ਕੀਤੀ ਹੈ ਕਿ ਉਹ ਸਰਕਾਰ ਦੇ ਰਹਿੰਦੇ ਕਾਰਜਕਾਲ ਦੇ ਛੇ ਮਹੀਨਿਆਂ ਦੌਰਾਨ ਹਰਿਆਣਾ ਲਈ ਵੱਖਰੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣਾ ਦੇਵੇਗੀ।

ਉਧਰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਦੱਸਿਆ ਕਿ ਇਸ ਸਬੰਧੀ ਗਠਿਤ ਚੱਠਾ ਕਮੇਟੀ ਨੇ ਸਰਕਾਰ ਨੂੰ ਸੌਂਪੀ ਰਿਪੋਰਟ 'ਚ ਵੱਖਰੀ ਕਮੇਟੀ ਦੀ ਸਿਫ਼ਾਰਸ਼ ਕੀਤੀ ਹੈ ਅਤੇ ਰਿਪੋਰਟ ਦੀ ਕਾਨੂੰਨੀ ਨਜ਼ਰਸਾਨੀ ਜਾਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਣੇ ਚੋਣ ਮਨਰੋਥ ਪੱਤਰ 'ਚ ਕੀਤੇ ਵਾਅਦੇ ਅਨੁਸਾਰ ਇਸ ਕਾਰਜ ਨੂੰ ਨੇਪਰੇ ਚੜ੍ਹਾ ਲਵੇਗੀ।

ਪ੍ਰੈੱਸ ਕਲੱਬ ਦੇ 29ਵੇਂ ਸਥਾਪਨਾ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਬਤੌਰ ਮੁੱਖ ਮੰਤਰੀ ਉਹ ਆਪਣੇ ਕੰਮਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।

ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਦੇ ਫ਼ੈਸਲੇ ਨੂੰ ਸਰਕਾਰ ਦਾ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਹੀ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਲਈ ਵੱਖਰੀ ਕਮੇਟੀ ਦੀ ਮੰਗ ਜਾਰੀ ਹੈ ਤੇ ਇਸ ਸਬੰਧੀ ਕੇਂਦਰੀ ਕਾਨੂੰਨ ਮੰਤਰੀ ਸ੍ਰੀ ਮੋਇਲੀ ਨਾਲ ਵੀ ਮੁਲਾਕਾਤ ਕੀਤੀ ਗਈ ਹੈ। ਇਸ ਦੌਰਾਨ ਪਾਕਿਸਤਾਨ ਵਿਚਲੇ ਗੁਰਦਵਾਰਿਆਂ ਦੇ ਨਾਮ ਲੱਗੀ ਜ਼ਮੀਨ 'ਤੇ ਹੋਏ ਨਾਜਾਇਜ਼ ਕਬਜ਼ਿਆਂ ਤੇ ਬੇਬੇ ਨਾਨਕੀ ਜੀ ਦੇ ਗੁਰਦਵਾਰੇ ਦੇ ਨਾਮ ਲੱਗੀ ਜ਼ਮੀਨ ਦੀ ਕਲੋਨੀ ਕੱਟੇ ਜਾਣ 'ਤੇ ਸਖ਼ਤ ਇਤਰਾਜ਼ ਕਰਦੇ ਹੋਏ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੀ ਵੰਡ ਤੋਂ ਬਾਅਦ ਦੋਵਾਂ ਸਰਕਾਰਾਂ ਨੇ ਆਪਸ ਵਿਚ ਫ਼ੈਸਲਾ ਕੀਤਾ ਸੀ ਕਿ ਪਾਕਿਸਤਾਨ ਵਿਚਲੇ ਗੁਰਦਵਾਰਿਆਂ ਦੀ ਜਾਇਦਾਦ ਨੂੰ ਜਿਉਂ ਦਾ ਤਿਉਂ ਰੱਖਿਆ ਜਾਵੇਗਾ, ਪਰ ਦੁੱਖ ਦੀ ਗੱਲ ਹੈ ਕਿ ਪਾਕਿਸਤਾਨ ਵਕਫ਼ ਬੋਰਡ ਨੇ ਹੀ ਉਸ ਸਮਝੌਤੇ ਦੀਆਂ ਧੱਜੀਆਂ ਉਡਾਈਆਂ ਹਨ। ਉਨ੍ਹਾਂ ਕਿਹਾ ਕਿ ਛੇਤੀ ਹੀ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਸ ਮਾਮਲੇ ਸਬੰਧੀ ਗੱਲਬਾਤ ਕੀਤੀ ਜਾਵੇਗੀ।


ਅਵਤਾਰ ਸਿੰਘ ਮੱਕੜ

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਆਈਆਂ ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਬੱਸਾਂ ਚਲਾਈਆਂ ਗਈਆਂ ਹਨ। ਇਹ ਬੱਸਾਂ ਯਾਤਰੂਆਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਗੁਰਦਵਾਰਿਆਂ ਦੇ ਦਰਸ਼ਨਾਂ ਲਈ ਬਿਨਾਂ ਕਿਸੇ ਭੇਟਾ ਤੋਂ ਲੈ ਕੇ ਜਾਣਗੀਆਂ।

ਇਸ ਮੌਕੇ ਸ. ਮੱਕੜ ਨੇ ਐਲਾਨ ਕੀਤਾ ਕਿ ਛੇਤੀ ਹੀ ਰਾਜਾਸਾਂਸੀ ਹਵਾਈ ਅੱਡੇ ਤੋਂ ਇਕ ਏਅਰਕੰਡੀਸ਼ਨ ਬੱਸ ਸ੍ਰੀ ਦਰਬਾਰ ਸਾਹਿਬ ਤੱਕ ਚਲਾਈ ਜਾਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਨਿੱਜੀ ਸਹਾਇਕ ਪਰਮਜੀਤ ਸਿੰਘ, ਮਨਜੀਤ ਸਿੰਘ ਪੀ.ਏ., ਰਾਮ ਸਿੰਘ ਮੀਡੀਆ ਇੰਚਾਰਜ ਆਦਿ ਵੀ ਹਾਜ਼ਰ ਸਨ।

## ਕਰਨਾਟਕ 'ਚ ਸਿੱਖਾਂ ਨੇ ਘੱਟ ਗਿਣਤੀ ਦਰਜੇ ਦੀ ਮੰਗ ਕੀਤੀ

**ਚੰਡੀਗੜ੍ਹ :** ਕਰਨਾਟਕ ਦੇ ਸਿੱਖਾਂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸੂਬੇ ਵਿਚ ਘੱਟ ਗਿਣਤੀ ਦਾ ਦਰਜਾ ਦਿਤਾ ਜਾਵੇ। ਬੰਗਲੌਰ ਦੇ ਉਲਸੂਰ ਵਿਚ ਸਥਿਤ ਗੁਰਦਵਾਰਾ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਕਰਨਾਟਕ ਦੇ ਰਾਜਪਾਲ ਐਚ.ਆਰ. ਭਾਰਦਵਾਜ ਨਾਲ ਕੀਤੀ ਗਈ ਮੀਟਿੰਗ ਵਿਚ ਐਚ.ਐਸ. ਭਾਟੀਆ ਨੇ ਸਿੱਖਾਂ ਦੀਆਂ ਮੰਗਾਂ ਉਠਾਉਂਦਿਆਂ ਦੱਸਿਆ ਕਿ ਕਰਨਾਟਕ ਵਿਚ 35,000 ਸਿੱਖ ਰਹਿ ਰਹੇ ਹਨ। ਉਨ੍ਹਾਂ ਕਿਹਾ, "ਅਸੀਂ ਰਾਜ ਵਿਚ ਘੱਟ ਗਿਣਤੀ ਹਾਂ ਅਤੇ ਇਸ ਲਈ ਸੂਬੇ ਵਿਚ ਸਾਨੂੰ ਘੱਟ ਗਿਣਤੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਸਕੂਲਾਂ ਅਤੇ ਕਾਲਜਾਂ ਵਿਚ ਸਾਡੇ ਬੱਚਿਆਂ ਨੂੰ ਰਾਖਵਾਂਕਰਨ ਦਿਤਾ ਜਾਵੇ।

ਸਰਕਾਰ ਸਿੱਖਾਂ ਨੂੰ ਆਪਣੇ ਕਾਲਜ ਅਤੇ ਸਕੂਲ ਸਥਾਪਤ ਕਰਨ ਲਈ ਜ਼ਮੀਨ ਮੁਹੱਈਆ ਕਰਵਾਏ।" ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸੂਬੇ ਦੀ ਵਿਧਾਨਕਾਰ ਕੌਂਸਲ ਵਿਚ ਸਿੱਖਾਂ ਨੂੰ ਨੁਮਾਇੰਦਗੀ ਦਿੱਤੀ ਜਾਵੇ। ਸ. ਭਾਟੀਆ ਨੇ ਮੰਗ ਕੀਤੀ ਕਿ ਬੰਗਲੌਰ ਤੋਂ ਅੰਮ੍ਰਿਤਸਰ ਸਿੱਧੀ ਰੇਲ ਗੱਡੀ ਚਲਾਈ ਜਾਵੇ।

ਇਸ ਸਮੇਂ ਸੀਨੀਅਰ ਸਿੱਖ ਆਗੂ ਸ. ਹਰਮਿੰਦਰ ਸਿੰਘ ਵੀ ਗੁਰਦਵਾਰਾ ਸਾਹਿਬ ਵਿਚ ਮੌਜੂਦ ਸਨ। ਵਿਧਾਨ ਸਭਾ ਵਿਚ ਨੁਮਾਇੰਦਗੀ ਦੀ ਮੰਗ ਕਰਦਿਆਂ ਉਨ੍ਹਾਂ ਸਰਕਾਰ ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਮੌਕੇ ਸੂਬੇ ਵਿਚ ਛੁੱਟੀ ਕਰਨ ਦੀ ਵੀ ਅਪੀਲ ਕੀਤੀ। ਰਾਜਪਾਲ ਨੇ ਸਿੱਖਾਂ ਨੂੰ ਭਰੋਸਾ ਦਿੰਦਿਆਂ ਕਿਹਾ, "ਮੈਂ ਸਾਰੇ ਧਰਮਾਂ ਵਿਚ ਵਿਸ਼ਵਾਸ ਰੱਖਦਾ ਹਾਂ ਅਤੇ ਸਾਰੇ ਧਰਮ ਸ਼ਾਂਤੀ ਦਾ ਸੰਦੇਸ਼ ਦਿੰਦੇ ਹਨ। ਤੁਹਾਡੀਆਂ ਮੰਗਾਂ ਨੂੰ ਪੂਰਾ ਕਰਨ ਲਈ ਜੋ ਸੰਭਵ ਹੋਵੇਗਾ, ਹਰ ਹਾਲਤ ਵਿਚ ਕੀਤਾ ਜਾਵੇਗਾ।" ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਲਈ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

## ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦਾ ਫੈਸਲਾ ਰੱਦ

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 2005 'ਚ ਤਤਕਾਲੀ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਸਮੇਂ ਹਾਊਸ ਵਿਚ ਪਾਸ ਉਸ ਮਤੇ ਨੂੰ ਰੱਦ ਕਰ ਦਿੱਤਾ ਗਿਆ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਸਾਕਾ ਨੀਲਾ ਤਾਰਾ ਬਾਰੇ ਯਾਦਗਾਰ ਬਣਾਏ ਜਾਣ ਦਾ ਫੈਸਲਾ ਕੀਤਾ ਗਿਆ ਸੀ।

ਜਾਣਕਾਰੀ ਅਨੁਸਾਰ ਬੀਤੀ 18 ਜੁਲਾਈ ਨੂੰ ਚੰਡੀਗੜ੍ਹ 'ਚ ਹੋਈ ਕਾਰਜਕਾਰਨੀ ਕਮੇਟੀ ਦੀ ਮੀਟਿੰਗ 'ਚ ਇਸ ਸਬੰਧੀ ਫੈਸਲਾ ਕਰਨ ਦੀ ਸਿਫਾਰਸ਼ ਖ਼ੁਦ ਸ਼੍ਰੋਮਣੀ ਕਮੇਟੀ ਵਲੋਂ ਕੀਤੀ ਗਈ ਸੀ, ਪਰ ਬਹੁਸੰਮਤੀ ਨਾਲ ਇਸ ਨੂੰ ਰੱਦ ਕਰ ਦਿੱਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਯਾਦਗਾਰ ਬਣਾਉਣ ਦਾ ਜੋ ਮਤਾ ਪੇਸ਼ ਕੀਤਾ ਗਿਆ ਸੀ ਉਸ ਵਿਚ ਯਾਦਗਾਰ ਬਣਾਉਣ ਦੇ ਫੈਸਲੇ ਨੂੰ ਫਿਲਹਾਲ ਮੁਅੱਤਲ ਕੀਤਾ ਗਿਆ ਹੈ ਨਾ ਕਿ ਰੱਦ।

## ਪੰਜਾਬ ਦੀਆਂ ਜ਼ਿਮਨੀ ਚੋਣਾਂ, 21 ਉਮੀਦਵਾਰ ਮੈਦਾਨ ਵਿਚ

**ਚੰਡੀਗੜ੍ਹ :** ਪੰਜਾਬ ਦੇ 3 ਵਿਧਾਨ ਸਭਾ ਹਲਕਿਆਂ ਜਲਾਲਾਬਾਦ, ਕਾਹਨੂੰਵਾਨ ਅਤੇ ਬਨੂੜ 'ਚ ਹੋ ਰਹੀਆਂ ਉਪ ਚੋਣਾਂ 'ਚ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਹੁਣ 21 ਉਮੀਦਵਾਰ ਮੈਦਾਨ 'ਚ ਰਹਿ ਗਏ ਹਨ।

ਪੰਜਾਬ ਦੀ ਮੁੱਖ ਚੋਣ ਅਧਿਕਾਰੀ ਮੈਡਮ ਕੁਸਮਜੀਤ ਸਿੱਧੂ ਅਨੁਸਾਰ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ ਜਲਾਲਾਬਾਦ ਹਲਕੇ ਦੀ ਉਪ ਚੋਣ ਲਈ ਕੁੱਲ 9 ਉਮੀਦਵਾਰ ਚੋਣ ਮੈਦਾਨ 'ਚ ਹਨ, ਜਿਨ੍ਹਾਂ ਵਿਚ ਅਕਾਲੀ ਦਲ ਵਲੋਂ ਸੁਖਬੀਰ ਸਿੰਘ ਬਾਦਲ, ਕਾਂਗਰਸ ਵਲੋਂ ਹੰਸ ਰਾਜ ਜੋਸ਼ਨ, ਅਕਾਲੀ ਦਲ 1920 ਵਲੋਂ ਕੁਲਵਿੰਦਰ ਸਿੰਘ, ਜਨਤਾ ਦਲ ਸੈਕੂਲਰ ਵਲੋਂ ਦਰਸ਼ਨ ਸਿੰਘ, ਅਖਿਲ ਭਾਰਤੀ ਰਾਸ਼ਟਰਵਾਦੀ ਪਾਰਟੀ ਵਲੋਂ ਅਮਰਿੰਦਰ ਸਿੰਘ, ਹੰਸ ਰਾਜ, ਕੁਲਵਿੰਦਰ ਸਿੰਘ ਅਤੇ ਬਲਦੇਵ ਸਿੰਘ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਲੜ ਰਹੇ ਹਨ। ਜਿਹੜੇ ਉਮੀਦਵਾਰਾਂ ਨੇ ਜਲਾਲਾਬਾਦ ਤੋਂ ਆਪਣੇ ਨਾਮਜ਼ਦਗੀ ਪੱਤਰ ਵਾਪਸ ਲਏ ਹਨ, ਉਨ੍ਹਾਂ ਵਿਚ ਆਲ ਇੰਡੀਆ ਦਲਿਤ ਵੈਲਫੇਅਰ ਕਾਂਗਰਸ ਦੀ ਸ੍ਰੀਮਤੀ ਅਮਰਜੀਤ ਕੌਰ, ਰਾਜਿੰਦਰ ਸਿੰਘ ਪੁੱਤਰ ਰੋਸ਼ਨ ਲਾਲ ਸ਼ਿਵ ਸੈਨਾ ਹਿੰਦੁਸਤਾਨ ਪਾਰਟੀ ਅਤੇ ਆਜ਼ਾਦ ਉਮੀਦਵਾਰ ਰਾਂਝਾ ਦੇ ਨਾਮ ਸ਼ਾਮਲ ਹਨ।

ਇਸੇ ਤਰ੍ਹਾਂ ਕਾਹਨੂੰਵਾਨ ਹਲਕੇ ਲਈ ਨਾਮਜ਼ਦਗੀ ਪੱਤਰ ਵਾਪਸ ਲਏ ਜਾਣ ਤੋਂ ਬਾਅਦ 5 ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ, ਜਿਨ੍ਹਾਂ ਵਿਚ ਅਕਾਲੀ ਦਲ ਦੇ ਸੇਵਾ ਸਿੰਘ ਸੇਖਵਾਂ, ਕਾਂਗਰਸ ਦੇ ਫਤਿਹ ਜੰਗ ਸਿੰਘ ਬਾਜਵਾ ਸਮੇਤ 3 ਆਜ਼ਾਦ ਉਮੀਦਵਾਰ ਅਵਤਾਰ ਸਿੰਘ, ਸੁਰਿੰਦਰ ਸਿੰਘ ਅਤੇ ਖੁਸ਼ਪਾਲ ਸਿੰਘ ਚੋਣ ਲੜ ਰਹੇ ਹਨ।

ਇਸ ਤੋਂ ਇਲਾਵਾ ਬਨੂੜ ਹਲਕੇ ਦੀ ਉਪ ਚੋਣ ਲਈ ਅਜੇ ਤੱਕ 6 ਉਮੀਦਵਾਰ ਮੈਦਾਨ ਵਿਚ ਹਨ। ਇਨ੍ਹਾਂ ਵਿਚ ਅਕਾਲੀ ਦਲ ਵਲੋਂ ਜਸਜੀਤ ਸਿੰਘ ਬਨੀ ਅਤੇ ਕਾਂਗਰਸ ਵਲੋਂ ਦੀਪਇੰਦਰ ਸਿੰਘ ਢਿੱਲੋਂ ਤੋਂ ਇਲਾਵਾ 4 ਹੋਰ ਉਮੀਦਵਾਰ ਚੋਣ ਲੜ ਰਹੇ ਹਨ।

## ਪੰਜਾਬ ਸਰਕਾਰ ਦੇ ਹਿੱਸੇ ਦੀ ਗੈਰਹਾਜ਼ਰੀ 'ਚ ਮੁੜ ਜਾਂਦੀਆਂ ਨੇ ਕੇਂਦਰ ਵਲੋਂ ਭੇਜੀਆਂ ਬਹੁਤੀਆਂ ਗਰਾਂਟਾਂ

**ਚੰਡੀਗੜ੍ਹ :** ਕੇਂਦਰ ਸਰਕਾਰ ਪੰਜਾਬ ਨੂੰ ਵੱਖ-ਵੱਖ ਸਕੀਮਾਂ ਤਹਿਤ ਕਰੋੜਾਂ ਰੁਪਏ ਦੀਆਂ ਗਰਾਂਟਾਂ ਭੇਜਦੀ ਹੈ, ਪ੍ਰੰਤੂ ਸਕੀਮਾਂ 'ਚ ਬਣਦਾ ਆਪਣਾ ਹਿੱਸਾ ਨਾ ਪਾਉਣ ਕਰਕੇ ਅੱਧੀਆਂ ਤੋਂ ਵਧ ਗਰਾਂਟਾਂ ਅਤੇ ਫੰਡ ਕਾਗਜ਼ੀ ਕਾਰਵਾਈ ਤੋਂ ਬਾਅਦ ਵਾਪਸ ਚਲੇ ਜਾਂਦੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 2008-09 ਦੌਰਾਨ ਕੇਂਦਰ ਵਲੋਂ ਵੱਖ-ਵੱਖ ਸਕੀਮਾਂ ਤਹਿਤ ਪੰਜਾਬ ਨੂੰ 122622.00 ਲੱਖ ਰੁਪਏ ਦੀ ਕੇਂਦਰੀ ਗਰਾਂਟ ਪ੍ਰਾਪਤ ਹੋਈ। ਉਸ ਵਿਚੋਂ ਵੱਖ-ਵੱਖ ਸਕੀਮਾਂ ਲਈ 119491.00 ਲੱਖ ਰੁਪਏ ਦੀ ਰਕਮ ਵਰਤੀ ਗਈ। ਇਸ ਤਰ੍ਹਾਂ ਸਾਲ 2009-10 ਦੌਰਾਨ 23532.77 ਲੱਖ ਰੁਪਏ ਦੀ ਕੇਂਦਰੀ ਗਰਾਂਟ ਪ੍ਰਾਪਤ ਹੋਈ। ਉਸ ਵਿਚੋਂ ਇਨ੍ਹਾਂ ਸਕੀਮਾਂ ਲਈ 6718.28 ਲੱਖ ਰੁਪਏ ਦੀ ਰਕਮ ਵਰਤੀ ਗਈ।

ਸਾਲ 2008-09 ਦੌਰਾਨ ਵੱਖ-ਵੱਖ ਸਕੀਮਾਂ ਲਈ ਪ੍ਰਾਪਤ ਕੇਂਦਰੀ ਗਰਾਂਟਾਂ, ਜਿਨ੍ਹਾਂ ਵਿਚੋਂ ਪ੍ਰਧਾਨ ਮੰਤਰੀ ਗਰਾਮੀਣ ਸੜਕ ਯੋਜਨਾ ਤਹਿਤ ਕੇਂਦਰ ਵਲੋਂ 24344.00 ਲੱਖ ਦੀ ਗ੍ਰਾਂਟ ਵਿਚੋਂ 26901.00 ਲੱਖ ਖਰਚੇ ਗਏ, ਇਸੇ ਤਰ੍ਹਾਂ ਸਰਬ ਸਿੱਖਿਆ ਅਭਿਆਨ ਤੇ ਆਦਰਸ਼ ਸਕੂਲਾਂ ਲਈ 19969.00 ਲੱਖ ਵਿਚੋਂ 26132 ਲੱਖ ਵਰਤੇ ਗਏ, ਨਰੇਗਾ ਤਹਿਤ 7316.00 ਲੱਖ ਪ੍ਰਾਪਤ ਹੋਏ ਤੇ 7178 ਲੱਖ ਵਰਤੇ ਗਏ, ਜਵਾਹਰ ਲਾਲ ਨਹਿਰੂ ਸ਼ਹਿਰੀ ਨਵਿਆਉਣ ਮਿਸ਼ਨ ਤਹਿਤ 15947.00 ਲੱਖ ਵਿਚੋਂ 15190.00 ਲੱਖ ਖਰਚੇ ਗਏ, ਸਿੰਚਾਈ ਦੇ ਮੰਤਵਾਂ ਲਈ 16025.00 ਲੱਖ ਵਿਚੋਂ 15253.00 ਲੱਖ ਖਰਚੇ ਗਏ, ਰਾਜੀਵ ਗਾਂਧੀ ਗ੍ਰਾਮੀਣ ਬਿਜਲੀਕਰਨ ਯੋਜਨਾ ਲਈ 5736.00 ਲੱਖ ਵਿਚੋਂ ਕੋਈ ਪੈਸਾ ਨਹੀਂ ਵਰਤਿਆ ਗਿਆ।

ਇਸੇ ਤਰ੍ਹਾਂ ਪੀਣ ਵਾਲੇ ਪਾਣੀ ਲਈ 6925.00 ਲੱਖ ਵਿਚੋਂ 6673.00 ਲੱਖ ਅਤੇ ਇੰਦਰਾ ਆਵਾਸ ਯੋਜਨਾ ਵਿਚੋਂ 5665.00 ਲੱਖ ਦੀ ਗਰਾਂਟ ਵਿਚੋਂ 4640.00 ਲੱਖ ਰੁਪਏ ਹੀ ਵਰਤੇ ਗਏ। ਸਾਲ 2009-10 ਦੌਰਾਨ ਪੰਜਾਬ ਸਰਕਾਰ ਨੂੰ ਵੱਖ-ਵੱਖ ਸਕੀਮਾਂ ਤਹਿਤ ਕੇਂਦਰ ਵਲੋਂ ਕੁਲ 23532.77 ਲੱਖ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ, ਜਿਸ ਵਿਚੋਂ 6718.28 ਲੱਖ ਹੀ ਖਰਚੇ ਗਏ। ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ 7219.00 ਲੱਖ ਰੁਪਏ ਦੀ ਗਰਾਂਟ ਵਿਚੋਂ 5547.00 ਲੱਖ ਖਰਚੇ ਗਏ, ਸਰਬ ਸਿੱਖਿਆ ਅਭਿਆਨ ਅਤੇ ਆਦਰਸ਼ ਸਕੂਲ ਲਈ 9466.00 ਲੱਖ ਵਿਚੋਂ 657.00 ਲੱਖ ਖਰਚੇ ਗਏ। ਨਰੇਗਾ ਸਕੀਮ ਤਹਿਤ 1173.40 ਲੱਖ ਵਿਚੋਂ 124.28 ਲੱਖ ਖਰਚੇ ਗਏ। ਇਸੇ ਤਰ੍ਹਾਂ ਜਵਾਹਰ ਲਾਲ ਨਹਿਰੂ ਸ਼ਹਿਰੀ ਨਵਿਆਉਣ ਮਿਸ਼ਨ ਤਹਿਤ 2774.37 ਲੱਖ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਕੋਈ ਵੀ ਪੈਸਾ ਨਹੀਂ ਖਰਚ ਹੋਇਆ। ਪੀਣ ਵਾਲੇ ਪਾਣੀ ਲਈ 2900.00 ਲੱਖ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਅਜੇ ਤੱਕ ਕੋਈ ਪੈਸਾ ਖਰਚ ਨਹੀਂ ਹੋਇਆ।

# ਅਮਰੀਕਾ ਸਮੇਤ ਕਈ ਪੱਛਮੀ ਦੇਸ਼ਾਂ 'ਚ ਸਿੱਖ ਪਹਿਰਾਵੇ ਨੂੰ ਚੁਣੌਤੀ

## ਓਰੇਗਾਨ ਦੇ ਪਬਲਿਕ ਸਕੂਲਾਂ 'ਚ ਸਿੱਖ ਅਧਿਆਪਕਾਂ ਦੇ ਸਾਬਤ ਸੂਰਤ ਰੂਪ ਵਿਚ ਆਉਣ 'ਤੇ ਪਾਬੰਦੀ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਵਾਸ਼ਿੰਗਟਨ :** ਵਿਸ਼ਵ ਭਰ ਵਿਚ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਲਈ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਹੈ। ਹੁਣ ਅਮਰੀਕਾ ਦੀ ਓਰੇਗਾਨ ਸਟੇਟ ਨੇ ਪਬਲਿਕ ਸਕੂਲਾਂ 'ਚ ਸਿੱਖ ਅਧਿਆਪਕਾਂ ਦੇ ਸਾਬਤ ਸੂਰਤ ਰੂਪ ਵਿਚ ਆਉਣ 'ਤੇ ਪਾਬੰਦੀ ਲਾ ਦਿੱਤੀ ਹੈ। ਇਥੋਂ ਤਕ ਕਿ ਉਨ੍ਹਾਂ ਨੂੰ ਪੱਗ ਬੰਨ੍ਹਣ ਦੀ ਵੀ ਇਜਾਜ਼ਤ ਨਹੀਂ ਹੋਵੇਗੀ। ਫਰਾਂਸ ਵਿਚ ਪਗੜੀ 'ਤੇ ਪਾਬੰਦੀ ਤੋਂ ਬਾਅਦ ਅਮਰੀਕਾ 'ਚ ਵੀ ਸਿੱਖਾਂ ਨੂੰ ਕਕਾਰ ਧਾਰਨ ਕਰਨ ਲਈ ਸੰਘਰਸ਼ ਕਰਨਾ ਪੈ ਸਕਦਾ ਹੈ। ਤਾਜ਼ਾ ਖ਼ਬਰਾਂ ਅਨੁਸਾਰ ਫਰਾਂਸ ਵਿਚ ਪਗੜੀ ਦੇ ਮੁੱਦੇ 'ਤੇ ਅਦਾਲਤ ਨੇ ਫੈਸਲਾ ਸਿੱਖਾਂ ਦੇ ਖਿਲਾਫ ਦੇ ਦਿੱਤਾ ਹੈ। ਓਰੇਗਾਨ ਵਿਚ ਸਰਕਾਰ ਦਾ ਚਰਚਿਤ ਕਦਮ ਦੇਸ਼ 'ਚ ਨਵੇਂ ਨਸਲੀ ਵਿਵਾਦ ਨੂੰ ਜਨਮ ਦੇ ਸਕਦਾ ਹੈ। ਓਰੇਗਾਨ 'ਚ ਪਾਸ ਇਹ ਬਿਲ ਗਵਰਨਰ ਕੋਲ ਮਨਜ਼ੂਰੀ ਲਈ ਭੇਜਿਆ ਗਿਆ ਹੈ।

ਇਸ ਬਿੱਲ 'ਚ ਅਧਿਆਪਕਾਂ ਨੂੰ ਧਾਰਮਿਕ ਚਿੰਨ੍ਹ ਪਹਿਨਣ ਤੋਂ ਰੋਕਿਆ ਗਿਆ ਹੈ। ਓਰੇਗਾਨ ਲਾਈਵ ਆਨਲਾਈਨ ਨੇ ਕਿਹਾ ਹੈ ਕਿ ਬਿਲ ਅਨੁਸਾਰ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਸਕੂਲਾਂ ਪਾਸ ਇਹ ਅਧਿਕਾਰ ਹੋਵੇਗਾ ਕਿ ਉਹ ਅਧਿਆਪਕਾਂ ਨੂੰ ਧਾਰਮਿਕ ਚਿੰਨ੍ਹ ਪਹਿਨਣ ਤੋਂ ਰੋਕ ਸਕਣਗੇ। 'ਓਰੇਗਾਨ ਵਰਕਪਲੇਸ ਰਿਲੀਜਿਅਸ ਫਰੀਡਮ ਐਕਟ' ਸਿਰਲੇਖ ਵਾਲਾ ਬਿਲ ਕੰਮਕਾਜੀਆਂ ਨੂੰ ਉਦੋਂ ਤਕ ਧਾਰਮਿਕ ਆਜ਼ਾਦੀ ਦੀ ਇਜਾਜ਼ਤ ਦਿੰਦਾ ਹੈ, ਜਦੋਂ ਤਕ ਉਨ੍ਹਾਂ ਦੀ ਗਤੀਵਿਧੀ ਮੁਸ਼ਕਲਾਂ ਖੜੀਆਂ ਨਾ ਕਰੇ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਦੇ ਕਾਨੂੰਨ ਡਾਇਰੈਕਟਰ ਰਾਜਦੀਪ ਸਿੰਘ ਜੌਲੀ ਨੇ ਕਿਹਾ ਕਿ ਨਵਾਂ ਕਾਨੂੰਨ ਅਸਫਲ ਰਹੇਗਾ, ਜੇ ਇਹ ਰਾਜ ਦੇ ਸਾਰੇ ਲੋਕਾਂ ਨੂੰ ਇਮਾਨਦਾਰੀ ਨਾਲ ਧਾਰਮਿਕ ਆਜ਼ਾਦੀ ਨਹੀਂ ਦੇਵੇਗਾ ਤਾਂ।

ਅਮਰੀਕੀ ਸਿੱਖਾਂ ਨੇ ਸਰਕਾਰ ਦੇ ਇਸ ਕਾਨੂੰਨ ਦੀ ਨਿੰਦਾ ਕੀਤੀ ਹੈ, ਜੋ ਸਿੱਖ ਭਾਈਚਾਰੇ ਦੇ ਅਧਿਆਪਕਾਂ ਉਪਰ ਪਬਲਿਕ ਸਕੂਲਾਂ ਵਿਚ ਪੱਗ ਸਣੇ 'ਧਾਰਮਿਕ ਪਹਿਰਾਵੇ' ਉਪਰ ਪਾਬੰਦੀ ਲਗਾਉਂਦਾ ਹੈ।

ਅਮਰੀਕਾ ਸਰਕਾਰ ਦਾ ਇਹ ਕਦਮ ਦੇਸ਼ ਵਿਚ ਨਸਲੀ ਵਿਵਾਦ ਨੂੰ ਜਨਮ ਦੇ ਸਕਦਾ ਹੈ। ਇਸ ਬਿੱਲ ਵਿਚ ਅਧਿਆਪਕਾਂ ਨੂੰ ਪੱਗ ਤੇ ਸਿੱਖ ਧਰਮ ਨਾਲ ਸਬੰਧਤ ਪਹਿਰਾਵਾ ਧਾਰਨ ਕਰਨ ਤੋਂ ਰੋਕਣ ਦੀ ਵਿਵਸਥਾ ਹੈ।

ਓਰੇਗਾਨ ਦੀ ਆਫੀਸ਼ੀਅਲ ਵੈੱਬਸਾਈਟ ਵਿਚ ਕਿਹਾ ਗਿਆ ਹੈ ਕਿ ਬਿੱਲ ਮੁਤਾਬਕ ਸਿੱਖਿਆ ਅਧਿਕਾਰੀ ਤੇ ਸਕੂਲ ਉਦੋਂ ਕਾਨੂੰਨ ਦੀ ਉਲੰਘਣਾ ਨਹੀਂ ਕਰਨਗੇ, ਜਦੋਂ ਉਹ ਕਿਸੇ ਅਧਿਆਪਕ ਨੂੰ ਬਤੌਰ ਅਧਿਆਪਕ ਧਾਰਮਿਕ ਪਹਿਰਾਵਾ ਪਹਿਨਣ ਤੋਂ ਰੋਕਣਗੇ।

ਵਾਸ਼ਿੰਗਟਨ ਸਥਿਤ ਕੌਂਸਲ ਆਨ ਅਮਰੀਕਨ ਇਸਲਾਮਿਕ ਰਿਲੇਸ਼ਨਜ਼ ਵੀ ਸਿੱਖ ਭਾਈਚਾਰੇ ਦੇ ਵਿਰੋਧ ਵਿਚ ਉਸ ਦਾ ਸਾਥ ਦੇ ਰਿਹਾ ਹੈ। ਉਸ ਦਾ ਕਹਿਣਾ ਹੈ, "ਕਾਨੂੰਨ ਅਧਿਆਪਕਾਂ ਨੂੰ ਇਸਲਾਮ ਧਰਮ ਤਹਿਤ ਸਕਾਰਫ ਜਾਂ ਬੁਰਕੇ ਸਣੇ ਹੋਰ ਧਾਰਮਿਕ ਚਿੰਨ੍ਹ ਧਾਰਨ ਕਰਨ ਤੋਂ ਰੋਕਦਾ ਹੈ।"




ਪੋਰਟਲੈਂਡ ਦੇ ਇਕ ਅਟਾਰਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸਿੱਖਾਂ ਨੂੰ ਅਜਿਹੇ ਮਾਮਲਿਆਂ ਵਿਚ ਰੋਸ ਵਜੋਂ ਇਕਜੁਟ ਹੋਣਾ ਪਵੇਗਾ, ਕਿਉਂਕਿ ਭਾਈਚਾਰੇ ਦੇ ਲੋਕਾਂ ਲਈ ਪੱਗ ਬੰਨ੍ਹਣੀ ਲਾਜ਼ਮੀ ਹੈ।

ਉਧਰ ਸ੍ਰੀ ਜੌਲੀ ਨੇ ਗਵਰਨਰ ਟੈਡ ਕੁਲੋਂਗੋਸਕੀ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਉਹ ਇਸ ਕਾਨੂੰਨ ਨੂੰ ਮਾਨਤਾ ਨਾ ਦੇਣ। ਰਿਪੋਰਟਾਂ ਮੁਤਾਬਕ ਗਵਰਨਰ ਵਲੋਂ ਇਸ ਬਿੱਲ 'ਤੇ ਦਸਤਖ਼ਤ ਕਰ ਦਿੱਤਾ ਜਾਣਗੇ, ਕਿਉਂਕਿ ਬਿੱਲ ਦਾ ਵਿਰੋਧ ਹੋਣੀ ਨੂੰ ਵਾਪਰਨ ਤੋਂ ਨਹੀਂ ਰੋਕ ਸਕਦਾ। ਓਰੇਗਾਨ ਵਿਚ ਦਹਾਕਿਆਂ ਤੋਂ ਇਹ ਆਮ ਅਮਲ ਹੈ ਕਿ ਕੋਈ ਵੀ ਅਧਿਆਪਕ ਕਿਸੇ ਪਬਲਿਕ ਸਕੂਲ ਵਿਚ ਧਾਰਮਿਕ ਪਹਿਰਾਵਾ ਧਾਰਨ ਕਰਕੇ ਬੱਚਿਆਂ ਨੂੰ ਨਹੀਂ ਪੜ੍ਹਾ ਸਕਦਾ। 1980 ਵਿਚ ਇਕ ਸਿੱਖ ਅਧਿਆਪਕ ਨੂੰ ਇਸ ਕਰਕੇ ਮੁਅੱਤਲ ਕਰ ਦਿੱਤਾ ਗਿਆ ਸੀ, ਕਿਉਂਕਿ ਉਹ ਸਫੈਦ ਪੱਗ ਤੇ ਸਫੈਦ ਕੱਪੜੇ ਪਾ ਕੇ ਜਮਾਤ ਵਿਚ ਆਉਂਦਾ ਸੀ। ਇਹ ਮਾਮਲਾ ਓਰੇਗਾਨ ਦੀ ਸੁਪਰੀਮ ਕੋਰਟ ਵਿਚ ਵੀ ਗਿਆ, ਪਰ ਉਸਨੇ ਮਾਮਲੇ ਦੀ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਮੁਅੱਤਲੀ ਬਰਕਰਾਰ ਰੱਖੀ ਸੀ।

ਉਧਰ ਫਰਾਂਸ ਵਿਚ ਪਗੜੀ ਦੇ ਮੁੱਦੇ 'ਤੇ ਸਿੱਖਾਂ ਨੂੰ ਉਸ ਸਮੇਂ ਵੱਡਾ ਧੱਕਾ ਲੱਗਾ, ਜਦੋਂ ਮਨੁੱਖੀ ਅਧਿਕਾਰਾਂ ਲਈ ਯੂਰਪੀਅਨ ਅਦਾਲਤ ਨੇ ਪਗੜੀ 'ਤੇ ਲਗਾਈ ਪਾਬੰਦੀ ਨੂੰ ਸਹੀ ਕਰਾਰ ਦੇ ਦਿੱਤਾ। ਯੂਨਾਈਟਿਡ ਸਿੱਖਜ਼ ਨਾਂ ਦੀ ਜਥੇਬੰਦੀ ਨੇ ਜਸਬੀਰ ਸਿੰਘ ਵਲੋਂ ਯੂਰਪੀ ਅਦਾਲਤ ਵਿਚ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ। 2004 ਵਿਚ ਜਸਬੀਰ ਸਿੰਘ, ਰਣਜੀਤ ਸਿੰਘ ਅਤੇ ਬਿਕਰਮਜੀਤ ਸਿੰਘ ਨੂੰ ਪੱਗਾਂ ਬੰਨ੍ਹਣ ਕਾਰਨ ਫਰਾਂਸ ਦੇ ਸਕੂਲਾਂ ਵਿਚੋਂ ਕੱਢ ਦਿੱਤਾ ਗਿਆ ਸੀ। ਇਹ ਵਿਦਿਆਰਥੀ ਪਗੜੀ 'ਤੇ ਪਾਬੰਦੀ ਮਗਰੋਂ ਸਕੂਲ ਵਿਚੋਂ ਕੱਢੇ ਜਾਣ ਵਾਲੇ ਪਹਿਲੇ ਪੀੜਤ ਬਣੇ ਸਨ। ਯੂਨਾਈਟਿਡ ਸਿੱਖਜ਼ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਮਨੁੱਖੀ ਅਧਿਕਾਰਾਂ ਵਾਲੀ ਇਸ ਅਦਾਲਤ ਤੋਂ ਵੀ ਕੋਈ ਰਾਹਤ ਨਾ ਮਿਲਣ ਕਾਰਨ ਹੁਣ ਕੋਈ ਹੋਰ ਰਸਤਾ ਬਾਕੀ ਨਹੀਂ ਬੱਚਿਆ।

ਹੁਣ ਤਾਂ ਵਿਸ਼ਵ ਭਰ ਵਿਚ ਵਸਦੇ ਸਿੱਖਾਂ ਨੂੰ ਹੀ ਇਕੱਠੇ ਹੋ ਕੇ ਇਸ ਪਾਬੰਦੀ ਵਿਰੁੱਧ ਆਵਾਜ਼ ਬੁਲੰਦ ਕਰਨੀ ਹੋਵੇਗੀ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਪਗੜੀ 'ਤੇ ਪਾਬੰਦੀ ਹੋਰਨਾਂ ਲੋਕਾਂ ਦੇ ਹੱਕਾਂ ਅਤੇ ਆਜ਼ਾਦੀ ਨੂੰ ਧਿਆਨ ਵਿਚ ਰੱਖ ਕੇ ਲਗਾਈ ਗਈ ਹੈ। ਹੁਣ ਸਿੱਖਾਂ ਲਈ ਇਕੋ ਇਕ ਆਸ ਦੀ ਕਿਰਨ ਯੂਨਾਈਟਿਡ ਸਿੱਖਜ਼ ਵਜੋਂ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਕਮੇਟੀ ਕੋਲ ਇਸ ਫੈਸਲੇ ਨੂੰ ਦਿੱਤੀ ਚੁਣੌਤੀ ਹੀ ਬਚੀ ਹੈ, ਜਿਸ ਬਾਰੇ ਫਰਾਂਸ ਨੇ ਆਪਣਾ ਜਵਾਬ ਦਾਖਲ ਕਰ ਦਿਤਾ ਹੈ, ਜਦਕਿ ਯੂਨਾਈਟਿਡ ਸਿੱਖਜ਼ ਦੇ ਵਕੀਲ ਆਪਣਾ ਜਵਾਬ ਤਿਆਰ ਕਰ ਰਹੇ ਹਨ।

ਇਸ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੇ ਪਗੜੀ ਦਾ ਮਾਮਲਾ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਕੋਲ ਉਠਾਇਆ ਸੀ, ਜਿਸ ਦੇ ਜਵਾਬ ਵਿਚ ਸਰਕੋਜ਼ੀ ਨੇ ਕਿਹਾ ਕਿ ਸਿੱਖਾਂ ਦੇ ਪਗੜੀ ਬੰਨ੍ਹਣ 'ਤੇ ਫਰਾਂਸ ਵਿਚ ਕੋਈ ਪਾਬੰਦੀ ਨਹੀਂ ਹੈ। ਦੱਸਣਯੋਗ ਹੈ ਕਿ ਫਰਾਂਸ ਦੇ ਕੌਮੀ ਦਿਵਸ ਸਮਾਗਮਾਂ ਵਿਚ ਡਾ. ਮਨਮੋਹਨ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਫਰਾਂਸ ਵਿਚ 2004 ਵਿਚ ਸਿੱਖ ਵਿਦਿਆਰਥੀਆਂ 'ਤੇ ਸਕੂਲਾਂ ਵਿਚ ਪਗੜੀ ਸਣੇ ਹੋਰ ਧਾਰਮਿਕ ਚਿੰਨ੍ਹ ਪਹਿਨਣ 'ਤੇ ਪਾਬੰਦੀ ਲਗਾਈ ਗਈ ਸੀ। ਫਰਾਂਸ ਵਿਚ ਇਸ ਸਮੇਂ ਲਗਭਗ ਛੇ ਹਜ਼ਾਰ ਸਿੱਖ ਰਹਿ ਰਹੇ ਹਨ ਅਤੇ ਇਸ ਪਾਬੰਦੀ ਵਿਰੁਧ ਲੜ ਰਹੇ ਹਨ।

**ਮੈਰੀਲੈਂਡ ਦੇ ਸਕੂਲ ਪਾਠਕ੍ਰਮ ਵਿਚ ਸਿੱਖ ਸਭਿਆਚਾਰ ਨੂੰ ਵੀ ਸ਼ਾਮਲ ਕੀਤਾ :** ਮੈਰੀਲੈਂਡ ਦੀ ਹਾਵਰਡ ਕਾਊਂਟੀ ਦੇ 8 ਐਲੀਮੈਂਟਰੀ ਸਕੂਲਾਂ ਦੇ ਪਾਠਕ੍ਰਮ ਵਿਚ ਇਸ ਸਾਲ ਤੋਂ ਸਿੱਖ ਸਭਿਆਚਾਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਸਮਾਜਿਕ ਸਿੱਖਿਆ ਨਾਲ ਜੁੜੀਆਂ ਕਿਤਾਬਾਂ ਵਿਚ ਸਿੱਖ ਵਿਰਸੇ ਨਾਲ ਜੁੜੇ ਕੁਝ ਹਿੱਸੇ ਹੁਣ ਇਨ੍ਹਾਂ ਸਕੂਲਾਂ ਵਿਚ ਪੜ੍ਹਾਏ ਜਾਇਆ ਕਰਨਗੇ। ਕਾਊਂਟੀ ਦੇ ਸਿੱਖਿਆ ਅਫਸਰ ਨੇ ਦੱਸਿਆ ਕਿ ਬੀਤੇ ਦਿਨੀਂ ਕੀਤੇ ਫੈਸਲੇ ਅਨੁਸਾਰ ਅਗਲੇ ਸੈਸ਼ਨ ਤੋਂ ਕਾਊਂਟੀ ਦੇ ਬਾਕੀ ਸਾਰੇ 39 ਸਕੂਲਾਂ ਵਿਚ ਵੀ ਇਹ ਪਾਠਕ੍ਰਮ ਸ਼ਾਮਲ ਕਰ ਦਿੱਤਾ ਜਵੇਗਾ।

ਕੌਰ ਫਾਊਂਡੇਸ਼ਨ ਦੇ ਸਭਿਆਚਾਰਕ ਦਲ ਦੀ ਵਿਡੀਓ ਅਤੇ ਸਭਿਆਚਾਰ ਬਾਰੇ ਇਕੱਠੀ ਕੀਤੀ ਸਮੱਗਰੀ, ਜਿਹੜੀ ਜੂਨ 2008 ਵਿਚ ਰਿਲੀਜ਼ ਕੀਤੀ ਗਈ ਸੀ, ਨੂੰ ਸਮਾਜਿਕ ਸਿੱਖਿਆ ਦੇ ਪਾਠਕ੍ਰਮ ਵਿਚ ਦਰਜ ਕੀਤਾ ਗਿਆ ਅਤੇ ਇਸ ਨੂੰ ਦੇਸ਼ ਦੇ 8 ਸਕੂਲਾਂ ਵਿਚ ਪੜ੍ਹਾਇਆ ਜਾਵੇਗਾ। ਸੈਂਟੇਨੀਅਲ ਲੇਨ ਐਲੀਮੈਂਟਰੀ ਸਕੂਲ ਦੇ ਪ੍ਰਿੰਸੀਪਲ ਫਰੋਰੈਂਸ ਹੂ ਨੇ ਕਿਹਾ, "ਮੈਂ ਇਹ ਆਖ ਕੇ ਅਤਿ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਅਧਿਆਪਕ ਸਿੱਖ ਸਭਿਆਚਾਰ ਨੂੰ ਪੜ੍ਹਾ ਕੇ ਚੰਗਾ ਮਹਿਸੂਸ ਕਰ ਰਹੇ ਹਨ।" ਉਨ੍ਹਾਂ ਕਿਹਾ, "ਇਸ ਕਦਮ ਨੇ ਵਿਭਿੰਨਤਾ ਦੀ ਮਹੱਤਤਾ ਨੂੰ ਪ੍ਰਗਟ ਕੀਤਾ ਹੈ।"

*Visit us on the web:*
***punjabtimesusa.com***


KARN GILL
REALTOR
44644 Ann Arbor Rd.
Plymouth, MI 48170
(734) 612-9984
www.KarnGill.Com
KarnGill@Hotmail.Com
COLDWELL BANKER
Preferred, Realtors
Either Buying or Selling a Home in Michigan
"Always Go with the Winner"



ਅਮਰ ਕਾਰਪੈਟਸ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ
ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
Same day service in Chicago and suburbs
Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659
ਕਾਲ ਕਰੋ : ਅਮਰੀਕ ਸਿੰਘ
Ph: 773-508-5253,773-507-8043, Fax: 773-508-5249

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???




ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿੰਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ
ਮੁਫਤ ਸਲਾਹ–ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com
We Work in All 50 States

**Punjab Times**
**Established in 2000**
**10th Year of Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**Chicago Community Reporter**
Sunita Chopra
Ph:773-370-7106
**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors Community Relations:**
Pritam S. Grewal
408-406-0703
Kuljeet Singh
510-284-9580
**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ-ਪਾਕਿ ਕੂਟਨੀਤਕ ਯੁੱਧ ਲਈ ਖਿੱਦੋ ਬਣਿਆ ਕਾਸਬ

-ਪੰਜਾਬ ਟਾਈਮਜ਼ ਨਿਊਜ਼ ਸਰਵਿਸ

ਨਵੀਂ ਦਿੱਲੀ: ਮਿਸਰ ਦੇ ਸ਼ਹਿਰ 'ਸ਼ਰਮ ਅਲ ਸ਼ੇਖ' ਵਿਚ ਹਾਲ ਹੀ ਵਿਚ ਗੁੱਟ ਨਿਰਲੇਪ ਦੇਸ਼ਾਂ ਦੇ ਸੰਮੇਲਨ ਮੌਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੰਗੇ ਮਾਹੌਲ ਵਿਚ ਹੋਈ ਗਲਬਾਤ ਤੋਂ ਇਕ ਦਮ ਬਾਅਦ ਇਹ ਵਿਵਾਦ ਖੜ੍ਹਾ ਹੋ ਗਿਆ ਕਿ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਭਾਰਤ ਦੋਨਾਂ ਮੁਲਕਾਂ ਵਿਚਕਾਰ ਆਪਸੀ ਗੱਲਬਾਤ ਨੂੰ ਮੁੰਬਈ ਹਮਲਿਆਂ ਦੇ ਦੋਸ਼ੀਆਂ ਵਿਰੁਧ ਕਾਰਵਾਈ ਨਾਲੋਂ ਤੋੜ ਕੇ ਪਾਕਿਸਤਾਨ ਅਗੇ ਝੁਕ ਗਿਆ ਹੈ ਅਤੇ ਅਜਿਹਾ ਅਮਰੀਕਾ ਦੇ ਦਬਾਅ ਅਧੀਨ ਵਾਪਰਿਆ ਹੈ। ਇਸ ਦਬਾਅ ਦੀ ਕਥਿਤ ਕਰਮਦਾਤੀ, ਅਮਰੀਕਾ ਦੀ ਵਿਦੇਸ਼ ਮੰਤਰੀ ਬੀਬੀ ਹਿਲੇਰੀ ਕਲਿੰਟਨ ਹਾਲੇ ਭਾਰਤ ਵਿਚ ਹੀ ਸੀ ਕਿ ਮੁੰਬਈ ਹਮਲਿਆਂ ਦੇ ਜ਼ਿੰਦਾ ਫੜੇ ਗਏ ਇਕ ਦੋਸ਼ੀ ਕਾਸਬ ਨੇ ਇਸ ਕਤਲੇਆਮ ਵਿਚ ਆਪਣੀ ਸ਼ਮੂਲੀਅਤ ਕਬੂਲ ਲਈ। ਉਸ ਨੇ ਕਥਿਤ ਰੂਪ ਵਿਚ ਹੇਮੰਤ ਕਰਕਰੇ ਅਤੇ ਉਸ ਦੇ ਸਾਥੀ ਪੁਲਿਸ ਅਫਸਰਾਂ ਦਾ ਕਤਲ ਵੀ ਕਬੂਲ ਕਰ ਲਿਆ ਹੈ! ਪਾਕਿਸਤਾਨ ਇਸ ਨੂੰ ਕਾਸਬ ਵਲੋਂ ਦਬਾਅ ਹੇਠ ਦਿੱਤਾ ਗਿਆ ਬਿਆਨ ਆਖ ਰਿਹਾ ਹੈ ਜਦਕਿ ਭਾਰਤ ਲਈ ਇਸ ਪ੍ਰਾਪਤੀ ਦੀ ਵਡਿਆਈ ਦਾ ਕੋਈ ਅੰਤ ਸਿਰਾ ਨਹੀਂ। ਕੁਝ ਨਿਰਪੱਖ ਵਿਸ਼ਲੇਸ਼ਕਾਂ ਅਨੁਸਾਰ ਕਾਸਬ ਵਲੋਂ ਕੀਤੀ ਗਈ ਇਹ ਮੰਨ ਮਨੌਤ ਅਸਲ ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਚਲ ਰਹੀ ਆਪਸੀ ਖਿੱਚੋਤਾਣ ਦਾ ਹੀ ਹਿੱਸਾ ਹੈ, ਜਿਸ ਵਿਚ ਕਾਸਬ ਗਰੀਬ, ਦੱਖਣੀ ਏਸ਼ੀਆ ਦੇ ਇਨ੍ਹਾਂ ਦੋਨਾਂ ਮੁਲਕਾਂ ਦੀਆਂ ਕੂਟਨੀਤਕ ਖੂੰਡੀਆਂ ਲਈ ਖਿੱਦੋ ਬਣ ਗਿਆ।



ਯਾਦ ਰਹੇ ਪਿਛਲੇ ਸਾਲ 26 ਨਵੰਬਰ ਨੂੰ ਹੋਏ ਮੁੰਬਈ ਹਮਲੇ ਦੇ ਕੇਸ ਨੇ ਲੰਘੀ 20 ਜੁਲਾਈ ਨੂੰ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਇਸ ਹਮਲੇ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਇਕੋ-ਇਕ ਜਿਉਂਦੇ ਦਹਿਸ਼ਤਗਰਦ ਅਜ਼ਮਲ ਆਮਿਰ ਕਾਸਬ ਨੇ ਹਮਲਿਆਂ 'ਚ ਸ਼ਮੂਲੀਅਤ ਬਾਰੇ ਆਪਣਾ ਜੁਰਮ ਅਦਾਲਤ ਵਿਚ ਕਬੂਲ ਕਰ ਲਿਆ। ਇਸ ਦੇ ਨਾਲ ਹੀ ਕਾਸਬ ਨੇ ਏ.ਟੀ.ਐਸ. ਮੁਖੀ ਹੇਮੰਤ ਕਰਕਰੇ ਤੇ ਏ.ਟੀ.ਐਸ. ਦੇ ਪ੍ਰਮੁੱਖ ਨਿਸ਼ਾਨੇਬਾਜ਼ ਵਿਜੇ ਸਾਲਸਕਰ ਨੂੰ ਮਾਰਨ ਦੀ ਗੱਲ ਵੀ ਕਥਿਤ ਤੌਰ 'ਤੇ ਕਬੂਲੀ। ਵਿਸ਼ੇਸ਼ ਜੱਜ ਐਮ.ਐਲ. ਤਹਿਲਿਆਨੀ ਸਾਹਮਣੇ ਦਿੱਤੇ ਗਏ ਬਿਆਨ 'ਚ ਕਾਸਬ ਨੇ ਦੱਸਿਆ ਕਿ ਉਹ ਇਕ ਪਾਕਿਸਤਾਨੀ ਨਾਗਰਿਕ ਹੈ ਅਤੇ ਨਾਲ ਹੀ ਉਸ ਨੇ ਇਸ ਦਹਿਸ਼ਤਗਰਦ ਹਮਲੇ ਨੂੰ ਅੰਜ਼ਾਮ ਦੇਣ ਲਈ ਕਰਾਚੀ ਤੋਂ ਮੁੰਬਈ ਤੱਕ ਦਾ ਆਪਣਾ ਪੂਰਾ ਵੇਰਵਾ ਨਸ਼ਰ ਕੀਤਾ। ਕਾਸਬ ਨੇ ਕਰਾਚੀ ਤੋਂ ਮੁੰਬਈ ਆਉਣ ਦੀ ਗੱਲ ਵੀ ਕਬੂਲੀ। ਇਸ ਤੋਂ ਇਲਾਵਾ ਕਾਸਬ ਨੇ 26 ਨਵੰਬਰ ਨੂੰ ਛਤਰਪਤੀ ਸ਼ਿਵਾਜੀ ਟਰਮੀਨਲ ਤੇ ਦੱਖਣੀ ਮੁੰਬਈ ਦੇ ਕਾਮਾ ਹਸਪਤਾਲ 'ਤੇ ਹੋਏ ਹਮਲਿਆਂ 'ਚ ਭੂਮਿਕਾ ਨਿਭਾਉਣ ਦੀ ਗੱਲ ਵੀ ਕਹੀ।

ਜ਼ਿਕਰਯੋਗ ਹੈ ਕਿ ਮੁੰਬਈ ਹਮਲਿਆਂ ਦੇ ਸਬੰਧ 'ਚ ਗ੍ਰਿਫ਼ਤਾਰ ਕੀਤੇ ਗਏ ਕਾਸਬ ਤੇ 85 ਹੋਰਨਾਂ ਖ਼ਿਲਾਫ਼ ਕੁਝ ਦਿਨ ਪਹਿਲਾਂ ਹੀ ਭਾਰਤ ਵਿਰੁਧ ਯੁੱਧ ਛੇੜਨ ਦੇ ਦੋਸ਼ ਆਇਦ ਕੀਤੇ ਗਏ ਸਨ। ਮੁੰਬਈ ਹਮਲਿਆਂ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ ਨੇ ਕਾਸਬ 'ਤੇ ਲਗਾਏ 86 ਦੋਸ਼ਾਂ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਨ੍ਹਾਂ ਦੋਸ਼ਾਂ 'ਚ ਕਤਲ, ਹਥਿਆਰ ਤੇ ਵਿਸਫੋਟਕ ਰੱਖਣ ਦੇ ਦੋਸ਼ ਸ਼ਾਮਲ ਸਨ। ਲੰਘੀ 8 ਮਈ ਨੂੰ ਅਦਾਲਤ ਵਿਚ ਪੇਸ਼ੀ ਸਮੇਂ ਕਾਸਬ ਨੇ ਹਮਲਿਆਂ ਨਾਲ ਕੋਈ ਸੰਬੰਧ ਨਾ ਹੋਣ ਦੀ ਗੱਲ ਕਹੀ ਸੀ। ਹੁਣ ਉਸ ਦਾ ਆਖਣਾ ਹੈ ਕਿ ਕਿਉਂਕਿ ਪਾਕਿਸਤਾਨ ਨੇ ਉਸ ਦੀ ਪਛਾਣ ਕਬੂਲ ਕਰ ਲਈ ਹੈ, ਇਸ ਲਈ ਉਹ ਇਸ ਹਮਲੇ ਵਿਚ ਆਪਣੀ ਸ਼ਮੂਲੀਅਤ ਸਵੀਕਾਰ ਕਰਦਾ ਹੈ।

ਮੁੰਬਈ ਹਮਲਿਆਂ 'ਚ ਕਾਸਬ ਦੀ ਸ਼ਮੂਲੀਅਤ ਨੂੰ ਵਿਸ਼ੇਸ਼ ਸਰਕਾਰੀ ਵਕੀਲ ਨੇ ਦਹਿਸ਼ਤਵਾਦ ਵਿਰੁਧ ਲੜਾਈ 'ਚ ਵੱਡੀ ਜਿੱਤ ਦੱਸਿਆ ਹੈ। ਕਾਸਬ ਵਲੋਂ ਜੁਰਮ ਕਬੂਲਣ ਤੋਂ ਬਾਅਦ ਸਰਕਾਰੀ ਵਕੀਲ ਉਜਵਲ ਨਿਕਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਸਬ ਦੇ ਇਸ ਬਿਆਨ ਨਾਲ ਅਸੀਂ ਸਾਰੇ ਹੈਰਾਨ ਹੋ ਗਏ ਹਾਂ ਕਿਉਂਕਿ ਇਸ ਤੋਂ ਪਹਿਲਾਂ ਉਹ ਆਪਣੇ-ਆਪ ਨੂੰ ਬੇਕਸੂਰ ਦੱਸ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਜੱਜ ਸਾਹਿਬ ਨੇ ਕਾਸਬ ਨੂੰ ਟੋਕਦਿਆਂ ਪੁੱਛਿਆ, "ਤੁਸੀਂ ਕੀ ਕਰਨਾ ਚਾਹੁੰਦੇ ਹੋ? ਤਾਂ ਕਾਸਬ ਨੇ ਕਿਹਾ, 'ਮੈਂ ਮੁੰਬਈ ਹਮਲਿਆਂ 'ਚ ਸ਼ਾਮਲ ਹੋਣ ਦੇ ਦੋਸ਼ ਨੂੰ ਕਬੂਲਦਾ ਹਾਂ।' ਸ੍ਰੀ ਨਿਕਮ ਨੇ ਕਿਹਾ ਕਿ ਇਸ ਮਾਮਲੇ 'ਚ 134 ਗਵਾਹਾਂ ਤੋਂ ਪੁੱਛਗਿੱਛ ਕੀਤੀ ਗਈ ਹੈ। ਗਵਾਹਾਂ ਦੀ ਪੁੱਛਗਿੱਛ ਤੋਂ ਬਾਅਦ ਇਹ ਸਪੱਸ਼ਟ ਹੋਣ ਲੱਗਿਆ ਸੀ ਕਿ ਇਸ ਮਾਮਲੇ 'ਚ ਕਾਸਬ ਦੀ ਸ਼ਮੂਲੀਅਤ ਹੈ।

ਦੂਜੇ ਪਾਸੇ ਪਾਕਿਸਤਾਨ ਸਰਕਾਰ ਨੇ ਕਾਸਬ ਦੇ ਬਿਆਨ ਨੂੰ ਇਕਪਾਸੜ ਕਰਾਰ ਦਿੱਤਾ ਹੈ। ਪਾਕਿਸਤਾਨੀ ਰੱਖਿਆ ਮੰਤਰੀ ਚੌਧਰੀ ਏ ਮੁਖ਼ਤਿਆਰ ਨੇ ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਸਬ ਦਾ ਇਹ ਬਿਆਨ ਦਬਾਅ ਹੇਠ ਦਿੱਤਾ ਗਿਆ ਬਿਆਨ ਹੈ ਅਤੇ ਪਾਕਿਸਤਾਨ ਉਸ ਆਦਮੀ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਕੋਈ ਕਾਰਵਾਈ ਨਹੀਂ ਕਰ ਸਕਦਾ, ਜਿਹੜਾ ਕਿ 'ਦਬਾਅ ਹੇਠ' ਲਿਆ ਗਿਆ ਹੋਵੇ। ਯਾਦ ਰਹੇ ਕਾਸਬ ਨੇ ਆਪਣੇ ਇਕਬਾਲੀਆ ਬਿਆਨ ਵਿਚ ਕਿਹਾ ਕਿ ਉਹ ਪਾਕਿਸਤਾਨੀ ਨਾਗਰਿਕ ਹੈ ਅਤੇ ਪਾਕਿਸਤਾਨ ਨੇ ਉਸ ਦਾ ਪਾਕਿਸਤਾਨੀ ਹੋਣਾ ਇਕ ਐਫ.ਆਈ.ਆਰ. ਵਿਚ ਕਬੂਲ ਕਰ ਲਿਆ ਹੈ। ਯਾਦ ਰਹੇ ਪਾਕਿਸਤਾਨ ਵਿਚ ਮੁੰਬਈ ਹਮਲਿਆਂ ਨਾਲ ਸੰਬੰਧਤ ਅਤਿਵਾਦੀਆਂ ਖਿਲਾਫ ਕਾਰਵਾਈ ਦੌਰਾਨ ਕਾਸਬ ਦਾ ਨਾਂ ਵੀ ਦੋਸ਼ੀਆਂ ਵਿਚ ਸ਼ਾਮਲ ਕੀਤਾ ਗਿਆ ਸੀ। ਕਾਸਬ ਨੇ ਆਪਣੇ ਇਕਬਾਲੀਆ ਬਿਆਨ ਵਿਚ ਪਾਕਿਸਤਾਨੀ ਨਾਗਰਿਕਾਂ-ਅੱਬੂ ਆਜ਼ਮ, ਅੱਬੂ ਜਿੰਦਲ, ਅੱਬੂ ਕਫਾ ਤੇ ਲੱਖਵੀ ਦੇ ਨਾਂ ਵੀ ਲਏ। ਕਾਸਬ ਨੇ ਇਕ ਸਾਧਾਰਣ ਪਾਕਿਸਤਾਨੀ ਨੌਜਵਾਨ ਤੋਂ ਅਤਿਵਾਦੀ ਬਣਨ ਦੀ ਲੰਮੀ ਕਹਾਣੀ ਸੁਣਾਈ। ਅੱਬੂ ਜਿੰਦਲ ਉਹ ਭਾਰਤੀ ਹੈ ਜਿਸ ਨੇ ਕਾਸਬ ਸਮਤੇ ਅਤਿਵਾਦੀਆਂ ਨੂੰ ਹਿੰਦੀ ਸਿਖਾਈ। ਪਾਕਿਸਤਾਨ ਨੇ ਮੰਗ ਕੀਤੀ ਹੈ ਕਿ ਹਮਲੇ ਵਿਚ ਸ਼ਾਮਲ ਭਾਰਤੀ ਦੀ ਵੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ।



*ਕਾਸਬ*

# *ਹਿਲੇਰੀ ਨੇ ਨਸੀਹਤਾਂ ਨਾਲ ਭਰੀ ਭਾਰਤ ਦੀ ਝੋਲੀ*

'ਚ ਅਤਿਵਾਦੀ ਹਮਲਿਆਂ ਲਈ ਜ਼ਿੰਮੇਵਾਰ ਲੋਕਾਂ ਵਿਰੁਧ ਕੀ ਕਾਰਵਾਈ ਕਰਦਾ ਹੈ।

ਸ੍ਰੀਮਤੀ ਹਿਲੇਰੀ ਕਲਿੰਟਨ ਨੇ ਖ਼ਤਰਨਾਕ ਗੈਸਾਂ ਦੀ ਪੈਦਾਵਾਰ ਰੋਕਣ ਲਈ ਵਿਕਾਸਸ਼ੀਲ ਦੇਸ਼ਾਂ ਵਲੋਂ ਸਖ਼ਤ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਨੂੰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਨਾ ਵਧਾਉਣ ਲਈ ਆਖਿਆ। ਇਥੇ ਜ਼ਿਕਰਯੋਗ ਹੈ ਕਿ ਸ੍ਰੀਮਤੀ ਕਲਿੰਟਨ ਨੇ ਵਿਕਸਤ ਦੇਸ਼ਾਂ ਨੂੰ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਬਾਰੇ ਕੋਈ ਕਦਮ ਚੁੱਕਣ ਦਾ ਜ਼ਿਕਰ ਨਹੀਂ ਕੀਤਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਗਰੀਨ ਹਾਊਸ ਗੈਸਾਂ ਵਧਾਉਣ 'ਚ ਵਿਕਸਤ ਦੇਸ਼ਾਂ ਦੀ ਇਤਿਹਾਸਕ ਭੂਮਿਕਾ ਅਤੇ ਨਤੀਜੇ ਵਜੋਂ ਇਨ੍ਹਾਂ ਗੈਸਾਂ ਦੀ ਨਿਕਾਸੀ ਉਨ੍ਹਾਂ ਵਲੋਂ ਵਧੇਰੇ ਘਟਾਉਣ ਦੇ ਮੁੱਦੇ 'ਤੇ ਕੋਈ ਪੱਖ ਪੇਸ਼ ਨਹੀਂ ਕੀਤਾ, ਸਗੋਂ ਭਾਰਤ ਨੂੰ ਨਸੀਹਤ ਦੇ ਦਿੱਤੀ ਕਿ ਉਹ ਸਾਡੇ ਤੋਂ ਸਿੱਖਣ ਅਤੇ ਹੁਣੇ ਤੋਂ ਗਰੀਨ ਹਾਊਸ ਗੈਸਾਂ ਦੀ ਆਪਣੀ ਨਿਕਾਸੀ ਘਟਾਉਣ। ਭਾਵੇਂ ਚੌਗਿਰਦੇ ਬਾਰੇ ਮੰਤਰੀ ਜੈ ਰਾਮ ਰਮੇਸ਼ ਨੇ ਬੀਬੀ ਕਲਿੰਟਨ ਦੀ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦੀ ਕਮੀ ਬਾਰੇ ਕਿਸੇ ਕਾਨੂੰਨੀ ਪਾਬੰਦੀ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਹੈ, ਪਰ ਅਮਰੀਕਾ ਦੀ ਦੂਜਿਆਂ ਨੂੰ ਨਸੀਹਤਾਂ ਦੇਣ ਦੀ ਪੁਰਾਣੀ ਆਦਤ ਬਰਕਰਾਰ ਹੈ।

ਅਮਰੀਕੀ ਵਿਦੇਸ਼ ਮੰਤਰੀ ਦਾ ਮੰਨਣਾ ਹੈ ਕਿ ਕਸ਼ਮੀਰ ਦਾ ਫੈਸਲਾ ਭਾਰਤ ਅਤੇ ਪਾਕਿਸਤਾਨ ਨੂੰ ਮਿਲ ਕੇ ਕਰਨਾ ਚਾਹੀਦਾ ਹੈ ਅਤੇ ਕੋਈ ਵੀ ਕਦਮ ਚੁੱਕਦੇ ਸਮੇਂ ਕਸ਼ਮੀਰ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਾਡੀ ਭੂਮਿਕਾ ਸਿਰਫ ਗੱਲਬਾਤ ਦੀ ਪ੍ਰਕਿਰਿਆ 'ਚ ਸਹਿਯੋਗ ਕਰਨ ਦੀ ਹੈ। ਮੁੰਬਈ ਦੀ ਆਪਣੀ ਫੇਰੀ ਦੌਰਾਨ ਉਥੋਂ ਦੇ ਤਾਜ ਹੋਟਲ 'ਚ ਠਹਿਰ ਕੇ ਉਨ੍ਹਾਂ ਇਹ ਸੰਦੇਸ਼ ਦੇਣਾ ਚਾਹਿਆ ਕਿ ਉਹ ਅਤੇ ਉਨ੍ਹਾਂ ਦਾ ਦੇਸ਼ ਹਮਲੇ ਦੇ ਸ਼ਿਕਾਰ ਬਣੇ ਤਾਜ ਦੇ ਮਹਿਮਾਨਾਂ ਅਤੇ ਮੁੰਬਈ ਦੇ ਲੋਕਾਂ ਦੇ ਨਾਲ ਹਨ। ਉਨ੍ਹਾਂ ਕਿਹਾ ਮੁੰਬਈ ਦੇ ਹਮਲਾਵਰਾਂ ਖਿਲਾਫ ਸੁਣਵਾਈ ਨਾ ਹੋਵੇ ਜਾਂ ਪੀੜਤਾਂ ਨੂੰ ਇਨਸਾਫ ਨਾ ਮਿਲੇ ਤਾਂ ਮੈਨੂੰ ਅਫਸੋਸ ਹੋਵੇਗਾ।

ਮੁੰਬਈ ਦੇ ਸੇਂਟ ਜੇਵੀਅਰ'ਜ਼ ਕਾਲਜ ਦੇ ਵਿਦਿਆਰਥੀਆਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਸ੍ਰੀਮਤੀ ਕਲਿੰਟਨ ਨੇ ਬਾਲੀਵੁੱਡ ਅਭਿਨੇਤਾ ਆਮਿਰ ਖਾਨ ਨੂੰ ਉਨ੍ਹਾਂ ਦੀ ਅਦਾਕਾਰੀ ਅਤੇ ਸਿੱਖਿਆ ਮੁਹਿੰਮਾਂ 'ਚ ਸਰਗਰਮ ਹਿੱਸੇਦਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੈਂ ਇਥੇ ਇਹ ਦੇਖਣ ਆਈ ਹਾਂ ਕਿ ਕਿਸ ਤਰ੍ਹਾਂ ਅਮਰੀਕਾ ਅਤੇ ਭਾਰਤ ਸਿੱਖਿਆ ਦੇ ਉਦੇਸ਼ ਲਈ ਕੰਮ ਕਰ ਸਕਦੇ ਹਨ, ਜੋ ਬਰਾਬਰੀ ਲਿਆਉਣ 'ਚ ਸਮਰੱਥ ਅਤੇ ਮੌਕਿਆਂ ਦਾ ਦੁਆਰ ਹੈ। ਇਸ ਮੌਕੇ ਅਭਿਨੇਤਾ ਆਮਿਰ ਖਾਨ ਨੇ ਕਿਹਾ ਕਿ ਬੱਚਿਆਂ ਨੂੰ ਆਪਣੀ ਜ਼ਿੰਦਗੀ 'ਚ ਕਲਪਨਾਸ਼ੀਲ ਹੋਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਅਤੇ ਘੋਟਾ ਲਾਉਣ 'ਤੇ ਘੱਟ ਜ਼ੋਰ ਦੇਣਾ ਚਾਹੀਦਾ।

### ਵਿਕਸਤ ਦੇਸਾਂ ਦੀਆਂ ਨਸੀਹਤਾਂ

ਅਤਿਵਾਦ ਅਤੇ ਜਲਵਾਯੂ ਤਬਦੀਲੀ ਇਸ ਸਮੇਂ ਸੰਸਾਰ ਲਈ ਵੱਡੀ ਚੁਣੌਤੀ ਹਨ। ਇਨ੍ਹਾਂ ਸਮੱਸਿਆਵਾਂ ਦੇ ਠੋਸ ਹੱਲ ਲਈ ਵਿਸ਼ਵ ਦੇ ਸਾਰੇ ਮੁਲਕਾਂ ਨੂੰ ਸਿਰ ਜੋੜ ਕੇ ਕੋਈ ਰਣਨੀਤੀ ਤੈਅ ਕਰਨ ਦੀ ਲੋੜ ਹੈ। ਪਰ ਅਮਰੀਕਾ ਵਰਗੇ ਵਿਕਸਤ ਦੇਸ਼ ਇਨ੍ਹਾਂ ਸਮੱਸਿਆਵਾਂ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਹੀ ਨਸੀਹਤਾਂ ਦਿੰਦੇ ਹਨ, ਖ਼ੁਦ ਆਪਣੇ ਮਨੋਰਥਾਂ ਦੀ ਪੂਰਤੀ ਲਈ ਸਾਰੇ ਨਿਯਮਾਂ ਨੂੰ ਤੋੜ ਦਿੰਦੇ ਹਨ। ਭਾਰਤ ਨੂੰ ਅਮਰੀਕਾ ਨਾਲ ਸਾਇੰਸ, ਤਕਨਾਲੋਜੀ ਅਤੇ ਪ੍ਰਮਾਣੂ ਊਰਜਾ ਦੇ ਖੇਤਰ ਵਿਚ ਆਪਣੇ ਸਬੰਧ ਵਧਾਉਂਦੇ ਸਮੇਂ ਇਸ ਗੱਲ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਰੂਸ, ਚੀਨ, ਇਰਾਨ ਅਤੇ ਏਸ਼ੀਆ ਦੇ ਹੋਰ ਦੇਸ਼ਾਂ ਤੋਂ ਜਿੰਨਾ ਖਤਰਾ ਭਾਰਤ ਨੂੰ ਹੈ, ਓਨਾ ਹੀ ਅਮਰੀਕਾ ਨੂੰ ਵੀ ਹੈ। ਇਸ ਨਾਲ ਨਜਿੱਠਣ ਲਈ ਦੋਹਾਂ ਮੁਲਕਾਂ ਨੂੰ ਹੀ ਨਹੀਂ, ਪੂਰੇ ਵਿਸ਼ਵ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਮਿਲਵਰਤਨ ਲਈ ਸੰਤੁਲਨ ਹੀ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਚਿਰ ਸਥਾਈ ਬਣਾਈ ਰੱਖਣ 'ਚ ਸਹਾਈ ਹੋ ਸਕਦਾ ਹੈ।

## ਕਾਸਬ ਦੇ ਬਿਆਨ ਦੀ ਕੋਈ ਭਰੋਸੇਯੋਗਤਾ ਨਹੀਂ-ਪਾਕਿ

**ਇਸਲਾਮਾਬਾਦ:** ਮੁੰਬਈ ਹਮਲਿਆਂ ਦੌਰਾਨ ਫੜੇ ਗਏ ਅੱਤਵਾਦੀ ਅਜਮਲ ਆਮਿਰ ਕਾਸਬ ਵਲੋਂ ਮੁੰਬਈ ਦੀ ਇਕ ਅਦਾਲਤ ਵਿਚ ਆਪਣਾ ਜੁਰਮ ਮੰਨ ਲੈਣ ਤੋਂ ਬਾਅਦ ਪਾਕਿਸਤਾਨ ਨੇ ਕਿਹਾ ਹੈ ਕਿ ਉਸ ਨੇ ਆਪਣੀ ਚਮੜੀ ਬਚਾਉਣ ਲਈ ਇਹ ਬਿਆਨ ਦਿੱਤਾ ਹੈ ਅਤੇ ਇਸ ਦੀ ਕੋਈ ਭਰੋਸੇਯੋਗਤਾ ਨਹੀਂ ਹੈ।

ਪਾਕਿਸਤਾਨ ਦੇ ਰੱਖਿਆ ਮੰਤਰੀ ਚੌਧਰੀ ਅਹਿਮਦ ਮੁਖਤਾਰ ਨੇ ਲੰਘੀ 20 ਜੁਲਾਈ ਦੀ ਸ਼ਾਮ ਇਥੇ ਕਿਹਾ ਕਿ ਅਜਿਹੇ ਆਦਮੀ ਦੇ ਬਿਆਨਾਂ ਦੀ ਕੋਈ ਭਰੋਸੇਯੋਗਤਾ ਨਹੀਂ ਹੁੰਦੀ, ਜੋ ਵਾਰ-ਵਾਰ ਅਦਾਲਤਾਂ ਵਿਚ ਬਿਆਨ ਬਦਲਦਾ ਰਿਹਾ ਹੋਵੇ। ਜੇ ਕਿਸੇ ਦੇਸ਼ ਵਿਚ ਕੋਈ ਅਪਰਾਧ ਹੁੰਦਾ ਹੈ ਤਾਂ ਉਸ ਦੇਸ਼ ਦਾ ਅਧਿਕਾਰ ਹੈ ਕਿ ਉਹ ਆਪਣੇ ਕਾਨੂੰਨ ਮੁਤਾਬਕ ਕੰਮ ਕਰੇ। ਪਾਕਿਸਤਾਨ ਆਪਣੇ ਦੇਸ਼ ਵਿਚ ਹਰ ਅੱਤਵਾਦੀ ਵਿਰੁਧ ਕਾਰਵਾਈ ਦਾ ਵਾਅਦਾ ਕਰਦਾ ਹੈ, ਪਰ ਕਾਸਬ ਨੇ ਪਾਕਿਸਤਾਨ ਵਿਚ ਮੌਜੂਦ ਜਿਨ੍ਹਾਂ ਦਾ ਨਾਂ ਲਿਆ ਹੈ, ਉਨ੍ਹਾਂ ਵਿਰੁਧ ਕਾਰਵਾਈ ਕਰਨੀ ਮੁਨਾਸਿਬ ਨਹੀਂ ਹੋਵੇਗੀ।

ਸ੍ਰੀ ਚੌਧਰੀ ਨੇ ਕਿਹਾ ਕਿ ਜੇਲ੍ਹ ਵਿਚ ਬੰਦ ਇਕ ਵਿਅਕਤੀ ਦੇ ਬਿਆਨ ਦੇ ਆਧਾਰ 'ਤੇ ਜਥੇਬੰਦੀਆਂ ਵਿਰੁਧ ਕਾਰਵਾਈ ਕਰਨੀ ਸੰਭਵ ਨਹੀਂ ਹੈ। ਸ੍ਰੀ ਚੌਧਰੀ ਨੇ ਕਿਹਾ ਕਿ ਗ੍ਰਹਿ ਮੰਤਰਾਲਾ ਇਸ ਮੁੱਦੇ 'ਤੇ ਵਿਚਾਰ ਕਰ ਰਿਹਾ ਹੈ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮਾਲਵੇ ਦੇ ਇਕੋ ਪਿੰਡ ਵਿਚ 45 ਖੁਦਕੁਸ਼ੀਆਂ, ਪ੍ਰਸ਼ਾਸਨ ਨਿੱਸਲ

**ਸ਼ੇਰਪੁਰ :** ਖੇਤੀਬਾੜੀ ਦੇ ਕੰਮ ਵਿਚ ਫਸਲ ਦੀ ਲਾਗਤ ਦੇ ਮੁਤਾਬਕ ਜਿਨਸ ਦੇ ਭਾਅ ਨਾ ਮਿਲਣ ਕਾਰਨ ਦੇਸ਼ ਦਾ ਅੰਨਦਾਤਾ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਿਆ ਹੈ। ਸ਼ੇਰਪੁਰ ਹਲਕੇ ਦੇ ਸਿਰਫ ਹਜ਼ਾਰ ਕੁ ਵੋਟ ਵਾਲੇ ਪਿੰਡ ਸੁਲਤਾਨਪੁਰ ਵਿਖੇ ਪਿਛਲੇ ਇਕ ਦਹਾਕੇ ਦੌਰਾਨ 45 ਵਿਅਕਤੀਆਂ ਨੇ ਕਰਜ਼ੇ ਦੀ ਮਾਰ ਹੇਠ ਆ ਕੇ ਖੁਦਕੁਸ਼ੀਆਂ ਕਰ ਲਈਆਂ। ਇਨ੍ਹਾਂ ਵਿਚ 39 ਕਿਸਾਨ ਅਤੇ 6 ਖੇਤ ਮਜ਼ਦੂਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੀ 13 ਮਈ ਨੂੰ ਉਕਤ ਪਿੰਡ ਦੇ ਇਕ ਕਿਸਾਨ ਸੁਖਪਾਲ ਸਿੰਘ ਵਲੋਂ ਆਤਮ ਹੱਤਿਆ ਕਰਨ ਉਪਰੰਤ ਪਿੰਡ ਦੇ ਉਦਮੀ ਨੌਜਵਾਨ ਗੁਰਦੀਪ ਸਿੰਘ ਸੁਲਤਾਨਪੁਰ ਅਤੇ ਕੁਲਦੀਪ ਸਿੰਘ ਦੀ ਹਾਂ ਪੱਖੀ ਭੂਮਿਕਾ ਸਦਕਾ ਅਜਿਹੇ ਸਨਸਨੀਖੇਜ਼ ਤੱਥ ਉਜਾਗਰ ਹੋਏ ਹਨ। ਵਿਲੱਖਣ ਗੱਲ ਇਹ ਵੀ ਹੈ ਕਿ ਇਨ੍ਹਾਂ ਮ੍ਰਿਤਕ ਕਿਸਾਨਾਂ ਵਿਚ ਕੁਝ ਛੋਟੀ ਉਮਰ ਦੇ ਅਜਿਹੇ ਨੌਜਵਾਨ ਕਿਸਾਨ ਵੀ ਸ਼ਾਮਲ ਸਨ, ਜਿਨ੍ਹਾਂ ਉਤੇ ਪਰਿਵਾਰ ਦੇ ਮੁਖੀ ਦੀ ਮੌਤ ਤੋਂ ਬਾਅਦ ਛੋਟੀ ਉਮਰੇ ਜ਼ਿੰਮੇਵਾਰੀਆਂ ਆ ਪਈਆਂ, ਜਿਨ੍ਹਾਂ ਨੂੰ ਕਰਜ਼ੇ ਕਾਰਨ ਨਿਭਾਉਣੋਂ ਅਸਮਰਥ ਹੁੰਦੇ ਹੋਏ ਉਨ੍ਹਾਂ ਖੁਦਕੁਸ਼ੀ ਕਰ ਲਈ।

ਅਫਸੋਸ ਇਸ ਗੱਲ ਦਾ ਹੈ ਕਿ ਪਿੰਡ ਦੇ ਕਿਸੇ ਵੀ ਪੀੜਤ ਕਿਸਾਨ ਦੇ ਪਰਿਵਾਰ ਨੂੰ ਕੇਂਦਰ ਜਾਂ ਸੂਬਾ ਸਰਕਾਰ ਵਲੋਂ ਕੋਈ ਵੀ ਮੁਆਵਜ਼ਾ ਜਾਂ ਆਰਥਿਕ ਮਦਦ ਨਹੀਂ ਦਿੱਤੀ ਗਈ। ਜਾਣਕਾਰੀ ਅਨੁਸਾਰ ਪਿੰਡ ਸਲਤਾਨਪੁਰ ਦੇ ਲਗਭਗ 95 ਪ੍ਰਤੀਸ਼ਤ ਲੋਕ ਖੇਤੀਬਾੜੀ ਉਤੇ ਨਿਰਭਰ ਕਰਦੇ ਹਨ। ਪਿੰਡ ਦੀ ਕੁੱਲ ਵੋਟ ਇਕ ਹਜ਼ਾਰ ਦੇ ਕਰੀਬ ਹੈ ਅਤੇ ਪਿੰਡ ਦੀ ਜ਼ਮੀਨ ਲਗਭਗ 1 ਹਜ਼ਾਰ ਏਕੜ ਦੇ ਕਰੀਬ ਹੈ। ਪੜ੍ਹਾਈ ਪੱਖੋਂ ਪਿੰਡ ਵਿਚ ਸਿਰਫ਼ 5-7 ਲੜਕੇ-ਲੜਕੀਆਂ ਹੀ ਗ੍ਰੈਜੂਏਟ ਹਨ, ਜਦੋਂ ਕਿ ਜ਼ਿਆਦਾਤਰ ਨੌਜਵਾਨ ਆਪਣੇ ਪਿਤਾ ਪੁਰਖੀ ਧੰਦੇ ਖੇਤੀਬਾੜੀ ਨਾਲ ਹੀ ਜੁੜੇ ਹੋਏ ਹਨ। ਪਿੰਡ ਦੇ ਲਗਭਗ ਚਾਰ ਦਰਜਨ ਨੌਜਵਾਨ ਅਰਬ ਦੇਸ਼ਾਂ ਵਿਚ ਗਏ ਹੋਏ ਹਨ, ਪਰ ਉਹ ਆਪਣੇ ਪਰਿਵਾਰਾਂ ਨੂੰ ਆਰਥਕ ਪੱਖੋਂ ਖੁਸ਼ਹਾਲ ਕਰਨ ਵਿਚ ਹਾਲੇ ਤੱਕ ਕੋਈ ਖਾਸ ਭੂਮਿਕਾ ਨਹੀਂ ਨਿਭਾ ਸਕੇ। ਸਭ ਤੋਂ ਛੋਟੀ ਉਮਰ ਦੇ ਕਿਸਾਨ ਜਗਤਾਰ ਸਿੰਘ (18) ਕੋਲ 3 ਏਕੜ ਜ਼ਮੀਨ ਸੀ। ਪਿਤਾ ਟਰੱਕ ਡਰਾਈਵਰ ਦੀ ਮੌਤ ਤੋਂ ਬਾਅਦ ਪਰਿਵਾਰ ਦੀ ਜ਼ਿੰਮੇਵਾਰੀ ਉਸ ਦੇ ਸਿਰ ਪੈ ਗਈ। ਜਿਸ ਦੇ ਚੱਲਦਿਆਂ ਉਸ ਨੂੰ ਆਪਣੀ 2 ਏਕੜ ਜ਼ਮੀਨ ਵੇਚਣੀ ਪਈ। 2 ਭੈਣਾਂ ਦੇ ਇਸ ਭਰਾ ਨੇ ਕਰਜ਼ੇ ਦੇ ਦੈਂਤ ਅੱਗੇ ਆਪਣੀ ਹਾਰ ਕਬੂਲ ਕਰਦਿਆਂ ਕਥਿਤ ਤੌਰ 'ਤੇ ਜ਼ਹਿਰ ਪੀ ਕੇ ਖੁਦਕੁਸ਼ੀ ਕਰ ਲਈ। ਅੱਜ ਵੀ ਇਸ ਮਰਹੂਮ ਕਿਸਾਨ ਦਾ ਪਰਿਵਾਰ ਭਾਰੀ ਆਰਥਿਕ ਤੰਗੀ ਵਿਚੋਂ ਗੁਜ਼ਰ ਰਿਹਾ ਹੈ। ਗੁਰਮੇਲ ਸਿੰਘ (45) ਕੋਲ 3 ਏਕੜ ਜ਼ਮੀਨ ਸੀ, ਜਿਸ ਵਿਚੋਂ ਕਰਜ਼ੇ ਕਾਰਨ 2 ਏਕੜ ਜ਼ਮੀਨ ਵਿਕ ਗਈ। ਗੁਰਮੇਲ ਸਿੰਘ ਨੇ ਇਸ ਦੁਖ ਨੂੰ ਨਾ ਸਹਾਰਦਿਆਂ ਆਪਣੀ ਜਾਨ ਦੇ ਦਿੱਤੀ। ਪਿੱਛੇ ਪਰਿਵਾਰ ਵਿਚ ਲੜਕਾ ਲੜਕੀ ਅਤੇ ਪਤਨੀ ਦੀ ਆਰਥਿਕ ਹਾਲਤ ਬਹੁਤ ਨਾਜ਼ੁਕ ਹੈ। ਜਾਣਕਾਰੀ ਅਨੁਸਾਰ ਵੱਡਾ ਲੜਕਾ ਆਪਣੀ ਪੜਾਈ ਅੱਧ ਵਿਚਕਾਰ ਛੱਡ ਕੇ ਫੈਕਟਰੀਆਂ ਵਿਚ ਮਿਹਨਤ ਮਜ਼ਦੂਰੀ ਕਰਨ ਲਈ ਮਜਬੂਰ ਹੋ ਰਿਹਾ ਹੈ। ਪੰਡਿਤ ਰਮੇਸ਼ਵਰ (25) ਆਪਣੇ ਨਾਨਾ ਨਾਨੀ ਦੇ ਘਰ ਕੋਈ ਲੜਕਾ ਨਾ ਹੋਣ ਕਾਰਨ ਆਪਣੇ ਨਾਨਕੇ ਘਰ ਰਹਿੰਦਾ ਸੀ, ਜਿਸ ਦੀ ਕਰਜ਼ੇ ਕਾਰਨ ਜ਼ਮੀਨ ਵਿੱਕ ਗਈ ਅਤੇ ਰਮੇਸ਼ਵਰ ਰਾਮ ਨੇ ਆਪਣੇ ਜੀਵਨ ਦਾ ਅੰਤ ਕਰ ਲਿਆ।



ਕੁਝ ਸਮੇਂ ਬਾਅਦ ਇਸ ਸਦਮੇ ਨੂੰ ਨਾ ਸਹਾਰਦੀ ਹੋਈ ਇਸ ਦੀ ਨਾਨੀ ਵੀ ਦਮ ਤੋੜ ਗਈ। ਨਿੱਕਾ ਸਿੰਘ (55) ਕੋਲ 45 ਵਿਘੇ ਜ਼ਮੀਨ ਸੀ, ਪਰ ਕਰਜ਼ੇ ਦੀ ਪੰਡ ਦਾ ਭਾਰ ਨਾ ਸਹਾਰਦਾ ਹੋਇਆ ਉਹ ਵੀ ਆਪਣੀ ਜੀਵਨ ਜਿਉਣ ਦੀ ਇੱਛਾ ਨੂੰ ਖਤਮ ਕਰਕੇ ਮੌਤ ਦੇ ਮੂੰਹ ਵਿਚ ਜਾ ਪਹੁੰਚਿਆ। ਨਿਰਮਲ ਸਿੰਘ (42) ਕੋਲ 38 ਵਿਘੇ ਜ਼ਮੀਨ ਸੀ, ਜੋ ਕਰਜ਼ੇ ਲਾਹੁੰਦੇ-ਲਾਹੁੰਦੇ ਵਿੱਕ ਗਈ, ਪਰ ਕਰਜ਼ੇ ਨੇ ਪਿੱਛਾ ਨਹੀਂ ਛੱਡਿਆ, ਜਿਸ ਤੋਂ ਤੰਗ ਆ ਕੇ ਨਿਰਮਲ ਸਿੰਘ ਨੇ ਕਥਿਤ ਤੌਰ 'ਤੇ ਜ਼ਹਿਰਿਲੀ ਚੀਜ਼ ਨਿਗਲ ਕੇ ਆਤਮ ਹੱਤਿਆ ਕਰ ਲਈ। ਗੁਰਦੇਵ ਸਿੰਘ ਸੁਲਤਾਨਪੁਰ ਹੋਰੀਂ ਚਾਰ ਭਰਾ ਸਨ, ਜਿਨ੍ਹਾਂ ਕੋਲ 60 ਵਿਘੇ ਜ਼ਮੀਨ ਸੀ। ਪਰਿਵਾਰ ਦੇ ਵੱਖ-ਵੱਖ ਹੋਣ ਤੋਂ ਬਾਅਦ ਆਪਣੇ ਸਿਰ ਪਏ ਕਰਜ਼ੇ ਦਾ ਭਾਰ ਨਾ ਸਹਾਰਦੇ ਹੋਏ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।

ਗੁਰਮੇਲ ਸਿੰਘ (25) ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਿਸ ਦਾ ਵਿਆਹ ਹੋਏ ਨੂੰ ਹਾਲੇ ਉਸ ਸਮੇਂ ਇਕ ਸਾਲ ਹੀ ਹੋਇਆ ਸੀ ਜਦੋਂ ਉਸ ਨੇ ਕਰਜ਼ੇ ਪਿਛੇ ਆਪਣੀ ਜਾਨ ਦੇ ਦਿੱਤੀ। ਹਾਕਮ ਸਿੰਘ (20) ਅਣਵਿਆਹਿਆ ਕਿਸਾਨ ਸੀ, ਜਿਸ ਨੂੰ ਘਰ ਦੀਆਂ ਆਰਥਿਕ ਤੰਗੀਆਂ ਨੇ ਜਾਨ ਦੇਣ ਲਈ ਮਜਬੂਰ ਕਰ ਦਿੱਤਾ। ਜਸਵੰਤ ਸਿੰਘ (32) ਦੇ ਪਿਤਾ ਦੀ ਮੌਤ ਤੋਂ ਬਾਅਦ ਦੋ ਭੈਣਾਂ ਅਤੇ ਹੋਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸਿਰ ਪੈ ਗਈਆਂ।

10 ਏਕੜ ਦੇ ਮਾਲਕ ਕੋਲੋਂ ਕਰਜ਼ਾ ਲਾਹੁੰਦੇ ਲਾਹੁੰਦੇ ਲਗਭਗ 2 ਏਕੜ ਜ਼ਮੀਨ ਵਿੱਕ ਗਈ। ਨੇਕ ਸਿੰਘ (65) ਜੋ 10 ਸਾਲ ਪਿੰਡ ਦੇ ਸਰਪੰਚ ਰਹੇ ਅਤੇ ਕੋਆਪਰੇਟਿਵ ਸੁਸਾਇਟੀ ਦੇ ਡਾਇਰੈਕਟਰ ਵੀ ਰਹੇ ਕੋਲ 50 ਵਿਘੇ ਦੇ ਲਗਭਗ ਜ਼ਮੀਨ ਸੀ, ਜੋ ਵਿੱਕ ਗਈ, ਜਿਸ ਕਰਕੇ ਉਸ ਨੇ ਆਤਮ ਹੱਤਿਆ ਕਰ ਲਈ। ਇਸੇ ਕਿਸਾਨ ਦੇ ਪੁੱਤਰ ਨੰਬਰਦਾਰ ਰੂਪ ਸਿੰਘ ਨੇ ਵੀ ਪਰਿਵਾਰ ਦੀ ਕਰਜ਼ਈ ਅਵਸਥਾ ਵੇਖ ਕੇ ਆਪਣੇ ਜੀਵਨ ਦਾ ਅੰਤ ਕਰ ਲਿਆ। ਬਹਾਦਰ ਸਿੰਘ ਕੋਲ ਇਕ ਏਕੜ ਜ਼ਮੀਨ ਸੀ, ਜਿਸ ਨੇ ਖੁਦਕੁਸ਼ੀ ਕਰ ਲਈ। ਹਾਕਮ ਸਿੰਘ ਪੁੱਤਰ ਕਰਨੈਲ ਸਿੰਘ ਕੋਲ ਸੁਲਤਾਨਪੁਰ ਅਤੇ ਸੇਖੇ ਵਿਚ ਲਗਭਗ 10 ਕੁ ਏਕੜ ਵਾਹੀਯੋਗ ਜ਼ਮੀਨ ਸੀ, ਜਿਸ ਵਿਚੋਂ 6 ਏਕੜ ਜ਼ਮੀਨ ਵਿੱਕਣ ਕਾਰਨ ਕਿਸਾਨ ਨੇ ਆਪਣੀ ਵਿੱਕੀ ਹੋਈ ਜ਼ਮੀਨ ਦੀ ਖੂਹੀ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਚੰਦ ਸਿੰਘ (24) ਨੂੰ ਵੀ ਕਰਜ਼ੇ ਦੀ ਮਾਰ ਪੈ ਗਈ, ਜਿਸ ਨੇ ਆਪਣੇ ਜੀਵਨ ਦਾ ਅੰਤ ਕਰ ਲਿਆ। ਲੱਖਾ ਸਿੰਘ ਪੁੱਤਰ ਸਰੂਪ ਸਿੰਘ (40) ਸੁਲਤਾਨਪੁਰ ਅਤੇ ਰੰਗੀਆਂ ਵਿਚ ਤਿੰਨ ਭਰਾਵਾਂ ਦੀ ਖੇਤੀ ਸੀ। 60 ਵਿੱਘੇ ਜੱਦੀ ਜ਼ਮੀਨ 'ਚੋਂ ਮੂਲੋਵਾਲ ਵਾਲੀ ਜ਼ਮੀਨ ਵਿੱਕਣ ਦੇ ਬਾਵਜੂਦ ਕਰਜ਼ੇ ਦੀ ਪੰਡ ਫਿਰ ਵੀ ਹੌਲੀ ਨਾ ਹੁੰਦੀ ਵੇਖ ਕੇ ਇਸ ਕਿਸਾਨ ਨੇ ਵੀ ਆਤਮ ਹੱਤਿਆ ਕਰ ਲਈ। ਮੱਖਣ ਸਿੰਘ ਪੁੱਤਰ ਜਰਨੈਲ ਸਿੰਘ, ਬਹਾਦਰ ਸਿੰਘ ਬੱਲੀ, ਮੱਖਣ ਸਿੰਘ, ਗੁਰਬਚਨ ਸਿੰਘ, ਪਰਮਜੀਤ ਸਿੰਘ ਪੰਮੀ, ਗੋਗਾ ਖਾਂ (ਸਾਰੇ ਖੇਤ ਮਜ਼ਦੂਰ) ਵੀ ਆਰਥਿਕ ਤੰਗੀਆਂ ਦਾ ਸ਼ਿਕਾਰ ਹੋ ਕੇ ਇਸੇ ਰਾਹੇ ਤੁਰ ਗਏ।

ਭਗਤ ਸਿੰਘ (50) ਜਿਸ ਨੇ ਸਾਰੀ ਉਮਰ ਖੇਤਬਾੜੀ ਕੀਤੀ, ਸਿਰ ਬੇਸ਼ੁਮਾਰ ਕਰਜ਼ਾ ਚੜ ਗਿਆ। ਪੁੱਤਾਂ ਤੋਂ ਪਿਆਰੀ ਜ਼ਮੀਨ ਨੂੰ ਕਰਜ਼ੇ ਕਾਰਨ ਵੇਚਣ ਦੀ ਬਜਾਏ ਆਤਮ ਹੱਤਿਆ ਕਰਨ ਨੂੰ ਤਰਜੀਹ ਦਿੱਤੀ। ਇਸੇ ਕਿਸਾਨ ਦੇ ਪੁੱਤਰ ਦਰਸ਼ਨ ਸਿੰਘ (25) ਨੇ ਆਪਣੇ ਹਿੱਸੇ ਆਉਂਦੀ 2 ਏਕੜ ਜ਼ਮੀਨ ਵਿਕਣ ਕਾਰਨ ਕਥਿਤ ਤੌਰ 'ਤੇ ਜ਼ਹਿਰੀਲੀ ਚੀਜ਼ ਨਿਗਲ ਕੇ ਆਤਮ ਹੱਤਿਆ ਕਰ ਲਈ। ਰੂਪ ਸਿੰਘ ਆਪਣੇ ਤਿੰਨ ਭਰਾਵਾਂ ਵਿਚੋਂ 2 ਖੇਤੀਬਾੜੀ ਕਰਦੇ ਸਨ ਅਤੇ ਇਕ ਟਰਾਂਸਪੋਰਟ ਦਾ ਕੰਮ ਕਰਦਾ ਸੀ, ਪਰ ਖੇਤੀਬਾੜੀ ਵਿਚੋਂ ਕੁਝ ਪਲੇ ਪੈਂਦਾ ਨਾ ਦੇਖ ਕੇ ਸਾਰੀ ਜ਼ਮੀਨ ਵਿੱਕ ਗਈ, ਜਿਸ ਨੇ ਆਪਣੇ ਆਪ ਨੂੰ ਮੌਤ ਦੇ ਗਲ ਲਾ ਲਿਆ। ਮਿੱਠੂ ਸਿੰਘ ਫੌਜ ਵਿਚੋਂ ਰਿਟਾਇਰ ਹੋਣ ਉਪਰੰਤ ਖੇਤੀਬਾੜੀ ਦੇ ਧੰਦੇ ਲੱਗਿਆ। ਇਸੇ ਤਰ੍ਹਾਂ ਅਜੀਤ ਸਿੰਘ, ਜੋ ਕਿ ਪਿੰਡ ਵਿਚ ਸਭ ਤੋਂ ਸ਼ਾਇਦ ਪਹਿਲਾ ਗ੍ਰੈਜੂਏਟ ਹੋਵੇਗਾ ਨੂੰ ਵੀ ਇਸ ਧੰਦੇ ਨੇ ਵਫਾ ਨਹੀਂ ਕੀਤਾ। ਉਕਤ ਮਰਹੂਮ ਮਿੱਠੂ ਸਿੰਘ ਦਾ ਭਰਾ ਸੁਖਪਾਲ ਸਿੰਘ ਉਰਫ ਚੀਨਾ ਜਿਸ ਨੂੰ ਡੇਢ ਏਕੜ ਜ਼ਮੀਨ ਆਉਂਦੀ ਸੀ, ਜੋ ਕਰਜ਼ੇ ਦੀ ਮਾਰ ਕਾਰਨ ਵਿੱਕ ਗਈ, ਜਿਸ ਕਰਕੇ ਉਸ ਨੇ ਆਪਣੇ ਜੀਵਨ ਦਾ ਅੰਤ ਕਰ ਲਿਆ। ਦਰਸ਼ਨ ਸਿੰਘ ਪੁੱਤਰ ਬਾਬੂ ਸਿੰਘ 10 ਏਕੜ ਜ਼ਮੀਨ ਦਾ ਮਾਲਕ ਸੀ, ਜਿਸ ਵਿਚੋਂ ਸਾਢੇ ਪੰਜ ਏਕੜ ਜ਼ਮੀਨ ਵਿੱਕ ਗਈ, ਮਿੱਠੂ ਸਿੰਘ, ਸਵਰਨ ਸਿੰਘ ਇਸੇ ਰੋਗ ਦੇ ਮਾਰੇ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ। ਰਣਜੀਤ ਸਿੰਘ (35) ਜੋ ਖੇਤੀਬਾੜੀ ਅਤੇ ਡੇਅਰੀ ਦਾ ਸਹਾਇਕ ਧੰਦਾ ਵੀ ਕਰਦਾ ਸੀ ਕੋਲ ਤਿੰਨ ਏਕੜ ਜ਼ਮੀਨ ਸੀ ਉਹ ਵੀ ਇਸ ਕਰਜ਼ੇ ਦੇ ਦੈਂਤ ਨੇ ਨਿਗਲ ਲਿਆ।

ਉਕਤ ਕਿਸਾਨਾਂ ਤੋਂ ਇਲਾਵਾ ਪਿੰਡ ਦੇ ਕਈ ਪਰਿਵਾਰਾਂ ਨੇ ਆਪਣੇ ਉਤੇ ਕੋਈ ਉਲਟਾ ਕਾਨੂੰਨੀ ਚੱਕਰ ਨਾ ਪੈਣ ਦੇ ਡਰੋਂ ਮੀਡੀਆ ਸਾਹਮਣੇ ਅਸਲੀਅਤ ਨਸ਼ਰ ਕਰਨ ਤੋਂ ਗੁਰੇਜ਼ ਕਰਨਾ ਹੀ ਬਿਹਤਰ ਸਮਝਿਆ। ਵਰਨਣਯੋਗ ਹੈ ਕਿ ਉਕਤ ਪਰਿਵਾਰਾਂ ਦੇ ਨਜ਼ਦੀਕੀਆਂ ਦੀਆਂ ਖੁਦਕੁਸ਼ੀਆਂ ਉਪਰੰਤ, ਜਿਥੇ ਉਨ੍ਹਾਂ ਦੇ ਬੱਚੇ ਆਪਣੇ ਪਿਤਾ ਤੋਂ ਵਾਂਝੇ ਹੋ ਗਏ ਹਨ, ਉਥੇ ਇਕਾ ਦੁਕਾ ਪਰਿਵਾਰਾਂ ਨੂੰ ਛੱਡ ਕੇ ਸਮੂਹ ਪੀੜਤ ਪਰਿਵਾਰਾਂ ਦੀ ਆਰਥਿਕ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ।

# ਸੀ.ਬੀ.ਆਈ. ਕਾਹਲੋਂ ਵਿਰੁਧ ਕੇਸ ਚਲਾਉਣ ਲਈ ਤਹੂ

**ਚੰਡੀਗੜ੍ਹ :** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ, ਇਕ ਸੇਵਾ ਮੁਕਤ ਪ੍ਰਸ਼ਾਸਕ, ਇਕ ਆਈ.ਏ.ਐਸ. ਅਧਿਕਾਰੀ ਤੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਕਰੀਬ ਅੱਧੀ ਦਰਜਨ ਅਧਿਕਾਰੀਆਂ ਵਿਰੁਧ ਭ੍ਰਿਸ਼ਟਾਚਾਰ ਦੇ ਇਕ ਮੁਕੱਦਮੇ ਨੂੰ ਅਦਾਲਤ 'ਚ ਚਲਾਉਣ ਲਈ ਪੰਜਾਬ ਸਰਕਾਰ ਤੋਂ ਆਗਿਆ ਮੰਗੀ ਹੈ। ਸੀ.ਬੀ.ਆਈ. ਦੀ ਇਸ ਕਾਰਵਾਈ ਨਾਲ ਪੰਜਾਬ ਸਰਕਾਰ ਕਸੂਤੀ ਸਥਿਤੀ 'ਚ ਫਸੀ ਮਹਿਸੂਸ ਕਰ ਰਹੀ ਹੈ।



ਨਿਰਮਲ ਸਿੰਘ ਕਾਹਲੋਂ

ਸੂਤਰਾਂ ਮੁਤਾਬਕ ਇਸ ਮਾਮਲੇ ਨੂੰ ਸਾਬਕਾ ਮੁੱਖ ਸਕੱਤਰ ਰਮੇਸ਼ਇੰਦਰ ਸਿੰਘ ਵਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵਿਚਾਰਿਆ ਗਿਆ ਸੀ, ਪਰ ਰਾਜਸੀ ਸੰਕਟ ਪੈਦਾ ਹੋਣ ਦੇ ਡਰੋਂ ਸਰਕਾਰ ਨੇ ਇਸ ਨੂੰ ਦੱਬ ਕੇ ਰੱਖਿਆ ਹੋਇਆ ਹੈ।

ਭ੍ਰਿਸ਼ਟਾਚਾਰ ਦਾ ਇਹ ਕੇਸ ਬਾਦਲ ਸਰਕਾਰ ਦੇ ਪਿਛਲੇ ਕਾਰਜਕਾਲ (1997 ਤੋਂ 2002) ਦੌਰਾਨ ਪੰਚਾਇਤ ਵਿਭਾਗ 'ਚ ਹੋਈ 909 ਪੰਚਾਇਤ ਸਕੱਤਰਾਂ ਦੀ ਭਰਤੀ ਨਾਲ ਸਬੰਧਤ ਹੈ, ਸ੍ਰੀ ਕਾਹਲੋਂ ਉਸ ਵੇਲੇ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੰਤਰੀ ਸਨ।

ਸੂਤਰਾਂ ਮੁਤਾਬਕ ਸੀ.ਬੀ.ਆਈ. ਨੇ ਮਾਰਚ ਮਹੀਨੇ ਦੇ ਸ਼ੁਰੂ 'ਚ ਇਸ ਸਬੰਧੀ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਸੀ। ਜਾਂਚ ਏਜੰਸੀ ਨੇ ਕੇਸ ਨੂੰ ਅਦਾਲਤ 'ਚ ਲਿਜਾਣ ਦੀ ਆਗਿਆ ਮੰਗਦਿਆਂ ਪੰਚਾਇਤ ਸਕੱਤਰਾਂ ਦੀ ਭਰਤੀ 'ਚ ਕੀਤੀ ਮੁਕੰਮਲ ਜਾਂਚ ਰਿਪੋਰਟ ਦੀ ਕਾਪੀ ਵੀ ਪੰਜਾਬ ਸਰਕਾਰ ਨੂੰ ਭੇਜੀ ਅਤੇ ਦਾਅਵਾ ਕੀਤਾ ਕਿ ਉਕਤ ਕੇਸ 'ਚ ਜਾਂਚ ਏਜੰਸੀ ਦੇ ਹੱਥ ਬੜੇ ਹੀ ਠੋਸ ਸਬੂਤ ਲੱਗੇ ਹਨ। ਸੂਤਰਾਂ ਅਨੁਸਾਰ ਸੀ.ਬੀ.ਆਈ. ਵਲੋਂ ਪੰਚਾਇਤ ਵਿਭਾਗ ਦੇ ਇਕ ਤਤਕਾਲੀਨ ਉੱਪ ਡਾਇਰੈਕਟਰ ਨੂੰ ਵਾਅਦਾ ਮੁਆਫ਼ ਗਵਾਹ ਵੀ ਬਣਾਇਆ ਹੈ। ਇਸ ਗਵਾਹ ਨੇ ਪੰਚਾਇਤ ਸਕੱਤਰਾਂ ਦੀ ਭਰਤੀ 'ਚ ਭ੍ਰਿਸ਼ਟਾਚਾਰ ਹੋਣ ਅਤੇ ਸਾਰਾ ਕੁਝ ਉਸ ਦੇ ਸਾਹਮਣੇ ਵਾਪਰਨ ਦੀ ਗੱਲ ਕਬੂਲੀ ਹੈ। ਪੰਜਾਬ ਸਰਕਾਰ ਨੂੰ ਜਾਂਚ ਏਜੰਸੀ ਦਾ ਜਦੋਂ ਇਹ ਪੱਤਰ ਮਿਲਿਆ, ਉਸ ਵੇਲੇ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ। ਮਾਮਲਾ ਇਕ ਤੋਂ ਵਧ ਵਾਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੱਧਰ 'ਤੇ ਵਿਚਾਰਿਆ ਗਿਆ। ਸੂਤਰਾਂ ਅਨੁਸਾਰ ਸਰਕਾਰ ਆਗਿਆ ਨਾ ਦੇਣ ਦਾ ਮਨ ਬਣਾ ਚੁੱਕੀ ਹੈ। ਸਰਕਾਰ ਵਲੋਂ ਇਸ ਮੰਤਵ ਲਈ ਠੋਸ ਕਾਨੂੰਨੀ ਚੋਰ ਮੋਰੀ ਲੱਭੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸਰਕਾਰ ਦੀ ਮਨਜ਼ੂਰੀ ਬਿਨਾਂ ਏਜੰਸੀ ਅਦਾਲਤ ਵਿਚ ਚਲਾਨ ਪੇਸ਼ ਨਹੀਂ ਕਰ ਸਕਦੀ।

ਇਸ ਮਾਮਲੇ ਦਾ ਮਹੱਤਵਪੂਰਨ ਤੱਥ ਇਹ ਹੈ ਕਿ ਸੀ.ਬੀ.ਆਈ. ਨੇ ਇਸ ਕੇਸ ਦੀ ਜਾਂਚ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਕੀਤੀ। ਸੁਪਰੀਮ ਕੋਰਟ ਦੇ ਆਦੇਸ਼ਾਂ ਤੋਂ ਬਾਅਦ ਹੀ ਇਹ ਏਜੰਸੀ ਹਰਕਤ 'ਚ ਆਈ ਤੇ ਪੰਜਾਬ ਸਰਕਾਰ ਤੋਂ ਕੇਸ ਚਲਾਉਣ ਦੀ ਆਗਿਆ ਮੰਗੀ। ਸਥਿਤੀ ਦਾ ਅਹਿਮ ਪਹਿਲੂ ਇਹ ਵੀ ਹੈ ਕਿ ਜਿਨ੍ਹਾਂ ਪੰਚਾਇਤ ਸਕੱਤਰਾਂ ਦੀ ਭਰਤੀ ਦੌਰਾਨ ਭ੍ਰਿਸ਼ਟਾਚਾਰ ਹੋਣ ਦੀਆਂ ਸ਼ਿਕਾਇਤਾਂ ਦਾ ਕੇਸ ਦਰਜ ਕੀਤਾ ਗਿਆ, ਉਨ੍ਹਾਂ ਪੰਚਾਇਤ ਸਕੱਤਰਾਂ ਦੀਆਂ ਸੇਵਾਵਾਂ ਪਿਛਲੇ ਮਹੀਨਿਆਂ ਦੌਰਾਨ ਹੀ ਬਾਦਲ ਸਰਕਾਰ ਵਲੋਂ ਪੱਕੀਆਂ ਕਰ ਦਿੱਤੀਆਂ ਗਈਆਂ ਹਨ।

ਸੀ.ਬੀ.ਆਈ. ਵਲੋਂ ਇਹ ਕੇਸ ਸਾਲ 2003 ਵਿਚ ਦਰਜ ਕੀਤਾ ਗਿਆ ਸੀ। ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਸ੍ਰੀ ਪੀ. ਰਾਮ ਵਲੋਂ ਕੀਤੀ ਮੁਢਲੀ ਜਾਂਚ ਦੌਰਾਨ ਜਦੋਂ ਪੰਚਾਇਤ ਸਕੱਤਰਾਂ ਦੀ ਭਰਤੀ ਸਬੰਧੀ ਸ਼ੱਕ ਪ੍ਰਗਟ ਕੀਤਾ ਗਿਆ ਤਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਕੀ ਸਰਕਾਰ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਲਈ ਤਿਆਰ ਹੈ?

ਉਸ ਸਮੇਂ ਰਾਜ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ, ਜਿਸ ਨੇ ਸਾਰਾ ਮਾਮਲਾ ਸੀ.ਬੀ.ਆਈ. ਹਵਾਲੇ ਕਰ ਦਿੱਤਾ ਸੀ। ਸੀ.ਬੀ.ਆਈ. ਵਲੋਂ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਤਤਕਾਲੀਨ ਸਕੱਤਰ, ਡਾਇਰੈਕਟਰ, ਤੇ ਦੋ ਉਪ ਡਾਇਰੈਕਟਰਾਂ ਤੇ ਹੋਰਨਾਂ ਅਧਿਕਾਰੀਆਂ ਦੇ ਨਾਂ ਵੀ ਐਫ.ਆਈ.ਆਰ. 'ਚ ਸ਼ਾਮਲ ਕੀਤੇ ਗਏ। ਇਸੇ ਦੌਰਾਨ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਸੁਬੋਧ ਅਗਰਵਾਲ ਦਾ ਕਹਿਣਾ ਹੈ ਕਿ ਪੰਚਾਇਤ ਸਕੱਤਰਾਂ ਦੀ ਭਰਤੀ ਬਾਰੇ ਸੀ.ਬੀ.ਆਈ. ਦੀ ਇਕ ਫਾਈਲ ਪੰਜਾਬ ਸਰਕਾਰ ਨੂੰ ਆਈ ਤਾਂ ਹੈ, ਪਰ ਇਸ ਰਾਹੀਂ ਜਾਂਚ ਏਜੰਸੀ ਨੇ ਕੇਸ ਚਲਾਉਣ ਦੀ ਇਜਾਜ਼ਤ ਵੀ ਮੰਗੀ ਹੈ, ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ।

Desi Bazar
Now Proudly Serving You At Two Locations
916 E. Main Street #118,
Greenwood, IN, 46143
Tel: 317-888-2040
Fax: 317-888-2050
6663 W Washington St
Indianapolis, IN 46231
Tel: 317-247-7240
Fax: 317-247-7250
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ

*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865

# ਬਾਲ ਲੱਗਣ ਨਾਲ ਹਾਕੀ ਖਿਡਾਰੀ ਬਲਜੀਤ ਸਿੰਘ ਦੀ ਅੱਖ ਗੰਭੀਰ ਜ਼ਖਮੀ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਜਿਸ ਤਰ੍ਹਾਂ ਇਸ ਦੇਸ਼ ਦੀਆਂ ਸੜਕਾਂ ਖੂਨੀ ਹਨ। ਲੱਗਦਾ ਹੈ ਇਸੇ ਤਰ੍ਹਾਂ ਖੇਡ ਦੇ ਮੈਦਾਨ ਵੀ ਖੂਨੀ ਹੋ ਰਹੇ ਹਨ। ਜੁਗਰਾਜ ਸਿੰਘ, ਸੰਦੀਪ ਸਿੰਘ ਤੋਂ ਬਾਅਦ ਹੁਣ ਹਾਕੀ ਦੇ ਉਭਰਦੇ ਖਿਡਾਰੀ ਅਤੇ ਚੋਟੀ ਦੇ ਗੋਲਕੀਪਰ ਬਲਜੀਤ ਸਿੰਘ ਨੂੰ ਵੀ ਭਿਆਨਕ ਕਿਸਮ ਦੇ ਹਾਦਸੇ ਨੇ ਘੇਰ ਲਿਆ। ਇਕ ਪ੍ਰੈਕਟਿਸ ਸੈਸ਼ਨ ਦੌਰਾਨ ਉਸ ਦੀ ਸੱਜੀ ਅੱਖ ਉਪਰ ਗੋਲਫ਼ ਦੀ ਬਾਲ ਲੱਗੀ ਅਤੇ ਉਸ ਨੇ ਅੱਖ ਤਕਰੀਬਨ ਭੰਨ ਹੀ ਸੁੱਟੀ ਹੈ।

ਬਲਜੀਤ ਦਾ ਇਲਾਜ ਕਰ ਰਹੇ ਦਿੱਲੀ ਦੇ ਏਮਜ਼ ਹਸਪਤਾਲ ਦੇ ਮਾਹਰ ਡਾਕਟਰਾਂ ਦਾ ਆਖਣਾ ਹੈ ਕਿ ਉਸ ਦੀ ਸੱਜੀ ਅੱਖ ਦੀ ਨਿਗ੍ਹਾ ਜਾ ਵੀ ਸਕਦੀ ਹੈ। ਬਾਲ ਲੱਗਣ ਨਾਲ ਉਸਦੀ ਸੱਜੀ ਅੱਖ ਫੁੱਟ ਗਈ। ਜਦੋਂ ਇਹ ਹਾਦਸਾ ਵਾਪਰਿਆ ਤਾਂ ਗੋਲਕੀਪਰ ਬਲਜੀਤ ਸਿੰਘ ਗੋਲਕੀਪਿੰਗ ਕੋਚ ਰੋਮੀਓ ਜੇਮਸ ਨਾਲ ਪੂਨੇ ਦੇ ਬਾਲੇਵਡੀ ਸਟੇਡੀਅਮ ਵਿਖੇ ਪ੍ਰੈਕਟਿਸ ਕਰ ਰਿਹਾ ਸੀ। ਯਾਦ ਰਹੇ ਗੋਲਫ ਦੀ ਬਾਲ ਹਾਕੀ ਦੀ ਬਾਲ ਨਾਲੋਂ ਚੌਥਾ ਹਿੱਸਾ ਹੁੰਦੀ ਹੈ ਅਤੇ ਗੋਲਕੀਪਰ ਦੀ ਮਾਨਸਿਕ ਫੁਰਤੀ ਨੂੰ ਨਿਖਾਰਨ ਲਈ ਇਸ ਨਾਲ ਪ੍ਰੈਕਟਿਸ ਕਰਵਾਈ ਜਾਂਦੀ ਹੈ।

ਪੱਛਮੀ ਮੁਲਕਾਂ ਵਿਚ ਵੀ ਅਜਿਹਾ ਵਰਤਾਰਾ ਚਲਦਾ ਹੈ ਅਤੇ ਉੱਥੇ ਸੁਰੱਖਿਆ ਦੇ ਪ੍ਰਬੰਧ ਬਹੁਤ ਸਖ਼ਤ ਹੁੰਦੇ ਹਨ। ਭਾਵੇਂ ਕਿ ਕੋਚਿੰਗ ਸਟਾਫ ਵਲੋਂ ਕਿਹਾ ਜਾ ਰਿਹਾ ਹੈ ਕਿ ਗੋਲਕੀਪਰ ਵਲੋਂ ਪ੍ਰੈਕਟਿਸ ਸਮੇਂ ਵਿਸ਼ੇਸ਼ ਸੁਰੱਖਿਆ ਹੈਲਮਟ ਪਾਇਆ ਹੋਇਆ ਸੀ, ਪਰ ਆਜ਼ਾਦ ਰੂਪ ਵਿਚ ਮਿਲ ਰਹੀਆਂ ਖ਼ਬਰਾਂ ਅਨੁਸਾਰ ਇਸ ਮੌਕੇ ਖਿਡਾਰੀ ਬਿਨਾਂ ਹੈਲਮਟ ਤੋਂ ਹੀ ਖੇਡ ਰਿਹਾ ਸੀ। ਜੇ ਸੱਚਮੁੱਚ ਅਜਿਹਾ ਸੀ ਤਾਂ ਇਸ ਕਿਸਮ ਦੀ ਅਣਗਹਿਲੀ ਨੂੰ ਮੁਜ਼ਰਮਾਨਾ ਹੀ ਕਿਹਾ ਜਾ ਸਕਦਾ ਹੈ, ਜਿਸ ਨੇ ਨਾ ਸਿਰਫ ਇਕ ਪ੍ਰਤਿਭਾਸ਼ਾਲੀ ਖਿਡਾਰੀ ਕੌਮੀ ਟੀਮ ਵਿਚੋਂ ਬਾਹਰ ਕਰ ਦਿੱਤਾ ਹੈ, ਸਗੋਂ ਉਸ ਸਾਹਮਣੇ ਇਕ ਅੱਖ ਪੱਖੋਂ ਅਪੰਗ ਹੋਣ ਦਾ ਖਤਰਾ ਵੀ ਖੜ੍ਹਾ ਕਰ ਦਿੱਤਾ ਹੈ।

ਬਲਜੀਤ ਨਾਲ ਇਹ ਹਾਦਸਾ ਲੰਘੀ 17 ਜੁਲਾਈ ਦੀ ਸ਼ਾਮ ਨੂੰ ਵਾਪਰਿਆ। ਮੁੱਢਲੇ ਇਲਾਜ ਤੋਂ ਬਾਅਦ ਅਗਲੇ ਦਿਨ ਉਸ ਦੀ ਸੱਟ ਦੀ ਗੰਭੀਰਤਾ ਨੂੰ ਦੇਖਦਿਆਂ ਉਸ ਨੂੰ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ 'ਏਮਜ਼', ਦਿੱਲੀ ਵਿਖੇ ਤਬਦੀਲ ਕੀਤਾ ਗਿਆ। ਬਲਜੀਤ ਦਾ ਇਲਾਜ ਕਰ ਰਹੇ ਮਾਹਰ ਡਾਕਟਰਾਂ ਦੀ ਟੀਮ ਦੇ ਮੁਖੀ ਸ੍ਰੀ ਸੁਦਰਸ਼ਨ ਖੋਖਰ ਦਾ ਆਖਣਾ ਹੈ, "ਨੁਕਸਾਨ ਨੂੰ ਰੋਕਣ ਲਈ ਅਸੀਂ ਜੋ ਕੁਝ ਵੀ ਕਰ ਸਕਦੇ ਸਾਂ ਕਰ ਦਿੱਤਾ ਹੈ, ਪਰ ਅੱਖ ਬਹੁਤ ਜ਼ਿਆਦਾ ਨੁਕਸਾਨੀ ਗਈ ਹੈ। ਅਸੀਂ ਜ਼ਖਮ ਸਾਫ਼ ਕਰ ਦਿੱਤਾ ਹੈ ਅਤੇ ਆਪ੍ਰੇਸ਼ਨ ਵੀ ਕਰ ਦਿੱਤਾ ਹੈ, ਪਰ ਖਿਡਾਰੀ ਦੀ ਨਿਗ੍ਹਾ ਪਰਤਣ ਦੀ ਆਸ ਬਹੁਤ ਘੱਟ ਵਿਖਾਈ ਦਿੰਦੀ ਹੈ।" ਇਥੇ ਜ਼ਿਕਰਯੋਗ ਹੈ ਕਿ ਬਾਲ ਲੱਗਣ ਕਾਰਨ ਬਲਜੀਤ ਦੀ ਅੱਖ ਦਾ ਕਾਰਨੀਆ, ਲੈਂਜ਼ ਅਤੇ ਰੇਟੀਨਾ ਤਿੰਨੇ ਜ਼ਖਮੀਆਂ ਹੋ ਗਏ ਹਨ। ਰੈਟੀਨਾ ਦੀ ਡਿਟੈਚਮੈਂਟ ਦਾ ਵੀ ਡਾਕਟਰਾਂ ਵਲੋਂ ਆਪ੍ਰੇਸ਼ਨ ਕੀਤਾ ਗਿਆ ਹੈ।

ਇਸ ਦੌਰਾਨ ਲੰਘੇ ਸੋਮਵਾਰ ਖੇਡ ਮੰਤਰੀ ਸ੍ਰੀ ਐਮ.ਐਸ. ਗਿੱਲ ਹਸਪਤਾਲ ਵਿਖੇ ਬਲਜੀਤ ਦਾ ਹਾਲ ਚਾਲ ਪੁੱਛਣ ਗਏ ਅਤੇ ਉਨ੍ਹਾਂ ਖਿਡਾਰੀ ਦੇ ਸਮੁੱਚੇ ਇਲਾਜ ਅਤੇ ਸਾਂਭ ਸੰਭਾਲ ਦਾ ਖਰਚਾ ਸਰਕਾਰ ਵਲੋਂ ਕਰਨ ਦਾ ਦਾਅਵਾ ਕੀਤਾ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਏਮਜ਼ ਹਸਪਤਾਲ ਦੇਸ਼ ਦਾ ਸਭ ਤੋਂ ਵਧੀਆ ਹਸਪਤਾਲ ਹੈ ਅਤੇ ਖਿਡਾਰੀ ਦੀ ਉੱਚ ਪਾਏ ਦੀ ਸਾਂਭ ਸੰਭਾਲ ਸੰਭਵ ਹੈ। ਉਨ੍ਹਾਂ ਹੋਰ ਕਿਹਾ ਕਿ ਇਸ ਜ਼ਖ਼ਮ ਦੇ ਇਲਾਜ ਲਈ ਜੇ ਉਸ ਨੂੰ ਕਿਸੇ ਹੋਰ ਦੇਸ਼ ਵੀ ਭੇਜਣਾ ਪਿਆ ਤਾਂ ਸਰਕਾਰ ਇਹ ਸਭ ਕੁਝ ਕਰੇਗੀ। ਏਮਜ਼ ਵਿਖੇ ਡਾ. ਰਾਜਿੰਦਰ ਪ੍ਰਸਾਦ ਆਈ ਕੇਅਰ ਸੈਂਟਰ ਵਿਚ ਬਲਜੀਤ ਸਿੰਘ ਤੇ ਉਸਦੇ ਪਿਤਾ ਤੋਂ ਇਲਾਵਾ ਦੂਜੇ ਡਾਕਟਰਾਂ ਨਾਲ ਵੀ ਉਨ੍ਹਾਂ ਮੁਲਾਕਾਤ ਕੀਤੀ। ਡਾਕਟਰ ਗਿੱਲ ਨੇ ਕਿਹਾ ਕਿ ਜਦੋਂ ਕਾਮਨਵੈਲਥ ਖੇਡਾਂ ਹੋਣ ਜਾ ਰਹੀਆਂ ਹਨ ਅਤੇ ਅਗਲੇ ਸਾਲ ਹਾਕੀ ਦਾ ਵਿਸ਼ਵ ਕੱਪ ਵੀ ਭਾਰਤ ਵਿਚ ਹੋਣਾ ਹੈ, ਤਾਂ ਬਲਜੀਤ ਦੇ ਅਜਿਹੀ ਸੱਟ ਲਗਣੀ ਸੱਚਮੁੱਚ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਇਹ ਖਿਡਾਰੀ ਬਹੁਤ ਚੰਗਾ ਖੇਡ ਰਿਹਾ ਸੀ ਅਤੇ ਤੇਜ਼ੀ ਨਾਲ ਇਕ ਪ੍ਰਤਿਭਾਸ਼ੀਲ ਖਿਡਾਰੀ ਵਜੋਂ ਉਭਰ ਰਿਹਾ ਸੀ। ਉਨ੍ਹਾਂ ਮੰਨਿਆ ਕਿ ਹਾਕੀ ਦੀ ਖੇਡ ਲਈ ਇਹ ਬਹੁਤ ਵੱਡਾ ਝਟਕਾ ਹੈ।


ਗੋਲਕੀਪਰ ਬਲਜੀਤ ਸਿੰਘ

ਇਥੇ ਜ਼ਿਕਰਯੋਗ ਹੈ ਕਿ ਉਭਰਦਾ ਡਰੈਗ ਫਲਿਕਰ ਜੁਗਰਾਜ ਸਿੰਘ ਵੀ 2003 ਵਿਚ ਜਲੰਧਰ ਵਿਚ ਇਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਹਾਦਸੇ ਕਾਰਨ ਉਸ ਦੀਆਂ ਬਹੁਤ ਸਾਰੀਆਂ ਹੱਡੀਆਂ ਟੁੱਟ ਗਈਆਂ ਸਨ। ਜੁਗਰਾਜ ਸਿੰਘ ਜਦੋਂ ਆਪਣੀ ਖੇਡ ਦੇ ਸਿਖਰ ਵਲ ਵਧ ਰਿਹਾ ਸੀ ਤਾਂ ਉਸ ਨੂੰ ਇਸ ਹਾਦਸੇ ਨੇ ਘੇਰ ਲਿਆ। ਉਹ ਭਾਵੇਂ ਬਾਅਦ ਵਿਚ ਕੌਮੀ ਪੱਧਰ ਉਪਰ ਤਾਂ ਖੇਡਣ ਲੱਗ ਪਿਆ ਸੀ, ਪਰ ਉਸ ਦਾ ਕੌਮਾਂਤਰੀ ਕੈਰੀਅਰ ਤਕਰੀਬਨ ਖਤਮ ਹੋ ਗਿਆ ਸੀ। ਇਸੇ ਤਰ੍ਹਾਂ ਜੁਗਰਾਜ ਦੀ ਪੈੜ ਵਿਚ ਪੈੜ ਰੱਖਣ ਵਾਲਾ ਖਿਡਾਰੀ ਅਤੇ ਡਰੈਗ ਫਲਿਕਰ ਸੰਦੀਪ ਸਿੰਘ 2006 ਵਿਚ ਹਰਿਆਣਾ ਪੁਲਿਸ ਦੇ ਇਕ ਹੌਲਦਾਰ ਦੀ ਪਿਸਤੌਲ ਵਿਚੋਂ ਅਚਾਨਕ ਚਲੀ ਗੋਲੀ ਕਾਰਨ ਜ਼ਖ਼ਮੀ ਹੋ ਗਿਆ ਸੀ।

ਪਰ ਉਹ 2007 ਦੇ ਅਖ਼ੀਰ ਵਿਚ ਕੌਮੀ ਟੀਮ ਵਿਚ ਆਪਣੀ ਵਾਪਸੀ ਕਰਨ ਵਿਚ ਕਾਮਯਾਬ ਰਿਹਾ ਅਤੇ ਅੱਜ ਕੱਲ੍ਹ ਭਾਰਤੀ ਹਾਕੀ ਟੀਮ ਦਾ ਕਪਤਾਨ ਹੈ। ਇਸ ਤੋਂ ਇਲਾਵਾ ਇਕ ਹੋਰ ਭਾਰਤੀ ਕੌਮੀ ਟੀਮ ਦੇ ਗੋਲਕੀਪਰ ਐਲਡਰਿਨ ਡਿਸੂਜ਼ਾ ਨੂੰ ਵੀ 2005 ਦੀ ਪੀ.ਐਚ.ਐਲ. ਦੌਰਾਨ ਪੇਟ ਵਿਚ ਬਾਲ ਲੱਗ ਗਈ ਸੀ ਅਤੇ ਕਈ ਮਹੀਨੇ ਤੱਕ ਉਹ ਖੇਡ ਵਿਚੋਂ ਬਾਹਰ ਰਿਹਾ ਸੀ। ਬਲਜੀਤ ਸਿੰਘ ਸੰਬੰਧੀ ਆਖਰੀ ਖਬਰਾਂ ਅਨੁਸਾਰ ਉਸ ਦਾ ਜ਼ਖ਼ਮ ਸਹੀ ਢੰਗ ਨਾਲ ਠੀਕ ਹੋ ਰਿਹਾ ਹੈ।

ਬੀਤੇ ਸੋਮਵਾਰ ਉਸ ਨੂੰ ਮਿਲਣ ਵਾਲੇ ਲੋਕਾਂ ਦਾ ਆਖਣਾ ਹੈ ਕਿ ਉਹ ਭਾਵੇਂ ਬੈਂਡ ਨਾਲ ਬੱਝਿਆ ਹੋਣ ਕਾਰਨ ਔਖ ਮਹਿਸੂਸ ਕਰ ਰਿਹਾ ਹੈ, ਪਰ ਉਸ ਦੇ ਚਿਹਰੇ ਉੱਪਰ ਵਾਰ-ਵਾਰ ਮੁਸਕਾਨ ਵੇਖੀ ਗਈ। ਇਸ ਦੌਰਾਨ ਜੁਗਰਾਜ ਸਿੰਘ ਨੇ ਕਿਹਾ ਹੈ ਕਿ ਬਲਜੀਤ ਸਿੰਘ ਨੂੰ ਹਾਦਸੇ ਵਿਚੋਂ ਬਾਹਰ ਆਉਣ ਲਈ ਆਪਣੀ ਮਾਨਸਿਕ ਅਵਸਥਾ ਨੂੰ ਠੀਕ ਅਤੇ ਚੜ੍ਹਦੀ ਕਲਾ ਵਿਚ ਰਖਣਾ ਹੋਵੇਗਾ।

ਕ੍ਰਿਕਟ ਦੀ ਖੇਡ ਦੌਰਾਨ ਅੱਖ ਦੀ ਸੱਟ ਨਾਲ ਜ਼ਖ਼ਮੀ ਹੋਣ ਵਾਲੇ ਖਿਡਾਰੀ ਸਬਾ ਕਰੀਮ ਅਤੇ ਯੁਜਵਿੰਦਰ ਸਿੰਘ ਨੇ ਵੀ ਬਲਜੀਤ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਹੈ ਅਤੇ ਕਿਹਾ ਹੈ ਕਿ ਉਸ ਨੂੰ ਆਪਣਾ ਮਾਨਸਿਕ ਸੰਤੁਲਨ ਬਰਕਰਾਰ ਰੱਖਣਾ ਚਾਹੀਦਾ ਹੈ। ਯੁਜਵਿੰਦਰ ਸਿੰਘ ਨੇ ਇਕ ਹੋਰ ਉਦਾਹਰਣ ਦਿੰਦਿਆਂ ਕਿਹਾ ਕਿ ਸਾਨੂੰ ਇਸ ਗੱਲ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ ਨਵਾਬ ਪਟੌਦੀ ਅਲੀ ਖਾਨ ਇਕ ਅੱਖ ਨਾਲ ਹੀ ਤੇਜ਼ ਗੇਂਦਬਾਜ਼ਾਂ ਦਾ ਸਾਹਮਣਾ ਕਰਦਾ ਰਿਹਾ ਸੀ।

# ਬਾਬਾ ਉਤਮ ਸਿੰਘ ਹਾਕੀ ਅਕੈਡਮੀ ਦੀਆਂ ਵੱਡੀਆਂ ਮੱਲਾਂ

**ਤਰਨਤਾਰਨ :** ਕਾਰ ਸੇਵਾ ਸੰਪ੍ਰਦਾ ਖਡੂਰ ਸਾਹਿਬ ਦੇ ਮੁਖੀ ਬਾਬਾ ਸੇਵਾ ਸਿੰਘ ਦੀ ਸਰਪ੍ਰਸਤੀ ਹੇਠ ਸਥਾਪਤ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਵਲੋਂ ਕੋਈ ਤਿੰਨ ਸਾਲ ਪਹਿਲਾਂ ਬਣਾਈ 'ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ' ਨੇ ਆਪਣੀ ਸਥਾਪਨਾ ਦੇ ਥੋੜੇ ਜਿਹੇ ਅਰਸੇ ਵਿਚ ਹੀ ਜਿਥੇ ਕੌਮੀ ਪੱਧਰ 'ਤੇ ਆਪਣੀ ਹੋਂਦ ਕਾਇਮ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ, ਉਥੇ ਅਕੈਡਮੀ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਖੇਡਾਂ ਪ੍ਰਤੀ ਲਗਾਅ ਦੇ ਆਸ਼ੇ ਨੂੰ ਵੀ ਅੱਗੇ ਤੋਰ ਰਹੀ ਹੈ। ਇਸ ਅਕੈਡਮੀ ਨੇ ਪਿਛਲੇ ਸਾਲ ਅਕਤੂਬਰ 2008 ਵਿਚ ਦਿੱਲੀ ਵਿਖੇ ਹੋਏ ਪੰਡਿਤ ਜਵਾਹਰ ਲਾਲ ਨਹਿਰੂ ਨੈਸ਼ਨਲ ਜੂਨੀਅਰ ਹਾਕੀ ਟੂਰਨਾਮੈਂਟ ਵਿਚੋਂ ਦੂਸਰਾ ਸਥਾਨ ਹਾਸਲ ਕਰਨ ਤੋਂ ਇਲਾਵਾ ਹੋਰ ਅਨੇਕਾਂ ਸਟੇਟ ਅਤੇ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਇਸ ਅਕੈਡਮੀ ਨੇ ਇਸ ਸਾਲ ਜਨਵਰੀ ਮਹੀਨੇ ਵਿਚ ਜਲੰਧਰ ਵਿਖੇ ਹੋਏ ਆਲ ਇੰਡੀਆ ਬਲਵੰਤ ਕਪੂਰ ਹਾਕੀ ਟੂਰਨਾਮੈਂਟ 'ਚੋਂ ਵੀ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ।


ਬਾਬਾ ਉਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਦੇ ਖਿਡਾਰੀਆਂ ਨਾਲ ਬਾਬਾ ਸੇਵਾ ਸਿੰਘ ਅਤੇ ਕੇਂਦਰੀ ਖੇਡ ਮੰਤਰੀ ਐਮ.ਐਸ. ਗਿੱਲ

ਇਸ ਹੀ ਟੂਰਨਾਮੈਂਟ ਵਿਚ ਅਕੈਡਮੀ ਪੰਜਾਬ ਨੈਸ਼ਨਲ ਬੈਂਕ ਟੀਮ ਨਾਲ ਬਰਾਬਰ ਰਹੀ ਅਤੇ ਗੁਮਲਾ ਦੀ ਟੀਮ ਨੂੰ 3-1 ਨਾਲ ਹਰਾਇਆ ਸੀ।

ਅਕੈਡਮੀ ਨੇ ਨਵੰਬਰ 2007 ਵਿਚ ਬਟਾਲਾ ਵਿਖੇ ਹੋਏ ਚੌਥੇ ਬੋਪਾਰਾਏ ਹਾਕੀ ਟੂਰਨਾਮੈਂਟ ਵਿਚ ਪੰਜਾਬ ਦੀ ਪੁਰਾਣੀ ਅਤੇ ਨਾਮਵਰ ਸੁਰਜੀਤ ਹਾਕੀ ਅਕੈਡਮੀ, ਜਲੰਧਰ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ ਸੀ। ਇਸ ਟੂਰਨਾਮੈਂਟ ਵਿਚ ਪੰਜਾਬ ਦੀਆਂ ਅੱਠ ਨਾਮਵਰ ਅਕੈਡਮੀਆਂ ਨੇ ਭਾਗ ਲਿਆ ਸੀ।

ਬਾਬਾ ਉਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਨੇ ਸਾਲ 2007 ਵਿਚ ਸੰਤ ਬਾਬਾ ਭਾਗ ਸਿੰਘ ਅਤੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਯਾਦਗਾਰੀ ਪੇਂਡੂ ਟੂਰਨਾਮੈਂਟ ਵਿਚ ਵੀ ਪਹਿਲੀ ਪੁਜੀਸ਼ਨ ਹਾਸਲ ਕੀਤੀ ਸੀ।

ਸਿੱਖਾਂ ਨੂੰ ਵਿਦਿਆ, ਧਰਮ, ਖੇਡਾਂ, ਖੋਜ, ਚੋਟੀ ਦੀਆਂ ਪ੍ਰਬੰਧਕੀ ਪੋਸਟਾਂ ਦੇ ਯੋਗ ਬਣਨ ਲਈ ਸਿਖਲਾਈ ਆਦਿ ਖੇਤਰਾਂ ਵਿਚ ਮਲਾਂ ਮਾਰਨ ਲਈ ਉਚਿਤ ਮਾਹੌਲ ਦੇਣ ਦੇ ਮੰਤਵ ਨਾਲ ਸਥਾਪਤ ਕੀਤੇ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਵਲੋਂ ਜੂਨ 2006 ਵਿਚ ਸਥਾਪਤ ਇਹ ਅਕੈਡਮੀ ਖਿਡਾਰੀਆਂ ਨੂੰ ਮੁਫਤ ਰਿਹਾਇਸ਼, ਸ਼ਾਕਾਹਾਰੀ ਭੋਜਨ, ਦੁੱਧ, ਫਲ, ਸਕੂਲ ਦੀ ਪੜ੍ਹਾਈ ਆਦਿ ਤੋਂ ਇਲਾਵਾ ਟੂਰਨਾਮੈਂਟ ਵਿਚ ਭਾਗ ਲੈਣ ਜਾਣ ਲਈ ਬੱਸ ਆਦਿ ਦੀ ਸੇਵਾ ਦੇ ਰਹੀ ਹੈ।

ਅਕੈਡਮੀ ਨੇ 2006-07 ਵਿਚ ਜਦੋਂ 17 ਖਿਡਾਰੀ ਚੁਣੇ ਤਾਂ ਹੁਣ ਇਸ ਅਕੈਡਮੀ ਕੋਲ ਖਿਡਾਰੀਆਂ ਦੀ ਗਿਣਤੀ 35 ਹੋ ਗਈ ਹੈ।

## ਇੰਡੀਆਨਾ ਵਿਚ ਤੀਆਂ ਦਾ ਮੇਲਾ 8 ਅਗਸਤ ਨੂੰ

**ਕਰਾਊਨ ਪੁਆਇੰਟ, ਇੰਡੀਆਨਾ:** ਨਾਰਥ ਵੈਸਟ ਪੰਜਾਬੀ ਵੂਮਨ ਐਸੋਸੀਏਸ਼ਨ ਵਲੋਂ ਤੀਆਂ ਦਾ ਮੇਲਾ 8 ਅਗਸਤ ਨੂੰ ਮੈਰੀਵਿਲ (ਇੰਡੀਆਨਾ) ਦੇ ਸਰਬੀਅਨ ਅਮੈਰਿਕਨ ਹਾਲ ਵਿਚ ਕਰਵਾਇਆ ਜਾਵੇਗਾ। ਮੇਲੇ ਦੀ ਟਿਕਟ 50 ਅਤੇ 25 ਡਾਲਰ ਰੱਖੀ ਗਈ ਹੈ। ਇਸ ਮੇਲੇ ਵਿਚ ਆਦਮੀਆਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਹੈ ਪਰ ਬਾਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੋਈ ਟਿਕਟ ਨਹੀਂ ਹੈ। ਬਰੇਕ ਫਾਸਟ ਅਤੇ ਲੰਚ ਦਾ ਪ੍ਰਬੰਧ ਹੋਵੇਗਾ।

ਨਵੀਂ ਬਣੀ ਇਸ ਸੰਸਥਾ ਦਾ ਇਹ ਪਹਿਲਾ ਮੇਲਾ ਹੈ। ਮੇਲੇ ਵਿਚ ਗਿੱਧੇ ਦਾ ਪਿੜ ਖੂਬ ਬੱਝੇਗਾ। ਇਸ ਤੋਂ ਇਲਾਵਾ ਡੀ.ਜੇ. ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਗਰੈਂਡ ਸਪਾਂਸਰ ਬਲਵਿੰਦਰ ਕੌਰ (ਗਗਨ ਪੈਟਰੋਲੀਅਮ) ਹੋਣਗੇ।


**Aero Travel & Tours Inc.**

**8401 N. Crawford Ave #105, Skokie IL 60076**

IATAN



A·R·C

Serving The Community Since 1981
Most Economical Fares & Confirmed Seats to Indian, Pakistan, Bangladesh, Europe and Middle East.

**Consolidators For All Major Airlines**

**ਸਸਤੀਆਂ ਟਿਕਟਾਂ ਖਰੀਦਣ ਲਈ ਸਾਨੂੰ ਕਾਲ ਕਰੋ**

**Toll Free: (800) 679-1328**
**or (847) 677-2021**

e-mail: aerotravel@gmail.com


# ਭਾਰਤੀ ਮੂਲ ਦੇ ਡਾਕਟਰ ਜੋੜੇ ਵਿਰੁਧ ਧੋਖਾਧੜੀ ਦੇ ਦੋਸ਼

**ਹਿਊਸਟਨ:** ਭਾਰਤੀ ਮੂਲ ਦੇ ਅਮਰੀਕੀ ਡਾਕਟਰ ਜੋੜੇ ਵਿਰੁਧ ਇਥੇ 13 ਲੱਖ ਪਾਬੰਦੀਸ਼ੁਦਾ ਗੋਲੀਆਂ ਨਾਜਾਇਜ਼ ਢੰਗ ਨਾਲ ਲੋਕਾਂ ਨੂੰ ਦੇਣ ਤੇ ਕਈ ਸਿਹਤ ਬੀਮਾ ਕੰਪਨੀਆਂ ਨਾਲ 3 ਕਰੋੜ ਅਮਰੀਕੀ ਡਾਲਰ ਤਕ ਦੀ ਧੋਖਾਧੜੀ ਕਰਨ ਦੇ ਮਾਮਲੇ ਦਾਇਰ ਕੀਤੇ ਗਏ ਹਨ।

ਐਫ.ਬੀ.ਆਈ. ਨੇ ਜਾਰੀ ਕੀਤੀ ਜਾਣਕਾਰੀ ਵਿਚ ਦੱਸਿਆ ਕਿ ਅਧਖੜ ਉਮਰ ਦੇ ਡਾ. ਅਰੁਣ ਸ਼ਰਮਾ ਤੇ ਕਿਰਨ ਵਿਰੁਧ ਲਾਏ ਗਏ 29 ਦੋਸ਼ ਮਨਜ਼ੂਰਸ਼ੁਦਾ ਢੰਗ ਨਾਲ ਆਪਣਾ ਕਿੱਤਾ ਕਰਨ ਵਿਚ ਕੁਤਾਹੀ ਵਰਤੇ ਜਾਣ ਨਾਲ ਸਬੰਧਤ ਹੀ ਹਨ। ਇਸ ਜੋੜੇ ਨੂੰ ਜੇ ਸਾਰੇ ਦੋਸ਼ਾਂ ਲਈ ਸਜ਼ਾ ਹੋਵੇ ਤਾਂ ਦੋਹਾਂ ਨੂੰ ਸਿਹਤ ਸਹੂਲਤਾਂ ਨਾਲ ਧੋਖਾਧੜੀ ਕਰਨ ਦੇ 17 ਮਾਮਲਿਆਂ ਵਿਚੋਂ ਹਰੇਕ ਬਦਲੇ 10-10 ਸਾਲ ਦੀ ਕੈਦ ਤੇ ਢਾਈ ਲੱਖ ਡਾਲਰ ਜੁਰਮਾਨਾ ਅਤੇ ਦਵਾਈਆਂ ਵੇਚਣ ਸਬੰਧੀ ਸਾਜ਼ਿਸ਼ ਰਚਣ ਦੇ 10 ਦੋਸ਼ਾਂ ਵਿਚ ਹਰੇਕ ਬਦਲੇ 5-5 ਸਾਲ ਦੀ ਕੈਦ ਤੇ ਢਾਈ-ਢਾਈ ਲੱਖ ਡਾਲਰ ਜੁਰਮਾਨਾ ਹੋ ਸਕਦਾ ਹੈ। ਦੋਸ਼ ਪੱਤਰ ਅਨੁਸਾਰ ਦੋਵੇਂ ਡਾਕਟਰ ਜੋ ਕਿ ਵੈਬਸਟਰ ਦੀ ਕੋਲ ਸਟਰੀਟ ਤੇ ਬੇਅਟਾਊਨ ਦੀ ਗਾਰਥ ਰੋਡ ਉਤੇ ਲਾਗ, ਦਮਾ, ਹੱਡੀਆਂ ਦੇ ਰੋਗਾਂ ਤੇ ਦਰਦਾਂ ਦੇ ਨਿਵਾਰਣ ਕੇਂਦਰ ਚਲਾਉਂਦੇ ਹਨ, ਨੇ ਨਾਜਾਇਜ਼ ਢੰਗ ਨਾਲ 13 ਲੱਖ ਗੋਲੀਆਂ ਹਾਈਡ੍ਰੋਕੋਡੋਨ ਦੀਆਂ ਵੰਡੀਆਂ। ਉਨ੍ਹਾਂ ਮੈਡੀਕੇਅਰ, ਮੈਡੀਕੇਡ ਤੇ ਕਈ ਪ੍ਰਾਈਵੇਟ ਸਿਹਤ ਬੀਮਾ ਕੰਪਨੀਆਂ ਕੋਲੋਂ ਝੂਠੇ ਦਾਅਵਿਆਂ ਦੇ ਸਹਾਰੇ 3 ਕਰੋੜ 10 ਲੱਖ ਅਮਰੀਕੀ ਡਾਲਰ ਦਾ ਮੁਆਵਜ਼ਾ ਵੀ ਠੱਗ ਲਿਆ।

ਡਾ. ਅਰੁਨ ਹਰ ਰੋਜ਼ 70 ਤੋਂ ਵਧ ਮਰੀਜ਼ ਵੇਖਦਾ ਸੀ ਤੇ ਉਨ੍ਹਾਂ ਨੂੰ ਪਾਬੰਦੀਸ਼ੁਦਾ ਦਵਾਈ ਹਾਇਡ੍ਰੋਕੋਡੇਨ ਆਪਣੇ ਕੋਲੋਂ ਨਕਦ ਅਦਾਇਗੀ ਬਦਲੇ ਦਿੰਦਾ ਸੀ। ਅਰੁਨ ਤੇ ਕਿਰਨ ਸ਼ਰਮਾ ਨੇ ਆਪਣੀ ਕਮਾਈ ਬੈਂਕ ਆਫ ਅਮਰੀਕਾ ਤੇ ਪ੍ਰੋਸਪੈਰਿਟੀ ਬੈਂਕ ਵਿਚ ਜਮ੍ਹਾਂ ਕਰਵਾਉਣ ਤੋਂ ਇਲਾਵਾ ਆਪਣੇ ਘਰ ਵਿਚ ਵੀ ਡਾਲਰਾਂ ਦੀਆਂ ਢਿੱਗਾਂ ਲਾ ਕੇ ਇਕੱਠੀ ਕਰ ਰੱਖੀ ਸੀ।


**ATTN. HOMEOWNERS !!**

**Purchase, Refinance, Loan Modification, Conventional, FHA, VA**
**Full doc / Stated Income, No MI Programs ....**
**No / Low Closing Cost Option**
**Low Down Payment (3.5% only)**
**First Time Homebuyers Get $8,000 Tax Credit**
**(FHA Program Available only up to December 2009)**
**Free Consultation Free Pre-qualification**
**Free Pre-approval**
**Even Free appraisal**
**(Reimbursed after the closing)**
**Please Call 847-933-9404**

**We speak English, Hindi, Punjabi, Gujarati & Malyalam**
**Guardian Financial Mortgage, Inc.**
**An Illinois Residential Mortgagee Licensee MB0005054**

# ਕਸ਼ਮੀਰੀ ਸਿੱਖਾਂ ਦੇ ਕਤਲਾਂ ਸਬੰਧੀ ਕਾਰਵਾਈ ਦੀ ਮੰਗ

**ਜੰਮੂ :** ਬਹੁ-ਚਰਚਿਤ ਜਥੇਦਾਰ ਹਰਨਾਮ ਸਿੰਘ ਦੇ ਕਤਲ ਕਾਂਡ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੰਘੀ 19 ਜੁਲਾਈ ਨੂੰ ਇਥੇ ਕਿਹਾ ਕਿ 15 ਸਾਲ ਬਾਅਦ ਵੀ ਪਾਰਟੀ ਦੀ ਸੂਬਾ ਇਕਾਈ ਦੇ ਪ੍ਰਧਾਨ ਦੇ ਕਤਲ ਤੋਂ ਪਰਦਾ ਨਹੀਂ ਉੱਠ ਸਕਿਆ, ਇਸ ਲਈ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਣੀ ਚਾਹੀਦੀ ਹੈ।

ਇਥੇ ਗੁਰਦੁਆਰਾ ਕਲਗੀਧਰ ਰਿਆੜੀ ਵਿਖੇ ਸ਼ਹੀਦ ਜਥੇਦਾਰ ਹਰਨਾਮ ਸਿੰਘ ਦੇ 15ਵੇਂ ਸ਼ਹੀਦੀ ਸਮਾਗਮ ਦੌਰਾਨ ਸ਼ਰਧਾਂਜਲੀ ਭੇਟ ਕਰਦੇ ਹੋਏ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਰਿਆਸਤ ਵਿਚ ਸਿੱਖਾਂ ਨਾਲ ਹਮੇਸ਼ਾ ਧੱਕਾ ਹੁੰਦਾ ਆਇਆ ਹੈ ਅਤੇ ਸਿੱਖਾਂ ਦੇ ਕਾਤਲਾਂ ਨੂੰ ਰਿਆਸਤੀ ਸਰਕਾਰਾਂ ਹਮੇਸ਼ਾ ਬਚਾਉਣ ਦਾ ਯਤਨ ਕਰਦੀਆਂ ਆਈਆਂ ਹਨ।

ਉਨ੍ਹਾਂ ਕਿਹਾ ਕਿ ਜਥੇਦਾਰ ਹਰਨਾਮ ਸਿੰਘ ਦਾ ਕਤਲ ਹੋਵੇ ਜਾਂ ਚਿੱਠੀਸਿੰਘਪੁਰਾ ਵਿਚ ਸਿੱਖਾਂ ਦਾ ਕਤਲੇਆਮ, ਰਿਆਸਤੀ ਸਰਕਾਰ ਨੇ ਇਨ੍ਹਾਂ ਘਟਨਾਵਾਂ ਸਬੰਧੀ ਇਕ ਵੀ ਦੋਸ਼ੀ ਕਾਬੂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕੋਈ ਵੀ ਪਾਰਟੀ ਕਾਂਗਰਸ, ਨੈਸ਼ਨਲ ਜਾਂ ਪੀ.ਡੀ.ਪੀ. ਸਿੱਖਾਂ ਪ੍ਰਤੀ ਇਮਾਨਦਾਰ ਨਹੀਂ ਹੈ।


ਸਿਮਰਨਜੀਤ ਸਿੰਘ ਮਾਨ

ਸਮਾਗਮ ਵਿਚ ਪ੍ਰਚਾਰਕ ਅਜਮੀਤ ਸਿੰਘ ਨੇ ਜਥੇਦਾਰ ਹਰਨਾਮ ਸਿੰਘ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਹਰਨਾਮ ਸਿੰਘ ਇਕ ਨਿਡਰ ਆਗੂ ਸਨ, ਜੋ ਹਮੇਸ਼ਾ ਡੇਰਾਵਾਦ ਦੇ ਖਿਲਾਫ ਖੜ੍ਹੇ ਹੁੰਦੇ ਸਨ, ਜਿਸ ਦੀ ਕੀਮਤ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ।

ਮਗਰੋਂ ਪੱਤਰਕਾਰ ਸੰਮੇਲਨ ਵਿਚ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿਚ ਦਿਨੋ-ਦਿਨ ਖਰਾਬ ਹੁੰਦੇ ਮਾਹੌਲ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਰਾਏਸ਼ੁਮਾਰੀ ਰਾਹੀਂ ਕਸ਼ਮੀਰ ਦਾ ਹੱਲ ਕੱਢਣਾ ਚਾਹੀਦਾ ਹੈ ਅਤੇ ਇਸ ਲਈ ਕਸ਼ਮੀਰ ਦੇ ਹੁਰੀਅਤ ਆਗੂਆਂ ਨੂੰ ਫੌਰਨ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਾਰਚ 2000 ਵਿਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਭਾਰਤ ਦੌਰੇ ਵੇਲੇ ਕਸ਼ਮੀਰ ਦੇ 36 ਸਿੱਖਾਂ ਦੇ ਕਤਲ ਕੀਤੇ ਗਏ ਸਨ।

10 ਸਾਲ ਦਾ ਲੰਮਾ ਸਮਾਂ ਬੀਤ ਜਾਣ ਉਪਰੰਤ ਵੀ ਉਪਰੋਕਤ ਸਿੱਖਾਂ ਦੇ ਕਾਤਲਾਂ ਦੀ ਅੱਜ ਤੱਕ ਪਛਾਣ ਹੀ ਨਹੀਂ ਹੋ ਸਕੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਜਸਪਾਲ ਸਿੰਘ ਮੰਗਲ, ਭਾਈ ਰਾਮ ਸਿੰਘ, ਜਸਕਰਣ ਸਿੰਘ ਫਿਰੋਜ਼ਪੁਰ, ਰਾਮ ਸਿੰਘ ਅੰਮ੍ਰਿਤਸਰ, ਹਰਭਜਨ ਸਿੰਘ ਪਟਿਆਲਾ ਆਦਿ ਹਾਜ਼ਰ ਸਨ।

# ਖ਼ੂਨ ਦੇ ਰਿਸ਼ਤੇ ਤੋਂ ਬਿਨਾਂ ਵੀ ਅੰਗ ਦਾਨ ਕਰਨ ਦੀ ਖੁੱਲ੍ਹ ਹੋਵੇਗੀ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਗੁਰਦੇ ਸਮੇਤ ਹੋਰ ਬਦਲੇ ਜਾਣ ਵਾਲੇ ਅੰਗਾਂ ਦੇ ਮਰੀਜ਼ਾਂ ਨੂੰ ਆਪਣੇ ਖ਼ੂਨ ਦੇ ਸਬੰਧੀਆਂ ਤੋਂ ਬਿਨਾਂ ਮਨੁੱਖੀ ਅੰਗ ਦਾਨੀਆਂ ਤੋਂ ਲੈਣ ਦੀ ਵੀ ਖੁੱਲ੍ਹ ਦੇ ਦਿੱਤੀ ਹੈ। ਸਰਕਾਰ ਵਲੋਂ ਮਰੀਜ਼ ਅਤੇ ਅੰਗ ਦਾਨੀ ਦੋਵਾਂ ਦੀ ਪੁਣਛਾਣ ਲਈ ਤਿੰਨ ਪੜਾਵੀ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ। ਮੈਡੀਕਲ ਸਿੱਖਿਆ ਵਿਭਾਗ ਦੇ ਸੂਤਰਾਂ ਅਨੁਸਾਰ ਸਰਕਾਰ ਨੇ ਇਸ ਸਬੰਧੀ ਇਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨਵਾਂ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਕਿਸੇ ਵੀ ਮਰੀਜ਼ ਨੂੰ ਅੰਗ ਕੇਵਲ ਉਸ ਦੇ ਖ਼ੂਨ ਦੇ ਰਿਸ਼ਤੇ ਦਾ ਸਬੰਧੀ ਜਾਂ ਪਤੀ ਪਤਨੀ ਹੀ ਦੇ ਸਕਦਾ ਸੀ, ਪਰ ਹੁਣ ਇਹ ਅੰਗ ਕੋਈ ਬਾਹਰਲਾ ਵੀ ਦਾਨ ਕਰ ਸਕਦਾ ਹੈ, ਪਰ ਦਾਨੀ ਨੂੰ ਅੰਗ ਦਾਨ ਕਰਨ ਦੀ ਆਗਿਆ ਦੇਣ ਤੋਂ ਪਹਿਲਾਂ ਸਰਕਾਰ ਵਲੋਂ ਗਠਿਤ ਕਮੇਟੀਆਂ ਇਸ ਗੱਲ ਨੂੰ ਯਕੀਨੀ ਬਨਾਉਣਗੀਆਂ ਕਿ ਇਸ ਕਾਰਜ ਵਿਚ ਕੋਈ ਸੌਦੇਬਾਜ਼ੀ (ਪੈਸੇ ਦਾ ਲੈਣ ਦੇਣ) ਨਹੀਂ ਹੋ ਰਹੀ ਅਤੇ ਨਾ ਹੀ ਕਿਸੇ ਨੂੰ ਜ਼ਬਰਦਸਤੀ ਦਬਾਅ ਹੇਠ ਲਿਆਂਦਾ ਜਾ ਰਿਹਾ ਹੈ।

ਸਰਕਾਰ ਨੇ ਅੰਗ ਦਾਨ ਕਰਨ ਜਾਂ ਲੈਣ ਦੀ ਪੂਰੀ ਕਾਰਵਾਈ ਦੀ ਪੁਣਛਾਣ ਲਈ ਹਸਪਤਾਲ, ਜ਼ਿਲਾ ਅਤੇ ਰਾਜ ਪੱਧਰ ਦੀਆਂ ਕਮੇਟੀਆਂ ਬਣਾ ਦਿੱਤੀਆਂ ਹਨ। ਅੰਗ ਦਾਨ ਕਰਨ ਅਤੇ ਲੈਣ ਵਾਲਿਆਂ ਦਾ ਸਬੰਧ ਇਕੋ ਜ਼ਿਲ੍ਹੇ ਨਾਲ ਹੈ ਤਾਂ ਇਸ ਦਾ ਫੈਸਲਾ ਹਸਪਤਾਲ ਪੱਧਰ ਦੀ ਕਮੇਟੀ ਕਰੇਗੀ। ਅੰਗ ਲੈਣ ਅਤੇ ਦੇਣ ਵਾਲੇ ਦੇ ਜ਼ਿਲ੍ਹੇ ਤੋਂ ਬਾਹਰਲਾ ਹੋਣ ਦੀ ਸੂਰਤ ਵਿਚ ਫੈਸਲਾ ਕਰਨ ਦਾ ਅਧਿਕਾਰ ਜ਼ਿਲਾ ਪੱਧਰੀ ਕਮੇਟੀ ਨੂੰ ਦਿੱਤਾ ਗਿਆ ਹੈ। ਅੰਤਰ ਰਾਜ ਅੰਗ ਅਦਾਨ ਪ੍ਰਦਾਨ ਦੇ ਕੇਸਾਂ ਦਾ ਨਿਬੇੜਾ ਰਾਜ ਪੱਧਰੀ ਕਮੇਟੀਆਂ ਕਰਨਗੀਆਂ।

ਰਾਜ ਪੱਧਰ ਦੀ ਕਮੇਟੀ ਦਾ ਮੁਖੀ ਮੈਡੀਕਲ ਖੋਜ ਅਤੇ ਸਿੱਖਿਆ ਦੇ ਡਾਇਰੈਕਟਰ ਨੂੰ ਬਣਾਇਆ ਗਿਆ ਹੈ, ਜਦੋਂਕਿ ਸਬੰਧਤ ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਪ੍ਰਿੰਸੀਪਲ, ਮੈਡੀਸਨ ਵਿਭਾਗ ਮੁਖੀ, ਸਾਬਕਾ ਆਈ.ਏ.ਐਸ. ਸੋਮ ਪ੍ਰਕਾਸ਼, ਡਾਕਟਰ ਪ੍ਰੇਮ ਲਤਾ ਸੇਵਾ ਮੁਕਤ ਪ੍ਰਿੰਸੀਪਲ, ਸਪੈਸ਼ਲ ਸਕੱਤਰ ਮੈਡੀਕਲ ਸਿੱਖਿਆ ਅਤੇ ਸੰਯੁਕਤ ਸਕੱਤਰ ਇਸ ਦੇ ਸਰਕਾਰੀ ਮੈਂਬਰ ਹੋਣਗੇ।

ਜ਼ਿਲਾ ਪੱਧਰ ਦੀ ਕਮੇਟੀ ਦੇ ਚੇਅਰਮੈਨ ਦੀ ਜ਼ਿੰਮੇਵਾਰੀ ਸਬੰਧਤ ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਪ੍ਰਿੰਸੀਪਲ ਨੂੰ ਦਿੱਤੀ ਗਈ ਹੈ। ਕਮੇਟੀ ਦੇ ਮੈਂਬਰਾਂ ਵਿਚ ਜ਼ਿਲ੍ਹੇ ਦੇ ਸੀਨੀਅਰ ਸੁਪਰਡੈਂਟ ਪੁਲਿਸ (ਐਸ.ਐਸ.ਪੀ.) ਜ਼ਿਲ੍ਹਾ ਸਿਵਲ ਸਰਜਨ, ਡਿਪਟੀ ਕਮਿਸ਼ਨਰ ਅਤੇ ਮੈਡੀਕਲ ਸੁਪਰਡੈਂਟ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਬਿਨਾਂ ਦਇਆਨੰਦ ਮੈਡੀਕਲ ਕਾਲਜ ਅਤੇ ਕ੍ਰਿਸਚੀਅਨ ਮੈਡੀਕਲ ਕਾਲਜ ਦੇ ਇਕ-ਇਕ ਪ੍ਰਤੀਨਿਧ ਅਤੇ ਸਿਵਲ ਸਰਜਨ ਨੂੰ ਲਿਆ ਗਿਆ ਹੈ। ਇਕ ਹੋਰ ਜਾਣਕਾਰੀ ਅਨੁਸਾਰ ਸੂਬੇ ਦੇ ਸੱਤ ਜ਼ਿਲ੍ਹਿਆਂ ਨੂੰ ਗੌਰਮਿੰਟ ਮੈਡੀਕਲ ਅੰਮ੍ਰਿਤਸਰ, ਸੱਤ ਹੋਰ ਜ਼ਿਲਿਆਂ ਨੂੰ ਗੌਰਮਿੰਟ ਮੈਡੀਕਲ ਕਾਲਜ ਪਟਿਆਲਾ ਅਤੇ ਬਾਕੀ ਦੇ ਛੇ ਜ਼ਿਲਿਆਂ ਨੂੰ ਗੌਰਮਿੰਟ ਮੈਡੀਕਲ ਕਾਲਜ ਫਰੀਦਕੋਟ ਨਾਲ ਜੋੜਿਆ ਗਿਆ ਹੈ।

ਪਤਾ ਲੱਗਾ ਹੈ ਕਿ ਸਰਕਾਰ ਨੇ ਭਾਵੇਂ ਖ਼ੂਨ ਦੇ ਰਿਸ਼ਤੇਦਾਰ ਜਾਂ ਪਤੀ ਪਤਨੀ ਤੋਂ ਬਿਨਾਂ ਕਿਸੇ ਦਾਨੀ ਤੋਂ ਮਨੁੱਖੀ ਅੰਗ ਲੈਣ ਦੀ ਆਗਿਆ ਦੇ ਦਿੱਤੀ ਹੈ, ਪਰ ਇਸ ਨੂੰ ਏਨਾ ਸਖ਼ਤ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ ਕਿ ਇਸ ਵਿਚ ਵਪਾਰਕ ਰੁਚੀਆਂ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਮੈਡੀਕਲ ਸਿੱਖਿਆ ਅਤੇ ਖੋਜ ਦੇ ਡਾਇਰੈਕਟਰ ਜੈ ਕਿਸ਼ਨ ਨੇ ਕਿਹਾ ਹੈ ਕਿ ਨਵਾਂ ਨੋਟੀਫਿਕੇਸ਼ਨ ਕੇਂਦਰ ਸਰਕਾਰ ਦੀਆਂ ਹਦਾਇਤਾਂ ਦੀ ਰੌਸ਼ਨੀ ਵਿਚ ਜਾਰੀ ਕੀਤਾ ਗਿਆ ਹੈ।

# ਸੁਪਰੀਮ ਕੋਰਟ ਵਲੋਂ ਸਮਲਿੰਗੀਆਂ ਬਾਰੇ ਫੈਸਲੇ 'ਤੇ ਰੋਕ ਲਗਾਉਣ ਤੋਂ ਨਾਂਹ

**ਨਵੀਂ ਦਿੱਲੀ :** ਸਮਲਿੰਗੀ ਵਿਆਹਾਂ ਦੇ ਪੱਖ ਵਿਚ ਹਾਈਕੋਰਟ ਵਲੋਂ ਦਿੱਤੇ ਗਏ ਫੈਸਲੇ 'ਤੇ ਸੁਪਰੀਮ ਕੋਰਟ ਨੇ ਵੀ ਰੋਕ ਲਗਾਉਣ ਤੋਂ ਨਾਂਹ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਹਾਲੇ ਤੱਕ ਆਪਣਾ ਹਲਫੀਆ ਬਿਆਨ ਸੁਪਰੀਮ ਕੋਰਟ ਵਿਚ ਦਾਖਲ ਨਹੀਂ ਕੀਤਾ ਹੈ ਅਤੇ ਇਸ ਸਥਿਤੀ ਵਿਚ ਅਦਾਲਤ ਨੇ ਹਾਈਕੋਰਟ ਦੇ ਫੈਸਲੇ ਨੂੰ ਬਰਕਰਾਰ ਰੱਖਣਾ ਹੀ ਠੀਕ ਸਮਝਿਆ। ਬੀਤੇ ਸੋਮਵਾਰ ਹਾਈਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਇਕ ਜੋਤਿਸ਼ੀ ਵਲੋਂ ਦਾਖਲ ਕੀਤੀ ਗਈ ਰਿੱਟ 'ਤੇ ਸੁਣਵਾਈ ਸੀ ਤੇ ਕੇਂਦਰ ਸਰਕਾਰ ਨੇ ਆਪਣਾ ਕੋਈ ਐਫੀਡੈਵਿਟ ਦਾਖਲ ਨਾ ਕੀਤਾ।




ਇਸ ਮਾਮਲੇ ਨੂੰ ਲੈ ਕੇ ਅਸਲ ਵਿਚ ਸਮਲਿੰਗੀ ਵਿਆਹਾਂ ਦਾ ਪੱਖ ਪੂਰ ਰਹੀਆਂ ਧਿਰਾਂ ਇਸ ਨੂੰ ਨਾਗਰਿਕ ਅਧਿਕਾਰਾਂ ਦਾ ਮੁੱਦਾ ਬਣਾ ਰਹੀਆਂ ਹਨ, ਜਦਕਿ ਵਿਰੋਧ ਕਰ ਰਹੇ ਸੰਗਠਨ ਅਜਿਹੇ ਸੰਬੰਧਾਂ ਨੂੰ ਗੈਰ ਕੁਦਰਤੀ ਆਖ ਰਹੇ ਹਨ। ਮਨੋਵਿਗਿਆਨੀ ਵੀ ਹੁਣ ਇਸ ਮਸਲੇ 'ਤੇ ਵੰਡੇ ਹੋਏ ਹਨ।

ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫ਼ੈਸਲੇ 'ਤੇ ਕੋਈ ਵੀ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਕੇਂਦਰ ਸਰਕਾਰ ਨੂੰ ਇਸ ਮਾਮਲੇ 'ਚ 8 ਹਫ਼ਤਿਆਂ ਦੇ ਅੰਦਰ-ਅੰਦਰ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਤੇ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਰੋਕ ਦੇ ਹੱਕ ਵਿਚ ਨਹੀਂ ਹਨ, ਕਿਉਂਕਿ ਉਪਰੋਕਤ ਫ਼ੈਸਲੇ ਨਾਲ ਕਿਸੇ ਵੀ ਤਰ੍ਹਾਂ ਦੇ ਨਤੀਜਿਆਂ ਦਾ ਖ਼ਤਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਮਾਮਲੇ ਬਾਰੇ ਸਰਕਾਰ ਦਾ ਰੁਖ਼ ਜਾਨਣਾ ਚਾਹੁੰਦੇ ਹਾਂ। ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ 14 ਸਤੰਬਰ ਨਿਰਧਾਰਤ ਕੀਤੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਸਮਲਿੰਗੀ ਸਬੰਧਾਂ ਦੀ ਵੈਧਤਾ ਦੇ ਬਾਰੇ 'ਚ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਬੈਂਚ ਵਲੋਂ ਇਹ ਵੀ ਕਿਹਾ ਗਿਆ ਕਿ ਭਾਰਤੀ ਦੰਡ ਕਾਨੂੰਨ ਦੀ ਧਾਰਾ 377 ਤਹਿਤ ਸਿਰਫ਼ ਬਾਲ ਸੋਸ਼ਣ ਦੇ ਮਾਮਲੇ ਹੀ ਦਰਜ ਕੀਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਦੇ ਮਾਮਲਿਆਂ ਦਾ ਸਮਲਿੰਗੀ ਵਿਆਹਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਦੂਜੇ ਪਾਸੇ ਇਸ ਮਾਮਲੇ 'ਚ ਕੇਂਦਰ ਸਰਕਾਰ ਦਾ ਪੱਖ ਰੱਖ ਰਹੇ ਅਟਾਰਨੀ ਜਨਰਲ ਜੀ.ਈ. ਵਾਹਨਵਤੀ ਨੇ ਕਿਹਾ ਕਿ ਸਰਕਾਰ ਨੇ ਆਪਣਾ ਰੁਖ਼ ਤਹਿ ਕਰ ਲਿਆ ਹੈ ਅਤੇ ਇਸ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਚਾਰ-ਵਟਾਂਦਰਾ ਕਰਨ ਲਈ ਤਿੰਨ ਮੰਤਰਾਲੇ ਕੰਮ ਕਰ ਰਹੇ ਹਨ। ਸੁਪਰੀਮ ਕੋਰਟ ਦੀ ਹਾਂ 'ਚ ਹਾਂ ਮਿਲਾਉਂਦਿਆਂ ਸ੍ਰੀ ਵਾਹਨਵਤੀ ਨੇ ਵੀ ਹਾਈਕੋਰਟ ਦੇ ਫ਼ੈਸਲੇ 'ਤੇ ਕੋਈ ਵੀ ਰੋਕ ਨਾ ਲਗਾਉਣ ਦੇ ਸੰਕੇਤ ਦਿੱਤੇ।

ਜ਼ਿਕਰਯੋਗ ਹੈ ਕਿ ਸਮਲਿੰਗੀ ਸਬੰਧਾਂ ਬਾਰੇ ਹਾਈ ਕੋਰਟ ਦੇ ਫ਼ੈਸਲੇ ਨੂੰ ਦਿੱਲੀ ਦੇ ਇਕ ਜੋਤਸ਼ੀ ਸੁਰੇਸ਼ ਕੌਸ਼ਲ ਨੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਸ੍ਰੀ ਕੌਸ਼ਲ ਦੀ ਇਸ ਅਰਜ਼ੀ ਤੋਂ ਬਾਅਦ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।


ਅਦਾਲਤ 'ਚ ਪਾਈ ਅਰਜ਼ੀ 'ਚ ਸ੍ਰੀ ਕੌਸ਼ਲ ਨੇ ਤਰਕ ਦਿੱਤਾ ਸੀ ਕਿ ਸਮਲਿੰਗੀ ਸਬੰਧ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹਨ ਅਤੇ ਇਨ੍ਹਾਂ ਨੂੰ ਮਨਜ਼ੂਰੀ ਨਹੀਂ ਦੇਣੀ ਚਾਹੀਦੀ। ਸ੍ਰੀ ਕੌਸ਼ਲ ਨੇ ਕਿਹਾ ਕਿ ਹਾਈਕੋਰਟ ਦੇ ਇਸ ਫ਼ੈਸਲੇ ਨਾਲ ਐਚ.ਆਈ.ਵੀ. (ਏਡਜ਼) ਦੇ ਮਾਮਲਿਆਂ 'ਚ ਵਾਧਾ ਹੋਵੇਗਾ, ਕਿਉਂਕਿ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਏਡਜ਼ ਗ਼ੈਰ ਕੁਦਰਤੀ ਸਬੰਧਾਂ ਕਾਰਨ ਹੀ ਹੁੰਦੀ ਹੈ। ਸ੍ਰੀ ਕੌਸ਼ਲ ਨੇ ਇਹ ਵੀ ਕਿਹਾ ਕਿ ਭਾਰਤੀ ਸਮਾਜ 'ਚ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ। ਸ੍ਰੀ ਕੌਸ਼ਲ ਨੇ ਨਾਲ ਹੀ ਤਰਕ ਦਿੱਤਾ ਕਿ ਜੇਕਰ ਇਸ ਤਰ੍ਹਾਂ ਦੇ ਸਬੰਧਾਂ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਤਾਂ ਕੱਲ੍ਹ ਨੂੰ ਲੋਕ ਪਸ਼ੂਆਂ ਨਾਲ ਸਰੀਰਕ ਸਬੰਧ ਬਣਾਉਣ ਦੀ ਇਜਾਜ਼ਤ ਲਈ ਵੀ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

ਸਮਲਿੰਗੀ ਮੁੱਦੇ 'ਤੇ ਦਿੱਲੀ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਕੇਂਦਰ ਸਰਕਾਰ ਦੁਚਿੱਤੀ ਵਿਚ ਪੈ ਗਈ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਆਪਣਾ ਰੁਖ਼ ਸਾਫ਼ ਕਰਨ ਲਈ ਕਿਹਾ ਸੀ, ਪਰ 10 ਦਿਨ ਬੀਤ ਜਾਣ ਦੇ ਬਾਅਦ ਵੀ ਇਸ ਸਬੰਧੀ ਕੋਈ ਜਵਾਬ ਦਾਖ਼ਲ ਨਹੀਂ ਕੀਤਾ ਗਿਆ ਹੈ।


Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
CONTINENTAL AIR

JET AIRWAYS
DELTA, AIR INDIA,
KLM, LUFTHANSA.
For Emergency
Call anytime at
847-673-3825
EARLY BIRD SALE!!!!
India $545
London $250

ਪੰਜਾਬੀ ਢਾਬਾ
Punjabi Dhaba
Fine Indian Cuisine
Restaurant& Banquet Hall
2525 W. Devon Ave., Chicago IL 60659
Lunch & Dinner Buffet
ਆਪਣੀ ਅਗਲੀ ਪਾਰਟੀ ਬੁਕ ਕਰਾਉਣ ਅਤੇ ਬਿਹਤਰੀਨ ਸੇਵਾ ਲਈ ਦੇਵ ਜਾਂ ਸੋਹਣ ਸਿੰਘ ਨੂੰ ਕਾਲ ਕਰੋ
773-262-2080, 773-764-9392

ਅਸੀਂ ਨਾਨ ਅਤੇ ਤੰਦੂਰੀ ਚਿਕਨ ਤੰਦੂਰ ਤੋਂ ਸਿੱਧਾ ਤੁਹਾਡੇ ਟੇਬਲ ਤੇ ਪਰੋਸਦੇ ਹਾਂ

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਮਾਇਆਵਤੀ ਤੇ ਰੀਤਾ ਬਹੁਗੁਣਾ ਨੇ ਗਲੀ ਮੁਹੱਲੇ ਵਾਲੇ ਮਿਹਣੇ ਦਿੱਤੇ

**– ਰੀਤਾ ਬਹੁਗੁਣਾ ਨੂੰ ਅੰਤਰਿਮ ਜ਼ਮਾਨਤ ਮਿਲੀ**
**– ਰਾਹੁਲ ਵਲੋਂ ਉੱਤਰ ਪ੍ਰਦੇਸ਼ ਸਰਕਾਰ ਦੀ ਆਲੋਚਨਾ**
**– ਬਹੁਗੁਣਾ ਦੀ ਟਿੱਪਣੀ ਤੋਂ ਸੋਨੀਆ ਗਾਂਧੀ ਨਾਖੁਸ਼**

–ਪੰਜਾਬ ਟਾਈਮਜ਼ ਨਿਊਜ਼ ਸਰਵਿਸ

**ਮੁਰਾਦਾਬਾਦ :** ਉੱਤਰ ਪ੍ਰਦੇਸ਼ ਦੀ ਨਵੀਂ ਬਣੀ ਪ੍ਰਧਾਨ ਰੀਤਾ ਜੋਸ਼ੀ ਬਹੁਗੁਣਾ ਅਤੇ ਇਸ ਰਾਜ ਦੀ ਮੁੱਖ ਮੰਤਰੀ ਮਾਇਆਵਤੀ ਪਿਛਲੇ ਦਿਨੀਂ ਆਪਸ ਵਿਚ ਗੁੱਥਮ ਗੁੱਥੀ ਹੋ ਗਈਆਂ। ਇਨ੍ਹਾਂ ਦੇ ਗਲੀ ਮੁਹੱਲੇ ਵਾਲੇ ਤਾਨ੍ਹਿਆਂ ਦਾ ਲੋਕਾਂ ਨੇ ਚੰਗਾ ਆਨੰਦ ਮਾਣਿਆ। ਰੀਤਾ ਬਹੁਗੁਣਾ ਨੇ ਜਿਉਂ ਹੀ ਕੁਝ ਚੱਕਵੀਆਂ ਗੱਲਾਂ ਕਹੀਆਂ ਮਾਇਆਵਤੀ ਨੇ ਉਸ ਨੂੰ ਜੇਲ੍ਹ ਯਾਤਰਾ ਕਰਵਾ ਦਿੱਤੀ। ਪਰ ਇਥੋਂ ਦੀ ਜ਼ਿਲ੍ਹਾ ਅਦਾਲਤ ਨੇ ਲੰਘੀ 18 ਜੁਲਾਈ ਨੂੰ ਉੱਤਰ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨ ਰੀਤਾ ਬਹੁਗੁਣਾ ਜੋਸ਼ੀ ਨੂੰ ਮੁੱਖ ਮੰਤਰੀ ਮਾਇਆਵਤੀ ਵਿਰੁਧ ਅਪਮਾਨਜਨਕ ਟਿੱਪਣੀ ਕਰਨ ਦੇ ਮਾਮਲੇ 'ਚ ਅੰਤਰਮ ਜ਼ਮਾਨਤ ਦੇ ਦਿਤੀ ਹੈ।

ਯਾਦ ਰਹੇ ਸ੍ਰੀਮਤੀ ਜੋਸ਼ੀ ਨੂੰ ਪਿਛਲੇ ਦਿਨੀਂ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਦੋਂ ਉਨ੍ਹਾਂ ਨੇ ਬਲਾਤਕਾਰ ਦੇ ਮਾਮਲੇ 'ਚ ਮਾਇਆਵਤੀ ਵਿਰੁਧ ਟਿੱਪਣੀ ਕਰ ਦਿਤੀ ਸੀ ਕਿ "ਮਾਇਆਵਤੀ ਬਲਾਤਕਾਰ ਕਰਵਾ ਲਵੇ, ਤਾਂ ਉਹ ਸੱਤਰ ਪੰਝੱਤਰ ਹਜ਼ਾਰ ਦੀ ਥਾਂ ਲੱਖਾਂ ਰੁਪਏ ਦੇਣ ਨੂੰ ਤਿਆਰ ਹੈ।" ਇਹ ਅਸਲ ਵਿਚ ਸ੍ਰੀਮਤੀ ਬਹੁਗੁਣਾ ਵਲੋਂ ਸੂਬੇ ਵਿਚ ਬਲਾਤਕਾਰ ਦੀਆਂ ਸ਼ਿਕਾਰ ਦਲਿਤ ਔਰਤਾਂ ਨੂੰ ਨਿਆਂ ਦੇਣ ਦੀ ਥਾਂ ਮੁਆਵਜ਼ਾ ਦੇਣ ਦੀ ਯੂ.ਪੀ. ਸਰਕਾਰ ਦੀ ਨੀਤੀ ਤੋਂ ਭੱਖਿਆ ਵਿਵਾਦ ਸੀ।

ਪਹਿਲਾਂ ਅਦਾਲਤ ਨੇ ਉਨ੍ਹਾਂ ਨੂੰ 14 ਦਿਨ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਸੀ। ਹੁਣ ਅਦਾਲਤ ਨੇ ਡਾ. ਜੋਸ਼ੀ ਨੂੰ 29 ਜੁਲਾਈ ਤਕ ਅੰਤਰਿਮ ਜ਼ਮਾਨਤ ਦਿੱਤੀ ਹੈ। ਵਧੀਕ ਜ਼ਿਲ੍ਹਾ ਜੱਜ ਨੇ ਉਨ੍ਹਾਂ ਨੂੰ ਜ਼ਮਾਨਤ ਦਿੰਦਿਆਂ 30 ਹਜ਼ਾਰ ਰੁਪਏ ਜ਼ਮਾਨਤ ਰਾਸ਼ੀ ਵਜੋਂ ਭਰਨ ਦਾ ਹੁਕਮ ਵੀ ਦਿਤਾ। ਇਸੇ ਦੌਰਾਨ ਕੇਂਦਰੀ ਕੋਲਾ ਮੰਤਰੀ ਸ੍ਰੀ ਪ੍ਰਕਾਸ਼ ਜੈਸਵਾਲ ਨੇ ਬਹੁਗੁਣਾ ਦੇ ਘਰ ਨੂੰ ਅੱਗ ਲਾਉਣ ਦੀ ਘਟਨਾ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਡਾ. ਜੋਸ਼ੀ ਦੇ ਘਰ ਇਸ ਘਟਨਾ ਦੀ ਜਾਣਕਾਰੀ ਲੈਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਤਰੀ ਨੇ ਕਿਹਾ ਕਿ ਇਸ ਘਟਨਾ ਪਿੱਛੇ ਸੱਤਾਧਾਰੀ ਧਿਰ ਦੀ ਸਾਜ਼ਿਸ਼ ਲੱਗਦੀ ਹੈ, ਇਸ ਲਈ ਇਸ ਸਾਜ਼ਿਸ਼ ਤੋਂ ਕੇਵਲ



ਰੀਤਾ ਬਹੁਗੁਣਾ

ਸੀ.ਬੀ.ਆਈ. ਹੀ ਪਰਦਾ ਚੁੱਕ ਸਕਦੀ ਹੈ ਤੇ ਸੂਬਾ ਪੁਲਿਸ ਇਸ ਦੀ ਨਿਰਪੱਖ ਜਾਂਚ ਨਹੀਂ ਕਰ ਸਕੇਗੀ।

ਉਨ੍ਹਾਂ ਕਿਹਾ ਕਿ ਸਿਰਫ ਸੀ.ਬੀ.ਆਈ. ਜਾਂਚ ਤੋਂ ਹੀ ਇਹ ਪਤਾ ਲੱਗ ਸਕੇਗਾ ਕਿ ਘਟਨਾ ਲਈ ਕੌਣ ਜ਼ਿੰਮੇਵਾਰ ਸੀ। ਉਧਰ ਉੱਤਰ ਪ੍ਰਦੇਸ਼ ਸਰਕਾਰ ਸੀ.ਬੀ.ਆਈ. ਦੀ ਜਾਂਚ ਦੀ ਕਾਂਗਰਸ ਵਲੋਂ ਕੀਤੀ ਜਾ ਰਹੀ ਮੰਗ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਅੰਤਰਿਮ ਜ਼ਮਾਨਤ 'ਤੇ ਰਿਹਾਅ ਹੋਈ ਯੂ.ਪੀ. ਕਾਂਗਰਸ ਦੀ ਪ੍ਰਧਾਨ ਰੀਤਾ ਬਹੁਗੁਣਾ ਜੋਸ਼ੀ ਨੇ ਮਾਇਆਵਤੀ ਵਿਰੁਧ ਕੀਤੀ ਟਿੱਪਣੀ 'ਤੇ ਅਫ਼ਸੋਸ ਪ੍ਰਗਟ ਕੀਤਾ, ਪਰ ਨਾਲ ਹੀ ਕਿਹਾ ਕਿ ਮੇਰੇ ਘਰ ਨੂੰ ਸਰਕਾਰ ਦੀ ਸ਼ਹਿ 'ਤੇ ਅੱਗ ਲਾਈ ਗਈ ਅਤੇ ਮੁੱਖ ਮੰਤਰੀ ਨੂੰ ਅਹੁਦੇ 'ਤੇ ਕਾਇਮ ਰਹਿਣ ਦਾ ਕੋਈ ਹੱਕ ਨਹੀਂ। ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਮੈਂ ਮਾਇਆਵਤੀ ਵਿਰੁਧ ਟਿੱਪਣੀ ਕਰਦਿਆਂ ਸਾਰੀਆਂ ਹੱਦਾਂ ਪਾਰ ਕਰ ਗਈ, ਜਿਸ ਦਾ ਮੈਨੂੰ ਅਫ਼ਸੋਸ ਹੈ। ਮੇਰਾ ਮੰਤਵ ਬਲਾਤਕਾਰ ਦਾ ਸ਼ਿਕਾਰ ਹੋਈਆਂ ਦਲਿਤ ਔਰਤਾਂ ਦੀ ਹਾਲਤ ਬਾਰੇ ਮੁੱਖ ਮੰਤਰੀ ਨੂੰ ਜਾਣੂ ਕਰਵਾਉਣਾ ਸੀ।"

ਉਨ੍ਹਾਂ ਕਿਹਾ, "ਸੋਨੀਆ ਗਾਂਧੀ ਵਲੋਂ ਮੇਰੀ ਟਿੱਪਣੀ 'ਤੇ ਨਾਖੁਸ਼ੀ ਦਾ ਪ੍ਰਗਟਾਵਾ ਕਰਨ ਨਾਲ ਮੈਂ ਸਹਿਮਤ ਹਾਂ, ਪਰ ਮੇਰੇ ਪੂਰੇ ਬਿਆਨ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ, ਜਿਸ ਵਿਚ ਦਲਿਤ ਔਰਤਾਂ ਨੂੰ ਦਰਪੇਸ਼ ਔਕੜਾਂ ਬਾਰੇ ਜ਼ਿਕਰ ਕੀਤਾ ਗਿਆ ਹੈ।" ਰੀਤਾ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਕਾਨੂੰਨ ਦੀਆਂ ਉਨ੍ਹਾਂ ਧਾਰਾਵਾਂ ਨੂੰ ਲਾਗੂ ਕੀਤਾ ਗਿਆ, ਜਿਨ੍ਹਾਂ ਦੀ ਵਰਤੋਂ ਨਹੀਂ ਹੋਣੀ ਚਾਹੀਦੀ ਸੀ। ਪਰ ਫਿਰ ਵੀ ਮੈਨੂੰ ਦੋ ਦਿਨਾਂ ਵਿਚ ਜ਼ਮਾਨਤ ਮਿਲ ਗਈ। ਉਨ੍ਹਾਂ ਕਿਹਾ ਕਿ ਮੇਰੀ ਮੁੱਖ ਮੰਤਰੀ ਮਾਇਆਵਤੀ ਨਾਲ ਕੋਈ ਨਿਜੀ ਲੜਾਈ ਨਹੀਂ, ਪਰ ਅਨੁਸੂਚਿਤ ਜਾਤੀਆਂ ਅਤੇ ਔਰਤਾਂ ਨੂੰ ਦਰਪੇਸ਼ ਔਕੜਾਂ ਦੇ ਮੁੱਦੇ 'ਤੇ ਉਨ੍ਹਾਂ ਨਾਲ ਮੇਰੀ ਲੜਾਈ ਜਾਰੀ ਰਹੇਗੀ। ਇਸ ਦੌਰਾਨ ਅਮੇਠੀ ਦੌਰੇ 'ਤੇ ਪਹੁੰਚੇ ਰਾਹੁਲ ਗਾਂਧੀ ਨੇ ਸੂਬੇ ਦੀ ਮੁੱਖ ਮੰਤਰੀ ਮਾਇਆਵਤੀ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ, "ਮੁੱਖ ਮੰਤਰੀ ਨੂੰ ਆਪਣੇ ਬੁੱਤ ਲਗਵਾਉਣ ਦੀ ਲੱਗੀ ਹੋਈ ਹੈ, ਜਦੋਂ ਕਿ ਆਮ ਜਨਤਾ ਬੁਨਿਆਦੀ ਸਹੂਲਤਾਂ ਤੋਂ ਬੇਹਾਲ ਹੋਈ ਪਈ ਹੈ।

ਮਾਇਆਵਤੀ ਨੂੰ ਆੜੇ ਹੱਥੀਂ ਲੈਂਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਰੇਗਾ ਤਹਿਤ ਦਿੱਤੇ ਗਏ ਫੰਡਾਂ ਨੂੰ ਵੀ ਬੁੱਤ ਲਗਾਉਣ ਲਈ ਵਰਤ ਲਿਆ ਹੈ। ਇਸ ਤੋਂ ਇਲਾਵਾ ਸੂਬੇ



ਮਾਇਆਵਤੀ

ਅੰਦਰ ਬਿਜਲੀ ਦੀ ਘਾਟ ਲਈ ਵੀ ਮੌਜੂਦਾ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਮਾਇਆਵਤੀ ਕੋਲ ਆਪਣੇ ਬੁੱਤ ਤੇ ਹਾਥੀ ਦੀਆਂ ਤਸਵੀਰਾਂ ਲਗਵਾਉਣ ਲਈ ਸਮਾਂ ਤੇ ਪੈਸੇ ਹਨ, ਜਦੋਂ ਕਿ ਵਿਕਾਸ ਤੇ ਬਿਜਲੀ ਲਈ ਨਹੀਂ।

ਇਸ ਮਾਮਲੇ 'ਚ ਦੋਹਾਂ ਪਾਰਟੀਆਂ ਵਲੋਂ ਇਕ ਦੂਜੇ ਖ਼ਿਲਾਫ ਬਿਆਨਬਾਜ਼ੀ ਵੀ ਕੀਤੀ ਗਈ। ਬਸਪਾ ਸੁਪਰੀਮੋ ਨੇ ਇਸ ਟਿੱਪਣੀ ਲਈ ਜਿੱਥੇ ਕਾਂਗਰਸ ਦੀ ਹਾਈਕਮਾਂਡ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਉਥੇ ਕਾਂਗਰਸ ਨੇ ਇਸ ਮਾਮਲੇ ਨੂੰ ਬਸਪਾ ਦੀ ਸੋਚੀ ਸਮਝੀ ਸਾਜ਼ਿਸ਼ ਦੱਸਿਆ ਹੈ। ਬਸਪਾ ਸੁਪਰੀਮੋ ਨੇ ਕਿਹਾ ਹੈ ਕਿ ਇਹ ਟਿੱਪਣੀ ਕਾਂਗਰਸ ਹਾਈਕਮਾਂਡ ਨਾਲ ਗੱਲਬਾਤ ਕਰਨ ਤੋਂ ਬਾਅਦ ਕੀਤੀ ਗਈ ਹੈ।

ਉਨ੍ਹਾਂ ਇਸ ਟਿੱਪਣੀ ਨੂੰ ਗੈਰ-ਮੁਆਫ਼ੀਯੋਗ ਦੱਸਿਆ ਅਤੇ ਇਸ ਮਾਮਲੇ 'ਚ ਯੂ.ਪੀ.ਏ. ਚੇਅਰਪਰਸਨ ਸੋਨੀਆ ਗਾਂਧੀ ਨੂੰ ਵੀ ਲਪੇਟਿਆ। ਇਕ ਪ੍ਰੈਸ ਕਾਨਫਰੰਸ ਦੌਰਾਨ ਮਾਇਆਵਤੀ ਨੇ ਕਿਹਾ ਕਿ ਸੋਨੀਆ ਨੇ ਇਸ ਮਾਮਲੇ 'ਚ ਕੋਈ ਵੀ ਟਿੱਪਣੀ ਨਾ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸਭ ਕੁਝ ਉਨ੍ਹਾਂ ਦੀ ਜਾਣਕਾਰੀ 'ਚ ਸੀ। ਦੂਜੇ ਪਾਸੇ ਸੋਨੀਆ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੂੰ ਸ੍ਰੀਮਤੀ ਬਹੁਗੁਣਾ ਵਲੋਂ ਕੀਤੀ ਗਈ ਟਿੱਪਣੀ ਦਾ ਖੇਦ ਹੈ, ਪਰ ਇਸ ਮਾਮਲੇ 'ਚ ਸੂਬਾ ਸਰਕਾਰ ਵਲੋਂ ਕੀਤੀ ਗਈ ਕਾਰਵਾਈ ਵੀ ਸਹੀ ਦਿਸ਼ਾ 'ਚ ਉਠਾਇਆ ਗਿਆ ਕਦਮ ਨਹੀਂ ਹੈ। ਉਨ੍ਹਾਂ ਕਿਹਾ ਕਿ ਬਸਪਾ ਸਮਰਥਕਾਂ ਵਲੋਂ ਸ੍ਰੀਮਤੀ ਬਹੁਗੁਣਾ ਦਾ ਘਰ ਸਾੜਨਾ ਤੇ ਹੋਰ ਤੋੜ ਫੋੜ ਦੀਆਂ ਕਾਰਵਾਈਆਂ ਕਰਨਾ ਮੰਦਭਾਗੀ ਗੱਲ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸ੍ਰੀਮਤੀ ਬਹੁਗੁਣਾ ਦੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਇਸ ਮਾਮਲੇ 'ਚ ਉਨ੍ਹਾਂ ਤੋਂ ਸਪੱਸ਼ਟੀਕਰਨ ਮੰਗਣਗੇ। ਇਸ ਦੇ ਨਾਲ ਹੀ ਉਨ੍ਹਾਂ ਮੁਰਾਦਾਬਾਦ 'ਚ ਸ੍ਰੀਮਤੀ ਬਹੁਗੁਣਾ ਵਲੋਂ ਕੀਤੀਆਂ ਤਕਰੀਰਾਂ ਦੀ ਸੀ.ਡੀ. ਵੀ ਮੰਗਵਾ ਲਈ ਹੈ ਤਾਂ ਜੋ ਅਸਲੀਅਤ ਦਾ ਪਤਾ ਲਗਾਇਆ ਜਾ ਸਕੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੀ 15 ਜੁਲਾਈ ਦੀ ਰਾਤ ਨੂੰ ਵੱਡੀ ਗਿਣਤੀ 'ਚ ਬਸਪਾ ਸਮਰਥਕਾਂ ਨੇ ਸ੍ਰੀਮਤੀ ਬਹੁਗੁਣਾ ਦਾ ਘਰ ਤੇ ਕਾਰਾਂ ਵੀ ਸਾੜ ਦਿੱਤੀਆਂ ਸਨ। ਸੂਬੇ ਅੰਦਰ ਵਾਪਰ ਰਹੇ ਘਟਨਾਕ੍ਰਮ ਬਾਰੇ ਵੱਖ-ਵੱਖ ਪਾਰਟੀਆਂ ਨੇ ਵੀ ਵੱਖ-ਵੱਖ ਟਿੱਪਣੀਆਂ ਕੀਤੀਆਂ ਹਨ। ਜਿੱਥੇ ਭਾਜਪਾ ਨੇ ਇਸ ਘਟਨਾਕ੍ਰਮ ਨੂੰ ਦੋਹਾਂ ਪਾਰਟੀਆਂ ਦਰਮਿਆਨ ਚੱਲ ਰਹੀ ਸਿਆਸੀ ਨੌਟੰਕੀ ਦੱਸਿਆ ਹੈ, ਉਥੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਇਸ ਸਮੇਂ ਸੂਬੇ 'ਚ ਕਾਨੂੰਨ ਦਾ ਰਾਜ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ ਅਤੇ ਸਾਰੇ ਅਧਿਕਾਰੀ ਬਸਪਾ ਆਗੂਆਂ ਦੀ ਸ਼ਹਿ 'ਤੇ ਕੰਮ ਕਰ ਰਹੇ ਹਨ।

# ਰਾਜਧਾਨੀ ਦੇ ਸਰਕਾਰੀ ਬੰਗਲਿਆਂ 'ਤੇ ਅਣ-ਅਧਿਕਾਰਤ ਤੌਰ 'ਤੇ ਕਾਬਜ਼ ਹਨ 36 ਸਾਬਕਾ ਸੰਸਦ ਮੈਂਬਰ

*** ਕੇਂਦਰ ਨੇ ਸੁਖਬੀਰ ਬਾਦਲ ਨੂੰ ਕੋਠੀ ਛੱਡਣ ਦਾ ਹੁਕਮ ਦਿੱਤਾ * ਹਰਸਿਮਰਤ ਨੂੰ ਕੋਠੀ ਨਹੀਂ ਫਲੈਟ ਮਿਲੇਗਾ * ਪੰਜਾਬ ਦੇ ਕਾਂਗਰਸੀਆਂ ਕੇਂਦਰ ਕੋਲ ਸੁਖ਼ਬੀਰ ਦੀਆ ਸ਼ਿਕਾਇਤਾਂ ਕੀਤੀਆਂ * ਕੇਂਦਰ ਨੇ ਸੁਖਬੀਰ ਖਿਲਾਫ ਰਵੱਈਆ ਬਦਲਿਆ**

**ਨਵੀਂ ਦਿੱਲੀ :** ਰਾਜਧਾਨੀ 'ਚ ਸਰਕਾਰੀ ਬੰਗਲਿਆਂ 'ਤੇ ਨਾਜਾਇਜ਼ ਕਾਬਜ਼ਕਾਰਾਂ 'ਚ 36 ਅਜਿਹੇ ਸਾਬਕਾ ਸਾਂਸਦ ਸ਼ਾਮਲ ਹਨ, ਜਿਨ੍ਹਾਂ 'ਚ ਪ੍ਰਮੁੱਖ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਸਾਂਸਦ ਸੁਖਬੀਰ ਸਿੰਘ ਬਾਦਲ, ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ, ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼, ਜਗਦੀਸ਼ ਟਾਈਟਲਰ, ਰਾਮ ਵਿਲਾਸ ਪਾਸਵਾਨ ਅਤੇ ਕਾਂਸ਼ੀਰਾਮ ਰਾਣਾ ਦਾ ਨਾਂਅ ਸ਼ਾਮਲ ਹੈ।



ਜਾਰਜ ਫਰਨਾਂਡੇਜ਼

ਸੂਚਨਾ ਅਧਿਕਾਰ ਤਹਿਤ ਸੁਭਾਸ਼ ਚੰਦਰ ਅਗਰਵਾਲ ਵਲੋਂ ਇਸ ਸਬੰਧੀ ਮੰਗੀ ਗਈ ਜਾਣਕਾਰੀ ਤੋਂ ਇਸ ਗੱਲ ਦਾ ਖੁਲਾਸਾ ਹੋਇਆ ਹੈ ਕੇ ਦੇਸ਼ ਦੇ ਪ੍ਰਮੁੱਖ ਸਿਆਸੀ ਆਗੂ ਆਪਣਾ ਕਾਰਜਕਾਲ ਬੀਤ ਜਾਣ ਤੋਂ ਬਾਅਦ ਵੀ ਸਰਕਾਰੀ ਬੰਗਲੇ ਮੱਲੀ ਬੈਠੇ ਹਨ। ਹਾਲ ਵਿਚ ਹੀ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਬਹੁਤ ਸਾਰੇ ਪ੍ਰਮੁੱਖ ਸਿਆਸੀ ਆਗੂ ਚੋਣ ਹਾਰ ਗਏ ਹਨ ਅਤੇ ਕੁਝ ਨੇ ਅਸਤੀਫਾ ਦੇ ਦਿੱਤੇ ਹਨ। ਪਰ ਉਕਤ ਜਾਣਕਾਰੀ ਮੁਤਾਬਕ 36 ਅਜਿਹੇ ਸਾਂਸਦ ਹਨ, ਜਿਨ੍ਹਾਂ ਨੇ ਹਾਲੇ ਵੀ ਸਰਕਾਰੀ ਰਿਹਾਇਸ਼ 'ਚ ਡੇਰੇ ਲਗਾਏ ਹੋਏ ਹਨ। ਸੰਸਦ ਮੈਂਬਰਾਂ ਨੂੰ ਮਿਲਦੀ ਸਰਕਾਰੀ ਰਿਹਾਇਸ਼ ਬਾਰੇ ਸਵਾਲ ਦਾ ਜਵਾਬ ਦਿੰਦਿਆਂ ਮਕਾਨ ਉਸਾਰੀ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਗੈਰ-ਅਧਿਕਾਰਤ ਤੌਰ 'ਤੇ ਸਰਕਾਰੀ ਰਿਹਾਇਸ਼ ਦੀ ਵਰਤੋਂ ਕਰਨ ਵਾਲਿਆਂ ਖਿਲਾਫ ਅਲਾਟਮੈਂਟ ਰੱਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਵਿਭਾਗ ਪੀ.ਪੀ. ਐਕਟ 1971 ਤਹਿਤ ਸਰਕਾਰੀ ਰਿਹਾਇਸ਼ ਨੂੰ ਨਿਰਧਾਰਤ ਨਿਯਮਾਂ ਤਹਿਤ ਖਾਲੀ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਸਾਰੇ ਕੇਸ ਨਿਆਂਇਕ ਵਿਭਾਗ ਨੂੰ ਭੇਜ ਦਿੱਤੇ ਗਏ ਹਨ। ਇਥੇ ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਨਵੀਂ ਦਿੱਲੀ ਸਥਿਤ ਸਰਕਾਰੀ ਕੋਠੀ ਖਾਲੀ ਕਰਨ ਲਈ ਕਿਹਾ ਹੈ। ਜਾਣਕਾਰੀ ਅਨੁਸਾਰ ਇਸ ਲਈ ਉਨ੍ਹਾਂ ਨੂੰ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਸੂਤਰ ਦਸਦੇ ਹਨ ਕਿ ਕੇਂਦਰ ਦੀ ਇਹ ਕਾਰਵਾਈ ਪੰਜਾਬ ਦੇ ਕਾਂਗਰਸੀਆਂ ਵਲੋਂ ਧੱਕੇਸ਼ਾਹੀਆਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਹੋਈ ਹੈ, ਜਿਸ 'ਚ ਸੁਖਬੀਰ ਪ੍ਰਤੀ ਨਰਮੀ ਨਾ ਰੱਖਣ ਦੀ ਅਪੀਲ ਕੀਤੀ ਗਈ ਸੀ।




ਸੁਖਬੀਰ ਸਿੰਘ ਬਾਦਲ



ਰਾਮ ਵਿਲਾਸ ਪਾਸਵਾਨ

ਮਾਮਲਾ ਨਵੀਂ ਐਮ.ਪੀ. ਹਰਸਿਮਰਤ ਕੌਰ ਬਾਦਲ ਵਲੋਂ ਕੇਂਦਰ ਸਰਕਾਰ ਪਾਸੋਂ ਕੋਠੀ ਦੀ ਮੰਗ ਨੂੰ ਲੈ ਕੇ ਉਠਿਆ ਸੀ। ਹਰਸਿਮਰਤ ਕੌਰ ਨੇ ਕੇਂਦਰੀ ਗ੍ਰਹਿ ਮੰਤਰੀ ਤੇ ਸ਼ਹਿਰੀ ਵਿਕਾਸ ਮੰਤਰੀ ਨੂੰ ਭੇਜੇ ਪੱਤਰ 'ਚ ਕਿਹਾ ਸੀ ਕਿ ਉਸ ਦੇ ਬੱਚੇ ਦਿੱਲੀ ਵਿਖੇ ਪੜ੍ਹ ਰਹੇ ਹਨ ਅਤੇ ਬਾਦਲ ਪਰਿਵਾਰ ਦੀ ਮੈਂਬਰ ਹੋਣ ਕਾਰਨ ਉਨ੍ਹਾਂ ਦੀ ਸੁਰੱਖਿਆ ਵਿਵਸਥਾ ਵੱਡੀ ਹੈ, ਜਿਸ ਕਰਕੇ ਨਵੀਂ ਦਿੱਲੀ ਸਥਿਤ 12 ਸਫ਼ਦਰਜੰਗ ਦੀ ਕੋਠੀ ਉਨ੍ਹਾਂ ਦੇ ਨਾਂ 'ਤੇ ਅਲਾਟ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਉਕਤ ਕੋਠੀ ਸੁਖਬੀਰ ਸਿੰਘ ਬਾਦਲ ਕੋਲ ਹੈ, ਜੋ ਉਨ੍ਹਾਂ ਨੂੰ ਸ੍ਰੀ ਵਾਜਪਾਈ ਦੀ ਸਰਕਾਰ ਸਮੇਂ ਮਾਰਚ 1998 'ਚ ਮਿਲੀ ਸੀ, ਜਦ ਉਨ੍ਹਾਂ ਨੂੰ ਕੇਂਦਰੀ ਸਨਅਤ ਰਾਜ ਮੰਤਰੀ ਬਣਾਇਆ ਗਿਆ ਸੀ, ਤਦ ਉਹ ਕੇਂਦਰੀ ਮੰਤਰੀ ਸਨ। ਭਾਵੇਂ ਵਾਜਪਾਈ ਸਰਕਾਰ ਚਲੀ ਗਈ, ਪਰ ਸੁਖਬੀਰ ਬਾਦਲ ਉਸੇ ਵੱਡੀ ਸਰਕਾਰੀ ਕੋਠੀ ਵਿਚ ਹੀ ਰਹੇ, ਜੋ ਕੈਬਨਿਟ ਮੰਤਰੀਆਂ ਨੂੰ ਮਿਲਦੀ ਹੈ, ਜਦਕਿ ਸਾਂਸਦਾਂ ਨੂੰ ਸਿਰਫ ਫਲੈਟ ਮਿਲਦੇ ਹਨ। ਦਿਲਚਸਪ ਗੱਲ ਇਹ ਹੈ ਕਿ ਸੰਸਦ ਵਿਚ ਉਹ ਆਪਣੀ ਪਾਰਟੀ ਦੇ ਸੰਸਦ ਮੈਂਬਰਾਂ ਦੇ ਆਗੂ ਵੀ ਨਹੀਂ ਸਨ। ਸੁਖਬੀਰ ਦੇ ਪੰਜਾਬ 'ਚ ਡਿਪਟੀ ਮੁੱਖ ਮੰਤਰੀ ਬਣਨ ਤਕ ਵੀ ਦਿੱਲੀ ਵਾਲੀ ਕੋਠੀ ਉਨ੍ਹਾਂ ਦੇ ਕਬਜ਼ੇ ਹੇਠ ਰਹੀ। ਸਰਕਾਰੀ ਕੋਠੀ ਨੂੰ ਖਾਲੀ ਕਰਵਾਉਣ ਦੇ ਨੋਟਿਸ ਜਾਰੀ ਹੋਏ, ਪਰ ਇਸ ਵਾਰ ਅਕਾਲੀ ਦਲ ਦੀ ਸਿਫ਼ਾਰਸ਼ ਪ੍ਰਵਾਨ ਨਹੀਂ ਕੀਤੀ ਗਈ। ਜਦਕਿ ਮਨਮੋਹਨ ਸਿੰਘ ਦੀ ਪਿਛਲੀ ਸਰਕਾਰ ਸਮੇਂ ਸੁਖਬੀਰ ਪ੍ਰਤੀ ਕੇਂਦਰ ਦਾ ਵਤੀਰਾ ਨਰਮ ਸੀ। ਨਵੀਂ ਬਣੀ ਸਰਕਾਰ 'ਚ ਕੇਂਦਰ ਦੇ ਵਤੀਰੇ 'ਚ ਸੁਖਬੀਰ ਬਾਦਲ ਪ੍ਰਤੀ ਤਬਦੀਲੀ ਆਈ ਹੈ।



ਜਗਦੀਸ਼ ਟਾਈਟਲਰ

ਸੂਤਰਾਂ ਅਨੁਸਾਰ ਪੰਜਾਬ ਕਾਂਗਰਸ ਦੇ ਆਗੂ ਵੱਖ-ਵੱਖ ਸਮੇਂ ਦੌਰਾਨ ਪ੍ਰਧਾਨ ਮੰਤਰੀ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪੰਜਾਬ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨੂੰ ਮਿਲ ਕੇ ਇਹ ਦੁਖੜਾ ਰੋਂਦੇ ਰਹੇ ਕਿ ਜਦੋਂ ਸਰਕਾਰ ਦੀ ਕਮਾਨ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਰਹੀ, ਉਸ ਸਮੇਂ ਤਕ ਬਦਲਾ ਲਊ ਕਾਰਵਾਈਆਂ ਜਾਂ ਤਾਨਾਸ਼ਾਹੀ ਨਹੀਂ ਚਲਦੀ ਸੀ, ਪਰ ਹੁਣ ਸੁਖਬੀਰ ਹੱਥ ਪਾਰਟੀ ਦੀ ਕਮਾਨ ਆਉਣ ਤੋਂ ਬਾਅਦ ਕਾਂਗਰਸੀ ਵਰਕਰਾਂ ਉਤੇ ਤਸ਼ੱਦਦ ਐਨੇ ਵਧੇ ਕਿ ਕਾਂਗਰਸੀ ਸਿਆਸਤ ਤੋਂ ਹੀ ਉਦਾਸੀਨ ਹੋ ਰਹੇ ਹਨ।

ਸੂਤਰਾਂ ਅਨੁਸਾਰ ਪੰਜਾਬ 'ਚ ਕਾਂਗਰਸ ਨੂੰ ਮਜ਼ਬੂਤ ਕਰਨ ਅਤੇ ਸੁਖ਼ਬੀਰ ਨੂੰ ਝਟਕਾ ਦੇਣ ਤਾਂ ਕੇਂਦਰ ਨੇ ਹੁਣ ਨੀਤੀ ਬਦਲਣੀ ਸ਼ੁਰੂ ਕਰ ਦਿਤੀ ਹੈ। ਹਰਸਿਮਰਤ ਕੌਰ ਬਾਦਲ ਵਲੋਂ ਕੋਠੀ ਅਲਾਟ ਕਰਨ ਦੀ ਕੀਤੀ ਮੰਗ ਦੇ ਜਵਾਬ 'ਚ ਕੇਂਦਰ ਨੇ ਕਿਹਾ ਹੈ ਕਿ ਨਵੇਂ ਸਾਂਸਦਾਂ ਨੂੰ ਕੋਠੀ ਦੇਣ ਦੀ ਕੋਈ ਵਿਵਸਥਾ ਨਹੀਂ ਹੈ ਅਤੇ ਉਨ੍ਹਾਂ ਨੂੰ ਫਲੈਟ ਹੀ ਦਿਤੇ ਜਾਣਗੇ।

# ਕੈਪਟਨ ਦਾ ਪੱਤਾ ਸਾਫ ਕਰਨ ਲਈ ਬਾਜਵਾ-ਸੁਖਬੀਰ ਮੀਟਿੰਗ ਦੀ ਚਰਚਾ

## ਪ੍ਰਤਾਪ ਸਿੰਘ ਬਾਜਵਾ ਵਲੋਂ ਸੁਖਬੀਰ ਨਾਲ ਕਿਸੇ ਵੀ ਕਿਸਮ ਦੀ ਮੀਟਿੰਗ ਤੋਂ ਇਨਕਾਰ

**ਚੰਡੀਗੜ੍ਹ :** ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੀ ਦੌੜ ਵਿਚੋਂ ਪਾਸੇ ਕਰਨ ਲਈ ਗੁਰਦਾਸਪੁਰ ਦੇ ਕਾਂਗਰਸ ਮੈਂਬਰ ਪਾਰਲੀਮੈਂਟ ਸ. ਪ੍ਰਤਾਪ ਸਿੰਘ ਬਾਜਵਾ ਅਤੇ ਸੁਖਬੀਰ ਬਾਦਲ ਵਿਚਕਾਰ ਚਿੱਲੀ ਵਿਚ ਇਕ ਮੀਟਿੰਗ ਹੋਈ ਦੱਸੀ ਜਾਂਦੀ ਹੈ।

ਸ.ਪ੍ਰਤਾਪ ਸਿੰਘ ਬਾਜਵਾ ਨੇ ਇਸ ਕਿਸਮ ਦੀ ਕਿਸੇ ਵੀ ਮੀਟਿੰਗ ਤੋਂ ਇਨਕਾਰ ਕੀਤਾ ਹੈ, ਜਦਕਿ ਕੇਂਦਰੀ ਖੁਫੀਆ ਏਜੰਸੀਆਂ ਦੇ ਸੂਤਰ ਇਸ ਦੀ ਪੁਸ਼ਟੀ ਕਰ ਰਹੇ ਹਨ। ਇਸ ਦੌਰਾਨ ਸ. ਪ੍ਰਤਾਪ ਸਿੰਘ ਬਾਜਵਾ ਨੇ ਇਸ ਖ਼ਬਰ ਦੀ ਪੁਰਜ਼ੋਰ ਤਰਦੀਦ ਕੀਤੀ ਹੈ ਕਿ ਉਨ੍ਹਾਂ ਦੀ ਸੁਖਬੀਰ ਬਾਦਲ ਨਾਲ ਗੁਪਤ ਮੀਟਿੰਗ ਹੋਈ ਹੈ, ਜਿਸ ਵਿਚ ਗੁਰਦਾਸਪੁਰ ਅਸੈਂਬਲੀ ਸੀਟ ਲਈ ਕੋਈ ਗੁਪਤ ਸਮਝੌਤਾ ਹੋਇਆ ਹੈ। ਉਨ੍ਹਾਂ ਕਿਹਾ, "ਇਹ ਖ਼ਬਰ ਕਿਸੇ ਸ਼ਰਾਰਤੀ ਦਿਮਾਗ ਦੀ ਉਪਜ ਹੈ ਤੇ ਮੇਰਾ ਅਕਸ ਖ਼ਰਾਬ ਕਰਨ ਦੇ ਇਰਾਦੇ ਨਾਲ ਲਗਵਾਈ ਗਈ ਹੈ।"

ਯਾਦ ਰਹੇ ਕਿ ਗੁਰਦਾਸਪੁਰ ਸੀਟ ਦੀ ਜ਼ਿਮਨੀ ਚੋਣ ਲਈ ਸ. ਪ੍ਰਤਾਪ ਸਿੰਘ ਬਾਜਵਾ ਦੇ ਛੋਟੇ ਭਰਾ ਸ. ਫਹਿਤਜੰਗ ਸਿੰਘ ਬਾਜਵਾ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਹਨ। ਸ. ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਾਰਾ ਬਾਦਲ ਪਰਿਵਾਰ ਉਨ੍ਹਾਂ ਦੇ ਭਰਾ ਨੂੰ ਹਰਾਉਣ ਲਈ ਹਲਕੇ ਵਿਚ ਛਾਉਣੀ ਪਾਈ ਬੈਠਾ ਹੈ। ਉਨ੍ਹਾਂ ਕਿਹਾ, "ਮੈਨੂੰ ਇਹ ਵੀ ਪਤਾ ਹੈ ਕਿ ਇਸ ਖ਼ਬਰ ਦਾ ਅਸਲ ਸ੍ਰੋਤ ਕੀ ਹੈ ਤੇ ਕੌਣ ਇਸ ਤਰ੍ਹਾਂ ਦੀਆਂ ਹਵਾਈਆਂ ਛੱਡ ਕੇ ਮੈਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ।


ਸੁਖਬੀਰ ਸਿੰਘ ਬਾਦਲ


ਪ੍ਰਤਾਪ ਸਿੰਘ ਬਾਜਵਾ

ਪਰ ਮੈਂ ਨੰਗੇ ਧੜ ਵੀ ਪਾਰਟੀ ਦਾ ਝੰਡਾ ਬੁਲੰਦ ਰੱਖਾਂਗਾਂ ਤੇ ਬਾਦਲਕਿਆਂ ਨੂੰ ਕਰਾਰੀ ਹਾਰ ਦੇਣ ਲਈ ਪੂਰਾ ਜ਼ੋਰ ਲਾ ਦੇਵਾਂਗਾ।"

ਯਾਦ ਰਹੇ ਪਿਛਲੇ ਦਿਨੀਂ ਚੰਡੀਗੜ੍ਹ ਤੋਂ ਛਪਦੇ ਇਕ ਅਖ਼ਬਾਰ ਵਿਚ ਖਬਰ ਲੱਗੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕਾਂਗਰਸ ਦੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸ. ਪ੍ਰਤਾਪ ਸਿੰਘ ਬਾਜਵਾ ਵਿਚਾਲੇ ਮੀਟਿੰਗ ਦੀ ਚਰਚਾ ਨੇ ਅਕਾਲੀਆਂ ਅਤੇ ਕਾਂਗਰਸੀਆਂ ਦੀ ਨੀਂਦ ਉਡਾ ਦਿੱਤੀ ਹੈ।

ਜਾਣਕਾਰੀ ਅਨੁਸਾਰ ਲੰਘੀ 18 ਜੁਲਾਈ ਨੂੰ ਕਾਹਨੂੰਵਾਨ ਗਏ ਸੁਖਬੀਰ ਬਾਦਲ ਤੋਂ ਅਕਾਲੀ ਆਗੂਆਂ ਨੇ ਸਪੱਸ਼ਟੀਕਰਨ ਵੀ ਮੰਗਿਆ ਸੀ। ਦੂਜੇ ਪਾਸੇ ਸੁਖਬੀਰ ਬਾਦਲ ਨੇ ਅਜਿਹੀ ਕਿਸੇ ਵੀ ਮੀਟਿੰਗ ਦਾ ਖੰਡਨ ਕੀਤਾ, ਪਰ ਕੇਂਦਰੀ ਸੂਹੀਆ ਏਜੰਸੀਆਂ ਇਸ ਮੀਟਿੰਗ ਨੂੰ ਤਸਦੀਕ ਕਰ ਰਹੀਆਂ ਹਨ।

ਜਾਣਕਾਰੀ ਅਨੁਸਾਰ ਕਰੀਬ 10 ਕੁ ਦਿਨ ਪਹਿਲਾਂ ਚਿੱਲੀ ਵਿਖੇ ਦੋਹਾਂ ਆਗੂਆਂ ਵਿਚਾਲੇ ਮੀਟਿੰਗ ਹੋਈ ਦੱਸੀ ਜਾਂਦੀ ਹੈ, ਜਿਸ ਲਈ ਪਹਿਲ ਬਾਜਵਾ ਨੇ ਕੀਤੀ ਸੀ। ਸੂਤਰ ਦੱਸਦੇ ਹਨ ਕਿ ਸ. ਬਾਜਵਾ ਇਹ ਚਾਹੁੰਦੇ ਸਨ ਕਿ ਅਕਾਲੀ ਦਲ ਕਾਹਨੂੰਵਾਨ ਵਿਚ ਉਨ੍ਹਾਂ ਦੇ ਭਰਾ ਅਤੇ ਕਾਂਗਰਸ ਦੇ ਉਮੀਦਵਾਰ ਫਹਿਤਜੰਗ ਬਾਜਵਾ ਨੂੰ ਜਿਤਾਉਣ ਵਿਚ ਮਦਦ ਕਰੇ। ਜੇ ਕਾਂਗਰਸ ਇਹ ਸੀਟ ਜਿੱਤ ਲੈਂਦੀ ਹੈ ਤਾਂ ਉਹ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਦੇ ਮਜ਼ਬੂਤ ਦਾਅਵੇਦਾਰ ਬਣ ਸਕਦੇ ਹਨ।

ਚਰਚਾ ਇਹ ਵੀ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਨੂੰ ਇਹ ਦੱਸਿਆ ਗਿਆ ਕਿ ਜੇ ਉਹ ਕਾਂਗਰਸ ਦੇ ਪ੍ਰਧਾਨ ਬਣ ਜਾਂਦੇ ਹਨ ਤਾਂ ਪੰਜਾਬ ਵਿਚ ਕਾਂਗਰਸ-ਅਕਾਲੀ ਦਲ ਦਰਮਿਆਨ ਬਦਲਾਖ਼ੋਰੀ ਦੇ ਸਿਲਸਿਲੇ ਨੂੰ ਅੱਗੇ ਨਹੀਂ ਵਧਣ ਦਿੱਤਾ ਜਾਵੇਗਾ ਅਤੇ ਬਾਦਲ ਪਰਿਵਾਰ ਦੇ ਕੱਟੜ ਸਿਆਸੀ ਦੁਸ਼ਮਣ ਮੰਨੇ ਜਾਂਦੇ ਕੈਪਟਨ ਅਮਰਿੰਦਰ ਸਿੰਘ ਦਾ ਵੀ ਪੰਜਾਬ ਦੀ ਸਰਗਰਮ ਸਿਆਸਤ ਵਿਚੋਂ ਪੱਤਾ ਸਾਫ ਕਰ ਦਿੱਤਾ ਜਾਵੇਗਾ। ਭਰੋਸੇਯੋਗ ਸੂਤਰਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਹੈ ਕਿ ਕਾਹਨੂੰਵਾਨ ਤੋਂ ਕਾਂਗਰਸ ਦੇ ਦੋ ਸੀਨੀਅਰ ਆਗੂਆਂ ਨੇ ਅਕਾਲੀ ਦਲ ਤੋਂ ਮਦਦ ਲਈ ਸੁਖਬੀਰ ਬਾਦਲ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਅਧੀਨ ਦੋ ਵਾਰ ਸੁਨੇਹੇ ਭੇਜੇ ਸਨ, ਜਿਸ ਦਾ ਜਵਾਬ ਹੀ ਨਹੀਂ ਦਿੱਤਾ ਗਿਆ।

ਦੋਵੇਂ ਕਾਂਗਰਸੀ ਆਗੂ ਬਾਜਵਾ ਦੀਆਂ ਨੀਤੀਆਂ ਤੋਂ ਖਫ਼ਾ ਹਨ। ਸੂਤਰਾਂ ਅਨੁਸਾਰ ਅਕਾਲੀ ਦਲ ਨੇ ਦੋਹਾਂ ਕਾਂਗਰਸੀ ਆਗੂਆਂ ਨੂੰ ਇਹ ਕਹਿ ਕੇ ਮਦਦ ਦੇਣ ਤੋਂ ਨਾਂਹ ਕਰ ਦਿੱਤੀ ਕਿ ਭਵਿੱਖ ਵਿਚ ਕਾਂਗਰਸੀ ਆਗੂ ਕੋਈ ਵੱਡੀ ਮੰਗ ਰੱਖ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਪ੍ਰੇਸ਼ਾਨੀ ਹੋ ਸਕਦੀ ਹੈ। 18 ਜੁਲਾਈ ਨੂੰ ਕਾਹਨੂੰਵਾਨ ਹਲਕੇ ਵਿਚ ਅਕਾਲੀ ਉਮੀਦਵਾਰ ਸੇਵਾ ਸਿੰਘ ਸੇਖਵਾਂ ਦੀ ਹਮਾਇਤ ਲਈ ਪਹੁੰਚੇ ਸੁਖਬੀਰ ਬਾਦਲ ਨੂੰ ਵੀ ਉਥੋਂ ਦੇ ਕੁਝ ਅਕਾਲੀਆਂ ਨੇ ਇਸ ਚਰਚਾ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਸੁਖਬੀਰ ਬਾਦਲ ਤੋਂ ਇਸ ਦਾ ਸਪੱਸ਼ਟੀਕਰਨ ਲਿਆ।

ਭਾਵੇਂ ਸੁਖਬੀਰ ਬਾਦਲ ਨੇ ਅਜਿਹੀ ਕਿਸੇ ਮੀਟਿੰਗ ਤੋਂ ਇਨਕਾਰ ਕੀਤਾ, ਪਰ ਕੇਂਦਰੀ ਖ਼ੁਫ਼ੀਆ ਏਜੰਸੀਆਂ ਦੀ ਰਿਪੋਰਟ ਨੇ ਅਜਿਹੀ ਮੀਟਿੰਗ ਨੂੰ ਤਸਦੀਕ ਕੀਤਾ ਹੈ। ਯਾਦ ਰਹੇ ਸੰਸਦੀ ਚੋਣਾਂ ਦੌਰਾਨ ਵੀ ਗੁਰਦਾਸਪੁਰ ਹਲਕੇ ਵਿਚ ਇਹ ਚਰਚਾ ਚੱਲੀ ਸੀ ਕਿ ਕਾਂਗਰਸੀ ਉਮੀਦਵਾਰ ਨੇ ਉਦੋਂ ਉਸ ਖੇਤਰ ਦੇ ਕੁਝ ਅਕਾਲੀ ਆਗੂਆਂ ਨਾਲ ਸਮਝੌਤਾ ਕੀਤਾ ਸੀ, ਜਿਸ ਕਾਰਨ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

## ਪੀ.ਏ.ਓ. ਦਾ ਤੀਆਂ ਦਾ ਮੇਲਾ 2 ਅਗਸਤ ਨੂੰ

**ਸ਼ਿਕਾਗੋ:** ਪੰਜਾਬੀ ਅਮੈਰਿਕਨਸ ਆਰਗੇਨਾਈਜੇਸ਼ਨ (ਪੀ.ਏ.ਓ.) ਸ਼ਿਕਾਗੋ ਵਲੋਂ ਆਪਣਾ ਪੰਜਵਾਂ ਤੀਆਂ ਦਾ ਮੇਲਾ ਐਤਵਾਰ 2 ਅਗਸਤ ਨੂੰ ਇਥੋਂ ਦੀ ਸਬਰਬ ਐਲਮਹਸਟ ਦੇ ਵਾਟਰਫੋਰਡ ਬੈਂਕੁਇਟ ਹਾਲ ਵਿਚ ਕਰਵਾਇਆ ਜਾਵੇਗਾ। ਮੇਲੇ ਦਾ ਸਮਾਂ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਰੱਖਿਆ ਗਿਆ ਹੈ। ਦਾਖਲਾ ਟਿਕਟ ਮੁਟਿਆਰਾਂ ਤੇ ਸਵਾਣੀਆਂ ਲਈ 10 ਡਾਲਰ ਅਤੇ ਪੰਜ ਤੋਂ ਅੱਠ ਸਾਲ ਤੱਕ ਦੇ ਬੱਚਿਆਂ ਲਈ 5 ਡਾਲਰ ਰੱਖੀ ਗਈ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੋਈ ਦਾਖਲਾ ਫੀਸ ਨਹੀਂ ਹੈ।

ਸੰਸਥਾ ਵਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਇਸ ਮੌਕੇ ਇਕ ਸੁੰਦਰਤਾ ਮੁਕਾਬਲਾ ਮਿਸ ਪੰਜਾਬਣ ਮਿਡਵੈਸਟ-2009 ਨਾਂ ਹੇਠ ਵੀ ਕਰਵਾਇਆ ਜਾਏਗਾ। ਇਸ ਮੁਕਾਬਲੇ ਲਈ ਪਹਿਲਾ ਇਨਾਮ 500 ਡਾਲਰ, ਦੂਜਾ 300 ਅਤੇ ਤੀਜਾ ਇਨਾਮ 200 ਡਾਲਰ ਰੱਖਿਆ ਗਿਆ ਹੈ। ਮਿਸ ਪੰਜਾਬਣ ਮੁਕਾਬਲੇ ਲਈ 25 ਡਾਲਰ ਦੀ ਦਾਖਲਾ ਫੀਸ ਵੀ ਰੱਖੀ ਗਈ ਹੈ।

ਇਸ ਮੌਕੇ ਇਕ ਫੈਸ਼ਨ ਸ਼ੋਅ ਵੀ ਹੋਵੇਗਾ। ਮੁਫਤ ਫੋਟੋ/ਪੋਰਟਰੇਟ ਦਾ ਮੌਕਾ ਹੋਵੇਗਾ। ਮਹਿੰਦੀ ਦੇ ਸਟਾਲ ਹੋਣਗੇ। ਜਨਾਨਾ ਸੂਟਾਂ ਅਤੇ ਗਹਿਣੇ-ਗੱਟੇ ਦੇ ਸਟਾਲ ਵੀ ਹੋਣਗੇ। ਢੋਲਕੀ ਦੀ ਥਾਪ ਉਤੇ ਗੀਤ ਗਾਉਣ ਦਾ ਮੌਕਾ ਬੱਝੇਗਾ ਅਤੇ ਗਿੱਧੇ ਦਾ ਖੁੱਲ੍ਹਾ ਪਿੜ ਵੀ ਹੋਵੇਗਾ। ਬੱਚਿਆਂ ਦੇ ਮਨ-ਪ੍ਰਚਾਵੇ ਲਈ ਵੀ ਫੇਸ ਪੇਂਟਿੰਗ ਤੋਂ ਇਲਾਵਾ ਹੋਰ ਕਈ ਕੁਝ ਹੋਵੇਗਾ।

## ਡੈਲਸ ਵਿਚ 'ਹੱਸਦਾ ਪੰਜਾਬ' ਦੀਆਂ ਤੀਆਂ 8 ਅਗਸਤ ਨੂੰ

**ਡੈਲਸ (ਰਾਣਾ ਇਕਬਾਲ):** ਹੱਸਦਾ ਪੰਜਾਬ ਸੰਸਥਾ ਵਲੋਂ ਤੀਆਂ ਦਾ ਤਿਉਹਾਰ ਆਉਂਦੀ 8 ਅਗਸਤ ਨੂੰ ਦੁਪਹਿਰ 2 ਵਜੇ ਤੋਂ ਰਾਤ 9 ਵਜੇ ਤੱਕ ਇਕ ਮੇਲੇ ਦੇ ਰੂਪ ਵਿਚ ਬ੍ਰੈਕਿਨ ਰਿਜ ਪਾਰਕ (2600 ਬਰੈਂਡ ਰੋਡ, ਰਿਚਰਡਸਨ, ਲਾਟ-ਸੀ) ਵਿਚ ਮਨਾਇਆ ਜਾਏਗਾ।

ਇਸ ਮੇਲੇ ਵਿਚ ਮਹਿੰਦੀ, ਗਹਿਣਿਆਂ ਅਤੇ ਕੱਪੜੇ ਦੇ ਸਟਾਲ ਵੀ ਲੱਗਣਗੇ। ਪਰ ਖਾਣਾ ਅਤੇ ਮਠਿਆਈ ਮੁਫਤ ਮਿਲਣਗੇ। ਸਲੋਗਨ ਦਿਤਾ ਗਿਆ ਹੈ ਕਿ 'ਫਰੀ ਖਾਣਾ ਅਤੇ ਮਠਿਆਈ ਰੱਜ ਰੱਜ ਖਾਓ, ਗਿੱਧੇ ਵਿਚ ਬੋਲੀਆਂ ਰੱਜ ਰੱਜ ਪਾਓ'। ਹੋਰ ਜਾਣਕਾਰੀ ਅਨੂਪ ਸੰਧੂ (916-412-5856), ਰਣਜੀਤ ਢੇਸੀ (469-734-1265) ਅਤੇ ਲਖਵਿੰਦਰ ਕੌਰ (972-423-2100) ਜਾਂ ਹੇਠਾਂ ਦਿੱਤੀ ਵੈਬਸਾਈਟ ਤੋਂ ਹਾਸਲ ਕੀਤੀ ਜਾ ਸਕਦੀ ਹੈ: www.hasdapunjab.net


ਗੈਸ ਅਤੇ ਗਰੌਸਰੀ ਸਟੋਰ
ਲੀਜ਼ ਲਈ ਉਪਲਬਧ ਹੈ
ਸਪੋਕੇਨ (ਵਾਸ਼ਿੰਗਟਨ) ਵਿਚ
ਹਾਈਵੇਅ ਲੋਕੇਸ਼ਨ
ਅੰਦਰ ਦੀ ਸੇਲ 50,000
ਗੈਸ 40,000-50,000
ਇਸ ਤੋਂ ਇਲਾਵਾ ਕਾਰ ਵਾਸ਼, ਲਾਂਡਰੀ, ਤਿੰਨ
ਅਪਾਰਟਮੈਂਟ ਅਤੇ ਪੀਜ਼ਾ ਸ਼ਾਪ ਦੀ ਆਮਦਨ ਵੱਖਰੀ
Deposit $ 50,000 + Inventory
ਸੰਪਰਕ ਕਰੋ:
509-998-6035
509-924-1077



SIDHU & ASSOCIATES REALTY
COMMERCIAL REAL ESTATE
GAS STATION, HOTEL, LIQUER STORE
RESIDENTIAL REAL ESTATE IN ILLINOIS
ਗੈਸ ਸਟੇਸ਼ਨ, ਮੋਟਲ, ਹੋਟਲ, ਲਿੱਕਰ ਸਟੋਰ ਅਤੇ ਹੋਰ ਵਪਾਰਕ ਪ੍ਰਾਪਰਟੀ ਖਰੀਦਣ/ ਵੇਚਣ ਲਈ ਸੰਪਰਕ ਕਰੋ

ਬਲਜੀਤ ਸਿੱਧੂ
Baljit (BJ) Sidhu, Broker
Cell: 630-862-0941
Fax: 630-499-7533
sidhu-realty@hotmail.com

# ਪੰਜਾਬ ਟਾਈਮਜ਼

ਸਨਿਚਰਵਾਰ, 25 ਜੁਲਾਈ, 2009


*ਜਿਸ ਦੇ ਪਾਸ ਮੁਸਕ੍ਰਾਹਟ ਨਹੀਂ, ਉਸਨੂੰ ਕਦੇ ਦੁਕਾਨ ਨਹੀਂ ਖੋਲ੍ਹਣੀ ਚਾਹੀਦੀ।*

## ਸੰਪਾਦਕੀ

## ਭਾਰਤ-ਪਾਕਿ ਗੱਲਬਾਤ

ਪਿਛਲੇ ਦਿਨੀਂ ਮਿਸਰ ਦੇ ਸ਼ਹਿਰ ਸ਼ਰਮ ਅਲ ਸ਼ੇਖ਼ ਵਿਖੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਕੀਤੀ ਗਈ ਮੁਲਾਕਾਤ ਸਮੇਂ ਦਿੱਤੇ ਗਏ ਬਿਆਨ ਦੀ ਭਾਰਤੀ ਪਾਰਲੀਮੈਂਟ ਅਤੇ ਸਮੁੱਚੇ ਸਿਆਸੀ ਹਲਕਿਆਂ ਵਿਚ ਹੋਈ ਆਲੋਚਨਾ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਵਿਵਾਦ ਦਾ ਸਿੱਟਾ ਇਹ ਨਿਕਲਿਆ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਆਪਣੇ ਬਿਆਨ ਤੋਂ ਪਿੱਛੇ ਹਟਣਾ ਪਿਆ ਹੈ। ਯਾਦ ਰਹੇ ਆਪਣੇ ਉਕਤ ਬਿਆਨ ਵਿਚ ਡਾ. ਮਨਮੋਹਨ ਸਿੰਘ ਨੇ ਕਿਹਾ ਸੀ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਆਪਸੀ ਗੱਲਬਾਤ ਦੇ ਅਮਲ ਨੂੰ ਅਤਿਵਾਦ ਵਿਰੁਧ ਕਾਰਵਾਈ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਅਤੇ ਡਾ. ਮਨਮੋਹਨ ਸਿੰਘ ਦੇ ਇਸ ਬਿਆਨ ਨੂੰ ਭਾਰਤੀ ਜਨਤਾ ਪਾਰਟੀ ਨੇ ਦੇਸ਼ ਨਾਲ ਗ਼ੱਦਾਰੀ ਆਖਿਆ ਹੈ। ਡਾ. ਮਨਮੋਹਨ ਸਿੰਘ ਵਲੋਂ ਦਿੱਤੇ ਗਏ ਇਸ ਬਿਆਨ ਦੀ ਮੀਡੀਏ ਦੇ ਕੁਝ ਹਲਕਿਆਂ ਵਿਚ ਵਿਆਪਕ ਆਲੋਚਨਾ ਹੋਈ। ਆਲੋਚਕਾਂ ਦਾ ਆਖਣਾ ਹੈ ਕਿ ਭਾਰਤ ਨੇ ਪਾਕਿਸਤਾਨ ਪ੍ਰਤੀ ਆਪਣੇ ਸਟੈਂਡ ਵਿਚ ਨਰਮੀ ਲਿਆ ਕੇ ਅਤਿਵਾਦ ਵਿਰੁਧ ਕਾਰਵਾਈ ਦੇ ਮੁੱਦੇ 'ਤੇ ਆਪਣਾ ਪੱਖ ਕਮਜ਼ੋਰ ਕਰ ਲਿਆ ਹੈ। ਇਨ੍ਹਾਂ ਧਿਰਾਂ ਅਨੁਸਾਰ ਮਨਮੋਹਨ-ਗਿਲਾਨੀ ਵਾਰਤਾ ਵਿਚ ਭਾਰਤ ਨੇ ਅਤਿਵਾਦ ਨੂੰ ਵਾਰਤਾ ਨਾਲ ਨਾ ਜੋੜਨ ਦੀ ਪਾਕਿਸਤਾਨੀ ਦਲੀਲ ਉਪਰ ਸਹਿਮਤੀ ਜਤਾ ਕੇ ਪਾਕਿਸਤਾਨ ਨੂੰ ਦਬਾਅ ਤੋਂ ਮੁਕਤ ਕਰ ਦਿੱਤਾ ਹੈ। ਯਾਦ ਰਹੇ ਮਨਮੋਹਨ-ਗਿਲਾਨੀ ਗੱਲਬਾਤ ਤੋਂ ਬਾਅਦ ਜਦੋਂ ਇਕ ਸੀਨੀਅਰ ਪੱਤਰਕਾਰ ਨੇ ਡਾ. ਮਨਮੋਹਨ ਸਿੰਘ ਨੂੰ ਇਹ ਸਵਾਲ ਪੁੱਛਿਆ ਕਿ 'ਕੀ ਇਹ ਸਮਝਿਆ ਜਾਵੇ ਕਿ ਦੋਵੇਂ ਦੇਸ਼ਾਂ ਦੇ ਸਬੰਧ ਵਿਚ ਜੰਮੀ ਹੋਈ ਬਰਫ ਖੁਰ ਗਈ ਹੈ?' ਤਾਂ ਇਸ ਦੇ ਜੁਆਬ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਹ ਅਸਪੱਸ਼ਟ ਜੁਆਬ ਦਿੱਤਾ ਕਿ ਪਾਕਿ ਸਾਡਾ ਗੁਆਂਢੀ ਹੈ ਤੇ ਅਸੀਂ ਚਾਹ ਕੇ ਵੀ ਉਸ ਦੀ ਥਾਂ ਕਿਸੇ ਹੋਰ ਨੂੰ ਨਹੀਂ ਦੇ ਸਕਦੇ। ਇਸ ਤੋਂ ਇਲਾਵਾ ਇਸ ਮੁਲਾਕਾਤ ਦੌਰਾਨ ਪਾਕਿਸਤਾਨ ਵਲੋਂ ਬਲੋਚਿਸਤਾਨ ਦਾ ਮੁੱਦਾ ਵੀ ਉਠਾਇਆ ਗਿਆ। ਜਿਸ ਕਾਰਨ ਵਾਰਤਾ ਨੂੰ ਅਤਿਵਾਦ ਨਾਲ ਜੋੜਨ ਦੀਆਂ ਭਾਰਤੀ ਕੋਸ਼ਿਸ਼ਾਂ ਨੂੰ ਝਟਕਾ ਲੱਗਾ। ਯਾਦ ਰਹੇ ਪਾਕਿਸਤਾਨ ਆਖ ਰਿਹਾ ਹੈ ਕਿ ਬਲੋਚਿਸਤਾਨ ਵਿਚ ਜਿਹੜਾ ਵੱਖਵਾਦ ਫੈਲਿਆ ਹੋਇਆ ਹੈ, ਉਸ ਪਿੱਛੇ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ ਹੈ।

ਪ੍ਰਧਾਨ ਮੰਤਰੀ ਦੇ ਉਪਰੋਕਤ ਬਿਆਨਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ। ਇਥੋਂ ਤੱਕ ਕਿ ਸੀਨੀਅਰ ਭਾਜਪਾ ਆਗੂ ਬੀਬੀ ਸੁਸ਼ਮਾ ਸਵਰਾਜ ਨੇ ਇਸ ਨੂੰ ਦੇਸ਼ ਨਾਲ ਗ਼ੱਦਾਰੀ ਤੱਕ ਦੀ ਤੁਲਨਾ ਦਿੱਤੀ। ਉਪਰੋਕਤ ਆਲੋਚਨਾ ਬਾਰੇ ਆਪਣਾ ਸਪੱਸ਼ਟੀਕਰਨ ਦਿੰਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਅਤਿਵਾਦ ਉੱਪਰ ਕਾਰਵਾਈ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਮੁੱਚੀ ਗੱਲਬਾਤ ਨਾਲ ਨਹੀਂ ਜੋੜਿਆ ਜਾ ਸਕਦਾ। ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਆਗੂ ਸ੍ਰੀ ਐਲ.ਕੇ. ਅਡਵਾਨੀ ਨੇ ਦੋਸ਼ ਲਾਇਆ ਕਿ ਭਾਰਤ ਨੇ ਪਾਕਿਸਤਾਨ ਦੀ ਪੁਜੀਸ਼ਨ ਮੰਨ ਲਈ ਹੈ ਅਤੇ ਝੁਕਣਾ ਸਵੀਕਾਰ ਕਰ ਲਿਆ ਹੈ। ਇਥੋਂ ਤੱਕ ਕਿ ਇਸ ਮੁੱਦੇ ਨੂੰ ਲੈ ਕੇ ਭਾਜਪਾ ਆਗੂਆਂ ਨੇ ਪਾਰਲੀਮੈਂਟ ਵਿਚੋਂ ਵਾਕਆਊਟ ਵੀ ਕੀਤਾ। ਪ੍ਰਧਾਨ ਮੰਤਰੀ ਨੇ ਸਾਫ ਕਿਹਾ ਕਿ ਆਪਸੀ ਗੱਲਬਾਤ ਵਿਚ ਪ੍ਰਗਤੀ ਲਈ ਨਾ ਸਿਰਫ ਪਾਕਿਸਤਾਨ ਨੂੰ ਮੁੰਬਈ ਅਤਿਵਾਦੀ ਹਮਲਿਆਂ ਦੀ ਸਾਜ਼ਿਸ਼ ਦੀ ਰਚਨਾ ਕਰਨ ਵਾਲਿਆਂ ਖਿਲਾਫ ਪ੍ਰਭਾਵਸ਼ਾਲੀ ਤੇ ਭਰੋਸੇਯੋਗ ਕਾਰਵਾਈ ਕਰਨੀ ਹੋਵੇਗੀ, ਸਗੋਂ ਭਵਿੱਖ ਵਿਚ ਅਜਿਹੇ ਹਮਲਿਆਂ ਨੂੰ ਵਰਜਣ ਲਈ ਕਦਮ ਚੁੱਕਣੇ ਹੋਣਗੇ। ਪ੍ਰਧਾਨ ਮੰਤਰੀ ਨੇ ਇਕ ਬਹੁਤ ਹੀ ਪਤੇ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਦੱਖਣੀ ਏਸ਼ੀਆ ਵਿਚ ਖੁਸ਼ਹਾਲੀ ਵਲ ਇਕੋ ਇਕ ਰਾਹ ਜਾਂਦਾ ਹੈ, ਉਹ ਹੈ ਕਿ ਇਸ ਖੇਤਰ ਵਿਚ ਅਮਨ-ਅਮਾਨ ਅਤੇ ਆਪਸੀ ਗੱਲਬਾਤ ਨੂੰ ਅੱਗੇ ਤੋਰਿਆ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਅੱਧਾ ਰਸਤਾ ਤੈਅ ਕਰਨ ਲਈ ਤਿਆਰ ਹੈ ਤੇ ਪਾਕਿਸਤਾਨ ਨੂੰ ਅੱਧਾ ਰਾਹ ਚੱਲ ਕੇ ਆਉਣਾ ਚਾਹੀਦਾ ਹੈ। ਮੀਡੀਏ ਦੇ ਕੁਝ ਹਿੱਸਿਆਂ ਵਿਚ ਇਹ ਦੋਸ਼ ਵੀ ਲੱਗੇ ਹਨ ਕਿ ਪਾਕਿਸਤਾਨ ਨੂੰ ਅਤਿਵਾਦੀਆਂ ਖਿਲਾਫ ਕਾਰਵਾਈ ਦੀ ਛੂਟ ਦੇਣ ਦੇ ਮਾਮਲੇ ਵਿਚ ਅਮਰੀਕਾ ਨੇ ਭਾਰਤ ਉੱਪਰ ਦਬਾਅ ਪਾਇਆ ਹੈ ਅਤੇ ਦੋਨਾਂ ਮੁਲਕਾਂ ਨੂੰ ਸਾਰੀ ਸਥਿਤੀ ਦੇ ਬਾਵਜੂਦ ਗੱਲਬਾਤ ਕਰਨ ਲਈ ਪ੍ਰੇਰਿਆ ਹੈ। ਉਧਰ ਅਮਰੀਕਾ ਦੀ ਵਿਦੇਸ਼ ਮੰਤਰੀ ਬੀਬੀ ਹਿਲੇਰੀ ਕਲਿੰਟਨ ਨੇ ਕਿਹਾ ਹੈ ਕਿ ਅਮਰੀਕਾ ਨੇ ਭਾਰਤ ਅਤੇ ਪਾਕਿਸਤਾਨ ਉੱਪਰ ਆਪਸੀ ਗੱਲਬਾਤ ਲਈ ਕੋਈ ਦਬਾਅ ਨਹੀਂ ਪਾਇਆ। ਉਨ੍ਹਾਂ ਪਾਕਿਸਤਾਨ ਬਾਰੇ ਕਿਹਾ ਕਿ ਪਾਕਿਸਤਾਨ ਹੁਣ ਦਹਿਸ਼ਤਵਾਦ ਖਿਲਾਫ ਸੱਚੀ ਲੜਾਈ ਲੜ ਰਿਹਾ ਹੈ। ਬੀਬੀ ਕਲਿੰਟਨ ਦੇ ਅਜਿਹੇ ਬਿਆਨਾਂ ਦੇ ਬਾਵਜੂਦ ਜੇ ਸੱਚਾਈ ਨੂੰ ਲਾਈਨਾਂ ਦੇ ਵਿਚਾਲਿਓਂ ਪੜ੍ਹਿਆ ਜਾਵੇ ਤਾਂ ਗੱਲ ਸਾਫ ਹੋ ਜਾਵੇਗੀ ਕਿ ਅਸਲ ਸਥਿਤੀ ਹਲੇਰੀ ਕਲਿੰਟਨ ਦੇ ਬਿਆਨ ਦੇ ਬਿਲਕੁਲ ਉਲਟ ਹੈ। ਜਾਪਦਾ ਇਹੋ ਹੈ ਕਿ ਅਮਰੀਕਾ ਨੇ ਪਾਕਿਸਤਾਨ ਫੌਜ ਵਲੋਂ ਅਲਕਾਇਦਾ ਅਤੇ ਤਾਲਿਬਾਨਾਂ ਖਿਲਾਫ ਵਿੱਢੀ ਗਈ ਤਾਜ਼ਾ ਲੜਾਈ ਦੇ ਮੱਦੇਨਜ਼ਰ ਭਾਰਤ ਅਤੇ ਪਾਕਿਸਤਾਨ ਨੂੰ ਆਪਸੀ ਮਨ-ਮੁਟਾਅ ਛੱਡ ਕੇ ਗੱਲਬਾਤ ਕਰਨ ਲਈ ਮਜ਼ਬੂਰ ਕੀਤਾ ਹੈ। ਇਥੋਂ ਤੱਕ ਕਿ ਮੁੰਬਈ ਕਾਂਡ ਦੇ ਅਤਿਵਾਦੀਆਂ ਖਿਲਾਫ ਕਾਰਵਾਈ ਦਾ ਮਾਮਲਾ ਆਪਸੀ ਗੱਲਬਾਤ ਨਾਲ ਜੋੜਨ ਤੋਂ ਵੀ ਭਾਰਤ ਨੂੰ ਪਿੱਛੇ ਹਟਣ ਲਈ ਮਜ਼ਬੂਰ ਕੀਤਾ ਹੈ।

ਹਾਲਤਾਂ ਵਿਚੋਂ ਇਹ ਤੱਥ ਸਪੱਸ਼ਟ ਰੂਪ ਵਿਚ ਉਭਰਦਾ ਹੈ ਕਿ ਅਮਰੀਕਨ ਹਕੂਮਤ ਦੀ ਚਿੰਤਾ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਕਬਾਇਲੀ ਖੇਤਰਾਂ ਵਿਚ ਅਤਿਵਾਦੀਆਂ ਦਾ ਮੁਕੰਮਲ ਖਾਤਮਾ ਕਰਨਾ ਹੈ। ਅਮਰੀਕੀ ਚਿੰਤਾ ਨੂੰ ਦੇਖਦਿਆਂ ਪਾਕਿਸਤਾਨ ਵੀ ਚੁਸਤੀ ਵਰਤ ਰਿਹਾ ਹੈ। ਉਹ ਭਾਰਤ ਖਿਲਾਫ ਕਾਰਵਾਈਆਂ ਕਰਨ ਵਾਲੇ ਅਤੇ ਪਾਕਿਸਤਾਨੀ ਹਕੂਮਤ 'ਤੇ ਅਮਰੀਕਾ ਖਿਲਾਫ ਲੜਾਈ ਵਿੱਢਣ ਵਾਲੇ ਅਤਿਵਾਦੀਆਂ ਵਿਚਕਾਰ ਫਰਕ ਵੀ ਕਰਨਾ ਸਿੱਖ ਗਿਆ ਹੈ। ਪਾਕਿਸਤਾਨ ਦੇ ਕਬਾਇਲੀ ਖੇਤਰਾਂ ਵਿਚ ਉਸ ਦੀ ਲੜਾਈ ਮੁੱਖ ਤੌਰ 'ਤੇ ਉਨ੍ਹਾਂ ਅਤਿਵਾਦੀਆਂ ਖਿਲਾਫ ਹੀ ਹੈ, ਜਿਹੜੇ ਪਾਕਿਸਤਾਨੀ ਸਟੇਟ ਨੂੰ ਨੁਕਸਾਨ ਪਹੁੰਚਾ ਰਹੇ ਹਨ ਜਾਂ ਅਮਰੀਕੀ ਹਿੱਤਾਂ ਉਪਰ ਹਮਲੇ ਕਰ ਰਹੇ ਹਨ। ਇਸ ਹਾਲਤ ਵਿਚ ਭਾਰਤੀ ਹਕੂਮਤ ਨੂੰ ਆਪਣਾ ਰਾਹ ਆਪ ਬਣਾਉਣ ਬਾਰੇ ਸੋਚਣਾ ਚਾਹੀਦਾ ਹੈ। ਪਰ ਹਾਲੇ ਤੱਕ ਭਾਰਤੀ ਹਾਕਮ ਅਜਿਹਾ ਕਰਦੇ ਵਿਖਾਈ ਨਹੀਂ ਦੇ ਰਹੇ। ਉਹ ਅਮਰੀਕਾ ਦੀ ਪੈੜ ਵਿਚ ਪੈੜ ਧਰਨ ਦੀ ਕੋਸ਼ਿਸ਼ ਵਿਚ ਹੀ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਾਡਰਨ ਪੰਜ-ਆਬ !


*ਬਿਨਾ ਵਿਤਕਰੇ ਛਾਵਾਂ ਜੋ ਵੰਡਦੇ ਸਨ,*
*ਹੌਲੀ ਹੌਲੀ ਉਹ ਸੁੱਕਦੇ ਰੁੱਖ ਚੱਲੇ।*
*ਭੜਥੂ ਕਾਬਲ-ਕੰਧਾਰ ਤੱਕ ਪਾਉਣ ਵਾਲੇ,*
*ਖੂਨ ਰਗਾਂ ਵਿਚ ਦੌੜਦੇ ਰੁਕ ਚੱਲੇ।*
*ਦਰਸ਼ਨ ਹੁੰਦੇ ਨੇ ਸਿਰਫ ਮਖੌਟਿਆਂ ਦੇ,*
*ਭੋਲੇ-ਭਾਅ ਵਾਲੇ ਚਿਹਰੇ ਲੁਕ ਚੱਲੇ।*
*ਭੋਗ ਅਤੇ ਵਿਲਾਸ ਦੇ ਗੀਤ ਰਹਿ ਗਏ,*
*ਨਗਮੇ ਇਸ਼ਕ-ਹਕੀਕੀ ਦੇ ਮੁੱਕ ਚੱਲੇ।*
*ਖੱਟਣ ਵਾਸਤੇ ਦੇਸ਼-ਵਿਦੇਸ ਘੁੰਮੇ,*
*ਸਮੇਂ ਅੰਤ ਦੇ ਕਹਿੰਦੇ 'ਹਾਏ ਭੁੱਖ' ਚੱਲੇ।*
*ਜਲਵੇ ਦੇਖ ਲੈ ਹਰੀਆਂ-ਕ੍ਰਾਂਤੀਆਂ ਦੇ,*
*ਪੰਜ ਪਾਣੀ ਪੰਜਾਬ ਦੇ ਮੁੱਕ ਚੱਲੇ!*

# ਨੀਲ ਆਰਮਸਟਰੌਂਗ ਦਾ ਚੰਦ ਤੇ ਪਹਿਲਾ ਕਦਮ

**ਸੱਤਪਾਲ ਗੋਇਲ**

16 ਜੁਲਾਈ 1969 ਨੂੰ ਸਵੇਰੇ 9:32 ਵਜੇ ਕੈਨੇਡੀ ਸਪੇਸ ਸੈਂਟਰ ਫਲੋਰੀਡਾ ਤੋਂ ਅਪੋਲੋ 11 ਨੂੰ ਚੰਦ 'ਤੇ ਪਹੁੰਚਣ ਲਈ ਲਾਂਚ ਕੀਤਾ ਗਿਆ। ਨੀਲ ਆਰਮਸਟਰੌਂਗ, ਮਾਈਕ ਕੋਲਿਨਜ਼ ਅਤੇ ਬਜ਼ ਐਲਡਰਿਨ ਇਸ ਚੰਦਰਮਾ-ਮਿਸ਼ਨ ਦੇ ਪੁਲਾੜ ਯਾਤਰੀ ਸਨ। ਅਪੋਲੋ ਲਾਂਚ ਵਹੀਕਲ ਇਕ ਵਿਸ਼ਾਲ ਤਿੰਨ-ਚਰਨ ਵਾਲਾ ਰਾਕਟ ਸੀ। ਧੂੰਆਂ ਤੇ ਚੰਗਿਆੜੇ ਛੱਡਦਾ ਦਿਉ-ਕੱਦ ਦਾ ਇਹ ਰਾਕਟ ਕੇਵਲ ਆਪਣੇ ਆਪ ਨੂੰ ਹੀ ਨਹੀਂ ਸਗੋਂ ਸਪੇਸਕਰਾਫਟ ਨੂੰ ਵੀ ਧੂ ਕੇ ਪ੍ਰਿਥਵੀ-ਮੰਡਲ ਨੂੰ ਸਿਰਫ 12 ਮਿੰਟਾਂ ਚ ਪਾਰ ਕਰ ਗਿਆ।

ਢਾਈ ਘੰਟੇ ਧਰਤੀ ਦੀ ਪਰਿਕਰਮਾ ਕਰਦਾ ਹੋਇਆ ਸਪੇਸਕਰਾਫਟ ਚੰਦ ਵਲ ਉਡਣ ਲੱਗਾ। ਅਪੋਲੋ 11 ਦੀ ਕਮਾਂਡ-ਸੇਵਾ-ਮੋਡਿਊਲ (ਕਲੰਬੀਆ) ਰਾਕਟ ਨਾਲੋਂ ਅਲੱਗ ਹੋਈ ਤੇ ਪੁਲਾੜ ਯਾਤਰੀ ਲੈਂਡਿੰਗ-ਮੋਡਿਊਲ (ਈਗਲ) ਨਾਲ ਜੁੜ ਗਈ। ਰਾਕਟ ਦਾ ਤੀਜਾ ਚਰਨ ਗਿਰਦਿਆਂ ਹੀ ਕਲੰਬੀਆ ਤੇ ਈਗਲ ਦਾ ਗੱਠਜੋੜ ਹੋ ਗਿਆ ਤੇ ਸਪੇਸਕਰਾਫਟ ਖਲਾਅ 'ਚ ਬਹੁਤ ਤੇਜ਼ ਰਫ਼ਤਾਰ ਨਾਲ ਉਡਣ ਲੱਗਾ। ਅਕਾਸ਼ ਵਿਚ ਅੰਧਕਾਰ ਛਾ ਗਿਆ। ਤਿੰਨ ਦਿਨ ਤੱਕ ਅਸਮਾਨ ਵਿਚ ਘੁੱਪ ਅੰਧੇਰੇ ਤੇ ਤਾਰਿਆਂ ਤੋਂ ਬਿਨਾ ਹੋਰ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ। ਅਚਾਨਕ ਸਪੇਸਕਰਾਫਟ ਦੀ ਛੱਤ ਉਪਰਲੀ ਛੋਟੀ ਖਿੜਕੀ ਵਿਚੋਂ ਚੰਦ ਦੀ ਦੁੱਧ-ਵਰਗੀ ਸਫੇਦ ਰੌਸ਼ਨੀ ਨੇ ਯਾਤਰੀਆਂ ਦੇ ਕੈਬਨ ਨੂੰ ਜਗਮਗਾ ਦਿੱਤਾ। ਕਮਾਂਡਰ ਆਰਮਸਟਰੌਂਗ ਨੇ ਆਪਣੀ ਖੁਸ਼ੀ ਇਹ ਕਹਿ ਕੇ ਪ੍ਰਗਟ ਕੀਤੀ: "ਇਸ ਨਜ਼ਾਰੇ ਨੇ ਸਾਡੇ ਸਫ਼ਰ ਦੀ ਕੀਮਤ ਅਦਾ ਕਰ ਦਿੱਤੀ ਹੈ।"



ਅਪੋਲੋ 11 ਹੁਣ ਚੰਦ 'ਤੇ ਪਹੁੰਚ ਚੁਕਿਆ ਸੀ। ਕਲੰਬੀਆ-ਈਗਲ ਦਸਤਾ ਹੌਲੀ ਹੋ ਗਿਆ ਤੇ ਚੰਦ ਦੇ ਚੱਕਰ ਕੱਟਣ ਲੱਗਾ। ਪੁਲਾੜ ਯਾਤਰੀ ਚੰਦ 'ਤੇ ਉਤਰਨ ਦੀ ਤਿਆਰੀ ਕਰਨ ਲੱਗੇ। 20 ਜੁਲਾਈ ਵਾਲੇ ਦਿਨ ਕਮਾਂਡਰ ਆਰਮਸਟਰੌਂਗ ਤੇ ਉਸਦਾ ਸਾਥੀ ਐਲਡਰਿਨ ਲੈਂਡਿੰਗ-ਮਿਊਡਲ (ਈਗਲ) 'ਤੇ ਸਵਾਰ ਹੋ ਗਏ। ਕੋਲਿਨਜ਼ ਨੇ ਇਕ ਬਟਨ ਦਬਾਇਆ ਤੇ ਈਗਲ ਕਲੰਬੀਆ ਨਾਲੋਂ ਅਲੱਗ ਹੋ ਕੇ ਇਕ ਉਡਣ-ਖਟੋਲੇ ਦੀ ਤਰ੍ਹਾਂ ਚੰਦ ਦੀ ਧਰਤੀ ਵਲ ਉਤਰਨ ਲੱਗੀ। ਕੋਲਿਨਜ਼ ਕਲੰਬੀਆ ਨਾਲ ਚੰਦ ਦੇ ਚੱਕਰ ਕਟਦਾ ਰਿਹਾ। ਚੰਦ ਦੀ ਧਰਤੀ 'ਤੇ ਵੱਡੇ ਵੱਡੇ ਕ੍ਰੇਟਰ ਤੇ ਗਹਿਰੇ ਖੱਡੇ ਨਜ਼ਰ ਆ ਰਹੇ ਸਨ। ਆਰਮਸਟਰੌਂਗ ਈਗਲ ਲੈਂਡਰ ਨੂੰ ਬੜੇ ਧਿਆਨ ਨਾਲ ਉਡਾ ਰਿਹਾ ਸੀ ਤੇ ਚੰਦ 'ਤੇ ਉਤਰਨ ਲਈ ਕੋਈ ਮਹਿਫੂਜ਼ ਜਗ੍ਹਾ ਲੱਭ ਰਿਹਾ ਸੀ। ਮਿਸ਼ਨ-ਕੰਟਰੋਲ ਹਿਊਸਟਨ ਨਾਲ ਸੰਪਰਕ ਲਗਾਤਾਰ ਬਣਿਆ ਹੋਇਆ ਸੀ। ਅਲਾਰਮ (ਲੋ-ਫਿਊਲ) ਦੀ ਬੱਤੀ ਟਿਮਟਮਾਈ ਪਰੰਤੂ ਈਗਲ ਲਈ "ਗੋ" ਦਾ ਸਿਗਨਲ ਸੀ। ਆਰਮਸਟਰੌਂਗ ਪਾਸ ਕੇਵਲ 60 ਸਕਿੰਟ ਬਚੇ ਸਨ। ਬੜੇ ਠੰਡੇ ਦਿਮਾਗ ਨਾਲ ਉਸਨੇ ਈਗਲ ਨੂੰ ਚੰਦ ਤੇ ਖ਼ਤਰੇ ਤੋਂ ਦੂਰ ਇਕ ਸਾਫ਼ ਸਥਾਨ ਤੇ ਉਤਾਰਦੇ ਹੋਏ ਕੰਟਰੋਲ-ਰੂਮ ਨੂੰ ਇਹ ਸੁਨੇਹਾ ਭੇਜਿਆ: "ਹਿਊਸਟਨ, ਟ੍ਰੈਂਕਿਊਲਿਟੀ ਬੇਸ ਹੀਅਰ/ ਦੀ ਈਗਲ ਹੈਜ਼ ਲੈਂਡਡ।"

ਚੰਦ ਦੀ ਧਰਤੀ 'ਤੇ ਆਪਣਾ ਪੈਰ ਰੱਖਦਿਆਂ ਨੀਲ ਆਰਮਸਟਰੌਂਗ ਨੇ ਕਿਹਾ, "ਆਦਮੀ ਲਈ ਇਹ ਇਕ ਬਹੁਤ ਛੋਟਾ ਕਦਮ ਹੈ, ਲੇਕਿਨ ਮਾਨਵਜਾਤੀ ਲਈ ਇਹ ਇੱਕ ਬਹੁਤ ਵੱਡੀ ਛਾਲ ਹੈ"। 20 ਮਿੰਟਾਂ ਬਾਅਦ ਐਲਡਰਿਨ ਵੀ ਚੰਦ 'ਤੇ ਪਹੁੰਚ ਗਿਆ। ਨਾਸਾ ਵਲੋਂ ਕੀਤੇ ਸਿੱਧੇ ਪ੍ਰਸਾਰਣ ਨੂੰ ਅਰਬਾਂ ਲੋਕਾਂ ਨੇ ਇਸ ਸ਼ਾਨਦਾਰ ਘਟਨਾ ਨੂੰ ਵਾਪਰਦਿਆਂ ਵੇਖਿਆ। ਆਰਮਸਟਰੌਂਗ ਨੇ ਚੰਦ ਦੀਆਂ ਤਸਵੀਰਾਂ ਖਿੱਚੀਆਂ, ਚਟਾਨਾਂ 'ਤੇ ਮਿੱਟੀ ਦੇ ਨਮੂਨੇ ਇਕੱਠੇ ਕੀਤੇ ਤੇ ਅਮਰੀਕੀ ਝੰਡਾ ਗੱਡ ਦਿੱਤਾ। ਕੁਝ ਘੰਟਿਆਂ ਬਾਦ ਈਗਲ ਨੇ ਚੰਦ ਨੂੰ ਅਲਵਿਦਾ ਆਖੀ ਤੇ ਕਲੰਬੀਆ ਨਾਲ ਲਿੰਕ ਜੋੜ ਲਿਆ। ਅਪੋਲੋ 11 ਦੀ ਧਰਤੀ ਵਲ ਯਾਤਰਾ ਸ਼ੁਰੂ ਹੋਈ। ਕੋਲਿਨਜ਼, ਐਲਡਰਿਨ ਤੇ ਆਰਮਸਟਰੌਂਗ ਸ਼ਾਂਤ ਮਹਾਸਾਗਰ ਦੇ ਨੀਲੇ ਪਾਣੀ 'ਚ ਗੋਤੇ ਲਾਉਂਦੇ ਹੋਏ 24 ਜੁਲਾਈ 1969 ਨੂੰ ਵਾਪਸ ਘਰ ਪਰਤੇ! ਇਸ ਮਹਾਨ ਜਿੱਤ ਦੀ ਖੁਸ਼ੀ 'ਚ ਨਾਸਾ ਦੇ ਹਜ਼ਾਰਾਂ ਕਰਮਚਾਰੀਆਂ ਤੇ ਆਮ ਜਨਤਾ ਨੇ ਖੁਸ਼ੀ ਦੇ ਜਸ਼ਨ ਮਨਾਏ। ਰਾਸ਼ਟਰਪਤੀ ਨਿਕਸਨ ਨੇ ਨਾਸਾ ਤੇ ਅਪੋਲੋ 11 ਦੀ ਸ਼ਾਨਦਾਰ ਸਫਲਤਾ ਲਈ ਕੌਮ ਨੂੰ ਵਧਾਈ ਦਿੱਤੀ। ਮਾਈਕ ਕੋਲਿਨਜ਼, ਬਜ਼ ਐਲਡਰਿਨ ਤੇ ਨੀਲ ਆਰਮਸਟਰੌਂਗ ਨੇ ਪੁਲਾੜ ਯਾਤਰਾ ਦੇ ਇਤਿਹਾਸ ਵਿਚ ਇਕ ਨਵੇਂ ਪੰਨੇ ਨੂੰ ਸੁਨਹਿਰੀ ਅੱਖਰਾਂ ਵਿਚ ਲਿਖ ਦਿੱਤਾ। 20 ਜੁਲਾਈ 1969 ਦਾ ਇਹ ਦਿਨ ਮਾਨਵੀ ਸੋਚ, ਦਲੇਰੀ, ਸਾਹਸ, ਅਤੇ ਤਕਨੀਕੀ ਗਿਆਨ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਬਣਿਆ ਰਹੇਗਾ!

ਨੀਲ ਆਰਮਸਟਰੌਂਗ ਨੇ ਵਾਪਸੀ ਦਾ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਟੀ.ਵੀ. ਸੰਦੇਸ਼ 'ਚ ਕਿਹਾ, 'ਅਸੀਂ ਉਨ੍ਹਾਂ ਸਾਰੇ ਅਮਰੀਕੀ ਨਾਗਰਿਕਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਸਪੇਸਕਰਾਫਟ ਦੀ ਰਚਨਾ ਤੇ ਡਿਜ਼ਾਇਨ ਤਿਆਰ ਕੀਤਾ। ਅਸੀਂ ਉਨ੍ਹਾਂ ਸਾਰੇ ਲੋਕਾਂ ਦੇ ਵੀ ਧੰਨਵਾਦੀ ਹਾਂ ਜੋ ਇਸ ਘੜੀ ਸਾਨੂੰ ਦੇਖ ਜਾਂ ਸੁਣ ਰਹੇ ਹਨ। ਸਾਰੀ ਮਾਨਵਤਾ ਲਈ ਸ਼ਾਂਤੀ ਦੀ ਕਾਮਨਾ ਕਰਦੇ ਹੋਏ ਅਸੀਂ ਅਪੋਲੋ 11 ਤੋਂ ਖੁਸ਼ੀ ਦਾ ਇਹ ਸੰਦੇਸ਼ ਭੇਜ ਰਹੇ ਹਾਂ।"

ਅਪੋਲੋ 11 ਦੀ ਇਸ ਸ਼ਾਨਦਾਰ ਪ੍ਰਾਪਤੀ ਪਿਛੇ ਤਿੰਨ ਸਾਹਸੀ ਪੁਲਾੜੀ ਯੋਧਿਆਂ ਤੋਂ ਇਲਾਵਾ 400,000 ਤਕਨੀਕੀ ਲੋਕਾਂ ਦੀ ਦਿਨ-ਰਾਤ ਦੀ ਸੇਵਾ ਵੀ ਸ਼ਾਮਲ ਹੈ। ਰਾਕਟ-ਮਿਸਤਰੀ, ਸੁਰੱਖਿਆ ਇੰਸਪੈਕਟਰ, ਯੋਜਨਾ ਤੇ ਕੰਪਿਊਟਰ ਕਾਰੀਗਿਰੀ ਦੇ ਮਾਹਿਰ, ਡਾਕਟਰ ਤੇ ਅਨੇਕਾਂ ਹੋਰ ਕਰਮਚਾਰੀ ਇਸ ਮਹਾਨ ਕੰਮ 'ਚ ਲੱਗੇ ਹੋਏ ਸਨ। ਨਾਸਾ ਨੇ ਹਰ ਚੁਨੌਤੀ ਦਾ ਸਾਹਮਣਾ ਡਟ ਕੇ ਕੀਤਾ ਅਤੇ ਰਾਸ਼ਟਰਪਤੀ ਜਾਨ ਐਫ਼ ਕੈਨੇਡੀ ਦੇ "ਆਦਮੀ ਨੂੰ ਚੰਦ ਤੇ ਉਤਾਰਨ ਤੇ ਸਹੀ-ਸਲਾਮਤ ਵਾਪਿਸ ਧਰਤੀ 'ਤੇ ਲਿਆਉਣ" ਦੇ ਸੰਕਲਪ ਨੂੰ ਪੂਰਾ ਕੀਤਾ।

ਨਾਸਾ ਨੇ ਹਰ ਕਦਮ ਪੂਰੀ ਨਿਹਚਾ ਤੇ ਤਕਨੀਕੀ ਸਹਿਯੋਗ ਨਾਲ ਨਿਭਾਇਆ। 2006 'ਚ ਪਲੂਟੋ ਬਾਰੇ ਜਾਣਕਾਰੀ ਲੈਣ ਲਈ ਨਿਊ ਹੋਰਾਇਜ਼ਨਜ਼ ਲਾਂਚ ਕੀਤਾ ਗਿਆ ਜੋ ਕਿ 2015 ਤੱਕ ਪਲੂਟੋ ਤੇ ਕਾਈਪਰ ਬੈਲਟ ਦੀ ਬਰਫ਼ੀਲੀ ਸੱਤਾਹ ਤੱਕ ਪਹੁੰਚ ਸਕੇਗਾ। ਨਵੰਬਰ 2008 'ਚ ਭਾਰਤ ਨੇ ਵੀ ਚੰਦਰਯਾਨ ਚੰਦ 'ਤੇ ਭੇਜਿਆ ਹੈ। ਇਸ ਦੁਆਰਾ ਭੇਜੀਆਂ ਗਈਆਂ ਤਸਵੀਰਾਂ ਬਹੁਤ ਹੀ ਆਹਲਾ ਤੇ ਸਪਸ਼ਟ ਹਨ।

ਅਸੀਂ ਇਹ ਅਰਦਾਸ ਕਰਦੇ ਹਾਂ ਕਿ ਤਕਨੀਕੀ ਗਿਆਨ ਮਾਨਵਤਾ ਦੇ ਭਲੇ ਲਈ ਹੀ ਇਸਤੇਮਾਲ ਕੀਤਾ ਜਾਵੇਗਾ। ਸ਼ਾਇਦ ਮੰਗਲ, ਸ਼ੁਕਰ, ਸ਼ਨੀ, ਪਲੂਟੋ, ਆਦਿ ਨੀਲ ਆਰਮਸਟਰੌਂਗ ਜਾਂ ਰਾਕੇਸ਼ ਸ਼ਰਮਾ ਜਿਹੇ ਸਾਹਸੀ ਤੇ ਸੂਝਵਾਨ ਪੁਲਾੜ ਯਾਤਰੀਆਂ ਦਾ ਰਾਹ ਦੇਖ ਰਹੇ ਹਨ!

# ਹੋਰ ਕੰਪਨੀ ਨਹੀਂ ਹਰਾ ਸਕਦੀ ਏਅਰ ਇੰਡੀਆ ਨੂੰ, ਖਤਰਾ ਅੰਦਰੋਂ

ਪ੍ਰੀਤੀਸ਼ ਨੰਦੀ

ਮੈਂ ਕੋਈ ਚੀਰ ਫਾੜ ਕਰਨ ਵਾਲਾ ਐਡੀਟਰ ਨਹੀਂ ਹਾਂ, ਇਸ ਲਈ ਇਹ ਦੱਸਣ ਦੀ ਹਿੰਮਤ ਨਹੀਂ ਕਰ ਸਕਦਾ ਕਿ ਏਅਰ ਇੰਡੀਆ ਦੀ ਵਿੱਤ ਵਿਵਸਥਾ ਨਾਲ ਕੀ ਗੜਬੜੀਆਂ ਹਨ, ਪਰ ਇਕ ਮੁਸਾਫਿਰ ਦੇ ਤੌਰ 'ਤੇ ਮੈਂ ਇਹ ਜ਼ਰੂਰ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਡੀ ਰਾਸ਼ਟਰੀ ਏਅਰਲਾਈਨ ਕਿਸ ਬਿਮਾਰੀ ਨਾਲ ਪੀੜਤ ਹੈ ਅਤੇ ਇਹ ਗੱਲ ਮੇਰੀ ਤਰ੍ਹਾਂ ਏਅਰ ਇੰਡੀਆ ਵਿਚ ਅਕਸਰ ਸਫਰ ਕਰਨ ਵਾਲੇ ਉਸ ਹਰੇਕ ਵਿਅਕਤੀ ਲਈ ਵੀ ਬਿਲਕੁਲ ਸ਼ੀਸ਼ੇ ਵਾਂਗ ਸਾਫ ਹੈ, ਜਿਹੜਾ ਇਸ ਨਾਲ ਪਿਆਰ ਕਰਦਾ ਹੈ। ਆਖਰ ਇਹ ਉਹੀ ਏਅਰਲਾਈਨ ਹੈ, ਜਿਸ ਦੇ ਨਾਲ ਨਾਲ ਅਸੀਂ ਵੱਡੇ ਹੋਏ ਹਾਂ।

ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਸਵੀਕਾਰ ਕਰਨਾ ਹੀ ਪਵੇਗਾ ਕਿ ਏਅਰ ਇੰਡੀਆ ਲੰਬੇ ਸਮੇਂ ਤੋਂ ਕਸਟਮਰ ਫ੍ਰੈਂਡਲੀ ਨਹੀਂ ਰਹੀ। ਅੱਜ ਇਹ ਇਕ ਇਸ ਤਰ੍ਹਾਂ ਦੀ ਏਅਰਲਾਈਨ ਹੈ, ਜਿਹੜੀ ਆਪਣੀਆਂ ਟ੍ਰੇਡ ਯੂਨੀਅਨਾਂ ਅਤੇ ਰਾਜਨੀਤਕ ਮਾਲਕਾਂ ਨੂੰ ਖੁਸ਼ ਕਰਨ ਵਿਚ ਹੀ ਜ਼ਿਆਦਾ ਰੁਝੀ ਹੋਈ ਹੈ, ਜਿਨ੍ਹਾਂ ਨੇ ਇਸ ਨੂੰ ਪਿਛਲੇ ਸਾਲਾਂ ਤੋਂ ਜ਼ਮੀਨ 'ਤੇ ਸੁੱਟ ਦਿੱਤਾ ਹੈ। ਇਹ ਉਨ੍ਹਾਂ ਦੇ ਹਿੱਤਾਂ ਨੂੰ ਹੀ ਸੋਧਣ ਵਿਚ ਲੱਗੀ ਰਹਿੰਦੀ ਹੈ। ਮੌਜੂਦਾ ਸੰਕਟ ਨੂੰ ਲੈ ਕੇ ਇਸ ਦੇ ਮੰਤਰੀ ਨੇ ਪਹਿਲੀ ਗੱਲ ਇਹੀ ਕਹੀ ਕਿ ਕਿਸੇ ਵੀ ਕਰਮਚਾਰੀ ਨੂੰ ਆਪਣੀ ਨੌਕਰੀ ਤੋਂ ਹੱਥ ਨਹੀਂ ਧੋਣਾ ਪਵੇਗਾ।

ਮੈਂ ਮੰਨਦਾ ਹਾਂ ਕਿ ਇਹ ਚੰਗਾ ਵਿਚਾਰ ਹੈ, ਪਰ ਜਦ ਕੰਪਨੀਆਂ ਗੰਭੀਰ ਸੰਕਟ ਵਿਚ ਹੋਣ (ਜਿਸ ਤਰ੍ਹਾਂ ਫਿਲਹਾਲ ਏਅਰ ਇੰਡੀਆ ਹੈ) ਤਾਂ ਸਾਰੇ ਵਿਕਲਪਾਂ ਨੂੰ ਖੁੱਲ੍ਹਾ ਰੱਖਣ ਵਿਚ ਕੋਈ ਹਰਜ ਨਹੀਂ ਹੈ। ਕਿਸੇ ਵੀ ਵਿਕਲਪ ਨੂੰ ਇਸ ਦੇ ਅਮਲੀ ਪ੍ਰਭਾਵਾਂ ਦੀ ਪੜਚੋਲ ਕੀਤੇ ਬਿਨਾਂ ਖਾਰਜ ਨਹੀਂ ਕੀਤਾ ਜਾ ਸਕਦਾ। ਨੌਕਰੀਆਂ ਵਿਚ ਛਾਂਟੀ ਦਾ ਵਿਚਾਰ ਬਿਲਕੁਲ ਸਿੱਧਾ ਹੈ। ਜੇਕਰ ਤੁਸੀਂ 30 ਫੀਸਦੀ ਲੋਕਾਂ ਨੂੰ ਹਟਾ ਕੇ 70 ਫੀਸਦੀ ਲੋਕਾਂ ਦੀਆਂ ਨੌਕਰੀਆਂ ਬਚਾ ਸਕਦੇ ਹੋ ਤਾਂ ਇਹ ਬੁਰਾ ਵਿਕਲਪ ਨਹੀਂ ਹੈ, ਬਸ਼ਰਤੇ 30 ਫੀਸਦੀ ਛਾਂਟੀ ਕਿਸੇ ਡਰ ਜਾਂ ਪੱਖਪਾਤ ਤੋਂ ਬਗੈਰ ਸ਼ੁੱਧ ਰੂਪ ਵਿਚ ਇਸ ਅਧਾਰ 'ਤੇ ਹੋਵੇ ਕਿ ਏਅਰਲਾਈਨ ਲਈ ਕੀ ਬੇਹਤਰ ਹੈ। ਇਹ ਗੱਲ ਏਅਰਇੰਡੀਆ ਦੇ 43 ਕਾਰਜਕਾਰੀ ਨਿਰਦੇਸ਼ਕਾਂ ਦੇ ਸੰਦਰਭ ਵਿਚ ਵੀ ਲਾਗੂ ਹੋਣੀ ਚਾਹੀਦੀ ਹੈ।

ਨੌਕਰੀਆਂ ਵਿਚ ਛਾਂਟੀ ਨਾਲ ਲਾਗਤ ਹੀ ਘੱਟ ਨਹੀਂ ਹੁੰਦੀ, ਇਸ ਨਾਲ ਸੰਸਥਾ ਨੂੰ ਨਵੇਂ ਸਿਰੇ ਤੋਂ ਵਿਵਸਥਤ ਕਰਨ ਵਿਚ ਵੀ ਮਦਦ ਮਿਲਦੀ ਹੈ। ਹਰੇਕ ਫਰਮ, ਖਾਸ ਕਰਕੇ ਏਅਰ ਇੰਡੀਆ ਜਿਹੀ ਸਰਕਾਰੀ ਮਾਨਤਾ ਵਾਲੀ ਵੱਡੀ ਸੰਸਥਾ ਵਿਚ ਇਸ ਤਰ੍ਹਾਂ ਦੇ ਕਈ ਨਕਾਰਾ ਲੋਕ ਹੁੰਦੇ ਹਨ, ਜਿਨ੍ਹਾਂ 'ਤੇ ਉਦੋਂ ਤੱਕ ਕੋਈ ਧਿਆਨ ਨਹੀਂ ਦਿੰਦਾ, ਜਦ ਤੱਕ ਸਭ ਕੁਝ ਠੀਕ ਠਾਕ ਚੱਲ ਰਿਹਾ ਹੋਵੇ।

ਜਦ ਬਾਜ਼ਾਰ ਡਿੱਗਦਾ ਹੈ ਤਾਂ ਫਿਰ ਨਕਾਰਾ ਲੋਕਾਂ ਤੋਂ ਪੱਲਾ ਛੁਡਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ, ਤਾਂ ਕਿ ਉਨ੍ਹਾਂ ਦੀ ਜਗ੍ਹਾ ਨਵੀਂ ਪ੍ਰਤਿਭਾ ਆਵੇ ਅਤੇ ਫਰਮ ਵਿਚ ਨਵੀਂ ਉਰਜਾ ਦਾ ਸੰਚਾਰ ਕਰੇ। ਜੇਕਰ ਨਵੀਨੀਕਰਣ ਦੀ ਇਹ ਪ੍ਰਕ੍ਰਿਆ ਨਾ ਹੋਵੇ ਤਾਂ ਸੰਸਥਾਵਾਂ ਨੂੰ ਮਰਨ ਵਿਚ ਸਮਾਂ ਨਹੀਂ ਲਗਦਾ ਹੈ। ਕਿਸੇ ਇਹੋ ਜਿਹੀ ਸੰਸਦ ਦੀ ਕਲਪਨਾ ਕਰੋ, ਜਿਥੇ ਹਰ ਕਿਸੇ ਦੀ ਸੀਟ ਸੁਰੱਖਿਅਤ ਹੋਵੇ ਅਤੇ ਉਨ੍ਹਾਂ ਦੀ ਤਨਖਾਹ ਅਤੇ ਹੋਰ ਸੁਵਿਧਾਵਾਂ ਵਿਚ ਵਾਧਾ ਹੁੰਦਾ ਰਹੇ। ਜਿਹੜੀਆਂ ਕੰਪਨੀਆਂ ਆਪਣੇ ਕਰਮਚਾਰੀਆਂ ਬਾਰੇ ਸਮੇਂ-ਸਮੇਂ 'ਤੇ ਸਮੀਖਿਆ ਕਰਨ ਅਤੇ ਇਹੋ ਜਿਹੀਆਂ ਸਮੀਖਿਆਵਾਂ ਦੇ ਆਧਾਰ 'ਤੇ ਸਖ਼ਤ ਫੈਸਲੇ ਲੈਣ ਤੋਂ ਡਰਦੀਆਂ ਹਨ, ਆਪਣੀ ਪ੍ਰਧਾਨਗੀ ਤੋਂ ਇਲਾਵਾ ਹੋਰ ਵੀ ਕੁਝ ਲੁਕੋ ਰਹੀਆਂ ਹੁੰਦੀਆਂ ਹਨ।



ਜਦ ਏਅਰ ਇੰਡੀਆ ਵਰਗੀ ਸਮਰੱਥ ਸੰਸਥਾ ਨੂੰ ਭਾਰੀ ਘਾਟਾ ਹੁੰਦਾ ਹੈ ਤਾਂ ਉਸ ਨੂੰ ਆਪਣੀ ਸਾਰੀਆਂ ਜਾਇਦਾਦਾਂ ਅਤੇ ਚਾਲੂ ਲਾਗਤ 'ਤੇ ਨਵੇਂ ਸਿਰੇ ਤੋਂ ਗੌਰ ਕਰਨਾ ਪੈਂਦਾ ਹੈ। ਇਹ ਸੜਕ ਦੇ ਕਿਸੇ ਕੋਨੇ 'ਤੇ ਖੜੀ ਹੋ ਕੇ ਅਤੇ ਹੱਥ ਵਿਚ ਟੋਪੀ ਲੈ ਕੇ ਭੀਖ ਨਹੀਂ ਮੰਗ ਸਕਦੀ। ਇਸ ਨੂੰ ਆਤਮ-ਸਨਮਾਨ ਬਰਕਰਾਰ ਰੱਖਦੇ ਹੋਏ ਆਪਣੇ ਅੰਦਰ ਮੌਜੂਦ ਹੱਲ ਦੀ ਤਲਾਸ਼ ਕਰਨੀ ਚਾਹੀਦੀ ਹੈ। ਏਅਰ ਇੰਡੀਆ ਬਾਰੇ ਦੋ ਗੱਲਾਂ ਸਾਫ ਨਜ਼ਰ ਆਉਂਦੀਆਂ ਹਨ। ਪਹਿਲੀ, ਇੱਥੇ ਹਰ ਪੱਧਰ 'ਤੇ ਭਾਰੀ-ਭਰਕਮ ਤਨਖ਼ਾਹ ਹੈ, ਜਿਹੜੀ ਅਕਸਰ ਉਤਪਾਦਨ ਨਾਲ ਜੁੜੇ ਇਨਸੈਂਟਿਵ ਦੇ ਨਾਮ 'ਤੇ ਦਿੱਤੀ ਜਾਂਦੀ ਹੈ। ਦੂਜਾ ਇਸਦਾ ਮਹਾਰਾਜੇ ਵਰਗਾ ਲਾਈਫ ਸਟਾਈਲ, ਜਿਹੜਾ ਇਸ ਏਅਰਲਾਈਨ ਵਿਚ ਸਫਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬੇਹੱਦ ਨਾਗਵਾਰ ਗੁਜ਼ਰਦਾ ਹੈ। ਮਿਸਾਲ ਦੇ ਤੌਰ 'ਤੇ ਮੇਰੇ ਵਰਗੇ ਇਕ ਬਿਜਨੈਸ ਕਲਾਸ ਯਾਤਰੀ ਨੂੰ ਏਅਰ ਇੰਡੀਆ ਵਿਚ ਇਹ ਦੇਖ ਕੇ ਬੇਹੱਦ ਹੈਰਾਨੀ ਹੁੰਦੀ ਹੈ ਜਦੋਂ ਇਸ ਦਾ ਟੈਕਨੀਕਲ ਸਟਾਫ ਜਹਾਜ਼ ਦੇ ਸਮੁੱਚੇ ਫਸਟ ਕਲਾਸ 'ਤੇ ਕਬਜ਼ਾ ਕਰਕੇ ਉਸ 'ਤੇ ਇਸ ਤਰ੍ਹਾਂ ਅਰਾਮ ਫਰਮਾਵੇ, ਜਿਵੇਂ ਇਹ ਉਨ੍ਹਾਂ ਦੀ ਮਲਕੀਅਤ ਹੋਵੇ। ਸਵਾਲ ਇਹ ਹੈ ਕਿ ਆਖਰ ਇਸਦਾ ਵਿਕਲਪ ਕੀ ਹੈ? ਸੰਸਥਾ ਥੋੜ੍ਹਾ ਸਬਰ ਕਰੇ ਅਤੇ ਇਸ ਦੇ ਸਟਾਫ ਲਈ ਵੀ ਥੋੜ੍ਹੀ ਜਿਹੀ ਸੰਜਮ ਭਰੀ ਜੀਵਨਸ਼ੈਲੀ ਹੋਵੇ। ਅੱਜ ਦੇ ਸਮੇਂ ਵਿਚ ਇਹੋ ਜ਼ਿਆਦਾ ਦੂਰਦਰਸ਼ੀ ਅਤੇ ਸਨਮਾਨਜਨਕ ਕਦਮ ਹੋ ਸਕਦਾ ਹੈ। ਕਦੇ-ਕਦਾਈ ਯਾਤਰੀਆਂ ਨੂੰ ਉੱਚ ਪੱਧਰ ਦੀਆਂ ਖਾਲੀ ਪਈਆਂ ਸੀਟਾਂ 'ਤੇ ਬਿਠਾਇਆ ਜਾ ਸਕਦਾ ਹੈ, ਜਿਵੇਂ ਕਿ ਦੂਜੀਆਂ ਏਅਰਲਾਈਨ ਆਪਣੇ ਯਾਤਰੀਆਂ ਨਾਲ ਕਰਦੀਆਂ ਹਨ, ਤਾਂ ਕਿ ਉਹ ਖੁਦ ਨੂੰ ਖਾਸ ਮਹਿਸੂਸ ਕਰਨ।

ਇਸ ਨਾਲ ਗਾਹਕਾਂ ਦੀ ਸੰਤੁਸ਼ਟੀ ਦਾ ਪੱਧਰ ਵਧੇਗਾ। ਪਰ ਇਸ ਲਈ ਉਸ ਨੂੰ ਅੰਦਰੂਨੀ ਸਟਾਫ ਦੀਆਂ ਅਯਾਸ਼ੀਆਂ ਨੂੰ ਸੰਤੁਸ਼ਟ ਕਰਨਾ ਛੱਡਣਾ ਹੋਵੇਗਾ, ਜੋ ਫਿਲਹਾਲ ਏਅਰ-ਇੰਡੀਆ ਦੀ ਪਹਿਲ ਲੱਗਦੀ ਹੈ। ਇਕ ਹੋਰ ਵਿਕਲਪ ਜਾਇਦਾਦਾਂ ਵਿਚ ਕਮੀ ਕਰਨਾ ਵੀ ਹੋ ਸਕਦਾ ਹੈ। ਇਸ ਲਈ ਚਲ ਜਾਇਦਾਦਾਂ ਵਿਚ ਕਟੌਤੀ ਕਰਨ ਦੀ ਜ਼ਰੂਰਤ ਨਹੀਂ ਹੈ, ਜਿਵੇਂ ਕਿ ਪ੍ਰਬੰਧਕ ਲੀਜ਼ 'ਤੇ ਲਏ ਗਏ 45 ਜਹਾਜ਼ਾਂ ਨੂੰ ਵਾਪਸ ਕਰਨਾ ਚਾਹੁੰਦੇ ਹਨ। ਲੀਜ਼ ਦੀ ਉੱਚ ਨਿਕਾਸੀ ਲਾਗਤ ਨੂੰ ਦੇਖਦੇ ਹੋਏ ਇਹ ਕੋਈ ਚੰਗਾ ਵਿਚਾਰ ਨਹੀਂ ਹੋ ਸਕਦਾ। ਆਪਣੇ ਕਰਮਚਾਰੀਆਂ ਅਤੇ ਭਾਰੀ ਭਰਕਮ ਖਰਚੇ ਦੇ ਮੱਦੇਨਜ਼ਰ ਏਅਰ ਇੰਡੀਆ ਨੂੰ 100 ਤੋਂ ਵੀ ਘੱਟ ਜਹਾਜ਼ਾਂ ਨਾਲ ਉੱਡਦੇ ਦੇਖਣਾ ਬੇਹੱਦ ਦੁਖਦਾਈ ਹੋਵੇਗਾ। ਇਨ੍ਹਾਂ ਕਰਮਚਾਰੀਆਂ ਵਿਚ ਤਕਰੀਬਨ 1000 ਕੈਂਟੀਨ ਕਰਮਚਾਰੀ ਅਤੇ ਠੇਕੇ 'ਤੇ ਕੰਮ ਕਰਨ ਵਾਲੇ ਹਜ਼ਾਰਾਂ ਹੋਰ ਲੋਕ ਸ਼ਾਮਲ ਹਨ। ਮੈਂ ਇੱਥੇ ਨਰੀਮਨ ਪਵਾਇੰਟ ਸਥਿਤ ਵਿਸ਼ਾਲ ਇਮਾਰਤ ਅਤੇ ਇਸ ਦੇ ਅਧਿਕਾਰੀਆਂ ਦੀ ਆਓ ਭਗਤ ਲਈ ਲਏ ਗਏ ਆਵਾਸ ਜਿਹੀ ਗੈਰ ਉਤਪਾਦਕ ਜਾਇਦਾਦ ਦੀ ਗੱਲ ਕਰ ਰਿਹਾ ਹਾਂ। ਮੰਦੇ ਦੇ ਇਸ ਦੌਰ ਵਿਚ ਇਸ ਰੀਅਲ ਅਸਟੇਟ ਨੂੰ ਵੇਚਣ ਨਾਲ ਵੀ ਏਅਰ ਇੰਡੀਆ ਨੂੰ ਮੌਜੂਦਾ ਨੇੜਲੇ ਸੰਕਟ ਤੋਂ ਬਾਹਰ ਕੱਢਣ ਲਈ ਲੋੜਵੰਦ ਸਾਧਨ ਮਿਲ ਸਕਦੇ ਹਨ। ਇਕ ਵਾਰ ਇਸ ਤਰ੍ਹਾਂ ਹੋਣ ਅਤੇ ਏਅਰਲਾਇਨ ਦੀ ਹਾਲਤ ਥੋੜ੍ਹੀ ਸੁਧਰਨ ਤੋਂ ਬਾਅਦ, ਜਦ ਇਹ ਥੋੜ੍ਹੀ ਜ਼ਿਆਦਾ ਕਸਟਮਰ ਫ੍ਰੈਂਡਲੀ, ਚੁਸਤ-ਦਰੁਸਤ ਅਤੇ ਸੰਯਮਿਤ ਦਿੱਸਣ ਲੱਗੇ, ਤਾਂ ਇਸ ਤਰ੍ਹਾਂ ਦੀ ਹਾਲਤ ਵਿਚ ਨਵੇਂ ਨਿਵੇਸ਼ਕਾਂ ਨੂੰ ਸਦਾ ਦਿੱਤਾ ਜਾ ਸਕਦਾ ਹੈ। ਏਅਰ ਇੰਡੀਆ 'ਤੇ ਪ੍ਰਭੁਤਵ ਰੱਖਣ ਲਈ ਸਰਕਾਰ ਨੂੰ ਇਸ ਦੇ ਸਾਰੇ ਸਟਾਕ ਨੂੰ ਆਪਣੇ ਕੋਲ ਰੱਖਣਾ ਜ਼ਰੂਰੀ ਨਹੀਂ ਹੈ। ਇਸ ਨੂੰ ਇੰਨਾ ਸਟਾਕ ਚਾਹੀਦਾ, ਜਿਸ ਨਾਲ ਇਸ ਦਾ ਇਸ 'ਤੇ ਕੰਟਰੋਲ ਬਰਕਰਾਰ ਰਹੇ ਅਤੇ ਇਹ ਇਸ ਦੀ ਇਕਵਟੀ ਦੇ ਵੱਡੇ ਹਿੱਸੇ ਨੂੰ ਵੇਚਣ ਤੋਂ ਬਾਅਦ ਵੀ ਹੋ ਸਕਦਾ ਹੈ।

ਹੁਣ ਇਕ ਵਾਰੀ ਫਿਰ ਨਵੇਂ ਵਿਅਕਤੀ ਦੇ ਹੱਥ ਵਿਚ ਕਮਾਨ ਹੈ। ਹੋ ਸਕਦਾ ਹੈ ਕਿ ਉਸ ਨੂੰ ਆਤਮਘਾਤੀ ਰਾਹ 'ਤੇ ਚਲਣ ਦੀ ਬਜਾਏ ਸਖ਼ਤ ਫੈਸਲੇ ਲੈਣ ਦੀ ਬਜਾਏ ਉਤਸਾਹਿਤ ਕੀਤਾ ਜਾਵੇ। ਮੈਨੂੰ ਬਿਲਕੁਲ ਨਹੀਂ ਲਗਦਾ ਕਿ ਕਿੰਗਫਿਸ਼ਰ ਜਾਂ ਜੈੱਟ ਜਿਹੀਆਂ ਕੋਈ ਵੀ ਨਿੱਜੀ ਏਅਰਲਾਈਨਜ਼, ਏਅਰ ਇੰਡੀਆ ਲਈ ਕੋਈ ਗੰਭੀਰ ਖ਼ਤਰਾ ਪੇਸ਼ ਕਰ ਸਕਦੀਆਂ ਹਨ, ਜਿਵੇਂ ਕਿ ਕੁਝ ਵਿਸ਼ਲੇਸ਼ਕਾਂ ਦੀ ਰਾਇ ਹੈ। ਇਸ ਨੂੰ ਖ਼ੁਦ ਆਪਣੇ ਅੰਦਰ ਤੋਂ ਹੀ ਖ਼ਤਰਾ ਹੈ। ਇਸ ਨੂੰ ਉਭਾਰਨ ਦਾ ਕੰਮ ਆਸਾਨ ਚਾਹੇ ਨਾ ਹੋਵੇ, ਪਰ ਜੋ ਕੋਈ ਵੀ ਇਸ ਨੂੰ ਦਰੁਸਤ ਤਰੀਕੇ ਨਾਲ ਕਰ ਸਕੇਗਾ, ਉਸ ਦਾ ਨਾਮ ਕਾਰਪੋਰੇਟ ਦੇ ਇਤਿਹਾਸ ਵਿਚ ਅਮਰ ਹੋ ਜਾਵੇਗਾ, ਹੁਣ ਇਹ ਕੀ ਕੋਈ ਘੱਟ ਵੱਡਾ ਇਨਸੈਂਟਿਵ ਹੋਵੇਗਾ?

# ਭਾਰਤੀ ਰੱਖਿਆ ਸੌਦਿਆਂ 'ਚ ਭ੍ਰਿਸ਼ਟਾਚਾਰ ਦੀਆਂ ਮੁੜ ਤੋਂ ਚਰਚਾਵਾਂ

## ਰੱਖਿਆ ਮੰਤਰਾਲੇ 'ਚ ਸਭ ਤੋਂ ਵੱਡੀ ਸਮੱਸਿਆ ਪਾਰਦਰਸ਼ਿਤਾ ਦੀ ਘਾਟ ਹੈ, ਇਕ ਅਧਿਕਾਰੀ ਇਹ ਨਹੀਂ ਜਾਣਦਾ ਕਿ ਦੂਜਾ ਕੀ ਕਰ ਰਿਹਾ

ਡਾ. ਅਜੀਤਪਾਲ ਸਿੰਘ

ਓ.ਐਫ.ਬੀ. ਇਸ ਦੁਨੀਆਂ 'ਚ ਸਭ ਤੋਂ ਵੱਡਾ ਸਰਕਾਰੀ ਪੈਦਾਵਾਰੀ ਵਿਭਾਗ ਹੈ। ਭਾਵ ਰਖਿਆ ਨਾਲ ਸਬੰਧਤ 40 ਫੈਕਟਰੀਆਂ ਦਾ ਅਜਿਹਾ ਸਮੂਹ ਜੋ ਭਾਰਤੀ ਫੌਜ ਦੇ ਤਿੰਨੋ ਅੰਗਾਂ ਨੂੰ ਜੁੱਤੇ, ਬੰਦੂਕਾਂ ਤੇ ਗੋਲਾ-ਬਾਰੂਦ ਤੋਂ ਲੈ ਕੇ ਫੌਜੀ ਟਰੱਕਾਂ ਸਮੇਤ ਹਰ ਚੀਜ਼ ਨਾਲ ਲੈਸ ਕਰਦਾ ਹੈ। 200 ਸਾਲ ਪੁਰਾਣੇ ਆਰਡੀਨੈਂਸ ਫੈਕਟਰੀ ਬੋਰਡ (ਓ.ਐਫ.ਬੀ.) 'ਚ ਹੋਏ ਰਿਸ਼ਵਤ ਘੋਟਾਲੇ ਨੇ ਭਾਰਤੀ ਪ੍ਰਤੀਰੱਖਿਆ ਦੀ ਚੌਥੀ ਭੁਜਾ ਕਹੇ ਜਾਣ ਵਾਲੇ ਇਸ ਸੰਗਠਨ 'ਚ ਲੱਗੇ ਭਿਆਨਕ ਰੋਗ ਨੂੰ ਉਜਾਗਰ ਕਰ ਦਿੱਤਾ ਹੈ।

ਇਸ ਸਾਲ ਅਪ੍ਰੈਲ ਮਹੀਨੇ ਵਿਚ ਓ.ਐਫ.ਬੀ. 'ਚ ਹੋਏ ਰਿਸ਼ਵਤ ਘੋਟਾਲੇ ਦੌਰਾਨ ਓ.ਐਫ.ਬੀ. ਦੇ ਮਹਾਂਨਿਰਦੇਸ਼ਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਵਾਲੇ ਸੁਦੀਪਤ ਘੋਸ਼ ਕੋਲੋਂ 6 ਕਰੋੜ ਦੀ ਨਕਦੀ, ਜੇਵਰ ਤੇ ਬੈਂਕ 'ਚ ਜਮ੍ਹਾ ਰਾਸ਼ੀ ਦਾ ਸੀ.ਬੀ. ਆਈ. ਵਲੋਂ ਪਤਾ ਲਾਉਣ ਦੇ ਕਈ ਦਿਨਾਂ ਬਾਅਦ ਰੱਖਿਆ ਮੰਤਰਾਲੇ ਨੇ ਸੱਤ ਰੱਖਿਆ ਸਪਲਾਈ-ਕਰਤਾਵਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ। ਇਨ੍ਹਾਂ ਵਿਚ ਵਿਸ਼ਵ ਪੱਧਰ ਦੀਆਂ ਦੋ ਵੱਡੀਆਂ ਕੰਪਨੀਆਂ ਸ਼ਾਮਲ ਹਨ।

ਦੱਸਿਆ ਜਾਂਦਾ ਹੈ ਕਿ ਸਿੰਗਾਪੁਰ ਟੈਕਸਟਾਈਲਜ਼ ਅਤੇ ਇਜ਼ਰਾਇਲ ਮਿਲਟਰੀ ਇੰਡਸਟ੍ਰੀਜ਼ ਨੇ ਘੋਸ਼ ਨੂੰ ਰਿਸ਼ਵਤ ਦਿੱਤੀ ਸੀ। ਕਾਲੀ ਸੂਚੀ 'ਚ ਸ਼ਾਮਲ ਕੀਤੀਆਂ ਗਈਆਂ ਹੋਰ ਕੰਪਨੀਆਂ ਹਨ, ਪੋਲੈਂਡ ਦੀ ਬੀ.ਵੀ.ਟੀ., ਸਿੰਗਾਪੁਰ ਦੀ ਮੀਡੀਆ ਆਰਕੀਟੈਕਟਸ ਪ੍ਰਾ. ਲਿ. ਅਤੇ ਨਿੱਜੀ ਖੇਤਰ ਦੀਆਂ ਤਿੰਨ ਭਾਰਤੀ ਕੰਪਨੀਆਂ ਐਚ.ਵਾਈ.ਟੀ. ਇੰਜੀਨੀਅਰਿੰਗ, ਆਰ.ਕੇ. ਮਸ਼ੀਨ ਟੂਲਸ ਅਤੇ ਟੀ.ਐਸ. ਕਿਸ਼ਨ ਐਂਡ ਕੰਪਨੀਆਂ। ਰੱਖਿਆ ਮੰਤਰਾਲੇ ਨੂੰ ਇਨ੍ਹਾਂ ਕੰਪਨੀਆਂ ਦੇ ਨਾਲ ਕਾਰੋਬਾਰ ਕਰਨ ਤੋਂ ਰੋਕ ਦਿੱਤਾ ਗਿਆ ਹੈ ਪਰ ਸੈਨਾ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਆਧੁਨਿਕੀਕਰਨ ਦੇ ਉਸਦੇ ਕੰਮ 'ਚ ਅੜਿਕਾ ਪਵੇਗਾ।

ਥਲ ਸੈਨਾ ਮੁਖੀ ਜਨਰਲ ਕਪੂਰ ਦਾ ਕਹਿਣਾ ਸੀ, "ਜਦ ਤਕ ਸੀ.ਬੀ.ਆਈ. ਆਪਣੀ ਜਾਂਚ ਪੂਰੀ ਨਹੀਂ ਕਰ ਲੈਂਦੀ, ਦੇਰ ਹੁੰਦੀ ਜਾਵੇਗੀ ਅਤੇ ਇਸ ਨਾਲ ਵਧ ਹਲਕੀਆਂ ਤੇ ਵਿਤਜਰ ਤੋਪਾਂ ਦੀ ਸਪਲਾਈ ਪ੍ਰਭਾਵਿਤ ਹੋਵੇਗੀ।'' ਘੋਸ਼ ਹਾਲ ਦੇ ਸਾਲਾਂ 'ਚ ਰਿਸ਼ਵਤ ਦੇ ਦੋਸ਼ਾਂ 'ਚ ਘਿਰੇ ਸਭ ਤੋਂ ਵੱਡੇ ਰਖਿਆ ਅਧਿਕਾਰੀ ਹਨ। ਦੋਸ਼ ਹੈ ਕਿ ਘੋਸ਼ ਨੇ ਦੋ ਸ਼ੱਕੀ ਸੌਦਿਆਂ ਵਿਚ ਪੈਸਾ ਬਣਾਇਆ। ਇਜ਼ਰਾਈਲੀ ਮਿਲਟਰੀ ਇੰਡਸਟ੍ਰੀਜ਼, ਜਿਸਨੇ ਨਾਲੰਦਾ ਕਾਰਖਾਨੇ 'ਚ 155 ਐਮ.ਐਮ. ਤੋਪ ਗੋਲੇ ਪ੍ਰੋਪੇਲੈਂਟ ਬਣਾਉਣ ਹਿੱਤ 1200 ਕਰੋੜ ਰੁਪਏ ਦਾ ਸੌਦਾ ਹਾਸਲ ਕੀਤਾ ਅਤੇ 700 ਕਰੋੜ ਰੁਪਏ ਦਾ ਸੰਯੁਕਤ ਉਪਕਰਨ ਜਿਸ ਦੇ ਤਹਿਤ ਸਿੰਗਾਪੁਰ ਟੈਕਨਾਲੋਜੀਜ਼ ਕਾਰਬਾਈਨ ਬਣਾਉਂਦੀਆਂ ਹਨ।

ਕਾਲੀ ਸੂਚੀ 'ਚ ਪਾਈਆਂ ਗਈਆਂ ਕੰਪਨੀਆਂ ਹਨ-ਸਿੰਗਾਪੁਰ ਟੈਕਨਾਲੋਜੀਜ਼, ਆਰ.ਕੇ. ਮਸ਼ੀਨਟੂਲਜ਼, ਵੀ.ਪੀ. ਟੀ. ਪੋਲੈਂਡ, ਟੀ.ਐਸ. ਕਿਸ਼ਨ ਐਂਡ ਕੰਪਨੀ, ਇਜ਼ਰਾਈਲੀ ਮਿਲਟਰੀ ਇੰਡਸਟ੍ਰੀਜ਼, ਐਚ.ਵਾਈ. ਦੀ ਇੰਜੀਨੀਅਰਿੰਗ, ਮੀਡੀਆ ਆਰਕੀਟੈਕਟਸ ਪ੍ਰਾ. ਲਿਮਟਿਡ।

ਇਸ ਘੁਟਾਲੇ ਦਾ ਪ੍ਰਭਾਵ ਇਹ ਪਿਆ ਹੈ ਕਿ ਸੈਨਾ ਦੀ ਤੋਪ ਖਰੀਦਦਾਰੀ 'ਚ ਹੋਰ ਦੇਰ ਹੋਵੇਗੀ। ਸਿੰਗਾਪੁਰ ਟੈਕਨਾਲੋਜੀਜ਼ ਤੋਂ ਬੇਹੱਦ ਹਲਕੀਆਂ ਤੋਪਾਂ ਮੰਗਵਾਉਣ ਦਾ ਕੰਮ ਰੁਕ ਗਿਆ ਹੈ। 155 ਐਮ.ਐਮ. ਤੋਪਾਂ ਲਈ ਪ੍ਰੋਪੇਲੈਂਟੇ ਦੀ ਦਰਾਮਦ ਜਾਰੀ ਰੱਖਣੀ ਹੋਵੇਗੀ। ਟੀ-72 ਅਤੇ ਟੀ-90 ਟੈਂਕਾਂ ਦੇ ਪੁਰਜ਼ਿਆਂ ਲਈ ਸਪਲਾਈ ਕਰਤਾਵਾਂ ਨੂੰ ਲੱਭਣਾ ਪਵੇਗਾ। ਇਕ ਉਚ ਅਧਿਕਾਰੀ ਦਾ ਕਹਿਣਾ ਸੀ, "ਅਜਿਹਾ ਲਗਦਾ ਹੈ ਜਿਵੇਂ ਕਿਸੇ ਨੇ ਸਾਡੇ ਹੱਥਾਂ 'ਤੇ ਖੁਦਵਾ ਦਿੱਤਾ ਹੈ, "ਮੇਰਾ ਬਾਪ ਚੋਰ।'' ਸੀ.ਬੀ.ਆਈ. ਨੇ ਇਸਨੂੰ ਹਾਲ ਦੇ ਸਾਲਾਂ ਵਿਚ ਭ੍ਰਿਸ਼ਟਾਚਾਰ ਦੇ ਸਭ ਤੋਂ ਵੱਡੇ ਮਾਮਲਿਆਂ ਵਿਚੋਂ ਇਕ ਕਰਾਰ ਦਿੱਤਾ ਹੈ। ਘਪਲਾ ਇਹ ਸਾਬਤ ਕਰਦਾ ਹੈ ਕਿ ਸਰਕਾਰ ਵਲੋਂ ਸਖਤ ਸਜ਼ਾ ਦੇ ਬਾਵਜੂਦ ਰਖਿਆ ਸੌਦਿਆਂ ਵਿਚ ਭ੍ਰਿਸ਼ਟਾਚਾਰ ਤੇ ਵਿਚੋਲਿਆਂ ਦੀ ਭੂਮਿਕਾ ਬਣੀ ਹੋਈ ਹੈ। ਨਿੱਜੀ ਖੇਤਰ ਦੀ ਇਕ ਰਖਿਆ ਕੰਪਨੀ ਦੇ ਸੀ.ਈ.ਓ. ਦਾ ਕਹਿਣਾ ਸੀ, "ਇਹ ਮਾਮਲਾ ਇਕ ਹੋਰ ਉਦਾਹਰਣ ਹੈ ਕਿ ਕਿਵੇਂ ਰੱਖਿਆ ਭ੍ਰਿਸ਼ਟਾਚਾਰ ਰਾਜਸੀ ਪੱਧਰ ਤੋਂ ਲੈ ਕੇ ਅਧਿਕਾਰੀ ਪੱਧਰ ਤਕ ਫੈਲ ਗਿਆ ਹੈ।''

ਇਸ ਤੋਂ ਵੀ ਵਧ ਚਿੰਤਤ ਕਰਨ ਵਾਲਾ ਤੱਥ ਇਹ ਹੈ ਕਿ ਘੋਸ਼ ਦੇ ਰਿਟਾਇਰ ਹੋਣ ਪਿਛੋਂ ਓ.ਐਫ.ਬੀ. ਪਾਸ ਦੋ ਮਹੀਨੇ ਤੋਂ ਕੋਈ ਮੁਖੀ ਨਹੀਂ ਹੈ। ਇਸਦੀ ਵਜ੍ਹਾ ਇਹ ਹੈ ਕਿ ਰੱਖਿਆ ਪੈਦਾਵਾਰ ਵਿਭਾਗ, ਜਿਸ ਦੇ ਤਹਿਤ ਓ.ਐਫ.ਬੀ. ਕੰਮ ਕਰਦਾ ਹੈ, ਅਜੇ ਤਕ ਉਨ੍ਹਾਂ ਦੇ ਉਤਰਾਧਿਕਾਰੀ ਦਾ ਨਾਂ ਵੀ ਤੈਅ ਨਹੀਂ ਕਰ ਸਕਿਆ ਹੈ। ਓ.ਐਫ.ਬੀ. ਅਧਿਕਾਰੀਆਂ ਮੁਤਾਬਕ ਉਨ੍ਹਾਂ ਨੂੰ ਅਜੇ ਤਕ ਇਹ ਨਹੀਂ ਸਮਝ ਆ ਰਿਹਾ ਕਿ ਇੰਡੀਅਨ ਆਰਡੀਨੈਂਸ ਫੈਕਟਰੀ ਸੇਵਾ ਦੇ 1970 ਬੈਚ ਦੇ ਅਧਿਕਾਰੀ ਘੋਸ਼ ਜੋ ਇਸ ਅਹੁਦੇ 'ਤੇ ਸਾਲ ਦਾ ਆਪਣਾ ਕਾਰਜਕਾਲ ਪੂਰਾ ਹੋਣ ਪਿਛੋਂ ਰਿਟਾਇਰ ਹੋਏ ਹਨ, ਕਿਸ ਤਰ੍ਹਾਂ ਪ੍ਰਬੰਧ ਨੂੰ ਧੋਖਾ ਦੇਣ ਵਿਚ ਕਾਮਯਾਬ ਹੋ ਗਏ। ਓ.ਐਫ.ਬੀ. ਦਾ ਚੋਟੀ ਦਾ ਅਧਿਕਾਰੀ ਮਹਾਂ ਨਿਰਦੇਸ਼ਕ ਹੁੰਦਾ ਹੈ ਜੋ ਬੋਰਡ ਦਾ ਮੁਖੀ ਵੀ ਹੁੰਦਾ ਹੈ। ਬੋਰਡ ਦਿੱਲੀ 'ਚ ਰੱਖਿਆ ਮੰਤਰਾਲੇ ਦੇ ਤਹਿਤ ਆਉਣ ਵਾਲੇ ਰੱਖਿਆ ਉਤਪਾਦਨ ਵਿਭਾਗ ਦੇ ਪ੍ਰਸ਼ਾਸਨਿਕ ਕੰਟਰੋਲ ਵਿਚ ਹੁੰਦਾ ਹੈ। ਉਸ ਪਾਸ ਸਰਕਾਰੀ ਮਨਜ਼ੂਰੀ ਬਿਨਾ ਸਾਲਾਨਾ 25 ਕਰੋੜ ਰੁਪਏ ਤਕ ਨਵੀਂ ਮਸ਼ੀਨਰੀ ਖਰੀਦਣ ਦਾ ਅਧਿਕਾਰ ਹੁੰਦਾ ਹੈ।

ਸੀ.ਬੀ.ਆਈ. ਵਲੋਂ ਗ੍ਰਿਫਤਾਰ ਕੀਤੇ ਗਏ ਲੋਕਾਂ 'ਚ ਪ੍ਰਦੀਪ ਰਾਣਾ ਵੀ ਹੈ ਜੋ ਇਜ਼ਰਾਈਲੀ ਫਰਮ ਦੇ ਸਲਾਹਕਾਰ ਹਨ ਤੇ ਉਨ੍ਹਾਂ ਨੂੰ ਲੰਦਨ ਸਥਿਤ ਹਥਿਆਰ ਏਜੰਟ ਸੁਧੀਰ ਚੌਧਰੀ ਦਾ ਕਰੀਬੀ ਸਹਿਯੋਗੀ ਮੰਨਿਆ ਜਾਂਦਾ ਹੈ। ਫੜੇ ਜਾਣ ਵਾਲਿਆਂ 'ਚ ਏਅਰ ਇੰਡੀਆ ਦੇ ਵਧੀਕ ਮਹਾਂਪ੍ਰਬੰਧਕ ਰਮੇਸ਼ ਨਾਂਬਿਆਰ ਵੀ ਸਨ। ਨਾਂਬਿਆਰ 2010 ਦੀਆਂ ਰਾਸ਼ਟਰਮੰਡਲ ਖੇਡਾਂ ਲਈ ਸੈਰ ਸਪਾਟਾ ਤੇ ਯਾਤਰਾ ਸੰਮਤੀ ਦੇ ਪ੍ਰਧਾਨ ਵੀ ਸਨ। ਮਹਿਕਮੀ ਹਲਕਿਆਂ 'ਚ ਪ੍ਰਭਾਵ ਰਖਣ ਵਾਲੇ ਨਾਂਬਿਆਰ ਦੀ ਪਹੁੰਚ ਪ੍ਰਧਾਨ ਮੰਤਰੀ ਦਫਤਰ ਤਕ ਸੀ, ਸੀ.ਬੀ.ਆਈ. ਮੁਤਾਬਕ ਨਾਂਬਿਆਰ ਨੇ ਸਪਲਾਈਕਰਤਾਵਾਂ ਤੋਂ ਰਿਸ਼ਵਤ ਦਾ ਪੈਸਾ ਘੋਸ਼ ਤਕ ਪਹੁੰਚਾਉਣ ਲਈ ਵਿਚੋਲਿਆਂ ਦਾ ਕੰਮ ਕੀਤਾ ਅਤੇ ਉਸ ਪੈਸੇ ਨੂੰ ਸਫੈਦ ਬਣਾਉਣ ਵਿਚ ਵੀ ਉਨ੍ਹਾਂ ਦੀ ਸਹਾਇਤਾ ਕੀਤੀ। ਘੋਸ਼ ਦੇ ਹੋਰ ਏਜੰਟਾਂ ਰਾਹੀਂ ਵੀ ਕੰਮ ਕਰਦੇ ਸਨ ਜੋ ਦਿੱਲੀ ਦੇ ਹੋਟਲਾਂ ਵਿਚ ਵਿਦੇਸ਼ੀ ਸਪਲਾਈਕਰਤਾਵਾਂ ਨਾਲ ਉਨ੍ਹਾਂ ਦੀਆਂ ਮੁਲਾਕਾਤਾਂ ਦੀ ਵਿਵਸਥਾ ਕਰਦੇ।

ਸੀ.ਬੀ.ਆਈ. ਨੇ ਸਿੰਗਾਪੁਰ ਦੇ ਇਕ ਖਾਤੇ ਦਾ ਪਤਾ ਲਾਇਆ ਹੈ ਜਿਸ 'ਚ 4.76 ਕਰੋੜ ਰੁਪਏ ਦੀ ਰਾਸ਼ੀ ਸੀ ਇਹ ਖਾਤਾ ਨਾਂਬਿਆਰ ਦੀ ਮਦਦ ਨਾਲ ਘੋਸ਼ ਦੇ ਨਾਂ ਖੋਲ੍ਹਿਆ ਗਿਆ ਸੀ। ਸੀ.ਬੀ.ਆਈ. ਅਜੇ ਵਿਚੋਲਿਆਂ ਦੇ ਇਸ ਤੋਂ ਵੱਡੇ ਨੈਟਵਰਕ ਦਾ ਪਤਾ ਲਾ ਰਹੀ ਹੈ, ਜੋ ਫੈਕਟਰੀਆਂ ਤੋਂ ਮਿਲੀ ਰਿਸ਼ਵਤ ਘੋਸ਼ ਤਕ ਪਹੁੰਚਾਇਆ ਕਰਦੇ ਸਨ। ਸਬੂਤਾਂ ਤੋਂ ਪਤਾ ਲਗਦਾ ਹੈ ਕਿ ਘੋਸ਼ ਨੇ ਦੋ ਰੱਖਿਆ ਸੌਦਿਆਂ ਵਿਚ ਰਿਸ਼ਵਤ ਲਈ। ਇਕ ਸੌਦਾ ਆਈ.ਐਮ.ਐਲ. ਦੇ ਨਾਲ 1200 ਕਰੋੜ ਰੁਪਏ ਦਾ ਸੀ ਜਿਸਨੂੰ ਜਨਵਰੀ 'ਚ ਸੁਰੱਖਿਆ ਸਬੰਧੀ ਸੰਮਤੀ ਦੀ ਮਨਜ਼ੂਰੀ ਮਿਲੀ ਸੀ ਤਾਂ ਕਿ ਓ.ਐਫ.ਬੀ. ਦੇ ਨਲੰਦਾ ਕਾਰਖਾਨੇ 'ਚ ਪ੍ਰਾਪੇਲੈਂਟ ਮਸ਼ੀਨਾਂ ਦੀ ਪੈਦਾਵਾਰ ਹੋ ਸਕੇ। ਉਸਦੇ ਨਾਲ ਹੀ ਅਰਧ-ਸੈਨਿਕ ਬਲਾਂ ਨੂੰ 48000 ਕਾਰਬਾਈਨਾਂ ਦੀ ਸਪਲਾਈ ਨੂੰ ਨਿਵਿਦਾ ਦੀ ਮਨਜ਼ੂਰੀ ਦਿੱਤੀ ਗਈ ਸੀ।

ਪਿਛਲੇ ਸਾਲ ਜੁਲਾਈ 'ਚ ਓ.ਐਫ.ਬੀ. ਨੇ ਸਿੰਗਾਪੁਰ ਟੈਕਨਾਲੋਜੀਜ਼ ਕਾਈਨੇਟਿਕਸ ਦੇ ਨਾਲ ਸਹਿਯੋਗ ਸ਼ੁਰੂ ਕੀਤਾ ਤਾਂ ਕਿ 9 ਐਮ.ਐਮ. ਸਟਰਲਿੰਗ ਕਾਰਬਾਈਨ ਦੇਸ਼ 'ਚ ਬਣਾਈ ਜਾ ਸਕੇ। 26 ਫਰਵਰੀ ਨੂੰ ਓ.ਐਫ.ਬੀ. ਬੋਰਡ ਨੇ ਇਸ ਪ੍ਰੋਜੈਕਟ 'ਤੇ ਵੀਟੋ ਲਾ ਦਿੱਤੀ ਕਿਉਂਕਿ 'ਲਾਗਤ' ਤੇ ਨਿਵਿਦਾ ਵਰਗੀਆਂ ਪ੍ਰਕ੍ਰਿਆਵਾਂ ਪੂਰੀਆਂ ਨਹੀਂ ਕੀਤੀਆਂ ਗਈਆਂ ਸਨ।'' ਕਰੀਬ 1.5 ਲੱਖ ਰੁਪਏ ਪ੍ਰਤੀ ਨਗ ਦੇ ਹਿਸਾਬ ਨਾਲ ਹਰ ਐਸ.ਏ.ਆਰ. 21 ਦੀ ਲਾਗਤ ਦੇਸੀ 5.56 ਐਮ.ਐਮ. ਕਾਰਬਾਈਨ ਦੇ ਮੁਕਾਬਲੇ ਛੇ ਗੁਣਾ ਪੈਂਦੀ। ਬੋਰਡ ਨੇ ਰੱਖਿਆ ਮੰਤਰਾਲੇ ਨੂੰ ਸਿਧੇ ਉਤਪਾਦਕਾਂ ਤੋਂ ਹਥਿਆਰ ਮੰਗਣ ਦੀ ਮਨਜ਼ੂਰੀ ਦੇਣ ਦਾ ਫੈਸਲਾ ਕੀਤਾ ਪਰ ਹੁਣ ਰੋਕ ਲਗਣ ਨਾਲ ਅਜਿਹਾ ਹੋਣ ਦੀ ਸੰਭਾਵਨਾ ਨਹੀਂ ਰਹਿ ਗਈ ਹੈ। ਰੱਖਿਆ ਸਪਲਾਈ ਅਮਲ ਡੀ.ਜੀ.ਪੀ. 2006, ਜਿਸ ਵਿਚ ਸਰਕਾਰ ਵਲੋਂ ਹਥਿਆਰ ਹਾਸਲ ਕਰਨ ਦੀ ਨੀਤੀ ਦਾ ਸਪਸ਼ਟ ਜ਼ਿਕਰ ਹੈ, ਦੀ ਆਪਣੀ ਭੂਮਿਕਾ ਵਿਚ ਰਖਿਆ ਮੰਤਰੀ ਏ.ਕੇ. ਐਂਟਨੀ ਨੇ ਡੀ.ਜੀ.ਪੀ. ਨੂੰ ਚਲਾਉਣ ਲਈ ਤਿੰਨ ਨਿਰਦੇਸ਼ ਦਿੱਤੇ-ਪ੍ਰਾਰਦਸ਼ਿਤਾ, ਜੁਆਬਦੇਹੀ ਤੇ ਇਮਾਨਦਾਰੀ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਦਾ ਪਾਲਨ ਨਹੀਂ ਹੋਇਆ।


ਸੈਨਾ ਦੇ ਸਾਬਕਾ ਮੁਖੀ ਜਨਰਲ ਵੇਦ ਪ੍ਰਕਾਸ਼ ਮਲਿਕ ਕਹਿੰਦੇ ਹਨ, "ਰਖਿਆ ਮੰਤਰਾਲੇ 'ਚ ਸਭ ਤੋਂ ਵੱਡੀ ਸਮੱਸਿਆ ਪਾਰਦਰਸ਼ਿਤਾ ਦੀ ਘਾਟ ਹੈ, ਇਕ ਅਧਿਕਾਰੀ ਇਹ ਨਹੀਂ ਜਾਣਦਾ ਕਿ ਦੂਜਾ ਕੀ ਕਰ ਰਿਹਾ ਹੈ।'' ਓ.ਐਫ.ਬੀ. ਘੋਟਾਲਾ ਰਖਿਆ ਸੰਬੰਧੀ ਜਨਤਕ ਖੇਤਰ 'ਤੇ ਰਖਿਆ ਮੰਤਰਾਲੇ ਦੇ ਕੰਟਰੋਲ ਤੇ ਸੁਧਾਰ ਲਿਆਉਣ ਵਿਚ ਉਨ੍ਹਾਂ ਦੀ ਆਨਾਕਾਨੀ ਨੂੰ ਉਜਾਗਰ ਕਰਦਾ ਹੈ।

ਪੰਜ ਸਾਲ ਪਹਿਲਾਂ ਸਰਕਾਰ ਨੇ ਰਖਿਆ ਇਕਵਾਇਰ ਅਤੇ ਪੈਦਾਵਾਰ 'ਚ ਸੁਧਾਰ ਦੀ ਖਾਤਰ ਸਾਬਕਾ ਸਕੱਤਰ ਵਿਜੇ ਕੇਲਕਰ ਦੀ ਪ੍ਰਧਾਨਗੀ 'ਚ ਇਕ ਸੰਗਤੀ ਦਾ ਗਠਨ ਕੀਤਾ ਸੀ ਉਸ ਦੀਆਂ 36 ਸਿਫਾਰਸ਼ਾਂ ਨੂੰ ਨਾ-ਮਨਜ਼ੂਰ ਕਰ ਦਿੱਤਾ ਗਿਆ। ਉਨ੍ਹਾਂ 'ਚ ਓ.ਐਫ.ਬੀ. ਦਾ ਨਿਗਮੀਕਰਨ ਵੀ ਸ਼ਾਮਲ ਸੀ ਇਸ ਨਾਲ ਇਹ ਪੱਕਾ ਹੋਵੇਗਾ ਕਿ ਓ.ਐਫ.ਬੀ. ਦੀ ਲਾਗਤ ਨੂੰ ਜਨਤਕ ਕਰ ਦਿੱਤਾ ਜਾਵੇ ਅਤੇ ਫਿਰ ਸੰਗਠਨ ਦੀ ਗੱਲ ਵੀ ਸੋਚ ਸਕਦਾ ਹੈ।

ਰਿਪੋਰਟ ਸੌਂਪੇ ਜਾਣ ਦੇ ਕਰੀਬ ਪੰਜ ਸਾਲ ਬਾਅਦ ਵੀ ਅਜੇ ਇਹ ਸੰਸਦ 'ਚ ਨਹੀਂ ਰੱਖੀ ਗਈ ਹੈ।

# ਅਖਬਾਰ, ਇਸ਼ਤਿਹਾਰ ਅਤੇ ਪੱਤਰਕਾਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਪਣੇ ਆਪ ਨੂੰ ਉਤਮ ਸਾਹਿਤਕਾਰਾਂ ਦੀ ਸ਼੍ਰੇਣੀ ਵਿਚ ਗਿਣਨ ਵਾਲੇ ਇਕ ਲੇਖਕ ਮਿੱਤਰ ਨੇ ਫੋਨ ਉਤੇ ਮੈਨੂੰ ਦੱਸਿਆ ਕਿ ਉਹ ਜਲਦ ਹੀ ਪੰਜਾਬੀ ਦਾ ਇਕ ਮਾਸਿਕ ਪੱਤਰ ਕੱਢ ਰਿਹਾ ਹੈ ਜੋ ਕਿ ਨਿਰੋਲ ਸਾਹਿਤਕ ਅਤੇ ਮਿਆਰੀ ਲਿਖਤਾਂ ਵਾਲਾ ਪੱਤਰ ਹੋਵੇਗਾ। ਸੰਭਾਵੀ ਪੱਤਰ ਦੀਆਂ ਲੱਖ ਸਿਫਤਾਂ ਗਿਣਾਉਣ ਤੋਂ ਬਾਅਦ ਉਸ ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਇਸ ਪੱਤਰ ਦੇ ਪਲੇਠੇ ਅੰਕ ਲਈ ਕੁਝ ਸਤਰਾਂ ਜ਼ਰੂਰ ਲਿਖਾਂ ਜੋ ਕਿ ਨਵੇਂ ਮੈਗਜ਼ੀਨ ਨੂੰ ਖੁਸ਼ਆਮਦੀਦ ਕਹਿਣ ਲਈ ਉਸ ਵਿਚ ਸ਼ਾਮਲ ਕੀਤੀਆਂ ਜਾਣਗੀਆਂ। ਲੇਖਕ ਤੋਂ ਪੱਤਰਕਾਰ ਬਣਨ ਵੱਲ ਤੁਰੇ ਇਸ ਮਿੱਤਰ ਦਾ ਮੈਥੋਂ ਮੇਰੀ ਲਿਖਤ ਮੰਗਣ ਦਾ ਅੰਦਾਜ਼ ਕੁਝ ਐਸਾ ਫਲਸਫਾਨਾ ਅਤੇ ਨਿਮਰਤਾ ਭਰਿਆ ਸੀ ਕਿ ਪਲ ਦੀ ਪਲ ਮੈਨੂੰ ਵਹਿਮ ਹੋਣ ਲੱਗ ਪਿਆ ਕਿ ਮੈਂ ਵੀ ਕਿਸੇ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਜਾਂ ਵਰਿਆਮ ਸੰਧੂ ਤੋਂ ਘੱਟ ਨਹੀਂ ਹਾਂ। ਮੈਨੂੰ ਉਸ ਦਾ ਇਹ ਵਾਕ ਅੱਜ ਵੀ ਯਾਦ ਹੈ, 'ਵੀਰ ਜੀ ਤੁਹਾਡੀ ਲਿਖਤ ਛਾਪਣੀ ਸਾਡੇ ਲਈ ਇਕ ਵਰਦਾਨ ਦਾ ਰੂਪ ਹੀ ਹੋਵੇਗੀ। ਇਸ ਨਵੇਂ ਪਰਚੇ ਦੇ ਸਿਰ ਆਪਣੇ ਆਸ਼ੀਰਵਾਦ ਦਾ ਹੱਥ ਜ਼ਰੂਰ ਧਰੋ।' ਲੇਖਕ ਦੇ ਇਸ ਵਾਕ ਨੇ ਮੈਨੂੰ ਕਈ ਦਿਨ ਹਉਮੈ ਦੀ ਹਨੇਰੀ ਵਿਚ ਉਡਾਈ ਰੱਖਿਆ। ਮੈਨੂੰ ਇਹ ਵੀ ਜਾਪਿਆ ਕਿ ਮੈਂ ਸ਼ਾਇਦ ਬਹੁਤ ਵੱਡਾ ਕਾਲਮਨਵੀਸ ਬਣ ਗਿਆ ਹਾਂ।

ਫਿਰ ਕੁਝ ਜ਼ਿੰਦਗੀ ਦੇ ਰੁਝੇਵਿਆਂ ਨੇ ਮੈਨੂੰ ਐਸਾ ਉਲਝਾਇਆ ਕਿ ਮੈਨੂੰ ਇਸ ਸੰਭਾਵੀ ਪੱਤਰਕਾਰ ਦੀ ਬੇਨਤੀ ਭੁੱਲ ਭੁਲਾ ਗਈ। ਦਸਾਂ ਕੁ ਦਿਨਾਂ ਬਾਅਦ ਇਸ ਲੇਖਕ ਸ੍ਰੀਮਾਨ ਦਾ ਫਿਰ ਫੋਨ ਆਇਆ, ਇਸ ਵਾਰ ਉਸ ਨੇ ਲਿਖਤ ਛੇਤੀ ਭੇਜਣ ਦੀ ਤਾਕੀਦ ਕਰਦਿਆਂ ਡੈਡਲਾਈਨ ਦਾ ਵਾਸਤਾ ਪਾਇਆ ਅਤੇ ਮੈਥੋਂ ਵਾਅਦਾ ਲੈ ਲਿਆ ਕਿ ਮੈਂ ਹੁਣ ਨਾ ਭੁੱਲਾਂ। ਰਸੀਵਰ ਰੱਖਣ ਤੋਂ ਪਹਿਲਾਂ ਉਸ ਨੇ ਇਕ ਸਾਂਝੇ ਮਿੱਤਰ ਦਾ ਨਾਂ ਲੈਂਦਿਆਂ ਇਹ ਵੀ ਆਖ ਦਿੱਤਾ, 'ਜੇ ਤੁਸੀਂ ਮੇਰੀ ਅਰਜ ਸਵੀਕਾਰ ਨਾ ਕੀਤੀ ਤਾਂ ਮੈਂ ਫਲਾਣਾ ਸਿਓਂ ਨੂੰ ਨਾਲ ਲੈ ਕੇ ਤੁਹਾਡੇ ਘਰ ਆ ਪਹੁੰਚਣਾ ਹੈ।' ਇਹ ਮੋਹ ਭਰੀ ਧਮਕੀ ਸੁਣ ਕੇ ਮੇਰਾ ਦਿਲ ਪਸੀਜ ਗਿਆ ਅਤੇ ਮੈਂ ਉਸੇ ਰਾਤ ਸਾਰੀਆਂ ਬਿਰਤੀਆਂ ਇਕਾਗਰ ਕਰ ਇਕ ਵੱਖਰੇ ਹੀ ਅੰਦਾਜ਼ ਨਾਲ ਦੋ ਕੁ ਸਫਿਆਂ ਦੀ ਲਿਖਤ ਇਸ ਛਪਣ ਵਾਲੇ ਪਰਚੇ ਲਈ ਲੇਖਕ ਮਿੱਤਰ ਨੂੰ ਭੇਜ ਦਿੱਤੀ। ਸ਼ਹਿਦ ਵਰਗੀਆਂ ਮਿੱਠੀਆਂ ਗੱਲਾਂ ਨਾਲ ਭਰਿਆ ਇਸ ਮਿੱਤਰ ਦਾ ਧੰਨਵਾਦੀ ਫੋਨ ਵੀ ਆ ਗਿਆ।

ਹਫਤੇ ਕੁ ਬਾਅਦ ਇਸ ਲੇਖਕ ਮਿੱਤਰ ਦਾ ਦੱਸਿਆ ਹੋਇਆ ਪਰਚਾ ਹੋਰ ਪੰਜਾਬੀ ਅਖ਼ਬਾਰਾਂ ਦੇ ਨਾਲ ਇਕ ਪੰਜਾਬੀ ਸਟੋਰ 'ਤੇ ਦਿਸ ਪਿਆ। ਲੇਖਕ ਮਿੱਤਰ ਦੇ ਦਾਅਵੇ ਦੇ ਉਲਟ ਮਿਆਰੀ ਪਰਚਾ ਹੋਣ ਦੀ ਗੱਲ ਤਾਂ ਇਕ ਪਾਸੇ ਰਹੀ ਉਸ ਨੂੰ ਤਾਂ ਸਾਹਿਤਕ ਕਹਿੰਦਿਆਂ ਵੀ ਸ਼ਰਮ ਆਉਂਦੀ ਸੀ। ਇਕ ਲੇਖ ਅਤੇ ਕੁਝ ਝੱਲਵਲੱਲੀਆਂ ਕਵਿਤਾਵਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਸਫੇ ਭਾਂਤ ਸੁਭਾਂਤੇ ਇਸ਼ਤਿਹਾਰਾਂ ਨਾਲ ਭਰੇ ਪਏ ਸਨ ਜਿਨ੍ਹਾਂ ਵਿਚੋਂ ਘੱਟੋ ਘੱਟ 60 ਫੀਸਦ ਇਸ ਪਰਚੇ ਨੂੰ ਜੀ ਆਇਆਂ ਕਹਿਣ ਅਤੇ ਲੇਖਕ ਮਿੱਤਰ ਨੂੰ ਪਰਚਾ ਕੱਢਣ 'ਤੇ ਵਧਾਈ ਦੇ ਰੂਪ ਵਿਚ ਸਨ। ਇਸ਼ਤਿਹਾਰਾਂ ਵਿਚ ਇਹ ਵੀ ਆਸ ਪ੍ਰਗਟਾਈ ਗਈ ਸੀ ਕਿ ਇਹ ਪਰਚਾ ਪੰਜਾਬੀ ਪੱਤਰਕਾਰੀ ਵਿਚ ਨਵਾਂ ਮੀਲ ਪੱਥਰ ਸਾਬਤ ਹੋਵੇਗਾ। ਇਸ ਪਰਚੇ ਦੇ ਦਰਸ਼ਨ ਕਰਕੇ ਮੈਨੂੰ ਇਹ ਦਾਅਵਾ ਜ਼ਰਾ ਕੁ ਹੇਰ-ਫੇਰ ਕਰਕੇ ਸਹੀ ਜਾਪਿਆ ਕਿ ਇਹ ਪਰਚਾ ਬੇ-ਮਿਆਰੀ ਪੱਤਰਕਾਰੀ ਦਾ ਮੀਲ ਪੱਥਰ ਸਾਬਤ ਹੋਵੇਗਾ। ਖੈਰ, ਮੈਂ ਪਰਚੇ ਵਿਚੋਂ ਆਪਣੀ ਜੀ ਆਇਆਂ ਕਹਿੰਦੀ ਲਿਖਤ ਲੱਭਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਸਾਰਾ ਪਰਚਾ ਫਰੋਲ ਮਾਰਿਆ ਪਰ ਮੇਰੀ ਲਿਖਤ ਕਿਤੇ ਨਾ ਨਜ਼ਰ ਆਈ। ਸੱਚ ਜਾਣਿਓ ਉਸ ਵਕਤ ਮੈਂ ਆਪਣੇ ਆਪ ਨੂੰ ਸੱਚ ਮੁੱਚ ਹੀ ਬੜਾ ਖੁਸ਼ਕਿਸਮਤ ਪ੍ਰਤੀਤ ਕੀਤਾ ਕਿ ਮੇਰਾ ਨਾਂ ਇਸ ਪਰਚੇ ਨਾਲ ਨਹੀਂ ਜੁੜਿਆ।

ਇਸ ਪੱਖੋਂ ਤਾਂ ਮੇਰੀ ਇੱਜਤ ਬਚ ਗਈ ਪਰ ਮੈਨੂੰ ਪੱਤਰਕਾਰ ਮਿੱਤਰ ਦੇ ਕੀਤੇ ਹਾੜੇ ਤਰਲੇ ਯਾਦ ਆਏ ਜਿਹੜੇ ਉਸ ਨੇ ਮੇਰੀ ਲਿਖਤ ਲੈਣ ਲਈ ਕੱਢੇ ਸਨ। ਮੈਂ ਸੋਚਦਾ ਰਿਹਾ ਕਿ ਆਖਰ ਇੰਨੇ ਹਾੜੇ ਕੱਢ ਕੇ ਲਈ ਮੇਰੀ ਲਿਖਤ ਉਸ ਨੇ ਕਿਉਂ ਨਾ ਛਾਪੀ। ਖੈਰ, ਰੰਗ-ਬਰੰਗੇ ਇਸ਼ਤਿਹਾਰਾਂ ਨਾਲ ਭਰਪੂਰ ਇਹ ਪੰਜਾਬੀ ਪਰਚਾ ਪਹਿਲਾਂ ਮਾਸਿਕ ਅਤੇ ਫਿਰ ਤ੍ਰੈਮਾਸਿਕ-ਦੋ ਕੁ ਅੰਕ ਕੱਢਣ ਪਿਛੋਂ ਵੈਬਸਾਈਟਾਂ ਵਿਚ ਅਲੋਪ ਹੋ ਗਿਆ। ਮੇਰੇ ਦਿਲ ਅੰਦਰਲਾ ਸਵਾਲ ਉਵੇਂ ਹੀ ਖੜ੍ਹਾ ਰਿਹਾ। ਇਕ ਸਮਾਜਿਕ ਇਕੱਠ ਵਿਚ ਅਚਾਨਕ ਉਸ ਲੇਖਕ ਦਾ ਉਹ ਮਿੱਤਰ ਮਿਲ ਗਿਆ ਜਿਸ ਨੇ ਉਸ ਦਾ ਮੈਗਜ਼ੀਨ ਕੱਢਣ ਵਿਚ ਹੱਥ ਵਟਾਇਆ ਸੀ। ਆਪਣਾ ਸਵਾਲ ਮੈਂ ਉਹਦੇ ਅੱਗੇ ਰੱਖ ਦਿੱਤਾ ਕਿ ਮੈਥੋਂ ਤਰਲੇ ਕਰਕੇ ਲਈ ਰਚਨਾ ਤੁਹਾਡੇ ਰਸਾਲੇ ਵਿਚ ਕਿਸ ਕਾਰਨ ਨਾ ਛਪ ਸਕੀ। ਮੁਸਕਣੀਏਂ ਹੱਸਦੇ ਇਸ ਕਾਰਨ ਦੀ ਵਿਆਖਿਆ ਲਈ ਉਸ ਨੇ ਇਹ ਕਥਾ ਸੁਣਾਈ:

ਕਿਸੇ ਪਿੰਡ ਦੇ ਘਰ ਗਏ ਮਰਾਸੀ ਨੇ ਵੇਖਿਆ ਕਿ ਘਰ ਵਾਲਿਆਂ ਨੇ ਛੱਤ ਦੇ ਸ਼ਤੀਰਾਂ ਥੱਲੇ ਇਕ-ਦੋ ਥੰਮੀਆਂ ਦਿੱਤੀਆਂ ਹੋਈਆਂ ਸਨ। ਘਰ ਵਾਲਿਆਂ ਨੂੰ ਮਰਾਸੀ ਨੇ ਥੰਮੀਆਂ ਦੇਣ ਦਾ ਕਾਰਨ ਪੁਛਿਆ ਜਵਾਬ ਸੀ, 'ਛੱਤ ਦਾ ਇਹ ਸ਼ਤੀਰ ਦੋ ਕੁ ਥਾਵਾਂ ਤੋਂ ਤਿੜਕਿਆ ਹੋਇਆ ਹੈ, ਸੋ ਅਸੀਂ ਇਸ ਸ਼ਤੀਰ ਨੂੰ ਟੁੱਟਣ ਤੋਂ ਬਚਾਉਣ ਲਈ ਅਗਾਊਂ ਹੀ ਥੰਮੀਆਂ ਦੇ ਦਿੱਤੀਆਂ।' ਮਰਾਸੀ ਨੇ ਆਪਣਾ ਕੋਠਾ ਨਵਾਂ ਨਵਾਂ ਹੀ ਬਣਾਇਆ ਸੀ। ਸਿਆਲਾਂ ਦੇ ਦਿਨ ਸਨ। ਇਕ ਦਿਨ ਮੀਂਹ ਕਣੀਂ ਦਾ ਮੌਸਮ ਜਾਪਣ ਲੱਗਾ। ਹਨੇਰੀ ਵੀ ਵਗਣ ਲੱਗ ਪਈ। ਸਾਰੇ ਜੀਆ-ਜੰਤ ਘਰਾਂ ਵਿਚ ਦੜ ਵੱਟੀ ਬੈਠੇ ਸਨ ਪਰ ਆਂਢ-ਗਵਾਂਢ ਦੇ ਲੋਕਾਂ ਨੇ ਦੇਖਿਆ ਕਿ ਮਰਾਸੀ ਆਪਣੇ ਟੱਬਰ ਨਾਲ ਕੋਠੇ ਦੇ ਬਾਹਰ ਮੀਂਹ 'ਚ ਖੜ੍ਹਾ ਠੁਰ-ਠੁਰ ਕਰ ਰਿਹਾ ਹੈ। ਲੋਕ ਹੈਰਾਨ ਸਨ ਕਿ ਕੋਠਾ ਨਵਾਂ ਛੱਤਿਆ ਹੈ ਫੇਰ ਭਲਾ ਇਹ ਟੱਬਰ ਮੀਂਹ 'ਚ ਕਿਉਂ ਭਿੱਜ ਰਿਹਾ ਹੈ। ਹੈਰਾਨ ਹੋਏ ਗਵਾਂਢੀਆਂ ਨੇ ਮੀਂਹ ਨਾਲ ਭਿੱਜ ਕੇ ਗੁੱਛਾ-ਮੁੱਛਾ ਹੋਏ ਮਰਾਸੀ ਨੂੰ ਪੁੱਛਿਆ ਕਿ ਤੂੰ ਆਪਣੇ ਕੋਠੇ ਅੰਦਰ ਵੜ ਕੇ ਕਿਉਂ ਨਹੀਂ ਬਹਿੰਦਾ, ਬਾਹਰ ਹੀ ਖੜ੍ਹਾ ਠੁਰ ਠੁਰ ਕਰੀ ਜਾਨੈਂ। ਮਰਾਸੀ ਦਾ ਜਵਾਬ ਸੀ, 'ਓ ਭਰਾਵੋ ਜੇ ਅੰਦਰ ਮੇਰੇ ਖੜ੍ਹਨ ਜੋਗੀ ਜਗ੍ਹਾ ਹੁੰਦੀ ਤਾਂ ਮੈਂ ਉਥੇ ਇਕ ਥੰਮ੍ਹੀ ਹੋਰ ਨਾ ਦੇ ਦਿੰਦਾ?' (ਅਸਲ ਵਿਚ ਮੀਰਜ਼ਾਦੇ ਨੇ ਥੰਮੀਆਂ ਦੀ ਮਹੱਤਤਾ ਦਾ ਪਤਾ ਲੱਗਦਿਆਂ ਹੀ ਘਰ ਆ ਕੇ ਸ਼ਤੀਰਾਂ-ਕੜੀਆਂ ਥੱਲੇ ਥਾਂ ਪੁਰ ਥਾਂ ਥੰਮੀਆਂ ਦੇ ਦਿੱਤੀਆਂ ਸਨ ਤਾਂ ਜੋ ਛੱਤ ਨਾ ਡਿੱਗ ਪਵੇ)।

ਸੋ, ਇਸ ਰਸਾਲੇ ਦੇ ਰਹਿ ਚੁੱਕੇ ਸਹਿ ਸੰਪਾਦਕ ਦੇ ਮੂੰਹੋਂ ਇਹ ਲੋਕ ਕਥਾ ਸੁਣ ਕੇ ਮੈਨੂੰ ਇਲਮ ਹੋ ਗਿਆ ਕਿ ਜੇ ਰਸਾਲੇ ਵਿਚ ਮੇਰੇ ਲਿਖੇ ਹੋਏ ਡੇਢ ਕੁ ਸਫੇ ਲਈ ਜਗ੍ਹਾ ਬਚਦੀ ਹੁੰਦੀ ਤਾਂ ਉਥੇ ਉਹ ਇਕ ਅੱਧ ਹੋਰ ਇਸ਼ਤਿਹਾਰ ਨਾ ਫਿੱਟ ਕਰ ਲੈਂਦਾ। ਮੈਨੂੰ ਇਹ ਗਿਆਤ ਹੋ ਗਿਆ ਕਿ 'ਮਾਂ ਬੋਲੀ ਦੀ ਸੇਵਾ' ਵਿਚ ਜੁਟੇ ਬਹੁਤੇ ਸੂਰਮੇ ਪੁੱਤ ਹਕੀਕਤ ਵਿਚ ਮਾਂ ਬੋਲੀ ਪਾਸੋਂ ਆਪਣੀ ਸੇਵਾ ਕਰਵਾ ਰਹੇ ਹੁੰਦੇ ਹਨ। ਇਸ਼ਤਿਹਾਰ ਕਿਸੇ ਵੀ ਅਖਬਾਰ ਜਾਂ ਪੱਤਰ ਲਈ ਥੰਮੀਆਂ ਹਨ ਪਰ ਅਜਿਹੇ ਪੱਤਰਕਾਰਾਂ ਦੀ ਕਮੀ ਨਹੀਂ ਜਿਹੜੇ ਮਰਾਸੀ ਵਾਂਗ ਕੋਠੇ ਅੰਦਰ ਸਾਰੀਆਂ ਥੰਮੀਆਂ ਹੀ ਭਰ ਲੈਂਦੇ ਹਨ। ਇਹ ਲੋਕ ਆਏ ਹੀ ਥੰਮੀਆਂ ਕੱਠੀਆਂ ਕਰਨ ਲਈ ਹੁੰਦੇ ਹਨ। ਆਪੇ ਮੈਂ ਰੱਜੀ-ਪੁੱਜੀ ਆਪੇ ਮੇਰੇ ਬੱਚੇ ਜਿਊਣ ਦੇ ਅਖਾਣ ਵਾਂਗ ਇਹ ਲੋਕ ਆਪਣੇ ਖਾਸ ਹਮਾਇਤੀਆਂ ਪਾਸੋਂ ਮਿਆਰੀ ਪੱਤਰਕਾਰੀ ਦੇ ਮੀਲ ਹੋਣ ਦੇ ਸਰਟੀਫਿਕੇਟ ਲਈ ਜਾਂਦੇ ਹਨ।

ਮੈਨੂੰ ਯਾਦ ਹੈ ਕਿ ਸਾਲ ਕੁ ਪਹਿਲਾਂ ਕੈਲੀਫੋਰਨੀਆ ਤੋਂ ਛਪਦੇ ਇਕ ਪੰਜਾਬੀ ਪੱਤਰ ਨੇ ਕਿਸੇ ਦਿਨ-ਦਿਹਾਰ 'ਤੇ ਵਿਸ਼ੇਸ਼ ਅੰਕ ਕੱਢਿਆ। ਇਸ ਪੱਤਰ ਵਿਚ ਦਿਨ-ਦਿਹਾਰ ਬਾਰੇ ਪੌਣੇ ਕੁ ਸਫੇ ਦਾ ਲੇਖ ਸੀ, ਕੁਝ ਹੋਰ ਖਬਰਾਂ ਸਨ। ਆਪਣੀ ਫੋਟੋ ਸਮੇਤ ਸੰਪਾਦਕ ਦਾ ਸੰਪਾਦਕੀ ਸੀ ਅਤੇ ਬਾਕੀ 48 ਸਫੇ ਦੇ ਪਰਚੇ ਵਿਚੋਂ 44 ਸਫੇ ਸਿਰਫ ਇਸ਼ਤਿਹਾਰ ਸੀ। ਮੇਰਾ ਇਕ ਮਿੱਤਰ ਵੈਨਕੂਵਰ ਗਿਆ। ਉਥੋਂ ਦੇ ਪੰਜਾਬੀ ਪਰਚਿਆਂ ਦਾ ਪੂਰਾ ਥੱਬਾ ਚੁੱਕ ਕੇ ਮੇਰੇ ਵਾਸਤੇ ਲੈ ਆਇਆ। ਇਨ੍ਹਾਂ ਵਿਚੋਂ ਇਕ ਪਰਚਾ ਪੂਰੇ ਅੱਸੀ ਸਫੇ ਦਾ ਸੀ। ਸੱਚ ਜਾਣਿਓ ਇਸ ਅੱਸੀ ਸਫੇ ਦੇ ਪਰਚੇ ਵਿਚ ਸਿਰਫ ਸਾਢੇ ਕੁ ਸੱਤ ਸਫੇ ਦਾ ਮੈਟਰ ਸੀ ਅਤੇ ਬਾਕੀ ਸਫੇ ਇਸ਼ਤਿਹਾਰ ਹੀ ਇਸ਼ਤਿਹਾਰ। ਇਨ੍ਹਾਂ ਸਾਢੇ ਸੱਤ ਸਫਿਆਂ ਵਿਚੋਂ ਵੀ ਇਕ ਮੇਰਾ ਅਤੇ ਇਕ ਅਸ਼ੋਕ ਭੌਰੇ ਦਾ ਲੇਖ ਪੰਜਾਬ ਟਾਈਮਜ਼ ਵਿਚੋਂ ਬਿਨਾ ਧੰਨਵਾਦ ਕੀਤਿਆਂ ਚੁੱਕ ਕੇ ਲਾਏ ਹੋਏ ਸਨ। ਮੈਨੂੰ ਵਹਿਮ ਸੀ ਕਿ ਕੈਨੇਡਾ ਵਿਚ ਬਹੁਤ ਸਾਰੇ ਪੰਜਾਬੀ ਵੱਸਦੇ ਹਨ ਇਸ ਲਈ ਉਥੇ ਸ਼ਾਇਦ ਪੰਜਾਬੀ ਪੱਤਰਕਾਰੀ ਦਾ ਹਾਲ ਅਮਰੀਕਾ ਨਾਲੋਂ ਬੇਹਤਰ ਹੈ। ਮੈਨੂੰ ਇਹ ਵੀ ਪਤਾ ਸੀ ਕਿ ਕੈਨੇਡਾ ਵਿਚ ਪੰਜਾਬੀ ਨੇੜੇ ਨੇੜੇ ਵੱਸੇ ਹੋਣ ਕਰਕੇ ਅਖਬਾਰਾਂ ਦੀ ਡਿਸਟਰੀਬਿਊਸ਼ਨ ਵੀ ਸੌਖੀ ਅਤੇ ਸਸਤੀ ਹੈ। ਪਰ ਅਖਬਾਰਾਂ ਦਾ ਇਹ ਥੱਬਾ ਵੇਖ ਕੇ ਤਾਂ ਮੇਰਾ ਇਹ ਭਰਮ ਉਕਾ ਹੀ ਦੂਰ ਹੋ ਗਿਆ। ਰਹਿੰਦੀ-ਖੂਹੰਦੀ ਕਸਰ ਕੈਨੇਡਾ ਵਿਚ ਹੀ ਵੱਸਦੇ ਮੇਰੇ ਇਕ ਪੱਤਰਕਾਰ ਮਿੱਤਰ ਨੇ ਇਹ ਦੱਸ ਕੇ ਪੂਰੀ ਕਰ ਦਿੱਤੀ ਕਿ ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਇਕ ਪੰਜਾਬੀ ਪਰਚੇ ਨੇ ਅਜਿਹਾ ਅੰਕ ਵੀ ਕੱਢਿਆ ਹੈ ਜਿਸ ਵਿਚ ਖਬਰ ਦੇ ਨਾਂ ਨੂੰ ਇਕ ਵੀ ਖਬਰ ਨਹੀਂ ਸੀ। ਹੋਇਆ ਇਹ ਕਿ ਅਖਬਾਰ ਦਾ ਮਾਲਕ ਸੰਪਾਦਕ ਆਪਣੇ ਹੇਠਾਂ ਕੰਮ ਕਰਦੇ ਪੱਤਰਕਾਰ ਸਾਥੀ ਨੂੰ ਇਹ ਕਹਿ ਕੇ ਕਿਸੇ ਵਿਆਹ-ਸ਼ਾਦੀ ਵਿਚ ਸ਼ਾਮਲ ਹੋਣ ਲਈ ਚਲਾ ਗਿਆ ਕਿ ਮਗਰੋਂ ਕੋਈ ਇਸ਼ਤਿਹਾਰ ਆਇਆ ਤਾਂ ਦੇਖ ਲਈਂ। ਲੋੜ ਪਵੇ ਤਾਂ ਮੈਨੂੰ ਕਾਲ ਵੀ ਕਰ ਲਈਂ। ਮਾਲਕ ਸੰਪਾਦਕ ਦੇ ਜਾਣ ਤੋਂ ਬਾਅਦ ਕੁਝ ਇਸ਼ਤਿਹਾਰ ਆ ਗਏ, ਮਗਰ ਰਹਿ ਗਏ ਪੱਤਰਕਾਰ ਨੇ ਉਹ ਇਸ਼ਤਿਹਾਰ ਪਰਵਾਨ ਕਰਕੇ ਫਿੱਟ ਕਰ ਦਿੱਤੇ। ਐਨ ਉਸ ਵਕਤ ਜਦੋਂ ਉਹ ਅਖਬਾਰ ਛਪਣ ਲਈ ਭੇਜਣ ਹੀ ਵਾਲਾ ਸੀ ਤਾਂ ਇਕ ਹੋਰ ਇਸ਼ਤਿਹਾਰ ਦਾ ਆਰਡਰ ਆ ਗਿਆ। ਮੁਲਾਜ਼ਮ ਨੇ ਆਪਣੇ ਸੀਨੀਅਰ ਨੂੰ ਫੋਨ ਕੀਤਾ ਕਿ ਇਕ ਹੋਰ ਇਸ਼ਤਿਹਾਰ ਆਇਆ ਹੈ, ਮੈਂ ਇਹਦਾ ਕੀ ਕਰਾਂ। ਵਿਆਹ-ਸ਼ਾਦੀ ਦੇ ਰੌਣਕ ਮੇਲੇ ਵਿਚ ਮਸਰੂਫ ਮਾਲਕ ਸੰਪਾਦਕ ਨੇ ਜਵਾਬ ਦਿੱਤਾ 'ਜਿਥੇ ਥਾਂ ਲੱਭਦੀ ਹੈ ਲਾ ਦੇ' ਅਗਲੀ ਸਵੇਰ ਜਦੋਂ ਅਖਬਾਰ ਛਪਿਆ ਤਾਂ ਉਸ ਵਿਚ ਖਬਰ ਦੇ ਨਾਂ ਨੂੰ ਸਹੁੰ ਖਾਣ ਨੂੰ ਵੀ ਕੋਈ ਸ਼ੈਅ ਨਹੀਂ ਸੀ।

ਨਿਰਸੰਦੇਹ ਅਖਬਾਰਾਂ-ਮੈਗਜ਼ੀਨਾਂ ਲਈ ਇਸ਼ਤਿਹਾਰ ਰੀੜ੍ਹ ਦੀ ਹੱਡੀ ਹਨ। ਖਾਸ ਕਰ ਅਮਰੀਕਾ-ਕੈਨੇਡਾ ਦੇ ਇਸ ਮਾਹੌਲ ਵਿਚ ਕਿ ਸਾਰੇ ਪੰਜਾਬੀ ਅਖਬਾਰ ਮੁਫਤ ਹਨ। ਇਸ਼ਤਿਹਾਰ ਹੀ ਅਖਬਾਰ ਨੂੰ ਚਲਾਉਣ ਲਈ ਆਮਦਨ ਦਾ ਇਕੋ ਇਕ ਸਾਧਨ ਹੈ ਪਰ ਬਹੁਤ ਘੱਟ ਸੰਪਾਦਕ/ਪੱਤਰਕਾਰ ਅਜਿਹੇ ਹਨ ਜਿਹੜੇ ਇਸ ਵਰਤਾਰੇ ਵਿਚੋਂ ਵੀ ਗੁਜ਼ਰਦਿਆਂ ਹੋਇਆਂ ਕਿਸੇ ਸਿਧਾਂਤ ਜਾਂ ਮਾਨਦੰਡ ਦੀ ਪਾਲਣਾ ਯਕੀਨੀ ਬਣਾਈ ਰੱਖਦੇ ਹਨ। ਇਹ ਵੀ ਸਹੀ ਹੈ ਕਿ ਸੰਤੁਲਤ ਅਤੇ ਸੁਹਿਰਦ ਪੱਤਰਕਾਰੀ ਨੂੰ ਪ੍ਰਣਾਈਆਂ ਮਿਆਰੀ ਅਖਬਾਰਾਂ ਨੂੰ ਇਸ਼ਤਿਹਾਰਾਂ ਪਿਛੇ ਭੱਜਣ ਦੀ ਬਹੁਤੀ ਲੋੜ ਨਹੀਂ ਪੈਂਦੀ ਕਿਉਂਕਿ ਕਾਰੋਬਾਰੀ ਅਦਾਰਿਆਂ ਦੇ ਮਾਲਕਾਂ ਨੂੰ ਵੱਖ-ਵੱਖ ਅਖਬਾਰਾਂ ਦੀ ਸਮਰੱਥਾ ਤੇ ਪਹੁੰਚ ਬਾਰੇ ਪਤਾ ਹੀ ਹੁੰਦਾ ਹੈ। ਇਕ ਸ਼ਾਇਰ ਦਾ ਕਹਿਣਾ ਹੈ:

ਫੂਲੋਂ ਸੇ ਆਸ਼ਿਕੀ ਕਾ ਹੁਨਰ ਸੀਖ ਲੇ,
ਤਿਤਲੀਆਂ ਖੁਦ ਰੁਕੇਂਗੀ ਸਦਾਏਂ ਨਾ ਦੇ।

ਪੰਜਾਬੀ ਪੱਤਰਕਾਰੀ ਦੀ ਵਿਡੰਬਨਾ ਇਹ ਹੈ ਕਿ ਇਥੇ ਇਸ ਸ਼ੇਅਰ ਦੀ ਭਾਵਨਾ ਤੋਂ ਇਕ ਦਮ ਉਲਟ ਖਿੱਚਾ-ਧੂਹੀ ਚੱਲਦੀ ਹੀ ਰਹਿੰਦੀ ਹੈ। ਜਿਵੇਂ ਕਿ ਪੰਜਾਬੀ ਅਕਸਰ ਹੀ ਕਰਦੇ ਹਨ, ਕਿਸੇ ਇਕ ਕਾਰੋਬਾਰ ਵਿਚ ਪੈ ਜਾਂਦੇ ਹਨ ਅਤੇ ਜਦੋਂ ਤੱਕ ਉਸ ਦਾ ਬੇੜਾ ਗਰਕ ਨਹੀਂ ਹੋ ਜਾਂਦਾ ਸਾਰੇ ਉਸੇ ਪਾਸੇ ਵੱਲ ਮੂੰਹ ਚੁੱਕੀ ਤੁਰੀ ਜਾਂਦੇ ਹਨ। ਟੈਕਸੀ, ਟਰੱਕਿੰਗ ਬਿਜਨਸ, ਗੈਸ ਸਟੇਸ਼ਨ ਬਿਜਨਸ ਅਤੇ ਰੀਅਲ ਅਸਟੇਟ ਦੇ ਮਾਮਲੇ ਵਿਚ ਪੰਜਾਬੀਆਂ ਨੇ ਅਜਿਹਾ ਹੀ ਕੁਝ ਸੁਦਾਅ ਖਿਲਾਰਿਆ ਹੈ। ਬੱਸ ਚੱਕ ਲੋ ਚੱਕ ਲੋ ਦੀ ਮਾਨਸਿਕਤਾ ਹੀ ਉਨ੍ਹਾਂ ਉਪਰ ਭਾਰੂ ਰਹਿੰਦੀ ਹੈ। ਪੰਜਾਬੀ ਪੱਤਰਕਾਰੀ ਦਾ ਹਾਲ ਵੀ ਅੱਜ ਕਲ ਕੁਝ ਅਜਿਹਾ ਹੀ ਹੈ। ਉਂਜ ਤਾਂ ਪੰਜਾਬੀ ਪੱਤਰਕਾਰੀ ਦੇ 200 ਸਾਲ ਦੇ ਇਤਿਹਾਸ ਵਿਚ ਇਹ ਗੱਲ ਹਮੇਸ਼ਾ ਹੀ ਸੱਚ ਰਹੀ ਹੈ ਕਿ ਜਿੰਨੀ ਜਲਦੀ ਪੰਜਾਬੀ ਪੱਤਰ ਜਨਮ ਲੈਂਦੇ ਹਨ ਉਨੀ ਹੀ ਜਲਦੀ ਰੱਬ ਨੂੰ ਪਿਆਰੇ ਵੀ ਹੋ ਜਾਂਦੇ ਹਨ ਜਾਂ ਇਉਂ ਕਹਿ ਲਵੋ ਕਿ ਇਤਿਹਾਸ ਵਿਚ ਕੋਈ ਨਾਂ ਰਿਕਾਰਡ ਕਰਵਾਏ ਬਿਨਾ ਹੀ ਇਤਿਹਾਸ ਦਾ ਹਿੱਸਾ ਬਣ ਜਾਂਦੇ ਹਨ। ਹਾਲ ਹੀ ਵਿਚ ਕੈਨੇਡਾ ਤੋਂ ਲੁਧਿਆਣੇ ਜਾ ਰੋਜ਼ਾਨਾ ਅਖਬਾਰ ਸ਼ੁਰੂ ਕਰਕੇ ਕੋਈ ਡੇਢ ਕੁ ਕਰੋੜ ਦਾ ਨੁਕਸਾਨ ਕਰਵਾ ਇਕ ਪੰਜਾਬੀ ਅਖਬਾਰਨਵੀਸ ਵਾਪਸ ਕੈਨੇਡਾ ਆ ਬੈਠਾ ਹੈ। ਅਮਰੀਕਾ ਵਿਚ ਵੀ ਪਿਛਲੇ ਕੁਝ ਸਮੇਂ ਤੋਂ ਮਾਹੌਲ ਕੁਝ ਅਜਿਹਾ ਹੀ ਬਣਦਾ ਜਾ ਰਿਹਾ ਹੈ। ਪਿਛਲੇ ਦਸਾਂ ਕੁ ਸਾਲਾਂ ਵਿਚ ਘੱਟੋ ਘੱਟ ਇਕ ਦਰਜਨ ਪਰਚੇ ਨਿਊ ਯਾਰਕ, ਸ਼ਿਕਾਗੋ, ਹਿਊਸਟਨ, ਵਾਸ਼ਿੰਗਟਨ ਡੀ.ਸੀ., ਸੈਨ ਫਰਾਂਸਿਸਕੋ ਅਤੇ ਲਾਸ ਏਂਜਲਸ ਵਿਚੋਂ ਨਿਕਲ ਕੇ ਬੰਦ ਹੋ ਚੁੱਕੇ ਹਨ। ਪੰਜਾਬੀ ਵਿਚ ਇੰਨੇ ਅਖਬਾਰ ਕਿਉਂ ਨਿਕਲਦੇ ਹਨ ਅਤੇ ਕਿਉਂ ਇੰਨੀ ਛੇਤੀ ਬੰਦ ਹੋ ਜਾਂਦੇ ਹਨ? ਇਸ ਬਾਰੇ ਚਰਚਾ ਕਦੀ ਫਿਰ ਕਰਾਂਗੇ ਇਹ ਦੀ ਘੜੀ ਗੱਲ ਨੂੰ ਇਸ਼ਤਿਹਾਰਾਂ ਦੇ ਜੁਗਾੜ ਤੱਕ ਹੀ ਰੱਖਦੇ ਹਾਂ। ਇਸ ਅਵਸਥਾ ਲਈ ਪੰਜਾਬੀ ਪਾਠਕ ਵੀ ਇਕ ਹੱਦ ਤੱਕ ਦੋਸ਼ੀ ਹੈ ਕਿ ਪੱਤਰਕਾਰਾਂ ਨੂੰ ਯਾ ਇਉਂ ਕਹਿ ਲਵੋ ਅਖਬਾਰ ਮਾਲਕਾਂ ਨੂੰ ਅਖਬਾਰ ਚਲਾਉਣ ਲਈ ਇਸ਼ਤਿਹਾਰਾਂ ਦਾ ਜੁਗਾੜ ਕਰਨ ਲਈ ਭਾਂਤ-ਭਾਂਤ ਦੇ ਪਾਪੜ ਵੇਲਣੇ ਪੈਂਦੇ ਹਨ। ਕਈ ਵਾਰ ਖੁਦਦਾਰੀ ਤਿਆਗ ਕੇ ਢੀਠਤਾਈ ਦੀ ਮੂਰਤ ਬਣਨਾ ਪੈਂਦਾ ਹੈ। ਪਰ ਇਸ ਸਥਿਤੀ ਲਈ ਆਪੂੰ ਬਣੇ ਕੁਝ ਪੱਤਰਕਾਰ ਵੀ ਜ਼ਿੰਮੇਵਾਰ ਹਨ। ਅਮਰੀਕੀ ਅਰਥਚਾਰੇ ਵਿਚ ਮੰਦੇ ਦੇ ਹਾਲਾਤ ਪੈਦਾ ਹੋਣ ਪਿਛੋਂ ਪੰਜਾਬੀ ਅਖਬਾਰਾਂ ਵਿਚ ਇਸ਼ਤਿਹਾਰ ਇਕ ਦੂਜੇ ਤੋਂ ਖੋਹਣ ਦੀ ਕੁਝ ਅਜਿਹੀ ਕੁੱਕੜ-ਖੋਹ ਚੱਲੀ ਹੋਈ ਹੈ ਕਿ ਕਈ ਵਾਰ ਅਖਬਾਰਾਂ ਦੀ ਹਾਲਤ ਉਤੇ ਤਰਸ ਵੀ ਆਉਂਦਾ ਹੈ। ਮੇਰੇ ਇਕ ਬਿਜਨਸਮੈਨ ਮਿੱਤਰ ਦਾ ਇਸ਼ਤਿਹਾਰ ਇਕ ਖਾਸ ਅਖਬਾਰ ਵਿਚ ਛਪਦਾ ਹੈ। ਮੇਰਾ ਇਹ ਮਿੱਤਰ ਆਪਣੇ ਉਸ ਇਸ਼ਤਿਹਾਰ ਤੋਂ ਸੰਤੁਸ਼ਟ ਹੈ ਕਿਉਂਕਿ ਉਸ ਦਾ ਖਿਆਲ ਹੈ ਕਿ ਇਹ ਅਖਬਾਰ ਉਸ ਦੇ ਗਾਹਕਾਂ ਦੇ ਸਾਰੇ ਘੇਰੇ ਵਿਚ ਪਹੁੰਚਦਾ ਹੈ। ਸੋ ਉਸ ਨੂੰ ਕਿਸੇ ਹੋਰ ਅਖਬਾਰ ਵਿਚ ਇਸ਼ਤਿਹਾਰ ਦੇਣ ਦੀ ਲੋੜ ਨਹੀਂ। ਫਿਰ ਵੀ ਉਸ ਨੂੰ ਅਕਸਰ ਦੂਜੇ ਅਖਬਾਰਾਂ ਵਾਲਿਆਂ ਦੇ ਫੋਨ ਆਉਂਦੇ ਰਹਿੰਦੇ ਹਨ ਕਿ ਸਾਨੂੰ ਇਸ਼ਤਿਹਾਰ ਕਿਉਂ ਨਹੀਂ ਦਿੰਦੇ। ਇਕ ਵਾਰ ਤਾਂ ਉਸ ਨੂੰ ਖਿਝ ਕੇ ਇਹ ਵੀ ਕਹਿਣਾ ਪਿਆ ਕਿ ਇਸ ਤਰ੍ਹਾਂ ਇਸ਼ਤਿਹਾਰ ਮੰਗਣ ਨਾਲੋਂ ਤਾਂ ਉਂਜ ਹੀ ਠੂਠਾ ਚੁੱਕ ਲਓ ਸ਼ਾਇਦ ਕੋਈ ਖੈਰ ਪਾ ਦੇਵੇ। ਇਕ ਵਿਸ਼ੇਸ਼ ਅਖਬਾਰ ਦੇ ਨੁਮਾਇੰਦੇ ਦੂਜੇ ਅਖਬਾਰਾਂ ਵਿਚ ਇਸ਼ਤਿਹਾਰ ਦੇਣ ਵਾਲਿਆਂ ਨੂੰ ਫੋਨ ਕਰਕੇ ਕਹਿੰਦੇ ਹਨ ਕਿ ਤੁਸੀਂ ਸਾਡੇ ਅਖਬਾਰ ਵਿਚ ਇਸ਼ਤਿਹਾਰ ਦਿਓ ਅਸੀਂ ਤੁਹਾਡਾ ਇਸ਼ਤਿਹਾਰ ਅੱਧੀ ਕੀਮਤ 'ਤੇ ਛਾਪਾਂਗੇ। ਸਾਨੂੰ ਉਸ ਅਖਬਾਰ ਦੀ ਇਨਵਾਇਸ ਵਿਖਾ ਦਿਓ ਅੱਧੀ ਤੋਂ ਵੀ ਘੱਟ ਕੀਮਤ ਕਰ ਦਿਆਂਗੇ। ਮੈਨੂੰ ਇਸ ਵਰਤਾਰੇ 'ਤੇ ਛੋਟੇ ਹੁੰਦਿਆਂ ਬਾਂਟੇ ਖੇਡਦੇ ਨਿਆਣਿਆਂ ਦੀ ਯਾਦ ਆਉਂਦੀ ਹੈ ਜਦੋਂ ਅਕਸਰ ਗੱਲ ਇਥੇ ਆ ਕੇ ਮੁੱਕਦੀ ਸੀ ਕਿ ਨਾ ਖੇਡਣਾ ਨਾ ਖੇਡਣ ਦੇਣਾ ਖੂੰਤੀ 'ਚ ਮੂਤਣਾ। ਇਕ ਹੋਰ ਅਖਬਾਰ ਵਾਲਾ ਆਪਣੇ ਇਸ ਗੁਣ ਉਤੇ ਬਹੁਤ ਮਾਣ ਕਰਦਾ ਹੈ ਕਿ ਅਖਬਾਰ ਇਸ਼ਤਿਹਾਰਾਂ 'ਤੇ ਚੱਲਦਾ ਹੈ, ਇਸ਼ਤਿਹਾਰ ਮੰਗਣੇ ਪੈਂਦੇ ਹਨ ਅਤੇ ਮੈਨੂੰ ਮੰਗਣਾ ਆਉਂਦਾ ਹੈ।

## ਸੰਪਾਦਕ ਦੀ ਡਾਕ

### ਵਿਚਾਰ ਚਰਚਾ

ਗੁਰਬਚਨ ਦੇ 'ਵਕਤੋਂ ਖੁੰਝ ਗਈ ਜਸਵੰਤ ਸਿੰਘ ਕੰਵਲ ਦੀ ਵਿਚਾਰਧਾਰਾ' ਬਾਬਤ ਲਿਖੇ ਵਿਚਾਰ 27 ਜੂਨ ਦੇ ਪੰਜਾਬ ਟਾਈਮਜ਼ ਵਿਚ ਪੜ੍ਹ ਕੇ ਇੰਜ ਜਾਪਦੈ ਕਿ ਲੇਖਕ ਨੇ 1947 ਤੋਂ ਲੈ ਕੇ ਅੱਜ ਤੱਕ ਦੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਪ੍ਰਤੀ ਇਕ ਖਾਸ ਵਰਗ ਅਤੇ ਅਖੌਤੀ ਕੌਮੀ ਲੀਡਰਾਂ ਦੇ ਵਤੀਰੇ ਨੂੰ ਬਦਨੀਤੀ ਨਾਲ ਘੋਖ ਕੇ ਵਿਚਾਰ ਪੇਸ਼ ਕੀਤੇ ਹਨ। ਹੋ ਸਕਦਾ ਹੈ ਜਾਣਦਿਆਂ ਹੋਇਆ ਵੀ ਸਹੀ ਤੱਥਾਂ ਨੂੰ ਛੁਹਣ ਵਿਚ ਜਾਤੀ ਜਾਂ ਖਾਸ ਵਰਗ ਜਾਂ ਪਾਰਟੀ ਨੂੰ ਨੰਗਾ ਕਰਨ ਤੋਂ ਪਿੱਛੇ ਹਟਿਆਂ ਲੋਕਾਂ ਦਾ ਵੱਡਾ ਵਰਗ ਅੰਨ ਪਾਣੀ ਪੰਜਾਬ ਦੀ ਧਰਤੀ ਦਾ ਖਾਂਦੇ ਪੀਂਦੇ ਹਨ ਅਤੇ ਭਲਾ ਹੋਰਨਾਂ ਦਾ ਮੰਗਦੇ ਹਨ। ਮੇਰਾ ਇਹ ਭਾਵ ਨਹੀਂ ਕਿ ਸਰਬੱਤ ਦਾ ਭਲਾ ਨਾ ਸੋਚਿਆ ਜਾਵੇ। ਜਿਸ ਵਰਗ ਨੂੰ ਸ. ਕੰਵਲ ਨੇ ਵੰਗਾਰਿਆ ਹੈ, ਉਸਨੂੰ ਹੀ ਦੋਖੀ ਤਾਕਤਾਂ ਖਤਮ ਕਰਨਾ ਚਾਹੁੰਦੀਆਂ ਹਨ। ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਨੂੰ ਖਤਮ ਕਰਨ ਲਈ ਅਖੌਤੀ ਬੁੱਧੀਜੀਵੀ, ਖਾਸ ਵਰਗ ਦੇ ਸਿਆਸੀ ਅਤੇ ਵਿਕਾਊ ਲੋਕ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਜਿਸ ਵਿਚਾਰਧਾਰਾ ਵਲ ਲੇਖਕ ਦਾ ਲੁਕਵਾਂ ਇਸ਼ਾਰਾ ਹੈ, ਉਸ ਨੂੰ ਕੁਝ ਢਾਹ ਤਾਂ ਲੱਗ ਸਕਦੀ ਹੈ, ਪਰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਵਿਚਾਰਧਾਰਾ ਨੂੰ ਸਮੇਂ ਦੀਆਂ ਸਰਕਾਰਾਂ ਹਰ ਹੀਲੇ ਖਤਮ ਕਰਨ ਦਾ ਯਤਨ ਕਰਦੀਆਂ ਰਹੀਆਂ ਹਨ ਅਤੇ ਕਰ ਰਹੀਆਂ ਹਨ, ਪਰ ਇਹ ਵਿਚਾਰਧਾਰਾ ਹੋਰ ਵੀ ਪ੍ਰਚੰਡ ਹੋਈ। ਸਮਾਂ ਆਵੇਗਾ ਲੋਕ ਆਪ ਝੂਠ ਅਤੇ ਸੱਚ ਦਾ ਨਿਤਾਰਾ ਕਰਨਗੇ।

ਅੰਤ ਵਿਚ ਕਹਾਂਗਾ ਕਿ ਰਜਿੰਦਰ ਰਾਹੀ ਨੇ ਗੁਰਬਚਨ ਰਾਮ ਦੀ ਹਰ ਦਲੀਲ ਦਾ ਢੁਕਵਾਂ ਉਤਰ ਦਿੱਤਾ ਹੈ। ਜਸਵੰਤ ਸਿੰਘ ਕੰਵਲ ਦੇ ਵਿਚਾਰ ਬਿਲਕੁਲ ਢੁਕਵੇਂ ਹਨ ਅਤੇ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਕੰਵਲ ਦੀ ਸੋਚ ਵਿਚ ਦਰਦ ਹੈ, ਜਿਸ ਨੂੰ ਪੰਜਾਬੀ ਹੀ ਸਮਝ ਸਕਦਾ, ਭਾਵੇਂ ਕਿਸੇ ਫਿਰਕੇ ਨਾਲ ਸਬੰਧਤ ਹੋਵੇ।

ਕੁਝ ਸਤਰਾਂ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਨੂੰ ਠਿੱਬੀ ਲਾਉਣ ਵਾਲਿਆਂ ਬਾਬਤ:

ਬੁਰਕਾ ਪੰਜਾਬੀਅਤ ਦਾ ਪਾ ਕੇ ਐ ਕਾਫਰ,
ਗੱਲ ਪੰਜਾਬੀ ਕਿਰਦਾਰ ਦੀ ਕਰੀ ਜਾਨਿ।
ਚੋਗ ਚੁਗੇ ਸੋਚ ਦੇ ਕੰਡ ਵਿਚੋਂ,
ਕੂੜ ਕੂੜ ਪੰਜਾਬ ਦੇ ਵਿਹੜੇ ਕਰੀ ਜਾਨਿ।
ਮੁਲੰਮਾ ਸੱਚ 'ਤੇ ਚਾੜ੍ਹਦੈ ਝੂਠ ਵਾਲਾ,
ਗਲ ਮਾਨਵਤਾ ਦੇ ਭਲੇ ਦੀ ਕਰੀ ਜਾਨਿ।
ਸੋਚ ਪੰਜਾਬੀਅਤ ਦੀ ਬੀਤੇ ਦੀ ਗੱਲ ਆਖੇਂ,
ਕੋਕੇ ਜਾਤੀਵਾਦ ਦੇ ਮਨਾਂ 'ਚ ਜੜ੍ਹੀ ਜਾਨੈਂ।
ਇਮਾਨ ਵੇਚ ਕੇ ਸੋਚੇਂ ਹਲਾਲ ਕਰਨਾ,
ਲਾ ਕੇ ਫੱਟ ਹੁਣ ਪੱਟੀਆਂ ਕਰੀ ਜਾਨੈਂ।
ਝਾਤ ਮਾਰ ਲੈ ਬੀਤਿਆ ਸਾਕਿਆਂ 'ਤੇ,
ਮਨੂੰਵਾਦ ਦੀ ਕਾਹਿ ਹੀ ਪੜ੍ਹੀ ਜਾਨੈਂ।
ਤੀਰ ਪੰਜਾਬੀਅਤ ਦੀ ਸੋਚ ਵਲ ਸੇਧੇਂ,
ਘਾਇਲ ਸਿੱਖੀ ਫਲਸਫਾ ਵੀ ਕਰੀ ਜਾਨੈਂ।
ਜਿਨ੍ਹਾਂ ਇਨਸਾਨੀਅਤ ਦੇ ਪਿੰਡੇ ਪੱਛ ਲਾਏ,
ਸਿਰ ਉਨ੍ਹਾਂ ਦੇ ਪੈਰਾਂ 'ਤੇ ਧਰੀ ਜਾਨੈਂ।
ਟੁੱਕੜ-ਬੋਚਾਂ ਦੇ ਨਾਲ ਹੁਣ ਪੰਜਾਬ ਭਰਿਆ,
ਕਿਹੜੀ ਪੰਜਾਬੀ ਕੌਮੀਅਤ ਦੀ ਗੱਲ ਕਰੀ ਜਾਨੈਂ।

-ਗੁਰਚਰਨ ਸਿੰਘ ਗਿੱਲ

### ਬਾਬ ਢਿੱਲੋਂ ਦਾ ਸ਼ਬਦ 'ਰਾਜ ਪਲਟਾ'

ਪੰਜਾਬ ਟਾਈਮਜ਼ ਇਕ ਸਾਫ ਸਵੱਛ ਸੋਚ ਵਾਲਾ ਇਕ ਨਿਰਪੱਖ ਅਖਬਾਰ ਹੈ ਅਤੇ ਇਸ ਵਿਚ ਉਚ ਦਰਜੇ ਦੀਆਂ ਮਿਆਰੀ ਲਿਖਤਾਂ ਪੜ੍ਹਨ ਨੂੰ ਮਿਲਦੀਆਂ ਹਨ। ਹਰ ਹਫਤੇ ਅਖਬਾਰ ਦੀ ਉਡੀਕ ਰਹਿੰਦੀ ਹੈ। ਸ਼ਾਲਾ! ਹੋਰ ਬੁਲੰਦੀਆਂ ਤੇ ਤਰੱਕੀਆਂ ਤੁਹਾਡੇ ਹਿੱਸੇ ਆਉਣ।

ਗੁਰੂ ਘਰ ਦਾ ਇਕ ਨਿਮਾਣਾ ਜਿਹਾ ਕੂਕਰ ਹੋਣ ਨਾਤੇ ਇਕ ਬੜੀ ਅਜੀਬ ਜਿਹੀ ਚੀਸ ਹੈ ਮਨ ਵਿਚ। 18 ਜੁਲਾਈ ਦੇ ਪਰਚੇ ਵਿਚ ਸਫਾ 3 'ਤੇ ਇਕ ਸਾਬਤ ਸੂਰਤ ਸਿੱਖ ਬਾਬ ਢਿੱਲੋਂ ਵਲੋਂ ਇਕ ਇਸ਼ਤਿਹਾਰ ਛਪਿਆ ਹੈ। ਇਸ ਇਸ਼ਤਿਹਾਰ ਦੀ ਪਹਿਲੀ ਸਤਰ (ਅਕਸਰ ਉਹ ਹਰ ਵਾਰ ਇਹੀ ਲਿਖਦੇ ਹਨ) ਵਿਚ ਸ਼ਬਦ 'ਰਾਜ ਪਲਟਾ' ਵਰਤਿਆ ਗਿਆ ਹੈ। ਇਹ ਸ਼ਬਦ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਆਈ ਤਬਦੀਲੀ ਬਾਰੇ ਹੈ। ਸੈਨ ਹੋਜ਼ੇ ਗੁਰੂ ਘਰ ਵਿਚ ਜਿਸ ਧੱਕੇਸ਼ਾਹੀ ਨਾਲ ਸ. ਢਿੱਲੋਂ ਕਮੇਟੀ ਉਤੇ ਕਾਬਜ਼ ਹੋਏ ਉਹ ਸਾਰੀ ਸਿੱਖ ਸੰਗਤ ਜਾਣਦੀ ਹੈ। ਬਲਕਿ ਸੈਨ ਹੋਜ਼ੇ ਮਰਕਰੀ ਨਿਊਜ਼ ਅਖਬਾਰ ਵਿਚ ਵੀ ਇਸ ਹੁਕਮਰਾਨ ਦੇ ਪਾਜ ਖੋਲ੍ਹੇ ਗਏ ਹਨ ਜਿਸ ਤੋਂ ਸਾਰੀਆਂ ਦੂਜੀਆਂ ਵੱਡੀਆਂ ਕੌਮਾਂ ਵੀ ਜਾਣੂੰ ਹੋ ਗਈਆਂ ਹਨ।

ਬਾਬ ਢਿੱਲੋਂ ਨੂੰ ਸ਼ਬਦ 'ਰਾਜ ਪਲਟਾ' ਵਰਤਣ ਲੱਗਿਆਂ ਮਨ ਵਿਚ ਉਸ ਵਾਹਿਗੁਰੂ ਦਾ ਭੈਅ ਨਹੀਂ ਆਇਆ। ਰਾਜ ਗੁਰੂ ਘਰ 'ਤੇ? ਫਿਰ ਮਸੰਦ ਕੌਣ ਹੋਇਆ? ਇਹੋ ਜਿਹੀ ਸ਼ਬਦਾਬਲੀ ਤਾਂ ਰਾਜੇ-ਮਹਾਰਾਜਿਆਂ ਨੇ ਵੀ ਨਹੀਂ ਵਰਤੀ। ਸਾਡੇ ਇਤਿਹਾਸ ਦੇ ਉਹ ਪਤਰੇ ਖੋਲ੍ਹੋ ਜਿਥੇ ਮੁਸਲਮਾਨ ਫਕੀਰ, ਹਿੰਦੂ ਭਗਤ ਅਤੇ ਹੋਰ ਕੌਮਾਂ ਦੇ ਰਹਿਬਰ ਗੁਰੂ ਘਰ ਦੇ ਸਜਦੇ ਕਰਦੇ ਆ ਰਹੇ ਹੋਣ ਅਤੇ ਤੁਸੀਂ ਇਕ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਹਥਿਆ ਕੇ 'ਰਾਜ' ਤੱਕ ਲਿਖ ਮਾਰਿਆ।

*ਜਸਪਾਲ ਸਿੰਘ ਨੈਨਤੂਰ*
*ਸੈਂਟਾ ਕਲਾਰਾ, ਕੈਲੀਫੋਰਨੀਆ।*

Join us for a week of fun and learning!

# SRS Gurmat Camp

FOR AGES 5-15

# Gursikhi Jeevan

KEERTAN.GATKA.SPORTS.HISTORY.GURBANI.

AUGUST 3RD—AUGUST 7TH

8:30AM TO 7PM

Registration Fee: $50 per child
Forms available in newsletter and office
Due July 26th, 2009


**COUNSELORS AND SEVADARS NEEDED!**

FOR MORE INFO:
Bibi Amarjit Kaur 847.564.4735
Bibi Sukhdev Kaur 224.595.8924
Bibi Updesh Kaur 847.346.6960

SRSGurmatCamp@gmail.com

# ਏਕਲ ਵਿਦਿਆਲਿਆ ਲਹਿਰ ਲਈ ਫੰਡਰੇਜ਼ਰ

**ਸ਼ਿਕਾਗੋ (ਸੁਨੀਤਾ ਚੋਪੜਾ):** ਏਕਲ ਵਿਦਿਆਲਿਆ ਫਾਊਂਡੇਸ਼ਨ ਨੇ ਇਥੋਂ ਦੀ ਸਬਰਬ ਅਰਲਿੰਗਟਨ ਹਾਈਟਸ ਵਿਚ ਫਾਰੈਸਟਵਿਊ ਸੈਂਟਰ ਵਿਚ ਗੀਤਾਂ, ਗ਼ਜ਼ਲਾਂ ਅਤੇ ਭਜਨਾਂ ਦੀ ਇਕ ਸ਼ਾਮ ਦਾ ਆਯੋਜਨ ਕੀਤਾ ਜਿਸ ਵਿਚ ਭਰਵੀਂ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ। ਇਸ ਸ਼ਾਮ ਦਾ ਮਨੋਰਥ ਏਕਲ ਵਿਦਿਆਲਿਆ ਫਾਊਂਡੇਸ਼ਨ ਵਲੋਂ ਭਾਰਤ ਦੇ ਪਿੰਡਾਂ ਵਿਚ ਗਰੀਬ ਬੱਚਿਆਂ ਲਈ ਚਲਾਏ ਜਾ ਰਹੇ ਸਕੂਲਾਂ ਵਾਸਤੇ ਧਨ ਇਕੱਤਰ ਕਰਨਾ ਸੀ। ਇਸ ਸੰਗੀਤਮਈ ਸ਼ਾਮ ਮੌਕੇ ਸੁਸ਼ੀਲ ਬਾਵੇਜਾ, ਅਸ਼ੋਕ ਪਾਂਡੇ, ਪ੍ਰੀਤ ਪ੍ਰੇਰਣਾ ਅਤੇ ਜੈ ਦੇਵ ਪਾਂਡੇ ਨੇ ਆਏ ਮਹਿਮਾਨਾਂ ਦਾ ਗੀਤ ਸੰਗੀਤ ਨਾਲ ਭਰਪੂਰ ਮਨੋਰੰਜਨ ਕੀਤਾ।

*ਗੀਤ-ਸੰਗੀਤ ਦੀ ਮਹਿਫੀਲ ਸਜਾਉਂਦੇ ਹੋਏ ਕਲਾਕਾਰ*

ਪ੍ਰੋਗਰਾਮ ਦਾ ਅਰੰਭ ਪ੍ਰੀਤ ਪ੍ਰੇਰਨਾ ਨੇ ਭਗਤ ਕਬੀਰ ਦੇ ਇਸ ਭਜਨ , 'ਪੋਥੀ ਪੜ੍ਹ ਪੜ੍ਹ ਕਰ ਜਗ ਮੂਆ, ਪੰਡਤ ਭਯੋ ਨ ਕੋਇ, ਢਾਈ ਅਕਸ਼ਰ ਪ੍ਰੇਮ ਕੇ ਪੜ੍ਹੇ ਸੋ ਪੰਡਤ ਹੋਇ' ਨਾਲ ਕੀਤਾ। ਪ੍ਰੋਗਰਾਮ ਦੇ ਆਯੋਜਕਾਂ ਅਨਿਲ ਅਤੇ ਦਰਸ਼ਨਾ ਭੱਟ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਅੱਜ ਦੇ ਇਸ ਪ੍ਰੋਗਰਾਮ ਦਾ ਮਨੋਰਥ ਜਿਥੇ ਗਰੀਬ ਬੱਚਿਆਂ ਲਈ ਚਲਾਏ ਜਾਂਦੇ ਇਨ੍ਹਾਂ ਸਕੂਲਾਂ ਲਈ ਧਨ ਇਕੱਠਾ ਕਰਨਾ ਹੈ ਉਥੇ ਪਿਆਰ ਦਾ ਸੁਨੇਹਾ ਵੰਡਣਾ ਵੀ ਹੈ। ਉਨ੍ਹਾਂ ਦੱਸਿਆ ਕਿ ਏਕਲ ਵਿਦਿਆਲਿਆ ਭਾਰਤ ਦੇ ਪਿੰਡਾਂ ਵਿਚ ਅਨਪੜ੍ਹਤਾ ਦੂਰ ਕਰਨ ਦੀ ਇਕ ਲਹਿਰ ਹੈ ਅਤੇ ਇਸ ਤਹਿਤ ਇਸ ਸਮੇਂ 26,700 ਤੋਂ ਵੱਧ ਅਧਿਆਪਕ, 5000 ਤੋਂ ਵੱਧ ਨਿਸ਼ਕਾਮ ਸੇਵਕ, 22 ਫੀਲਡ ਜਥੇਬੰਦੀਆਂ (ਜੋ ਕਿ 22 ਰਾਜਾਂ ਵਿਚ ਫੈਲੀਆਂ ਹੋਈਆਂ ਹਨ) ਅਤੇ 8 ਸਮਰਥਕ ਏਜੰਸੀਆਂ ਰਾਹੀਂ ਵਿਦਿਆ ਦਾ ਚਾਨਣ ਵੰਡਿਆ ਜਾ ਰਿਹਾ ਹੈ। ਏਕਲ ਵਿਦਿਆਲਿਆ ਲਹਿਰ ਦਾ ਮਨੋਰਥ ਖਾਸਕਰ ਪੇਂਡੂ ਅਤੇ ਕਬੀਲਾਈ ਇਲਾਕਿਆਂ ਵਿਚ ਬੱਚਿਆਂ ਨੂੰ ਗੈਰ ਰਸਮੀ ਸਕੂਲਾਂ ਦੇ ਨੈਟਵਰਕ ਰਾਹੀਂ ਸਿਖਿਆ ਦੇ ਕੇ ਆਧੁਨਿਕ ਸਮਾਜ ਦੇ ਯੋਗ ਬਣਾਉਣਾ ਹੈ।

ਏਕਲ ਵਿਦਿਆਲਿਆ ਫਾਊਂਡੇਸ਼ਨ ਇਕ ਖੈਰਾਇਤੀ ਸੰਸਥਾ ਹੈ ਜਿਸ ਦਾ ਮੰਤਵ ਦੇਸ਼ ਭਰ ਵਿਚ ਇਕ ਅਧਿਆਪਕੀ (ਜਿਨ੍ਹਾਂ ਨੂੰ ਕੇ ਏਕਵ ਵਿਦਿਆਲਿਆ ਆਖਿਆ ਜਾਂਦਾ ਹੈ) ਰਾਹੀਂ ਅਨੇਕ ਗੈਰ ਮੁਨਾਫਾ ਟਰਸਟਾਂ ਅਤੇ ਸੰਸਥਾਵਾਂ ਦੇ ਸਹਿਯੋਗ ਨਾਲ ਵਿਦਿਆ ਦੀ ਲਹਿਰ ਚਲਾਉਣਾ ਹੈ। ਏਕਲ ਵਿਦਿਆਲਿਆ ਵਲੋਂ ਹਰ ਪੱਧਰ ਉਤੇ ਸਥਾਨਕ ਲੋਕਾਂ ਦਾ ਸਹਿਯੋਗ ਲਿਆ ਜਾਂਦਾ ਹੈ। ਕੋਈ ਵੀ ਸਕੂਲ ਬਣਾਉਣ ਤੋਂ ਪਹਿਲਾਂ ਸਥਾਨਕ ਲੋਕਾਂ ਨਾਲ ਸਲਾਹ ਮਸ਼ਵਰਾ ਕਰਕੇ ਅਧਿਆਪਕ ਦੀ ਚੋਣ ਅਤੇ ਸਿਲੇਬਸ ਦੀ ਤਿਆਰੀ ਕੀਤੀ ਜਾਂਦੀ ਹੈ। ਏਕਲ ਲਹਿਰ ਤਹਿਤ ਬਲਾਕ, ਤਹਿਸੀਲ, ਜ਼ਿਲਾ ਅਤੇ ਰਾਜ ਪੱਧਰ ਉਤੇ ਵੱਖ ਵੱਖ ਪ੍ਰਾਜੈਕਟਾਂ ਨਾਲ ਸਬੰਧਤ ਮੁੱਦਿਆਂ ਉਪਰ ਸਥਾਨਕ ਲੋਕਾਂ ਦਾ ਸਹਿਯੋਗ ਲਿਆ ਜਾਂਦਾ ਹੈ। ਹੌਲੀ ਹੌਲੀ ਬਣਾਏ ਗਏ ਵਿਦਿਆਲੇ ਸਥਾਨਕ ਲੋਕਾਂ ਦੇ ਹੀ ਸਪੁਰਦ ਕਰ ਦਿੱਤੇ ਜਾਂਦੇ ਹਨ। ਸ਼ੁਰੂ ਵਿਚ ਵਿਦਿਆਲਿਆ ਨੂੰ ਚਲਾਉਣ ਲਈ ਸਥਾਨਕ ਲੋਕਾਂ ਤੋਂ ਥੋੜ੍ਹੀ ਮਾਲੀ ਮਦਦ ਲਈ ਜਾਂਦੀ ਹੈ ਪਰ ਬਾਅਦ ਵਿਚ ਸਾਰਾ ਖਰਚਾ ਹੀ ਉਨ੍ਹਾਂ ਦੇ ਜ਼ਿਮੇ ਲਾ ਦਿੱਤਾ ਜਾਂਦਾ ਹੈ।

# ਮਿਸ ਪੂਜਾ ਤੇ ਅਫਵਾਹਾਂ ਦਾ ਦੌਰ!

**ਐਸ. ਅਸ਼ੋਕ ਭੌਰਾ**

ਵੱਡੇ ਬੰਦਿਆਂ ਬਾਰੇ ਅਕਸਰ ਵੱਡੀਆਂ ਅਫਵਾਹਾਂ ਫੈਲਦੀਆਂ ਰਹੀਆਂ ਹਨ। 'ਕਲਕੱਤਿਓਂ ਪੱਖੀ ਮੰਗਾ ਦੇ ਵੇ ਝੱਲੂੰਗੀ ਸਾਰੀ ਰਾਤ...' ਵਾਲੇ ਗੀਤਾਂ ਦੇ ਦਿਨਾਂ 'ਚ ਜਦੋਂ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਚੜ੍ਹਾਈ ਹੋਈ ਤਾਂ ਇਕ ਵਾਰ ਇਹ ਅਫਵਾਹ ਫੈਲ ਗਈ ਕਿ ਸਦੀਕ ਦੀ ਸੱਜੇ ਹੱਥ ਦੀ ਪਹਿਲੀ ਉਂਗਲ ਕਿਸੇ ਨੇ ਵੱਢ ਦਿੱਤੀ ਹੈ। ਇਕ ਸੱਜਣ ਦਾ ਫੋਨ ਆਇਆ ਕਹਿਣ ਲੱਗਾ, ''ਯਾਰ ਸਦੀਕ ਤੂੰਬੀ ਦੀਆਂ ਤਾਂ ਬੁੱਚੀਆਂ ਪਵਾ ਦਿੰਦਾ ਸੀ, ਹੁਣ ਕਿਵੇਂ ਵਜਾਵੇਗਾ।'' ਜਿੱਦਣ ਗੁਰਦਾਸ ਮਾਨ ਦਾ ਖਰੜ ਕੋਲ ਐਕਸੀਡੈਂਟ ਹੋਇਆ ਤਾਂ ਮੈਂ ਚੰਡੀਗੜ੍ਹ ਸੀ। ਮੈਨੂੰ ਫੋਨ ਕਰਨ ਵਾਲੇ ਨੇ ਇਹ ਨ੍ਹੀਂ ਪੁੱਛਿਆ ਕਿ ਮਨੋਜ ਪੁੰਜ ਦਾ ਕੀ ਹਾਲ ਹੈ, ਆਂਹਦਾ, 'ਗੁਰਦਾਸ ਮਾਨ ਠੀਕ ਹੈ?' ਲੰਘੇ ਸਨਿਚਰਵਾਰ ਨੂੰ ਪੰਜਾਬ 'ਚ ਹੀ ਨਹੀਂ ਪੂਰੇ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਯੂਰਪੀ ਮੁਲਕਾਂ 'ਚ ਇਹ ਅਫਵਾਹ ਫੈਲ ਗਈ ਕਿ ਇਸ ਵੇਲੇ ਦੇ ਦੋ-ਗਾਣਿਆਂ 'ਚ ਬਹੁ-ਚਰਚਿਤ ਗਾਇਕਾ ਮਿਸ ਪੂਜਾ ਕੈਨੇਡਾ 'ਚ ਗੋਲੀਆਂ ਲੱਗਣ ਨਾਲ ਜਾਂਦੀ ਲੱਗੀ ਹੈ। ਹਾਲੇ ਸੁੱਤਾ ਹੀ ਪਿਆ ਸਾਂ ਕਿ ਸਵਾ ਕੁ ਛੇ ਵਜੇ ਫੋਨ ਦੀ ਘੰਟੀ ਖੜਕ ਪਈ। ਫੋਨ ਕਰਨ ਵਾਲਾ ਲਾਸ ਏਂਜਲਸ ਤੋਂ ਸੀ, ਪੁੱਛਣ ਲੱਗਾ, ''ਪੂਜਾ ਠੀਕ ਠਾਕ ਹੈ?'' ਮੈਂ ਪੁੱਛਿਆ, 'ਕੀ ਗੱਲ ਹੋ ਗੀ?''



''ਤੁਹਾਨੂੰ ਨ੍ਹੀਂ ਪਤਾ, ਉਹਦੇ ਤਾਂ ਕਿਸੇ ਨੇ ਗੋਲੀ ਮਾਰ 'ਤੀ, ਜਾਹ ਜਾਂਦੀ ਹੋਗੀ।''

ਤੇ ਫਿਰ ਨੌਂ ਘੰਟਿਆਂ 'ਚ ਛਿਅੱਤਰ ਕਾਲਾਂ। ਸ਼ੁਦਾਈ ਹੋ ਗਿਆ, ਇਹ ਕਹਿੰਦਾ ਕਿ ਇਹ ਨਿਰੀ ਅਫਵਾਹ ਹੈ। ਮੇਰੀ ਉਹਦੇ ਬਾਪੂ ਕੈਂਥ ਨਾਲ ਹੁਣੇ ਗੱਲ ਹੋਈ ਐ, ਪੂਜਾ ਠੀਕ ਠਾਕ ਹੈ। ਤੇ ਥੋੜਾ ਜਿਹਾ ਤੁਹਾਨੂੰ ਆਉਣ ਵਾਲੇ ਫੋਨਾਂ ਦਾ ਖੁਲਾਸਾ ਕਰਕੇ ਦੱਸਦਾ ਹਾਂ ਕਿ ਫੋਨ ਕਿਵੇਂ ਕਿਵੇਂ ਆਏ?

-ਯਾਰ ਬੜੀ ਮਾੜੀ ਖ਼ਬਰ ਸੁਣੀ ਆ। ਵਿਚਾਰੀ ਰੂੰ ਦੇ ਫਹੇ ਵਰਗੀ ਕੁੜੀ ਦੇ ਕਿਸੇ ਮੂਰਖ ਨੇ ਗੋਲੀਆਂ ਮਾਰਤੀਆਂ।

-ਭਾਜੀ ਇਹ ਗੱਲ ਭਲਾਂ ਸੱਚੀ ਹੈ ਕਿ ਪੂਜਾ ਮਰ ਗਈ ਹੈ। ਮੇਰਾ ਤਾਂ ਕਾਲਜਾ ਨਿਕਲਦਾ ਜਾਂਦੈ।

-ਹੈ! ਮੂਰਖ ਲੋਕ, ਭਲਾ ਪੂਜਾ ਕੋਈ ਮਾਰਨ ਵਾਲੀ ਚੀਜ਼ ਸੀ। ਉਹ ਤਾਂ ਪੰਜਾਬੀ ਗਾਇਕੀ ਦਾ ਗਹਿਣਾ ਸੀ ਗਹਿਣਾ।

-ਬਾਈ ਸੱਚ ਦੱਸੀਂ ਭਾਣਾ ਸੱਚੀਂ ਵਰਤ ਗਿਐ। ਮੈਨੂੰ ਤਾਂ ਦੋ ਸਾਲ ਹੋ ਗਏ ਟਰੱਕ ਚਲਾਉਂਦੇ ਨੂੰ। ਪੂਜਾ ਦੇ ਗੀਤ ਸੁਣ ਸੁਣ ਕੇ ਹੀ ਟਰੱਕ ਸਿਆਟਲ ਜਾ ਵਾੜੀਦੈ। ਅੱਜ ਮਾਲਕ ਨੂੰ ਕਿਹੈ, 'ਮੈਂ ਨ੍ਹੀਂ ਚਲਾ ਸਕਦਾ ਟਰੱਕ।'

-ਪਤੰਦਰ ਚਮਕੀਲੇ ਵਾਂਗ ਵਿਚਾਰੀ ਦੇ ਪਿੱਛੇ ਪੈ ਗਏ। ਗਾਉਂਦੀ ਸੀ ਵਿਚਾਰੀ, ਕੀ ਕਹਿੰਦੀ ਸੀ ਕਿਸੇ ਨੂੰ, ਭਲਾ ਦੱਸਿਓ ਖ਼ਬਰ ਸੱਚ ਹੈ ਕਿ ਝੂਠੀ।

-ਬਾਈ ਕਿਤੇ ਪੂਜਾ ਦੇ ਗੋਲੀ ਮਾਰਨ ਵਾਲੇ ਲੋਕ ਉਨ੍ਹਾਂ 'ਚੋਂ ਤਾਂ ਨ੍ਹੀਂ ਜਿਨ੍ਹਾਂ ਨੇ ਸੰਤ ਰਾਮਾਨੰਦ ਦੇ ਗੋਲੀਆਂ ਮਾਰੀਆਂ ਸੀ, ਨਹੀਂ ਤਾਂ ਪੰਜਾਬ ਵਿਚ ਇਕ ਵਾਰ ਫਿਰ ਪਟਰੋਲ ਵਾਂਗ ਭੜਾਕਾ ਪੈਜੂ।

-ਜਦੋਂ ਮੋਢੇ ਚੁੱਕ ਕੇ ਹਲਕਾ ਜਿਹਾ ਹੱਸ ਕੇ ਗਾਉਂਦੀ ਸੀ ਨੱਕ 'ਚ, ਕਿਆ ਬਾਤ ਸੀ। ਹਾਲੇ ਤਾਂ ਕਮਾਲਾਂ ਕਰਨੀਆਂ ਸੀ। ਇੰਟਰਨੈੱਟ 'ਤੇ ਆਉਂਦੈ 'ਪੂਜਾ ਡਾਈਡ' ਪਰ ਨਾਲ ਹੀ ਲਿਖੀ ਜਾਂਦੇ ਨੇ ਪੱਕਾ ਨ੍ਹੀਂ ਪਤਾ।

-ਭਾਜੀ ਤੁਹਾਨੂੰ ਪਤੈ ਪੂਜਾ ਨੂੰ ਪੰਝੀ ਹਜ਼ਾਰ ਤੋਂ ਵਧ ਲੋਕਾਂ ਨੇ ਈ-ਮੇਲ 'ਤੇ ਵਿਆਹ ਦੀ ਆਫਰ ਭੇਜੀ ਐ। ਪਤਾ ਨ੍ਹੀਂ ਕੀਹਦੇ ਸੁੱਤੇ ਭਾਗ ਜਾਗਣੇ ਸੀ, ਭਾਣਾ ਪਹਿਲਾਂ ਹੀ ਵਰਤ ਗਿਆ।

-ਸਿਆਣੇ ਕਹਿੰਦੇ ਨੇ ਮੌਤ ਦੀ ਖ਼ਬਰ ਝੂਠੀ ਨ੍ਹੀਂ ਹੁੰਦੀ। ਭਲਾ ਇਹ ਕੀ ਹੋ ਗਿਆ। ਰੱਬ ਕਰੇ ਇਹ ਖ਼ਬਰ ਝੂਠੀ ਨਿਕਲੇ।

ਤੇ ਮੈਂ ਸਾਰਿਆਂ ਨੂੰ ਕਹਿੰਦਾ ਰਿਹਾ, ''ਪੂਜਾ ਨਾਲ ਤਾਂ ਗੱਲ ਨ੍ਹੀਂ ਹੋਈ, ਉਹਦੇ ਬਾਪੂ ਨਾਲ ਹੋਈ ਐ ਉਹ ਠੀਕ ਹੈ।

ਕਦੇ 'ਅਜੀਤ' 'ਚ ਫੋਨ ਕਰਾਂ, ਕਦੇ ਦੂਰਦਰਸ਼ਨ 'ਤੇ ਲਖਵਿੰਦਰ ਜੌਹਲ ਨੂੰ। ਇਨ੍ਹਾਂ ਦਰਜਨਾਂ ਫੋਨਾਂ ਤੋਂ ਲਗਦਾ ਸੀ ਕਿ ਪੂਜਾ ਤੇ ਉਹਦੇ ਪ੍ਰੇਮੀਆਂ, ਪ੍ਰਸ਼ੰਸਕਾਂ ਨੇ ਇਕ ਦੂਜੇ ਨੂੰ ਅੰਦਰੋਂ ਘੁੱਟ ਕੇ ਫੜਿਆ ਹੋਇਆ ਹੈ।

ਖ਼ੈਰ! ਇਹ ਸਾਰੀਆਂ ਅਫਵਾਹਾਂ ਸਰਕਸ ਬਣ ਗਈਆਂ ਹਨ। ਇਹਦੇ ਨਾਲ ਸ਼ੋਹਰਤ ਦੇ ਭਾਵੇਂ ਹੋਰ ਅੰਕ ਪੂਜਾ ਨੂੰ ਮਿਲ ਗਏ ਹੋਣ ਪਰ ਇਨ੍ਹਾਂ ਤੋਂ ਇਹ ਨਹੀਂ ਲੱਗਦਾ ਕਿ ਝੂਠ ਬੋਲਣਾ ਸਿਰਫ ਬੱਚਿਆਂ ਲਈ ਹੀ ਪਾਪ ਹੁੰਦਾ ਹੈ।






# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

# ਸ਼ਿਕਾਗੋ ਕਬੱਡੀ ਕੱਪ-2009

*Invite you to join us on the Occasion of*

## *Chicago Kabaddi Cup 2009*

*And*

## *Volleyball & Cultural Programme*

*SUNDAY, SEPTEMBER 6, 2009 At 9 am*

*BUSSE WOODS FOREST PRESERVE SOUTH*
*Elk Grove Village- IL*



### ਕਬੱਡੀ ਦਾ ਪਹਿਲਾ ਇਨਾਮ



ਗੁਰਜੇਪਾਲ ਸਿੰਘ ਭੱਟੀ ਦੀ ਯਾਦ ਵਿਚ
(ਸਰਦਾਰਨੀ ਅਤੇ ਸ. ਹਰਕਿਸ਼ਨ ਸਿੰਘ ਭੱਟੀ ਵਲੋਂ)

ਰੱਸਾਕਸ਼ੀ ਅਤੇ ਬਾਬਿਆਂ ਦੀ ਦੌੜ ਵੀ ਹੋਵੇਗੀ

ਮੁਫਤ ਦਾਖਲਾ
ਮੁਫਤ ਪਾਰਕਿੰਗ

### ਕਬੱਡੀ ਦਾ ਦੂਸਰਾ ਇਨਾਮ



ਜਸਵਿੰਦਰ ਸਿੰਘ ਗਿੱਲ



ਨਾਜਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗਨ ਵਲੋਂ

### ਪੰਜਾਬੀ ਲੋਕ ਗਾਇਕ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ



ਪ੍ਰੀਤ ਬਰਾੜ




ਵੀਰ ਸੁਖਵੰਤ




ਸੁਨੀਤਾ ਭੱਟੀ




ਕੁਲਵੰਤ ਕੌਰ

**RSVP: Board Members:**

*Gurbachan Singh Pappu (Chairman)*
*Jindi Khangura (President) 847-529-1464*
*Parminder S Walia 847-477-1613*
*Amardev Badesha 708-612-7963*
*Balbir S Baidwan 224-588-6025*
*Deepa Badesha, Ravinder S Khaira, Satnam S Minhas, Lalli Nijjar, Jaswinder S Jassi, Jodh S Sidhu, Sukhwinder S Mander, Rajinder S Virk, Hardeep S Gill, Babbi Bath, Jinder S Benipal, Rachpal S Khangura, Pritpal Singh,* Tirath Singh -Captain Kabaddi Team

e-mail: sepscc@yahoo.com
punjabisportsclub@yahoo.com

**Contributing Organizations:** Punjabi American Origination (PAO), Punjabi Cultural Society of Chicago, Sikh Religious Society of Chicago, Gurudwara Sahib of Devon, SRS Indiana, Punjabi American Youth Club of Indiana, Young Sports Club Indianapolis, Guru Hargovind Sahib Society, Greenwood (IN), PCO Wisconsin, PCS Michigan, Sikh Cultural Society of Kalamazoo, Sant Baba Prem Singh Society of Indiana, Five River Entertainment Indianapolis, Baba Makhan Shah Lobana Society, Doaba Sports Club Chicago, Sikh Cultural Society of Battlecreek, Sikh Cultural Society of South Bend, Guru Nanak Sikh Center Lansing, PCS Fortwin, Shere Punjab Sports Club California, United Sports Club Bay Area, Punjabi Cultural Society of Midwest Kalamazoo, Sports Club San Jose, Modesto, Sikh temple of WI. Oak Creek, Rangla Punjab, Guru Ladho Re Seva Society, Sikh Community Center Bolingbrook, Punjabi Truck Union-Chicago

**Sponsor from Milwaukee Area:** Satwant Singh Kaleka, Captain Kamaljit Singh Bajwa, Beant Singh Boparai, Parminder Singh Goldy, Bikramjit Singh Sekhon, Indarjit Singh Dhillion, Harinder Singh Dhaliwal, Jagjit Singh Sidhu

**Media Sponsors:** Punjab Times, Desi Junction 1530AM, Raunak Mela 1590 am, Sikh TV, Indian Reporter, India Post, Desi Talk, India Bulletin, TV Asia, Daily Ajit, Sadapunjab.com, South Asia One,

# ਖੂਬ ਕਾਮਯਾਬ ਰਿਹਾ ਡਿਟਰਾਇਟ ਦਾ ਦੂਜਾ ਪੰਜਾਬੀ ਖੇਡ ਮੇਲਾ

**ਡਿਟਰਾਇਟ (ਰੇਸ਼ਮ ਸਿੰਘ ਸੈਣੀ):** ਮੋਟਰ ਗੱਡੀਆਂ ਦੀ ਰਾਜਧਾਨੀ ਕਰਕੇ ਜਾਣੇ ਜਾਂਦੇ ਇਸ ਮਹਾਨਗਰ ਨੂੰ ਪਹਿਲਾਂ ਲੋਕ ਇਥੇ ਜੀ.ਐਮ, ਕਰਾਈਸਲਰ ਅਤੇ ਫੋਰਡ ਦੀਆਂ ਮੋਟਰ ਗੱਡੀਆਂ ਦੇ ਕਾਰਖਾਨਿਆਂ ਕਰਕੇ ਜਾਣਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਦੀ ਮਸ਼ਹੂਰੀ ਇਨ੍ਹਾਂ ਕਾਰਖਾਨਿਆਂ ਉਤੇ ਮੰਡਰਾਏ ਆਰਥਿਕ ਸੰਕਟ ਕਾਰਨ ਹੋ ਰਹੀ ਹੈ। ਸਨਅਤੀ ਸ਼ਹਿਰ ਹੋਣ ਕਰਕੇ ਇੰਜੀਨੀਅਰਿੰਗ ਪਿਛੋਕੜ ਵਾਲੇ ਕਾਫੀ ਪੰਜਾਬੀ ਇਥੇ ਚਿਰਾਂ ਤੋਂ ਵੱਸਦੇ ਹਨ। ਇਸ ਦੇ ਨਾਲ ਹੀ ਕੁਝ ਡਾਕਟਰ ਅਤੇ ਬਿਜਨਸਮੈਨ ਵੀ ਆ ਵੱਸੇ ਹਨ। ਸਾਲ ਕੁ ਭਰ ਤੋਂ ਇਹ ਸ਼ਹਿਰ ਪੰਜਾਬੀਆਂ ਦੇ ਖੇਡਾਂ ਅਤੇ ਸਭਿਆਚਾਰ ਪ੍ਰਤੀ ਆਪਣੇ ਪ੍ਰੇਮ ਸਦਕਾ ਅਮਰੀਕਾ ਵਿਚ ਘੱਟੋ ਘੱਟ ਪੰਜਾਬੀ ਭਾਈਚਾਰੇ ਵਿਚ ਪ੍ਰਸਿੱਧੀ ਖੱਟਣ ਲੱਗਾ ਹੈ। ਇਸੇ ਸਿਲਸਿਲੇ ਵਿਚ ਇਥੋਂ ਦੀ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਨੇ 11 ਜੁਲਾਈ ਨੂੰ ਆਪਣਾ ਦੂਜਾ ਖੇਡ ਮੇਲਾ ਇਥੇ ਕੈਂਟਨ ਕਸਬੇ ਦੇ ਖੁੱਲ੍ਹੇ ਡੁੱਲ੍ਹੇ ਇੰਡੀਪੈਂਡੈਂਸ ਪਾਰਕ ਵਿਚ ਕਰਵਾਇਆ। ਕਬੱਡੀ ਇਸ ਖੇਡ ਮੇਲੇ ਦਾ ਸਭ ਤੋਂ ਵੱਡਾ ਆਕਰਸ਼ਣ ਸੀ ਪਰ ਰੱਸਾਕਸ਼ੀ, ਦੌੜਾਂ, ਗਾਗਰ ਰੇਸ, ਸਾਕਰ ਅਤੇ ਵਾਲੀਬਾਲ ਦੇ ਰੰਗ ਵੀ ਆਪਣੇ ਹੀ ਸਨ। ਆਏ ਮਹਿਮਾਨਾਂ ਦਾ ਸਭਿਆਚਾਰਕ ਗੀਤਾਂ ਰਾਹੀਂ ਮਨੋਰੰਜਨ ਲੋਕ ਗਾਇਕ ਸੁਖਵਿੰਦਰ ਪੰਛੀ ਨੇ ਕੀਤਾ।

ਰਾਤ ਅਤੇ ਫਿਰ ਸਵੇਰੇ ਪਏ ਮੀਂਹ ਕਰਕੇ ਅਤੇ ਉਤੋਂ ਬੱਦਲਵਾਈ ਦਾ ਮੌਸਮ ਹੋਣ ਕਰਕੇ ਪ੍ਰਬੰਧਕਾਂ ਦੇ ਚਿਹਰੇ ਸਵੇਰ ਵੇਲੇ ਕੁਝ ਬੱਦਲਾਏ ਹੋਏ ਜਾਪਦੇ ਸਨ ਪਰ ਸ਼ਾਇਦ ਮੌਸਮ ਦੇਵਤਾ ਮਿਹਰਬਾਨ ਹੋ ਗਿਆ ਜਾਂ ਕਿਸੇ ਸਖੀ ਸੱਜਣ ਦੀ ਅਰਦਾਸ ਵਾਹਿਗੁਰੂ ਨੇ ਸੁਣ ਲਈ, ਛੇਤੀ ਹੀ ਅਸਮਾਨ ਤੋਂ ਬੱਦਲ ਛਟਣੇ ਸ਼ੁਰੂ ਹੋ ਗਏ ਤੇ ਦਿਨ ਨਿੱਖਰ ਗਿਆ ਅਤੇ ਨਾਲ ਹੀ ਪ੍ਰਬੰਧਕਾਂ ਦੇ ਚਿਹਰੇ ਵੀ ਨਿੱਖਰ ਆਏ। ਖੇਡ ਮੇਲੇ ਦਾ ਅਰੰਭ ਗੁਰਦੁਆਰਾ ਸਿੰਘ ਸਭਾ ਮਿਸ਼ੀਗਨ (ਕੈਂਟਨ) ਦੇ ਹਜ਼ੂਰੀ ਰਾਗੀ ਭਾਈ ਸੁਰਜੀਤ ਸਿੰਘ ਵਲੋਂ ਕੀਤੀ ਗਈ ਅਰਦਾਸ ਨਾਲ ਹੋਇਆ। ਅਰਦਾਸ ਪਿਛੋਂ ਛੱਡੇ ਗਏ ਜੈਕਾਰੇ ਨਾਲ ਪਾਰਕ ਗੂੰਜ ਉਠਿਆ। ਸਟੇਜ ਸਕੱਤਰ ਸ. ਗੁਰਮੀਤ ਸਿੰਘ ਸੰਧੂ ਨੇ ਜੈਕਾਰੇ ਛੱਡ ਕੇ ਆਏ ਦਰਸ਼ਕਾਂ ਨੂੰ ਜੀ ਆਇਆਂ ਆਖਿਆ। ਗਿਆਰਾਂ ਕੁ ਵਜੇ ਤੱਕ ਮੇਲਾ ਚੋਖਾ ਭਰ ਗਿਆ ਸੀ।

ਸਭ ਤੋਂ ਵੱਧ ਰੌਣਕਾਂ ਕਬੱਡੀ ਨੇ ਬੰਨ੍ਹੀਆਂ। ਕੁਲ ਛੇ ਟੀਮਾਂ-ਮਿਸ਼ੀਗਨ ਏ ਅਤੇ ਬੀ, ਟੋਰਾਂਟੋ, ਕੈਨੇਡਾ, ਨਿਊ ਯਾਰਕ, ਸ਼ਿਕਾਗੋ ਅਤੇ ਮਿਲਵਾਕੀ ਤੋਂ ਪਹੁੰਚੀਆ ਹੋਈਆਂ ਸਨ। ਪਹਿਲਾ ਮੈਚ ਮਿਲਵਾਕੀ ਦੀ ਟੀਮ ਨੇ ਮਿਸ਼ੀਗਨ ਦੀ ਟੀਮ ਨੂੰ 38-37 ਅੰਕਾਂ ਉਤੇ ਹਰਾ ਕੇ ਜਿੱਤ ਲਿਆ। ਦੂਜੇ ਮੈਚ ਵਿਚ ਨਿਊ ਯਾਰਕ ਦੀ ਟੀਮ ਨੇ ਮਿਸ਼ੀਗਨ ਦੀ 'ਬੀ' ਟੀਮ ਨੂੰ ਹਰਾ ਦਿੱਤਾ। ਤੀਜੇ ਮੈਚ ਵਿਚ ਮਿਸ਼ੀਗਨ ਦੀ ਟੀਮ ਨੇ ਸ਼ਿਕਾਗੋ ਦੀ ਟੀਮ ਨੂੰ 42-26 ਅੰਕਾਂ ਨਾਲ ਹਰਾ ਦਿੱਤਾ। ਮਿਸ਼ੀਗਨ ਦਾ ਤੇਜ਼-ਤਰਾਰ ਧਾਵੀ ਤਾਰੀ ਕਿਸੇ ਦੇ ਹੱਥ ਨਹੀਂ ਸੀ ਆ ਰਿਹਾ। ਰਣਜੀਤ ਜੱਫੇ 'ਤੇ ਜੱਫਾ ਲਾ ਰਿਹਾ ਸੀ। ਚੌਥਾ ਮੈਚ ਟੋਰਾਂਟੋ ਦੀ ਟੀਮ ਨੇ ਸਿਨਸਿਨੈਟੀ ਦੀ ਟੀਮ ਨੂੰ ਹਰਾ ਕੇ ਜਿੱਤ ਲਿਆ। ਕਬੱਡੀ ਦੇ ਬਹੁਤੇ ਮੈਚਾਂ ਦੀ ਕੁਮੈਂਟਰੀ ਟੋਰਾਂਟੋ ਤੋਂ ਆਏ ਸੁਖਚੈਨ ਸਿੰਘ ਬਰਾੜ ਨੇ ਕੀਤੀ ਜਿਸ ਨੇ ਆਪਣੇ ਲੱਛੇਦਾਰ ਟੋਟਕਿਆਂ ਨਾਲ ਕਬੱਡੀ ਵੇਖਣ ਦਾ ਸਵਾਦ ਕਈ ਗੁਣਾਂ ਵਧਾਈ ਰੱਖਿਆ।

ਕਬੱਡੀ ਦਾ ਸੈਮੀ ਫਾਈਨਲ ਮੈਚ ਨਿਊ ਯਾਰਕ ਤੇ ਟੋਰਾਂਟੋ ਦੀਆਂ ਟੀਮਾਂ ਵਿਚਕਾਰ ਬੜਾ ਫਸ ਕੇ ਹੋਇਆ ਜੋ ਨਿਊ ਯਾਰਕ ਦੀ ਟੀਮ ਨੇ 36-35 ਅੰਕਾਂ ਨਾਲ ਜਿੱਤਿਆ। ਫਾਈਨਲ ਮੈਚ ਮਿਸ਼ੀਗਨ ਤੇ ਨਿਊ ਯਾਰਕ ਦੀਆਂ ਟੀਮਾਂ ਵਿਚਾਲੇ ਸੀ। ਫਾਈਨਲ ਮੈਚ ਦੀ ਕੁਮੈਂਟਰੀ 22 ਖੇਡ ਪੁਸਤਕਾਂ ਦੇ ਲੇਖਕ ਅਤੇ ਪੰਜਾਬੀ ਖੇਡ ਪੱਤਰਕਾਰੀ ਦੇ ਪਿਤਾਮਾ ਪ੍ਰਿੰਸੀਪਲ ਸਰਵਣ ਸਿੰਘ ਨੇ ਕੀਤੀ। ਖੇਡ ਮੇਲੇ ਵਿਚ ਬੀਬੀਆਂ ਦੀ ਸ਼ਮੂਲੀਅਤ ਦੀ


ਮਾਣ ਸਨਮਾਨ ਦੇ ਪਲ


ਲੱਗ ਗਿਆ ਰੋਪੜੀ ਜਿੰਦਾ ਬਈ












ਇਹ ਹੈ ਮਾਡਰਨ ਗਾਗਰ ਰੇਸ





ਬਚ ਕੇ ਬਈ...ਤਿੰਨ ਟੰਗੀ ਰੇਸ ਹੈ ਇਹ





ਪ੍ਰਿੰਸੀਪਲ ਸਰਵਣ ਸਿੰਘ ਨੇ ਉਚੇਚੀ ਤਾਰੀਫ ਕੀਤੀ ਅਤੇ ਆਖਿਆ ਕਿ ਬੀਬੀਆਂ ਦੀ ਸ਼ਮੂਲੀਅਤ ਨਾਲ ਮੇਲਿਆਂ ਵਿਚ ਪਰਿਵਾਰਕ ਮਾਹੌਲ ਬਣ ਜਾਂਦਾ ਹੈ। ਮੈਚ ਮਘਿਆ ਤਾਂ ਇਕ ਇਕ ਜੱਫੇ ਉਤੇ ਸੌ ਸੌ ਡਾਲਰ ਦਾ ਇਨਾਮ ਲੱਗ ਗਿਆ ਤੇ ਪ੍ਰਿੰਸੀਪਲ ਸਰਵਣ ਸਿੰਘ ਦੇ ਪੇਂਡੂ ਇੰਦਰਜੀਤ ਬਾਠ ਨੇ ਪੰਜ ਸੌ ਡਾਲਰ ਦਾ ਇਨਾਮ ਬੁਲਾ ਦਿੱਤਾ। ਪੰਜ ਸੌ ਦਾ ਇਨਾਮ ਗਰੇਵਾਲ ਨੇ ਬੁਲਾਇਆ। ਫਾਈਨਲ ਮੈਚ 42-33 ਅੰਕਾਂ ਦੇ ਫਰਕ ਨਾਲ ਮਿਸ਼ੀਗਨ ਦੀ ਟੀਮ ਨੇ ਜਿੱਤਿਆ।

ਮਿਸ਼ੀਗਨ ਟੀਮ ਦੇ ਖਿਡਾਰੀ ਤਾਰੀ ਨੂੰ ਬੈਸਟ ਰੇਡਰ ਅਤੇ ਰਣਜੀਤ ਨੂੰ ਬੈਸਟ ਸਟਾਪਰ ਐਲਾਨਿਆ ਗਿਆ। ਸੀਤਾ, ਤੀਰਥਾ, ਸੋਨੂੰ ਤੇ ਜੱਗੇ ਨੂੰ ਵਧੀਆ ਖਿਡਾਰੀ ਹੋਣ ਦਾ ਖਿਤਾਬ ਦਿੱਤਾ ਗਿਆ। ਦੂਜੇ ਨੰਬਰ 'ਤੇ ਆਈ ਨਿਊ ਯਾਰਕ ਦੀ ਟੀਮ ਦੇ ਖਿਡਾਰੀ ਵਿਕਰਮ ਅਤੇ ਤੀਰਥ ਨੂੰ ਵੀ ਬੈਸਟ ਰੇਡਰ ਐਲਾਨਿਆ ਗਿਆ।

ਪੂਰੇ ਮਿਡਵੈਸਟ ਵਿਚੋਂ ਵਾਲੀਬਾਲ ਦੀਆਂ ਕੁੱਲ 12 ਟੀਮਾਂ ਨੇ ਹਿੱਸਾ ਲਿਆ। ਪੀ.ਐਸ.ਸੀ.ਏ. ਦੀ 'ਏ' ਟੀਮ ਨੇ ਬਾਜੀ ਮਾਰੀ। ਵਿੰਡਜ਼ਰ ਗਰੀਨ ਨੇ ਦੂਜੀ ਪੁਜੀਸ਼ਨ ਆਪਣੇ ਖਾਤੇ 'ਚ ਦਰਜ਼ ਕਰਵਾਈ ਅਤੇ ਕੈਲਮਜ਼ੂ ਦੀ ਟੀਮ ਤੀਸਰੇ ਸਥਾਨ 'ਤੇ ਰਹੀ। ਪੀ.ਐਸ.ਸੀ.ਏ. ਦੀ 'ਬੀ' ਟੀਮ, ਕੈਂਟਕੀ ਇੱਕ ਅਤੇ ਦੋ ਟੀਮਾਂ, ਵਿੰਡਜ਼ਰ ਕੈਨੇਡਾ ਦੀ ਬਲੂ, ਵਿਸਕਾਨਸਿਨ ਕਲੀਵਲੈਂਡ, ਵੇਨ ਸਟੇਟ ਯੂਨੀਵਰਸਿਟੀ, ਆਜ਼ਾਦ ਮਿਸ਼ੀਗਨ ਨੇ ਵੀ ਆਪਣੀ ਹਾਜ਼ਰੀ ਲੁਆਈ।

(ਬਾਕੀ ਸਫਾ 20 'ਤੇ)



ਬਾਬਿਆਂ ਦੀ ਦੌੜ-ਵੇਖੀਏ ਕੀਹਨੇ ਕੀਹਨੇ ਪੁਰਾਣੇ ਘਿਓ ਖਾਦੇ ਆ










# Imperial Truck Wash & Repair

**One Stop Center For Truckers-Repairs-Tires-Wash in Indiana**

**ਇੰਡੀਆਨਾ ਵਿਚ ਚੱਲਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

5809 South State Rd 3,
Spiceland, IN- 47385
interstate 70 Exit 123
(Turn Right Yellow Building)

## Tire Service

We carry all major brand tires-new and used at very attractive prices

ਟਰੈਕਟਰ ਟਰੇਲਰ ਵਾਸ਼
ਸਿਰਫ 60 ਡਾਲਰ

*Spot Free Truck Wash*

**All Kinds of Welding Work & General Repair.**

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush



Oil Change **$189.99** Only
Brake **$99.00** With Labor
Wheel Seal **$89.00** With Labor
Labor Rate **$59.00** Hourly Rate

**Alignment**

**Wheel Balancing**

24 Hours Road Service & Towing

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

**Jasvir Singh (765) 987-7000**

ਸਾਕਰ ਦੀਆਂ ਛੇ ਟੀਮ ਵਿਚੋਂ ਵਿੰਡਜ਼ਰ ਦੀ ਟੀਮ ਅੱਵਲ ਰਹੀ ਜਦ ਕਿ ਕੈਂਟਨ ਦੀ ਟੀਮ ਦੂਜੇ ਅਤੇ ਕੈਲਮਜ਼ੂ ਦੀ ਟੀਮ ਤੀਜੇ ਥਾਂ ਰਹੀ। ਬੀਬੀਆਂ ਦੀ ਗਾਗਰ ਦੌੜ ਤੇ ਬੱਚਿਆਂ ਦੀ ਸਪੂਨ ਰੇਸ ਦਾ ਵੀ ਵੱਖਰਾ ਨਜ਼ਾਰਾ ਸੀ।

ਰੱਸਾਕਸ਼ੀ ਖੇਡ ਦਾ ਵੀ 5 ਤੋਂ 70 ਸਾਲ ਤੱਕ ਦੀ ਉਮਰ ਦੇ ਲੋਕਾਂ ਨੇ ਖੂਬ ਅਨੰਦ ਮਾਣਿਆ। ਇਸ ਖੇਡ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਖਾਲਸਾ ਦਰਬਾਰ ਕੈਨੇਡਾ ਦੀ ਟੀਮ ਨੇ ਜਦਕਿ ਦੂਜੇ ਅਤੇ ਤੀਜੇ ਸਥਾਨ 'ਤੇ ਕ੍ਰਮਵਾਰ ਮਿਸ਼ੀਗਨ ਤੇ ਵਿੰਡਜ਼ਰ, ਕੈਨੇਡਾ ਦੀ ਟੀਮ ਰਹੀ। ਰੱਸਾਕਸ਼ੀ ਦੀ ਖੇਡ ਦੇਖ ਕੇ ਬੀਬੀਆਂ ਨੇ ਵੀ ਖੇਡਣ ਦੀ ਇੱਛਾ ਪ੍ਰਗਟਾਈ ਪਰ ਸਮੇਂ ਦੀ ਘਟ ਕਾਰਨ ਪ੍ਰਬੰਧਕਾਂ ਨੇ ਅਗਲੇ ਸਾਲ ਉਨ੍ਹਾਂ ਨੂੰ ਨਾਰਾਜ਼ ਨਾ ਹੋਣ ਦਾ ਭਰੋਸਾ ਦਿਵਾਇਆ। ਨਾਲ ਦੀ ਗਰਾਊਂਡ ਵਿਚ ਅਥਲੈਟਿਕਸ ਖੇਡਾਂ ਨੂੰ ਕਾਮਯਾਬ ਕਰਨ ਵਿਚ ਕੇਵਲ ਗਿੱਲ ਅਤੇ ਮਨਪ੍ਰੀਤ ਮਨੀ ਨੇ ਵੀ ਪੂਰਾ ਯੋਗਦਾਨ ਪਾਇਆ। ਬੀਬੀਆ ਦੀ 100 ਮੀਟਰ ਦੀ ਗਾਗਰ ਰੇਸ ਵੀ ਕਾਫੀ ਦਿਲਚਸਪ ਸੀ ਜਿਸ ਵਿਚ ਬੀਬੀਆਂ, ਭੈਣਾਂ ਤੇ ਮਾਤਾਵਾਂ ਨੇ ਬਹੁਤ ਆਨੰਦ ਮਾਣਿਆ।

ਢੋਲ ਦੇ ਡਗੇ 'ਤੇ ਗੁਰਮੀਤ ਸੰਧੂ ਦੀ ਸਟੇਜ ਦੀ ਕਲਾਕਾਰੀ ਨੇ ਉਸ ਵਕਤ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਜਦ ਚੈਨ ਸਿੰਘ ਸੰਧੂ, ਦਰਸ਼ਨ ਸਿੰਘ ਗਰੇਵਾਲ, ਕੈਂਟਨ ਸ਼ਹਿਰ ਦੇ ਟਰੱਸਟੀ ਡਾ. ਸੱਈਅਦ ਤਾਜ ਅਤੇ ਮਿਸ਼ੀਗਨ ਡੈਮੋਕਰੈਟ ਪਾਰਟੀ ਦੇ ਕੈਂਟ ਕਾਊਂਟੀ ਵਾਈਸ ਚੇਅਰਮੈਨ ਸੰਨੀ ਧੂੜ ਨੂੰ ਜੀ ਆਇਆ ਕਹਿੰਦੇ ਹੋਏ ਸਟੇਜ 'ਤੇ ਬੁਲਾਇਆ ਗਿਆ।

ਮੇਲੇ ਦੇ ਅੰਤ ਵਿਚ ਸੁਖਵਿੰਦਰ ਪੰਛੀ ਨੇ ਗਾਇਕੀ ਦਾ ਰੰਗ ਬੰਨ੍ਹਿਆ। ਉਸ ਨੇ ਗਾਇਆ- ਹੁਣ ਤੈਨੂੰ ਚੰਗਾ ਨੀ ਲੱਗਦਾ ਮੈਂ, ਨੀ ਹੁਣ ਤੈਨੂੰ ਚੰਗਾ ਨੀ ਲੱਗਦਾ। ਵੇਖੋ ਨੀ ਵੇਖੋ ਨੀ ਮੁੰਡਾ ਹੋ ਗਿਆ ਸ਼ੁਦਾਈ, ਕਹਿੰਦਾ ਨੀ ਮੈਂ ਕਰੂੰਗਾ ਹਿਸਾਬ ਪਾਈ ਪਾਈ... ਦਿਲ ਵੱਟੇ ਮੁੰਡਾ ਦੇਵੇ ਛੱਲੇ ਮੁੰਦੀਆਂ, ਦੱਸੂੰਗਾ ਮੁਹੱਬਤਾਂ ਮੈਂ ਕਿਵੇਂ ਹੁੰਦੀਆਂ...।

ਅਣਖ ਸ਼ੌਕੀਨਾਂ ਦੀ ਟੀਮ ਦਾ ਭੰਗੜਾ ਤੇ ਗਿੱਧਾ ਵੀ ਸਭ ਨੇ ਪਸੰਦ ਕੀਤਾ। ਬੀਬੀਆਂ ਦੇਸੀ

(ਬਾਕੀ ਸਫਾ 22 'ਤੇ)








ਲੰਗਰ-ਪਾਣੀ ਵਾਧੂ











*New York NY July 25, 2009*
*Call:Tony-347-723-2533 OR*
*Jay:917-681-4211*
*Fairfax VA July 31, 2009*
*Call:Jay-703-980-6203 Or*
*Nisha-571-212-1855*
*Philadelphia PA August 01, 2009*
*Call:Jay-703-980-6203*
*Open August 08, 2009*
*Open August 09, 2009*
*Spokane WA Call Nagra 509-994-7844*
*And Seattle WA August 16, 2009*
*(1:00pm to 7:00pm-Kabaddi Mela )*
*Call:Channa Alamgeer-206-478-7744*
*Bakersfield CA August 22, 2009*
*Los Vages NV August 23, 2009*

***Show In USA In August 2009***
***Call- Satti:916-410-9741***



# SRS Cultural & Sports Committee of Indiana

*Proudly Presents*

## ਪੰਜਾਬੀ ਖੇਡ ਮੇਲਾ-2009

*2nd Annual Healthier Community Fun Fair*




**Sunday, August 30, 2009**
9:00 AM-6:00 PM


**Crown Point Gurudwara Sahib, Indiana**
10005 Colorado St., Crown Point, IN 46307

**Admission is Free**

Complimentary Breakfast
& Punjabi Lunch







Team Sports: Kabaddi ਕਬੱਡੀ, Volleyball (Shooting) ਵਾਲੀਬਾਲ, Soccer, ਫੁੱਟਵਾਲ, Basketball ਬਾਸਕਟਬਾਲ, Kho-Kho, Athletics, Shot-Put, Fun Games, Tug of War, Musical Chair, Turban Tying

Sponsors Are Welcome

Trophies, Medals for 1st & 2nd Place Winning Teams & Individual.

Semi Final Tournament on Friday & Saturday August, 28, 29 2009, 9:00 am to 5:00pm only at Gurudwara Sahib Crown Point, 10005 Colorado St., Crown Point, IN 46307

Food Booths, Arts & Crafts, Punjabi Religious Music, A Colorful Family Picnic Style Community Event to Share Punjabi Culture, Performing Arts and Sports. Vendors. Registration: Teams registration fee is $15 per team. Out of City/State team's register by August 02, 2009 & their registration is free & will get $150 travelling gas expense. Individual sports registration fee is $2.00 per person per event. Register by August 09, 2009, 1:00 pm by e-mail at palia292002@yahoo.com

**For More Info. Call**

Gurinder Singh Gill 219-880-6163
Surinder Singh Palia 219-256-9426
Mandeep S. Bhura 708-655-3274
Amarbir Sidhu 219-613-6147
Bhupinder Kaur 219-662-0439
Sukhminder Singh 219-608-0031
Parminder S. Pinda 630-825-5288

Jasbir S. Palia 219-924-5250
Jaspal S. Multani 219-613-1011
Kuldip S. Lang 219-713-0771
Sikander Singh 219-775-0313
Harjit Kaur 219-242-5768
Makhan S. Gill 815-441-1495
Sukhdeep S Deepa 317-513-5114

Jaspal S. Dhaliwal 219-670-3854
S.S. Virk 219-898-0930
Jaspal Ghotra 765-337-5151
Surjit Singh Gilgian 708-205-5235
Teja Singh 219-263-3868
Satwinder Satta 219-313-3025
Nidhan Singh 646-403-5640

## SRS Cultural & Sports Committee

10005 Colorado St., Crown Point, IN 46307, Ph:219-736-0457

# ਚੇਤੇ ਰਹਿਣਗੀਆਂ ਡਿਟਰਾਇਟ ਦੇ ਪੰਜਾਬੀ ਖੇਡ ਮੇਲੇ ਦੀਆਂ ਰੌਣਕਾਂ

**ਪ੍ਰਿੰ. ਸਰਵਣ ਸਿੰਘ**

ਮੈਨੂੰ ਅਮਰੀਕਾ ਦੇ ਨਿਊਯਾਰਕ, ਸ਼ਿਕਾਗੋ, ਸਿਆਟਲ, ਸੈਲਮਾ, ਹੇਵਰਡ, ਫਰਿਜ਼ਨੋ, ਯੂਬਾਸਿਟੀ, ਸਿਨਸਿਨੈਟੀ ਤੇ ਸੈਨਹੋਜ਼ੇ 'ਚ ਮਨਾਏ ਜਾਂਦੇ ਪੰਜਾਬੀ ਖੇਡ ਮੇਲੇ ਵੇਖਣ ਦੇ ਮੌਕੇ ਮਿਲੇ ਹਨ। ਡਿਟਰਾਇਟ ਦਾ ਪੰਜਾਬੀ ਮੇਲਾ ਮੈਂ ਪਿਛਲੇ ਸਾਲ ਨਹੀਂ ਸੀ ਵੇਖ ਸਕਿਆ। ਮੈਂ ਸੈਨ ਹੋਜ਼ੇ ਤੇ ਸਿਆਟਲ ਦੇ ਖੇਡ ਮੇਲੇ ਵੇਖ ਕੇ ਮੁੜਿਆ ਹੀ ਸਾਂ ਕਿ ਗੁਰਮੀਤ ਸਿੰਘ ਸੰਧੂ ਦਾ ਫੋਨ ਆ ਗਿਆ ਪਈ ਡਿਟਰਾਇਟ ਦੇ ਖੇਡ ਮੇਲੇ 'ਚ ਜ਼ਰੂਰ ਪੁੱਜਾਂ। ਉਥੇ ਮੇਲਾ 11 ਜੁਲਾਈ ਨੂੰ ਸੀ। ਉਸੇ ਦਿਨ ਮਾਲਟਨ ਦੇ ਵਾਈਲਡਵੁੱਡ ਪਾਰਕ ਵਿਚ ਕੈਨ-ਸਿੱਖ ਕਲੱਬ ਦਾ ਟੂਰਨਾਮੈਂਟ ਸੀ ਤੇ ਐਡਮਿੰਟਨ ਦੇ ਖੇਡ ਮੇਲੇ 'ਚ ਪਹੁੰਚਣ ਦਾ ਸੱਦਾ ਸੀ। ਮੇਰੀ ਉਹ ਗੱਲ ਹੋਈ ਪਈ ਸੀ ਅਖੇ ਰਾਤਾਂ ਛੋਟੀਆਂ ਯਾਰ ਬਥੇਰੇ ਕੀਹਦਾ ਕੀਹਦਾ ਮਾਣ ਰੱਖ ਲਾਂ? ਕੈਨ-ਸਿੱਖ ਤੇ ਐਡਮਿੰਟਨ ਵਾਲਿਆਂ ਦੇ ਖੇਡ ਮੇਲੇ ਤਾਂ ਮੈਂ ਪਹਿਲਾਂ ਵੀ ਵੇਖੇ ਸਨ ਇਸ ਲਈ ਡਿਟਰਾਇਟ ਪਹੁੰਚਣ ਦੀ ਹਾਮੀ ਭਰ ਦਿੱਤੀ।

ਸਾਡੇ ਆਪਣੇ ਪਿੰਡੋਂ ਸਵਰਗੀ ਗੁਰਬਚਨ ਸਿੰਘ ਬਾਠ ਦੇ ਤਿੰਨ ਲੜਕੇ ਉਥੇ ਰਹਿ ਰਹੇ ਹਨ। ਬਾਠ ਪਰਿਵਾਰ ਨੇ ਪਿੰਡ ਚਕਰ ਵਿਚ ਦਸ ਲੱਖ ਰੁਪਿਆ ਦਾਨ ਦੇ ਕੇ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਨਵਿਆਈ ਹੈ। ਮੈਨੂੰ ਕੰਪਿਊਟਰ ਦੇ ਲੜ ਲਾਉਣ ਵਾਲੇ ਕੰਪਿਊਟਰ ਦੇ ਭਾਈ ਘਨੱਈਆ ਕਿਰਪਾਲ ਸਿੰਘ ਪੰਨੂੰ ਦਾ ਬੇਟਾ ਹਰਵੰਤ ਵੀ ਉਥੇ ਹੀ ਰਹਿੰਦਾ ਹੈ।

ਕਾਰ 'ਤੇ ਟੋਰਾਂਟੋ ਤੋਂ ਡਿਟਰਾਇਟ ਦਾ ਸਫ਼ਰ ਚਾਰ ਕੁ ਘੰਟੇ ਦਾ ਹੈ। ਸਵੇਰੇ ਪੰਜ ਵਜੇ ਫਰਿੰਡਜ਼ ਲੋਜਿਸਟਿਕਸ ਟਰਾਂਸਪੋਰਟ ਕੰਪਨੀ ਵਾਲਾ ਸੋਨੀ ਗਰੇਵਾਲ ਆਪਣੇ ਦੋਸਤ ਨਿੰਦਰ ਛੀਨੇ ਨਾਲ ਮੈਨੂੰ 'ਚੱਕਣ' ਆ ਗਿਆ। ਅਮਰੀਕਾ-ਕੈਨੇਡਾ 'ਚ ਆਮ ਪੰਜਾਬੀ ਫੋਨ ਕਰਨ ਨੂੰ ਫੋਨ ਮਾਰਨਾ ਕਹਿੰਦੇ ਹਨ ਤੇ ਕਾਰ ਉਤੇ ਲਿਫਟ ਦੇਣ ਨੂੰ ਚੱਕਣਾ ਆਖਦੇ ਹਨ। ਕੰਮਾਂ ਕਾਰਾਂ ਉਤੇ ਲਿਜਾਣ ਤੇ ਲਿਆਉਣ ਲਈ ਸਹਿਯੋਗੀ ਅਕਸਰ ਇਕ ਦੂਜੇ ਦੀਆਂ ਜ਼ਨਾਨੀਆਂ 'ਚੱਕਦੇ' ਹਨ ਤੇ ਇਸ ਅਹਿਸਾਨ ਬਦਲੇ ਉਨ੍ਹਾਂ ਦਾ 'ਥੈਂਕਿਊ' ਕੀਤਾ ਜਾਂਦਾ ਹੈ।

ਖੇਡ ਮੇਲਾ ਡੈਂਟਨ ਰੋਡ ਕੈਂਟਨ ਵਿਖੇ ਇੰਡੀਪੈਂਡੈਂਸ ਪਾਰਕ ਵਿਚ ਹੋ ਰਿਹਾ ਸੀ। ਅਸੀਂ ਪਾਰਕ ਵਿਚ ਪੁੱਜੇ ਤਾਂ ਗੁਰਮੀਤ ਸਿੰਘ ਸੰਧੂ ਨੇ ਮਾਈਕ ਤੋਂ ਤੇ ਪ੍ਰਿੰ. ਗੁਰਬਚਨ ਸਿੰਘ ਮਾਨ ਹੋਰਾਂ ਨੇ ਅਗਾਊਂ ਮਿਲ ਕੇ ਸਾਨੂੰ ਜੀ ਆਇਆਂ ਕਿਹਾ। ਗਿੱਦੜਬਾਹਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਦੀ ਛਾਤੀ 'ਤੇ ਲੱਗੀ ਨਾਂ ਪੱਟੀ ਉਤੇ ਗੈਰੀ ਮਾਨ ਲਿਖਿਆ ਹੋਇਆ ਸੀ। ਐਨ ਉਵੇਂ ਜਿਵੇਂ ਸਤਿੰਦਰ ਸਰਤਾਜ ਗਾਉਂਦੈ-ਪਾਣੀ ਪੰਜਾਂ ਦਰਿਆਵਾਂ ਵਾਲਾ ਨਹਿਰੀ ਹੋ ਗਿਆ, ਮੁੰਡਾ ਪਿੰਡ ਦਾ ਸੀ ਸ਼ਹਿਰ ਜਾ ਕੇ ਸ਼ਹਿਰੀ ਹੋ ਗਿਆ, ਨਾਂ ਗੁਰਮੀਤ ਸੀ ਵਲਾਇਤ ਜਾ ਕੇ ਗੈਰੀ ਹੋ ਗਿਆ...।

ਗੁਰਬਚਨ ਸਿੰਘ ਕਹਿਣ ਲੱਗਾ, "ਮੈਨੂੰ ਮੇਰੇ ਪਿੰਡ ਕੋਟ ਭਾਈ 'ਚ ਪਹਿਲਾਂ ਵੀ ਲੋਕ ਗੁਰਾ ਕਹਿੰਦੇ ਸਨ ਤੇ ਮੇਰਾ ਬਾਬਾ ਗੁਰੀ ਕਹਿੰਦਾ ਹੁੰਦਾ ਸੀ। ਫਰਕ ਏਨਾ ਈ ਪਿਐ ਕਿ ਅਮਰੀਕਾ ਆ ਕੇ ਗੈਰੀ ਹੋ ਗਿਆਂ।" ਜਦੋਂ ਉਹ ਮਲੋਟ ਦੇ ਕਾਲਜ ਵਿਚ ਪੰਜਾਬੀ ਦਾ ਲੈਕਚਰਾਰ ਸੀ ਉਦੋਂ ਗੁਰਦਾਸ ਮਾਨ ਵੀ ਉਸੇ ਕਾਲਜ ਵਿਚ ਪੜ੍ਹਦਾ ਸੀ। ਗੁਰਦਾਸ ਕਾਲਜ ਵਿਚ ਭੰਗੜਾ ਪਾਉਂਦਾ ਤੇ ਗੀਤ ਗਾਉਂਦਾ। ਜਦੋਂ ਗੁਰਦਾਸ ਮਾਨ ਡਿਟਰਾਇਟ ਵਿਚ ਸ਼ੋਅ ਕਰਨ ਆਇਆ ਤਾਂ ਗੈਰੀ ਮਾਨ ਦੇ ਪੈਰੀਂ ਪੈ ਕੇ ਸਤਿਕਾਰ ਦਿੱਤਾ ਤੇ ਸਰੋਤਿਆਂ ਨੂੰ ਕਹਿਣ ਲੱਗਾ, "ਤੁਸੀਂ ਮੈਨੂੰ ਵੇਖਣ ਆਏ ਓਂ, ਮੈਂ ਆਪਣੇ ਉਸਤਾਦ ਨੂੰ ਵੇਖਣ ਆਇਆਂ।"

ਪਾਰਕ ਬਹੁਤ ਖੁੱਲ੍ਹਾ ਸੀ ਜਿਸ 'ਚ ਸੌਕਰ ਤੇ ਹੋਰ ਖੇਡਾਂ ਦੇ ਕਈ ਖੇਡ ਮੈਦਾਨ ਸਨ। ਮੈਨੂੰ ਦੱਸਿਆ ਗਿਆ ਕਿ ਪਾਰਕ ਵਾਲੀ ਜ਼ਮੀਨ ਕਿਸੇ ਅਮੀਰ ਵਿਅਕਤੀ ਦੀ ਸੀ। ਬੁਢਾਪੇ ਵਿਚ ਜਿਸ ਨੌਕਰਾਣੀ ਨੇ ਉਸ ਨੂੰ ਸੰਭਾਲਿਆ ਉਹਨੇ ਉਸੇ ਦੇ ਨਾਂ ਵਸੀਅਤ ਕਰ ਦਿੱਤੀ। ਅੱਗੋਂ ਨੌਕਰਾਣੀ ਨੇ ਇਹ ਖੇਡਾਂ ਖੇਡਣ ਤੇ ਸੈਰਾਂ ਲਈ ਸ਼ਹਿਰ ਨੂੰ ਦਾਨ ਦੇ ਦਿੱਤੀ।

ਮੇਲੇ ਦੇ ਪ੍ਰਬੰਧਕਾਂ ਨੇ ਇਕੋ ਜਿਹੀਆਂ ਵਰਦੀਆਂ ਪਾਈਆਂ ਹੋਈਆਂ ਸਨ। ਇਕ ਬੰਨੇ ਮੋਬਾਈਲ ਸਟੇਜ ਸੀ ਜਿਥੋਂ ਸਾਰੇ ਮੇਲੇ ਨੂੰ ਕੰਟਰੋਲ ਕੀਤਾ ਜਾਣਾ ਸੀ। ਮੈਂ ਪਹਿਲੀ ਨਜ਼ਰੇ ਅੰਦਾਜ਼ਾ ਲਾ ਲਿਆ ਕਿ ਮੇਲੇ ਦਾ ਪ੍ਰਬੰਧ ਕਰਨ ਵਾਲੇ ਸੱਜਣ ਪੜ੍ਹੇ ਲਿਖੇ ਪ੍ਰੋਫੈਸ਼ਨਲ ਹਨ। ਨਹੀਂ ਤਾਂ ਸਵੇਰੇ ਸਵੇਰੇ ਹੀ ਧਾਰਮਿਕ ਸ਼ਬਦਾਂ ਦੀ ਥਾਂ ਚੱਕ ਲਓ ਚੱਕ ਲਓ ਵਾਲੇ ਗਾਣੇ ਗੂੰਜਦੇ ਹੁੰਦੇ।

ਸਭ ਤੋਂ ਪਹਿਲਾਂ ਬੱਚਿਆਂ ਦੀਆਂ ਦੌੜਾਂ ਦੇ ਮੁਕਾਬਲੇ ਸ਼ੁਰੂ ਹੋਏ ਜੋ ਅੱਠ ਦਸ ਸਾਲ ਤੋਂ ਲੈ ਕੇ ਵੀਹ ਬਾਈ ਸਾਲ ਦੇ ਗੱਭਰੂਆਂ ਤਕ ਚੱਲੇ। ਫਿਰ ਵਡੇਰੀ ਉਮਰ ਦੇ ਬੱਗੀਆਂ ਦਾੜ੍ਹੀਆਂ ਵਾਲੇ ਬੰਦੇ ਦੌੜੇ। ਮਾਈਆਂ ਬੀਬੀਆਂ ਤੇ ਕੁੜੀਆਂ ਚਿੜੀਆਂ ਵੀ ਪਿੱਛੇ ਨਾ ਰਹੀਆਂ। ਸੁਆਣੀਆਂ ਦੀ ਚਾਟੀ ਦੌੜ ਵੇਖਣ ਵਾਲੀ ਸੀ ਜਿਸ ਵਿਚ ਚਾਟੀਆਂ ਦੀ ਥਾਂ ਸਿਰਾਂ 'ਤੇ ਗਮਲੇ ਰੱਖੇ ਹੋਏ ਸਨ। ਬੱਚਿਆਂ ਦੀ ਚਮਚਾ ਦੌੜ ਸੀ।

ਦੁਪਹਿਰ ਵੇਲੇ ਕਬੱਡੀ ਦੇ ਮੈਚ ਸ਼ੁਰੂ ਹੋ ਗਏ। ਕੁਮੈਂਟਰੀ ਕਰਨ ਲਈ ਮਾਈਕ ਸੁਖਚੈਨ ਬਰਾੜ ਨੇ ਆ ਫੜਿਆ। ਉਹ ਪਿਛਲੇ ਸਾਲ ਪਹਿਲਾ ਖੇਡ ਮੇਲਾ ਲੁੱਟ ਕੇ ਲੈ ਗਿਆ ਸੀ। ਉਹਦੀ ਕੁਮੈਂਟਰੀ ਹਾਸ ਵਿਅੰਗ ਨਾਲ ਭਰਪੂਰ ਹੈ। ਜਿਵੇਂ ਮੱਖਣ ਸਿੰਘ ਨੂੰ ਕੁਮੈਂਟਰੀ ਦਾ ਗੁਰਦਾਸ ਮਾਨ ਕਿਹਾ ਜਾਂਦੈ ਉਵੇਂ ਉਸ ਨੂੰ ਕੁਮੈਂਟਰੀ ਦਾ ਭਗਵੰਤ ਮਾਨ ਕਿਹਾ ਜਾ ਸਕਦੈ। ਧਾਵੀ ਨਿਓਂ ਕੇ ਕਬੱਡੀ ਪਾਉਂਦਾ ਤਾਂ ਉਹ ਆਖਦਾ, ਆਹ ਤਾਂ ਅਏਂ ਝੁਕਿਆ ਹੋਇਐ ਜਿਵੇਂ ਬੁੜ੍ਹੀ ਵੱਲਾਂ 'ਚ ਨੀਵੀਂ ਪਾਈ

## ਮੇਲਾ ਮੇਲੀਆਂ ਦਾ ...

ਖਰਬੂਜ਼ਾ ਲੱਭਦੀ ਹੋਵੇ। ਜਦੋਂ ਕੋਈ ਜਾਫੀ ਧਾਵੀ ਦੇ ਕਾਠੀ ਪਾ ਬਹਿੰਦਾ ਤਾਂ ਕਹਿੰਦਾ, ਅਏਂ ਬੈਠਾ ਜਿਵੇਂ ਭੱਈਆ ਪੱਠਿਆਂ ਆਲੀ ਰੇੜ੍ਹੀ 'ਤੇ ਬੈਠਾ ਹੋਵੇ। ਜਦੋਂ ਧਾਵੀ ਜਾਫੀਆਂ ਦੇ ਝੁਰਮਟ ਵਿਚ ਦੀ ਲੰਘਦਾ ਤਾਂ ਨਕਸ਼ਾ ਬੰਨ੍ਹਦਾ, ਅਏਂ ਜਾਂਦਾ ਜਿਵੇਂ ਕੰਡਕਟਰ ਸਵਾਰੀਆਂ ਨਾਲ ਭਰੀ ਬੱਸ ਵਿਚ ਦੀ ਲੰਘਦਾ ਹੋਵੇ। ਧਾਵੀ ਫੜਿਆ ਜਾਂਦਾ ਤਾਂ ਕਹਿੰਦਾ, ਮਰੋੜਤਾ ਪੁਰਾਣੇ ਅਖਬਾਰ ਅੰਗੂੰ! ਕਰਤਾ ਚਾਕੂ ਅੰਗੂੰ 'ਕੱਠਾ!!

ਹੋਰ ਤਾਂ ਹੋਰ ਉਹ ਮੇਲੇ ਨੂੰ ਵੱਧ ਮਾਇਆ ਦੇਣ ਵਾਲਿਆਂ ਬਾਰੇ ਕਹਿੰਦਾ, ਦੇਤਾ ਦਰੀ ਜਿੱਡਾ ਚੈੱਕ। ਹਾਲਾਂ ਕਿ ਚੈੱਕਾਂ ਦੀ ਰਕਮ ਵੱਧ ਘੱਟ ਹੋ ਸਕਦੀ ਹੈ ਜਦ ਕਿ ਆਕਾਰ ਸਾਰਿਆਂ ਦਾ ਇਕੋ ਜਿੱਡਾ ਹੀ ਹੁੰਦੈ। ਸਹੁੰ ਖਾਣ ਬਾਰੇ ਕਹਿੰਦਾ, ਵੱਡੇ ਮਾਹਰਾਜ ਦੀ ਸਹੁੰ, ਜਿਵੇਂ ਕੋਈ ਨਿੱਕਾ ਮਾਹਰਾਜ ਵੀ ਹੋਵੇ! ਜੇ ਕੋਈ ਖਿਡਾਰੀ ਲੱਤਾਂ ਫੜਨ ਪੈਂਦਾ ਤਾਂ ਸੁਖਚੈਨ ਬਰਾੜ ਆਖਦਾ, ਆਹ ਤਾਂ ਅਏਂ ਪੈ ਗਿਆ ਜਿਵੇਂ ਵੱਡੀ ਭੂਆ ਨੂੰ ਮੱਥਾ ਟੇਕਣਾ ਹੋਵੇ। ਇਕ ਖਿਡਾਰੀ ਨੂੰ ਦੋ ਜਣੇ ਫੜਨ ਪੈ ਜਾਂਦੇ ਤਾਂ ਕਹਿੰਦਾ, ਲਓ ਸਾਰਾ ਟੱਬਰ ਈ ਪੈ ਗਿਆ! ਕਰਤੀ ਸੱਤ ਇਕਵੰਜਾ!!

ਉਸ ਦੀਆਂ ਅਜਿਹੀਆਂ ਗੱਲਾਂ ਉਤੇ ਦਰਸ਼ਕ ਹੱਸ ਹੱਸ ਲੋਟ ਪੋਟ ਹੋਈ ਜਾਂਦੇ। ਉਹ ਕਬੱਡੀ ਦੇ ਦਾਇਰੇ ਵਿਚ ਮਿਹਰ ਮਿੱਤਲ ਬਣਿਆ ਖੜ੍ਹਾ ਸੀ। ਕਹਿਣ ਲੱਗਾ, ਕਈਆਂ ਦੇ ਬੀਅਰ ਪੀ ਕੇ ਢਿੱਡ ਐਂ ਵਧਾਏ ਐ ਜਿਵੇਂ ਢਿੱਡਾਂ 'ਤੇ ਕੂੰਡੇ ਬੰਨ੍ਹੇ ਹੋਣ। ਰੱਜੇ ਹੋਏ ਸੂਣ ਆਲੀ ਮੱਝ ਅੰਗੂੰ ਤੁਰਦੇ ਆ!

ਬਾਅਦ ਦੁਪਹਿਰ ਮੇਲਾ ਜੋਬਨ 'ਤੇ ਸੀ। ਇਕ ਪਾਸੇ ਕਬੱਡੀ, ਦੂਜੇ ਪਾਸੇ ਸੌਕਰ, ਤੀਜੇ ਪਾਸੇ ਵਾਲੀਬਾਲ, ਚੌਥੇ ਪਾਸੇ ਦੌੜਾਂ ਤੇ ਪੰਜਵੇਂ ਪਾਸੇ ਗਿੱਧਾ ਪੈ ਰਿਹਾ ਸੀ। ਮੇਲੀ ਗੇਲੀ ਮਿਲ ਗਿਲ ਰਹੇ ਅਤੇ ਨੂੰਹਾਂ ਸੱਸਾਂ ਦੀਆਂ ਤੇ ਸੱਸਾਂ ਨੂੰਹਾਂ ਦੀਆਂ ਗੱਲਾਂ ਕਰ ਕੇ ਦਿਲ ਹੌਲੇ ਕਰ ਰਹੀਆਂ ਸਨ। ਮੇਲੇ ਮਿਲਣ ਗਿਲਣ ਤੇ ਮਨੋਰੰਜਨ ਕਰਨ ਲਈ ਹੀ ਹੁੰਦੇ ਹਨ।

ਮੇਲੇ ਵਿਚ ਕੁਝ ਸਟਾਲ ਵੀ ਲੱਗੇ ਹੋਏ ਸਨ ਜਿਨ੍ਹਾਂ ਵਿਚ ਸੂਟ, ਸਾੜ੍ਹੀਆਂ, ਕੈਸਟਾਂ, ਵੰਗਾਂ ਚੂੜੀਆਂ, ਕੜੇ ਤੇ ਹਾਰ ਸ਼ਿੰਗਾਰ ਦਾ ਸਮਾਨ ਵੇਚਣ ਲਈ ਲਾਇਆ ਹੋਇਆ ਸੀ। ਸੁਰਿੰਦਰ ਸਿੰਘ ਗਰਚਾ ਨੇ ਦੱਸਿਆ ਕਿ ਉਥੇ ਸਿੰਘ ਸਭਾ ਪੰਜਾਬੀ ਸਕੂਲ ਚਲਾਇਆ ਜਾ ਰਿਹੈ ਜਿਸ ਵਿਚ ਅੱਸੀ ਦੇ ਕਰੀਬ ਵਿਦਿਆਰਥੀ ਪੰਜਾਬੀ ਤੇ ਸਿੱਖੀ ਦੇ ਸਬਕ ਸਿੱਖ ਰਹੇ ਹਨ। ਕਈ ਬੱਚੇ ਤੇ ਨੌਜੁਆਨ ਅਜਿਹੀਆਂ ਜਰਸੀਆਂ ਪਾਈ ਫਿਰਦੇ ਸਨ ਜਿਨ੍ਹਾਂ ਉਤੇ ਲਿਖਿਆ ਹੋਇਆ ਸੀ-ਪੰਜਾਬੀ ਬਚਾਓ ਕੌਮ ਬਚਾਓ। ਪੰਜਾਬੀ ਸਿੱਖੋ ਪੰਜਾਬੀ ਬੋਲੋ, ਮਾਂ ਬੋਲੀ ਨਾ ਪੈਰਾਂ 'ਚ ਰੋਲੋ।

ਨਾਲ ਦੀ ਨਾਲ ਸੂਚਨਾਵਾਂ ਦਿੱਤੀਆਂ ਜਾ ਰਹੀਆਂ ਸਨ ਕਿ 9 ਅਗਸਤ ਨੂੰ ਪੰਜਾਬ ਸਪੋਰਟਸ ਕਲੱਬ ਵੱਲੋਂ ਸ਼ਿਕਾਗੋ 'ਚ ਸ਼ਾਨਦਾਰ ਖੇਡ ਮੇਲਾ ਕਰਵਾਇਆ ਜਾਵੇਗਾ। 22 ਅਗਸਤ ਨੂੰ ਖੇਡ ਮੇਲਾ ਸਿਨਸਿਨੈਟੀ ਵਿਚ ਹੋਵੇਗਾ। ਇਨ੍ਹਾਂ ਮੇਲਿਆਂ ਲਈ ਮੈਨੂੰ ਅਗਾਊਂ ਸੱਦਾ ਮਿਲ ਗਿਆ ਹੈ ਤਾਂ ਕਿ ਹੋਰ ਕਿਤੇ ਨਾ ਜਾਵਾਂ। ਸ਼ਿਕਾਗੋ ਤੋਂ ਹੈਪੀ ਹੀਰ, ਅਜਾਇਬ ਲੱਖਣ, ਲਵਦੀਪ ਸਿੰਘ, ਸੰਤੋਖ ਡੀ. ਸੀ., ਸੋਨੂੰ ਖਹਿਰਾ ਤੇ ਅਜਮੇਰ ਪੰਨੂੰ ਖ਼ੁਦ ਪਹੁੰਚੇ ਹੋਏ ਸਨ। ਮਿਲਵਾਕੀ ਤੋਂ ਹਰਭਜਨ ਸਿੰਘ ਸੰਧਾਵਾਲੀਆ, ਪਾਖਰ ਸਿੰਘ, ਬਲਬੀਰ ਸਿੰਘ, ਅਮਰਜੀਤ ਸਿੰਘ ਤੇ ਮਹਿੰਦਰ ਸਿੰਘ ਹਾਜ਼ਰ ਸਨ। ਸਿਨਸਿਨੈਟੀ ਵਾਲਾ ਗੁਰਵਿੰਦਰ ਸਿੰਘ ਢਿੱਲੋਂ ਢੋਲੇ ਦੀਆਂ ਲਾਉਂਦਾ ਫਿਰਦਾ ਸੀ।

ਗਿਆਰਾਂ ਮੁਟਿਆਰਾਂ ਦੀ ਟੀਮ ਨੇ ਗਿੱਧੇ ਦੇ ਪਿੜ ਵਿਚ ਧਮਾਲ ਪਾ ਦਿੱਤੀ। ਉਨ੍ਹਾਂ ਨੇ ਗਿੱਧਾ ਪਾਉਂਦਿਆਂ ਬੋਲੀ ਚੁੱਕੀ-ਤੀਆਂ ਜ਼ੋਰ ਲੱਗੀਆਂ, ਜ਼ੋਰੋ ਜ਼ੋਰ ਲੱਗੀਆਂ, ਮੇਰੇ ਪੇਕਿਆਂ ਦੇ ਪਿੰਡ ਤੀਆਂ ਜ਼ੋਰ ਲੱਗੀਆਂ। ਗਿੱਧਾ ਕੁੜੀਆਂ ਦਾ, ਦੇਖ ਸ਼ੁਕੀਨਾਂ ਖੜ੍ਹ ਕੇ। ਨੀ ਤੂੰ ਨੱਚ ਅੜੀਏ, ਨੀ ਤੂੰ ਨੱਚ ਅੜੀਏ, ਨੀ ਤੂੰ ਅੱਗ ਦੇ ਭਬੂਕੇ ਅੰਗੂੰ ਮੱਚ ਕੁੜੀਏ। ਗੋਟੇ ਕਿਨਾਰੀਆਂ ਵਾਲੇ ਸੂਟਾਂ ਤੇ ਚੁੰਨੀਆਂ ਵਾਲੀਆਂ ਮੁਟਿਆਰਾਂ ਨੂੰ ਜੀਨਾਂ ਪਾਈ ਕੁੜੀਆਂ ਵੇਖ ਰਹੀਆਂ ਸਨ ਤੇ ਤਾੜੀਆਂ ਮਾਰ ਮਾਰ ਦਾਦ ਦੇ ਰਹੀਆਂ ਸਨ। ਕੁੜੀਆਂ ਨੇ ਹੀ ਬਾਅਦ 'ਚ ਭੰਗੜਾ ਪਾਇਆ।

ਸ਼ਾਮ ਦੀ ਗੁਲਾਬੀ ਭਾਹ ਵਿਚ ਕਈ ਬੇਲੀ ਕਾਰਾਂ ਦੀਆਂ ਡਿੱਕੀਆਂ ਵੱਲ ਵੀ ਗੇੜੇ ਮਾਰਦੇ ਵੇਖੇ ਗਏ। ਪਰਿਵਾਰ ਨਾਲ ਸਨ ਇਸ ਲਈ ਕਿਸੇ ਨੇ ਕੋਈ ਖਰਮਸਤੀ ਨਹੀਂ ਕੀਤੀ। ਮੈਂ ਵੇਖਿਆ ਹੈ ਕਿ ਜਿਨ੍ਹਾਂ ਖੇਡ ਮੇਲਿਆਂ ਵਿਚ ਪੂਰੇ ਪਰਿਵਾਰ ਸ਼ਾਮਲ ਹੁੰਦੇ ਹਨ ਉਥੇ ਪੀਣ ਖਾਣ ਵਾਲੇ ਵੀ ਹਿਸਾਬ ਵਿਚ ਰਹਿੰਦੇ ਹਨ। ਜਿਥੇ 'ਕੱਲੇ ਮਰਦ ਹੋਣ ਉਥੇ ਹੀ ਸ਼ਰਾਬੀ ਲਾਚੜਦੇ ਹਨ।

ਮੇਲੇ ਦੀਆਂ ਗੱਲਾਂ ਮੁੱਕਣ ਵਾਲੀਆਂ ਨਹੀਂ ਪਰ ਗੱਲ ਮੁਕਾਉਣ ਲਈ ਇਹੋ ਕਿਹਾ ਜਾ ਸਕਦੈ ਕਿ ਡਿਟਰਾਇਟ ਦਾ ਪੰਜਾਬੀ ਖੇਡ ਮੇਲਾ ਸੈਂਕੜੇ ਪਰਿਵਾਰਾਂ ਦੀ ਪਿਕਨਿਕ ਸੀ। ਇਸ ਵਿਚ ਬੱਚਿਆਂ ਨੇ ਅਨੰਦ ਮਾਣਿਆਂ, ਬੁੱਢਿਆਂ ਨੂੰ ਜੁਆਨੀ ਚੜ੍ਹੀ ਤੇ ਜੁਆਨ ਹੋਰ ਜੁਆਨ ਹੋਏ। ਮੈਂ ਰਾਤ ਆਪਣੇ ਪੇਂਡੂਆਂ ਕੋਲ ਰਹਿ ਕੇ ਆਪਣੇ ਪਿੰਡ ਦੀਆਂ ਗੱਲਾਂ ਰੱਜ ਕੇ ਕਰ ਆਇਆ ਹਾਂ। ਉਮੀਦ ਹੈ ਮੇਲਾ ਵੇਖਣ ਵਾਲੇ ਹੋਰ ਮੇਲੀ ਗੇਲੀ ਵੀ ਮੇਲੇ ਦੀਆਂ ਗੱਲਾਂ ਦੇਰ ਤਕ ਕਰਦੇ ਰਹਿਣਗੇ ਤੇ ਤੀਜੇ ਪੰਜਾਬੀ ਮੇਲੇ 'ਚ ਹੋਰ ਵੀ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ।

## ਡਿਟਰਾਇਟ ਖੇਡ ਮੇਲਾ

ਸੂਟਾਂ ਦੀ ਸਟਾਲ ਤੋਂ ਚੂੜੀਆਂ ਤੇ ਹੋਰ ਹਾਰ-ਸ਼ਿੰਗਾਰ ਦਾ ਸਾਮਾਨ ਖਰੀਦਣ ਤੋਂ ਵੀ ਪਿੱਛੇ ਨਹੀਂ ਰਹੀਆਂ। ਲਖਬੀਰ ਸਿੰਘ ਦੀ ਆਈਸ ਕਰੀਮ ਦੀ ਸਟਾਲ ਨੇ ਲੋਕਾਂ ਨੂੰ ਵਿਭਿੰਨ ਤਰ੍ਹਾਂ ਦੀਆਂ ਕੁਲਫੀਆਂ ਦੇ ਸੁਆਦ ਚਖਾਏ। ਪ੍ਰੰਪਰਾ ਰੈਸਟੋਰੈਂਟ ਵਾਲਿਆਂ ਨੇ ਸਮੋਸੇ, ਚਾਟ, ਟਿੱਕੀਆਂ ਤੇ ਛੋਲੇ-ਭਠੂਰੇ ਵਰਤਾਏ। ਕਰਾਊਨ ਇੰਡੀਆ ਦੇ ਮਾਲਕ ਰਛਪਾਲ ਸਿੰਘ ਨੇ ਮੇਲਾ ਵੇਖਣ ਆਏ ਮੇਲੀ-ਗੇਲੀਆਂ ਨੂੰ ਸਵਾਦਿਸ਼ਟ ਖਾਣਾ ਪਰੋਸਿਆ। ਮਨੋਰੰਜਨ ਭਰਪੂਰ ਇਸ ਮੇਲੇ ਦਾ ਅਨੰਦ ਕੋਈ ਢਾਈ ਹਜ਼ਾਰ ਦਰਸ਼ਕਾਂ ਨੇ ਮਾਣਿਆ।

ਇਸ ਮੌਕੇ ਇਕ ਲੱਕੀ ਡਰਾਅ ਵੀ ਕੱਢਿਆ ਗਿਆ ਜਿਸ ਵਿਚ ਇੰਡੀਆ ਦੀ ਟਿਕਟ ਵਰਲਡਵਾਈਡ ਟਰੈਵਲ ਵਾਲੇ ਸ. ਹਰਪ੍ਰੀਤ ਸਿੰਘ ਵਲੋਂ ਦਿੱਤੀ ਗਈ। ਇਹ ਰੈਫਲ ਸਟਰਲਿੰਗ ਹਾਈਟਸ ਦੇ ਪਰਮਿੰਦਰਜੀਤ ਸਿੰਘ ਨੇ ਜਿਤਿਆ। ਹਰਪ੍ਰੀਤ ਸਿੰਘ ਹੋਰੀਂ ਮੇਲੇ ਦੇ ਸਿਲਵਰ ਸਪਾਂਸਰ ਵੀ ਸਨ ਅਤੇ ਉਨ੍ਹਾਂ ਅਥਲੈਟਿਕਸ ਵਿਚ ਜੇਤੂ ਬੱਚਿਆਂ ਅਤੇ ਬੀਬੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਕਬੱਡੀ ਦੇ ਇਨਾਮ ਸ. ਚੈਨ ਸੰਧੂ ਨੇ, ਵਾਲੀਵਾਲ ਦੇ ਸ. ਦਰਸ਼ਨ ਗਰੇਵਾਲ ਨੇ ਅਤੇ ਸੌਕਰ ਦੇ ਡਾ. ਤਾਜ ਨੇ ਵੰਡੇ।

ਖੇਡ ਮੇਲੇ ਦੇ ਗੋਲਡ ਸਪਾਂਸਰਾਂ ਵਿਚ ਚੈਨ ਸੰਧੂ, ਦਰਸ਼ਨ ਗਰੇਵਾਲ, ਡਾ. ਸੱਈਅਦ ਤਾਜ, ਕਰਨ ਗਿੱਲ, ਜਸਪ੍ਰੀਤ ਸਿੰਘ ਅਤੇ ਸੰਨੀ ਗਰੇਵਾਲ ਸ਼ਾਮਲ ਸਨ ਜਦਕਿ ਸਿਲਵਰ ਸਪਾਂਸਰ ਸਨ ਪੰਜਾਬੀ ਕਲਚਰਲ ਸੁਸਾਇਟੀ, ਮਿਸ਼ੀਗਨ ਅਤੇ ਮਿਸ਼ੀਗਨ ਡੈਮੋਕਰੈਟ ਪਾਰਟੀ ਆਗੂ ਸ੍ਰੀ ਸੰਨੀ ਧੂੜ, ਕਰਮਬੀਰ ਸਿੰਘ, ਵਰਲਡਵਾਈਡ ਟ੍ਰੈਵਲਜ਼, ਗ੍ਰੇਟ ਟਰੱਕਿੰਗ ਕੰਪਨੀ, ਰਾਜੂ ਐਨ ਆਰਬਰ, ਸੁਖਬੀਰ ਢਿੱਲੋਂ ਅਤੇ ਬਿੱਲ ਬਾਠ।

ਮੇਲੇ ਨੂੰ ਕਾਮਯਾਬ ਕਰਨ ਲਈ ਮੇਲੇ ਦੇ ਪ੍ਰਬੰਧਕਾਂ ਕੇਵਲ ਗਿੱਲ, ਮਨਪ੍ਰੀਤ ਗਿੱਲ, ਅਮਰੀਕ ਰਾਏ, ਰਵਿੰਦਰ ਥਿੰਦ, ਸੋਨੂੰ ਸੰਧੂ, ਕਰਮਬੀਰ ਬਸਰਾ, ਜਸਵਿੰਦਰ ਧਾਲੀਵਾਲ, ਅਮਰਜੀਤ ਗਿੱਲ, ਅਰਜਨ ਗਿੱਲ, ਕਰਨ ਗਿੱਲ, ਦਵਿੰਦਰ ਗਰੇਵਾਲ, ਰਾਜ ਜਮਾਰਾਏ, ਸੱਤੀ ਕਲੇਰ, ਗੈਰੀ ਮਾਨ, ਰਾਜ ਨਿੱਝਰ ਅਤੇ ਗੁਰਮੀਤ ਸੰਧੂ ਨੇ ਅਹਿਮ ਭੂਮਿਕਾ ਨਿਭਾਈ। ਇਸ ਮੇਲੇ ਨੂੰ ਕਾਮਯਾਬ ਕਰਨ ਵਿਚ ਸੁਖਜੀਤ ਕੌਰ, ਸੁਖਬੀਰ ਕੌਰ ਅਤੇ ਮਨਦੀਪ ਕੌਰ ਨਾਗਰਾ ਨੇ ਬਹੁਤ ਸਹਿਯੋਗ ਦਿੱਤਾ। ਮੇਲੇ ਦੇ ਕਨਵੀਨਰ ਕਰਨ ਗਿੱਲ ਨੇ ਅੰਤ ਵਿਚ ਸਭ ਦਾ ਧੰਨਵਾਦ ਕੀਤਾ।

# ਅਮਰੀਕੀ ਹਵਾਈ ਕੰਪਨੀ ਨੇ ਡਾ. ਕਲਾਮ ਦੀ ਤਲਾਸ਼ੀ ਲਈ

**ਨਵੀਂ ਦਿੱਲੀ:** ਤੈਅਸ਼ੁਦਾ ਪ੍ਰੋਟੋਕੋਲ ਦੀ ਉਲੰਘਣਾ ਕਰਦੇ ਹੋਏ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤਲਾਸ਼ੀ ਲਈ ਗਈ ਅਤੇ ਇਥੋਂ ਤਕ ਕਿ ਉਨ੍ਹਾਂ ਨੂੰ ਜੁੱਤੇ ਉਤਾਰਨ ਲਈ ਕਿਹਾ ਗਿਆ। ਪ੍ਰੋਟੋਕੋਲ ਤਹਿਤ ਕਲਾਮ ਨੂੰ ਸੁਰੱਖਿਆ ਜਾਂਚ ਤੋਂ ਛੋਟ ਮਿਲੀ ਹੋਈ ਹੈ ਪਰ ਅਮਰੀਕਾ ਦੀ ਕੌਂਟੀਨੈਂਟਲ ਏਅਰਲਾਈਨ ਕੰਪਨੀ ਨੇ ਇਸ ਦੀ ਉਲੰਘਣਾ ਕਰਦੇ ਹੋਏ ਸਾਬਕਾ ਰਾਸ਼ਟਰਪਤੀ ਦੀ ਤਲਾਸ਼ੀ ਲਈ।

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿਤੇ ਹਨ। ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ (ਬੀ.ਸੀ.ਏ.ਐਸ.) ਨੇ ਸਾਬਕਾ ਰਾਸ਼ਟਰਪਤੀ ਦੀ ਤਲਾਸ਼ੀ ਲੈਣ ਵਾਲੀ ਕੌਂਟੀਨੈਂਟਲ ਏਅਰਲਾਈਨ ਵਿਰੁਧ ਐਫ਼.ਆਈ.ਆਰ. ਦਰਜ ਕਰ ਲਈ ਹੈ। ਦੱਸਣਯੋਗ ਹੈ ਕਿ 24 ਅਪ੍ਰੈਲ ਨੂੰ ਡਾ. ਕਲਾਮ ਨੇ ਨਿਊਯਾਰਕ ਜਾਣ ਲਈ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹਵਾਈ ਜਹਾਜ਼ ਵਿਚ ਸਵਾਰ ਹੋਣਾ ਸੀ ਜਿਥੇ ਏਅਰਲਾਈਨ ਕੰਪਨੀ ਦੇ ਸੁਰੱਖਿਆ ਅਧਿਕਾਰੀਆਂ ਨੇ ਉਨ੍ਹਾਂ ਦੀ ਤਲਾਸ਼ੀ ਲਈ ਅਤੇ ਉਨ੍ਹਾਂ ਦੇ ਸਾਮਾਨ ਨੂੰ ਐਕਸਰੇ ਮਸ਼ੀਨਾਂ ਰਾਹੀਂ ਸਕੈਨ ਕੀਤਾ ਗਿਆ। ਡਾ. ਕਲਾਮ ਦੇ ਨਜ਼ਦੀਕੀ ਸੂਤਰਾਂ ਨੇ ਦਸਿਆ ਕਿ ਉਨ੍ਹਾਂ ਨਾਲ ਆਮ ਯਾਤਰੀਆਂ ਵਰਗਾ ਵਰਤਾਉ ਕੀਤਾ ਗਿਆ ਜਦਕਿ ਡਾ. ਕਲਾਮ ਨੇ ਇਸ ਦੀ ਸ਼ਿਕਾਇਤ ਸਰਕਾਰ ਨੂੰ ਨਹੀਂ ਕੀਤੀ। ਸੂਤਰਾਂ ਨੇ ਦਾਅਵਾ ਕੀਤਾ ਕਿ ਸਾਬਕਾ ਰਾਸ਼ਟਰਪਤੀ ਨੇ ਏਅਰਲਾਈਨ ਕੰਪਨੀ ਦੇ ਸਟਾਫ਼ ਅੱਗੇ ਜਾਂਚ ਪੜਤਾਲ ਲਈ ਆਤਮ ਸਮਰਪਣ ਕਰ ਦਿਤਾ। ਇਸ ਘਟਨਾ ਦੇ ਬਾਵਜੂਦ ਕਲਾਮ ਦੇ ਮੱਥੇ 'ਤੇ ਕੋਈ ਤਿਊੜੀ ਨਹੀਂ ਪਈ। ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੇ ਕਿਹਾ ਕਿ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਡਾਇਰੈਕਟੋਰੇਟ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਜੋ ਕੋਈ ਵੀ ਇਸ ਲਈ ਜ਼ੁੰਮੇਵਾਰ ਹੋਵੇਗਾ, ਉਸ ਵਿਰੁਧ ਕਾਰਵਾਈ ਕੀਤੀ ਜਾਵੇਗੀ। ਉਧਰ ਕੌਂਟੀਨੈਂਟਲ ਏਅਰਲਾਈਨ ਨੇ ਅਪਣੀ ਇਸ ਹਰਕਤ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਨੀਤੀ ਤਹਿਤ ਵੀ.ਆਈ.ਪੀਜ਼ ਸਣੇ ਹਰੇਕ ਯਾਤਰੀ ਦੀ ਤਲਾਸ਼ੀ ਲਈ ਜਾਂਦੀ ਹੈ। ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੀ. ਅਬਦੁਲ ਕਲਾਮ ਦੀ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤਲਾਸ਼ੀ ਲੈਣ ਦੀ ਘਟਨਾ 'ਤੇ ਅਮਰੀਕੀ ਏਅਰਲਾਈਨ ਕੰਪਨੀ ਕੌਂਟੀਨੈਂਟਲ ਏਅਰਲਾਈਨਜ਼ ਨੂੰ ਹਦਾਇਤਾਂ ਦੀ ਉਲੰਘਣਾ ਕਰਨ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਕੰਪਨੀ ਵਿਰੁਧ ਇਕ ਐਫ ਆਈ ਆਰ ਵੀ ਦਰਜ ਕੀਤੀ ਗਈ ਹੈ। ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੇ ਰਾਜ ਸਭਾ ਵਿਚ ਕਿਹਾ ਕਿ ਨਾ ਸਿਰਫ਼ ਸ਼ੁਰੂਆਤੀ ਜਾਂਚ ਦੇ ਆਦੇਸ਼ ਦਿਤੇ ਗਏ ਹਨ ਸਗੋਂ ਸਾਡੇ ਕੋਲ ਅਰੰਭਕ ਰੀਪੋਰਟ ਵੀ ਹੈ ਅਤੇ ਉਸ ਦੇ ਅਧਾਰ 'ਤੇ ਕੌਂਟੀਨੈਂਟਲ ਏਅਰਲਾਈਨਜ਼ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

Loose Weight Feel Great !

*Natural *Guaranteed *Doctor Recommended

ਮੋਟਾਪਾ

ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ

ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਕਾਲ ਕਰੋ

IQBAL KAUR

Ph: 708-444-0554

# ਸਿੱਖ ਇਤਿਹਾਸ ਤੇ ਫ਼ਲਸਫ਼ੇ ਦੇ ਮਾਹਰ ਮੈਕਲੋਡ ਦਾ ਦਿਹਾਂਤ

**ਚੰਡੀਗੜ੍ਹ:** 1950 ਦੇ ਦਹਾਕੇ ਵਿਚ ਨਿਊਜ਼ੀਲੈਂਡ ਤੋਂ ਪੰਜਾਬ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਆਏ ਡਬਲਿਊ.ਐਚ. ਮੈਕਲੋਡ ਜੋ ਕਿ ਬਾਅਦ ਵਿਚ ਸਿੱਖ ਧਰਮ ਤੋਂ ਪ੍ਰਭਾਵਤ ਹੋ ਕੇ ਪ੍ਰਸਿੱਧ ਸਿੱਖ ਇਤਿਹਾਸਕਾਰ ਬਣ ਗਏ ਸਨ, ਦੀ 20- 21 ਜੁਲਾਈ ਦੀ ਰਾਤ ਮੌਤ ਹੋ ਗਈ। ਜਨਾਬ ਮੈਕਲੌਡ ਜਿਨ੍ਹਾਂ ਨੇ ਅਪਣੀ ਜ਼ਿੰਦਗੀ ਦੇ ਚਾਰ ਦਹਾਕੇ ਸਿੱਖ ਇਤਿਹਾਸ ਬਾਰੇ ਖੋਜ ਕਰਨ ਲਈ ਸਮਰਪਤ ਕਰ ਦਿਤੇ, ਨੇ ਡਿਊਨੇਡਿਨ ਵਿਖੇ ਆਖਰੀ ਸਾਹ ਲਿਆ। ਇਹ ਪ੍ਰਗਟਾਵਾ ਉਨ੍ਹਾਂ ਦੀ ਪਤਨੀ ਮਾਰਗ੍ਰੇਟ ਨੇ ਕੀਤਾ। 77 ਸਾਲ ਦੇ ਮੈਕਲੋਡ ਦਾ ਜਨਮ ਨਿਊਜ਼ੀਲੈਂਡ ਦੇ ਇਕ ਭੇਡਾਂ ਪਾਲਣ ਵਾਲੇ ਕਿਸਾਨ ਦੇ ਘਰ ਹੋਇਆ ਅਤੇ ਉਹ 1958 ਵਿਚ ਈਸਾਈ ਪ੍ਰਚਾਰਕ ਵਜੋਂ ਪੰਜਾਬ ਆਏ। ਅੰਮ੍ਰਿਤਸਰ ਤੋਂ 40 ਕਿਲੋਮੀਟਰ ਦੂਰ ਬਟਾਲਾ ਕਸਬੇ 'ਚ ਵਸਣ ਤੋਂ ਬਾਅਦ ਮੈਕਲੌਡ ਦੀ ਦਿਲਚਸਪੀ ਈਸਾਈ ਧਰਮ ਦੀ ਥਾਂ ਸਿੱਖ ਇਤਿਹਾਸ ਵਿਚ ਵਧਣ ਲੱਗੀ। ਸੀਨੀਅਰ ਪੱਤਰਕਾਰ ਅਤੇ 'ਗੁਰੂ ਨਾਨਕ: ਹਿਜ਼ ਲਾਈਫ਼ ਐਂਡ ਟੀਚਿੰਗਜ਼' ਕਿਤਾਬ ਦੇ ਲੇਖਕ ਰੁਪਿੰਦਰ ਸਿੰਘ ਨੇ ਦਸਿਆ, "ਮੈਕਲੋਡ ਨੇ ਭਾਰਤ ਤੋਂ ਬਾਹਰ ਸਿੱਖ ਧਰਮ ਦੇ ਅਧਿਐਨ ਨੂੰ ਸਥਾਪਤ ਕਰਨ ਅਤੇ ਹਰਮਨਪਿਆਰਾ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਹ ਅਪਣੇ ਪਿੱਛੇ ਸਿੱਖ ਧਰਮ ਬਾਰੇ ਕੀਤੀਆਂ ਖੋਜਾਂ ਛੱਡ ਗਏ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਸਿੱਖ ਸਕਾਲਰਾਂ ਲਈ ਅਹਿਮ ਸਰੋਤ ਬਣਨਗੀਆਂ। ਬਟਾਲਾ ਦੇ ਬੇਰਿੰਗ ਕਾਲਜ ਵਿਚ ਪੰਜਾਬ ਦਾ ਇਤਿਹਾਸ ਪੜ੍ਹਾਉਂਦੇ-ਪੜ੍ਹਾਉਂਦੇ ਮੈਕਲੌਡ ਦੀ ਦਿਲਚਸਪੀ ਈਸਾਈ ਧਰਮ ਦੇ ਪ੍ਰਚਾਰ ਵਿਚੋਂ ਘੱਟ ਹੁੰਦੀ ਗਈ ਅਤੇ ਸਿੱਖ ਇਤਿਹਾਸ ਦੀ ਖੋਜ ਵਲ ਰੁਝਾਨ ਵਧਦਾ ਗਿਆ। ਪ੍ਰਸਿੱਧ ਲੇਖਕ ਖ਼ੁਸ਼ਵੰਤ ਸਿੰਘ ਨੇ ਮੈਕਲੌਡ ਦੇ ਅਕਾਲ ਚਲਾਣੇ ਨੂੰ ਸਿੱਖਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਦਸਿਆ ਹੈ। ਉਨ੍ਹਾਂ ਕਿਹਾ ਕਿ ਮੈਕਲੌਡ ਨੇ ਸਿੱਖ ਇਤਿਹਾਸ ਦੀ ਖੋਜ ਲਈ ਵੱਡੇ ਯਤਨ ਕਥਤੇ।

# ਬਲਿਊਸਟਾਰ:ਫੌਜ ਨੂੰ ਸੱਦੇ ਦੇਣ ਵਾਲੇ ਕਿਵੇਂ ਬਣਾਉਣਗੇ ਸ਼ਹੀਦੀ ਯਾਦਗਾਰ?

**ਦਲਬੀਰ ਸਿੰਘ**

ਸਾਕਾ ਨੀਲਾ ਤਾਰਾ ਦੀ ਜਿਸ ਸ਼ਹੀਦੀ ਯਾਦਗਾਰ ਬਣਾਉਣ ਦਾ ਜੋ ਮਤਾ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਸਾਲ ਪਹਿਲਾਂ ਪਾਸ ਕੀਤਾ ਸੀ ਉਹ 18 ਜੁਲਾਈ 2009 ਦੀ ਮੀਟਿੰਗ ਵਿਚ ਇਸ ਕਮੇਟੀ ਨੇ ਵਾਪਸ ਲੈ ਲਿਆ ਹੈ, ਇਹ ਐਲਾਨ ਕੀਤਾ ਹੈ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਪੰਜ ਹਜ਼ਾਰ ਦੇ ਕਰੀਬ ਉਸ ਸਾਕੇ ਵਿਚ ਸ਼ਹੀਦ ਹੋਏ ਸਿੱਖ ਮਰਦ, ਔਰਤਾਂ ਤੇ ਬੱਚਿਆਂ ਦੀ ਯਾਦਗਾਰ ਬਣਾਉਣੀ ਇਸ ਲਈ ਮੁਸ਼ਕਿਲ ਹੈ ਕਿਉਂਕਿ ਬਾਦਲਕਿਆ ਦੀ ਅਗਵਾਈ ਹੇਠ ਜੋ ਅਜੋਕੀ ਕਮੇਟੀ ਦੇ ਮਾਲਕ ਹਨ ਇਹ ਉਹੀ ਲੋਕ ਨੇ ਜਿਹਨਾਂ ਨੇ ਇੰਦਰਾ ਗਾਂਧੀ ਨਾਲ ਪੂਰੇ ਸਲਾਹ-ਮਸ਼ਵਰੇ ਪਿਛੋਂ ਭਾਰਤੀ ਫੌਜ ਨੂੰ ਸਾਕਾ ਨੀਲਾ ਤਾਰਾ ਦੀ ਦੁਸ਼ਟ ਕਾਰਵਾਈ ਲਈ ਸੱਦਾ ਦਿੱਤਾ ਸੀ ਜੋ ਧਰਮ ਯੁੱਧ ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਵਲੋਂ 15 ਅਪ੍ਰੈਲ 1984 ਨੂੰ ਇੰਦਰਾ ਗਾਂਧੀ ਦੇ ਸਕੱਤਰ ਸ੍ਰੀ ਆਰ.ਕੇ. ਧਵਨ ਨੂੰ ਲਿਖੀ ਗਈ ਚਿੱਠੀ ਤੋਂ ਸਿੱਧ ਹੁੰਦਾ ਹੈ। (ਇਹ ਚਿੱਠੀ ਹੋਰਨਾਂ ਸਮੇਤ ਜੂਨ 2009 ਕੁਝ ਰਸਾਲਿਆਂ ਵਿਚ ਛਪ ਚੁੱਕੀ ਹੈ)।

ਜਿਨ੍ਹਾਂ ਨੂੰ ਆਪ ਵਿਉਂਤਾਂ ਬਣਾ ਕੇ ਮਰਵਾਇਆ ਜਾਏ, ਭਾਵੇਂ ਉਹ ਮਹਾਂਪੁਰਸ਼ ਹੀ ਕਿਉਂ ਨਾ ਅਖਵਾਉਂਦੇ ਹੋਣ, ਉਨ੍ਹਾਂ ਨੂੰ ਸ਼ਹੀਦ ਨਹੀਂ ਮੰਨਿਆ ਜਾ ਸਕਦਾ ਅਤੇ ਨਾ ਹੀ ਉਨ੍ਹਾਂ ਦੀਆਂ ਯਾਦਗਾਰਾਂ ਬਣਾਈਆਂ ਜਾ ਸਕਦੀਆਂ ਹਨ। ਇਸ ਕਿਸਮ ਦਾ 'ਅਸੂਲ' ਲਾਗੂ ਹੁੰਦਾ ਹੈ ਬਾਦਲਕਿਆਂ 'ਤੇ।

ਸਾਕਾ ਨੀਲਾ ਤਾਰਾ ਤੋਂ ਆਰੰਭ ਹੋਇਆ ਸਿੱਖਾਂ ਦਾ ਵੱਢਾਂਗਾ ਅਤੇ ਕੁੱਲਨਾਸ ਦਾ ਆਰੰਭ ਸਾਕਾ ਨੀਲਾ ਤਾਰਾ ਤੋਂ ਲੈ ਕੇ ਦਿੱਲੀ ਤਾਈਂ ਅਤੇ ਸਮੁੱਚੇ ਭਾਰਤ ਤਾਈਂ ਚਲਦਾ ਹੋਇਆ 1995 ਤੱਕ 2 ਲੱਖ ਸਿੱਖਾਂ ਦੀਆਂ ਜਾਨਾਂ ਲੈ ਚੁੱਕਾ ਸੀ ਅਤੇ ਹੁਣ (2009) ਤਾਈਂ ਸੈਂਕੜੇ ਸਿੱਖ ਗੱਭਰੂ ਜੇਲ੍ਹਾਂ ਵਿਚ ਬੁੱਢੇ ਹੋ ਗਏ ਹਨ ਅਤੇ ਸੈਂਕੜੇ ਹੋਰ 'ਕਾਲੀ ਸੂਚੀ' ਅਧੀਨ ਦੇਸ ਨਿਕਾਲਾ ਭੁਗਤ ਰਹੇ ਹਨ। ਧਰਮਯੁੱਧ ਮੋਰਚਾ ਲੱਗਾ ਸੀ ਅਨੰਦਪੁਰ ਮਤੇ ਦੀ ਪ੍ਰਾਪਤੀ ਲਈ ਅਤੇ ਸਿੱਖ ਚੰਡੀਗੜ੍ਹ, ਪਾਣੀ, ਬਿਜਲੀ, ਡੈਮ, ਹਾਈਕੋਰਟ, ਪੰਜਾਬੀ ਬੋਲਦੇ ਇਲਾਕੇ ਗਵਾ ਕੇ ਮੰਗਣ ਲੱਗ ਪਏ 'ਖ਼ਾਲਿਸਤਾਨ'। ਅਣਖਾਂ ਅਤੇ ਜਾਇਦਾਦਾਂ ਲੁੱਟੀਆਂ ਗਈਆਂ, ਜਥੇਬੰਦੀ ਕੋਈ ਬਚੀ ਨਹੀਂ, ਗੱਦਾਰੀ ਸਿਖਰ ਛੋਹ ਗਈ, ਇਨ੍ਹਾਂ ਸਾਰਿਆਂ ਨੂੰ ਲਾਂਭੇ ਰੱਖ, ਮਸਲੇ ਛਿੜੇ ਪੱਗਾਂ ਦੇ, ਕੇਸਾਂ ਦੇ, ਪੂਜਾ ਪਾਠਾਂ ਦੇ, ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਹਰਿਮੰਦਰ ਸਾਹਿਬ ਨੂੰ 'ਯੂਨੈਸਕੋ' ਹਵਾਲੇ ਕਰਨ ਦੇ।

ਸਿੱਖ ਇਤਿਹਾਸ ਵਿਚ ਗੱਦਾਰੀਆਂ ਤੇ ਘੇਰੇ ਕੋਈ ਨਵੇਂ ਵਰਤਾਰੇ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛੱਡਣਾ ਪਿਆ ਅਤੇ ਸਿੱਖਾਂ ਦੀ ਇਕ ਟੁਕੜੀ ਨੇ ਬੇਦਾਵਾ ਵੀ ਦਿੱਤਾ, ਚਮਕੌਰ ਦੀ ਗੜ੍ਹੀ ਵੀ ਇਕ ਘੇਰਾ ਸੀ, ਗੁਰਦਾਸਪੁਰ ਦੀ ਗੜ੍ਹੀ ਵੀ ਇਕ ਘੇਰਾ ਸੀ ਅਤੇ ਸਾਕਾ ਨੀਲਾ ਤਾਰਾ ਵੇਲੇ ਹਰਿਮੰਦਰ ਸਾਹਿਬ ਸਮੂਹ ਅਤੇ ਸ੍ਰੀ ਅਕਾਲ ਤਖ਼ਤ ਗਿਰਦ ਇਕ ਘੇਰਾ ਸੀ। ਨਤੀਜੇ ਬਹੁਤੇ ਵੱਖਰੇ ਨਹੀਂ ਸਨ। ਸਿੱਖਾਂ ਦੀਆਂ ਅਥਾਹ ਸ਼ਹੀਦੀਆਂ ਅਤੇ ਤਸੀਹੇ ਸਿਰੇ ਦੇ ਸਨ। ਇਸ ਸੰਬੰਧ ਵਿਚ ਕੋਈ ਕਸਰ ਬਾਕੀ ਨਹੀਂ ਰਹੀ। ਧਰਮ ਯੁੱਧ ਮੋਰਚੇ ਸਮੇਂ ਅਤੇ ਉਸ ਤੋਂ ਪਿਛੋਂ ਅੱਜ ਤੱਕ, ਵੱਡਾ ਗੁਨਾਹ ਹੋਵੇਗਾ ਜੇ ਦੋਸ਼ੀਆਂ ਨੂੰ ਦੋਸ਼ੀ ਨਾ ਕਿਹਾ ਜਾਵੇ। ਮੈਂ ਇਕ ਉਘੇ ਧਾਰਮਿਕ ਪੰਜਾਬੀ ਮੈਗਜ਼ੀਨ ਦੇ ਐਡੀਟਰ ਨੂੰ ਜਦ ਉਪਰੋਕਤ ਚਰਚਿਤ ਚਿੱਠੀਆਂ ਰਾਹੀਂ ਗੱਦਾਰੀ ਦੀ ਗੱਲ ਕੀਤੀ ਤਾਂ ਉਸ ਦਾ ਉਤਰ ਸੀ ਇਹ ਚਿੱਠੀਆਂ ਜਾਅਲੀ ਨੇ। ਮੈਂ ਕਿਹਾ ਚਿੱਠੀਆਂ ਤੇ ਸਪੱਸ਼ਟ ਰੂਪ ਵਿਚ ਸ. ਗੁਰਤੇਜ ਸਿੰਘ ਦੀ ਪੁਸਤਕ 'ਚੱਕਰਵਿਊ' ਵਿਚ ਛਪੀਆਂ ਹਨ ਉਨ੍ਹਾਂ ਦੇ ਜਾਅਲੀ ਹੋਣ ਦਾ ਤੁਹਾਡੇ ਕੋਲ ਕੀ ਸਬੂਤ ਹੈ। ਉਹ ਨਿਰਉੱਤਰ ਸਨ। ਲੋੜ ਹੈ ਚਿੱਠੀਆਂ ਦਾ ਉਤਰ ਦੇਣ ਦੀ ਅਤੇ ਜਾਂ ਉਨ੍ਹਾਂ ਨੂੰ ਜਾਅਲੀ ਸਾਬਤ ਕਰਨ ਦੀ। ਉਨ੍ਹਾਂ ਉਤੇ ਮਿੱਟੀ ਪਾਇਆਂ ਨਹੀਂ ਸਰਨਾ।

ਬਾਦਲਕਿਆਂ ਦੇ ਰਾਜਪ੍ਰਬੰਧ ਦਾ ਇਕ ਵੱਡਾ ਸਰੋਤ ਪੰਜਾਬ ਅੰਦਰ ਬਾਬਿਆਂ ਦੇ ਡੇਰੇ ਅਤੇ ਤਖ਼ਤਾਂ ਦੇ ਕਹੇ ਜਾਂਦੇ ਜਥੇਦਾਰ ਹਨ। ਇਨ੍ਹਾਂ ਦੇ ਸੱਜੇ-ਖੱਬੇ ਵੱਡੀ ਗਿਣਤੀ ਵਿਚ ਕੁਝ ਉਹ ਲੋਕ ਹਨ ਜਿਨ੍ਹਾਂ ਨੂੰ ਰਾਜਨੀਤੀ ਦਾ ਇਹ ਨੁਕਤਾ ਉਕਾ ਹੀ ਸਮਝ 'ਚ ਨਹੀਂ ਆਇਆ ਕਿ ਸਮਾਜ ਦੀ ਆਏ ਦਿਨ ਦੀ ਪ੍ਰਗਤੀ ਦਾ ਆਧਾਰ ਰਾਜਨੀਤਕ ਪਹੁੰਚ ਹੁੰਦੀ ਹੈ। ਉਹ ਆਪਣੀ ਅੱਲ੍ਹੜ ਸਮਝ ਅਨੁਸਾਰ ਆਮ ਸੰਗਤ ਨੂੰ ਗੁਰਬਾਣੀ ਦੀਆਂ ਤੁਕਾਂ, ਸ਼ਬਦ ਤੇ ਸਲੋਕ ਤਾਂ ਸੁਣਾਉਂਦੇ ਰਹਿੰਦੇ ਹਨ ਪਰ ਅਸਲੀ ਜੀਵਨ ਦੀ ਮੁਹਾਰ ਨੂੰ ਠੱਲ ਪਾਉਣ ਵਿਚ ਕੋਈ ਯੋਗਦਾਨ ਨਹੀਂ ਪਾਉਂਦੇ।

6 ਜੂਨ 2009 ਨੂੰ ਬੜੀ ਧੂਮਧਾਮ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਾਕਾ ਨੀਲਾ ਤਾਰਾ ਦੀ ਮਨਾਈ ਗਈ 25ਵੀਂ ਸ਼ਹੀਦੀ ਵਰ੍ਹੇਗੰਢ ਸਮੇਂ ਉਹ ਬੇਸ਼ਰਮ ਲੋਕ ਵੀ ਪੂਰੀ ਢੀਠਤਾਈ ਨਾਲ ਹਾਜ਼ਰ ਸਨ ਜਿਨ੍ਹਾਂ ਨੇ 22 ਸਾਲ ਤੱਕ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀਆਂ ਸ਼ਹੀਦੀਆਂ ਨੂੰ ਉਜਾਗਰ ਹੀ ਨਹੀਂ ਹੋਣ ਦਿੱਤਾ। ਭਾਰਤ ਸਰਕਾਰ ਦੀਆਂ ਏਜੰਸੀਆਂ ਨੇ ਇਕ ਕੋਝੀ ਸਾਜ਼ਿਸ਼ ਅਧੀਨ ਉਨ੍ਹਾਂ ਪਾਸੋਂ 'ਖ਼ਾਲਿਸਤਾਨ' ਦਾ ਨਾਅਰਾ ਲਗਵਾ ਕੇ ਦੇਸਾਂ ਪ੍ਰਦੇਸ਼ਾਂ ਵਿਚ ਸਿੱਖਾਂ ਨੂੰ ਵੱਖਵਾਦੀ ਸਿੱਧ ਕਰਕੇ ਜੋ ਗਿੱਦੜ ਕੁੱਟ ਕਰਵਾਈ ਉਹ ਸਭ ਦੇ ਸਾਹਮਣੇ ਹੈ। ਇਨ੍ਹਾਂ ਲੋਕਾਂ ਨੂੰ ਅਜੇ ਵੀ ਇਹ ਸਮਝ ਨਹੀਂ ਆਈ ਕਿ ਇਹ ਨਾਅਰਾ ਗੁਰਬਾਣੀ ਦੇ ਸੰਦਰਭ ਵਿਚ ਉੱਕਾ ਹੀ ਗਲਤ ਹੈ। ਨਾ ਹੀ ਗੁਰਬਾਣੀ ਵਿਚ ਅਤੇ ਨਾ ਹੀ ਸਿੱਖ ਇਤਿਹਾਸ ਵਿਚ ਇਸ ਕਿਸਮ ਦੇ 'ਖ਼ਾਲਿਸਤਾਨ' ਦੀ ਕੋਈ ਉਦਾਹਰਣ ਜਾਂ ਪਰੰਪਰਾ ਮਿਲਦੀ ਹੈ। ਪਰ ਜਾਪਦਾ ਇਹ ਹੈ ਕਿ ਸਰਕਾਰੀ ਏਜੰਸੀਆਂ ਵਲੋਂ ਆਪਣੇ ਪੰਜੇ ਵਿਚ ਫਸਾਏ ਅਨੇਕ ਸਿੱਖ ਇਸ ਗੁਰਬਾਣੀ ਵਿਰੋਧੀ ਨਾਅਰੇ ਦੀ ਲਪੇਟ ਵਿਚ ਆ ਕੇ ਅਜੇ ਵੀ 'ਖ਼ਾਲਿਸਤਾਨ' ਦੀ ਮੰਗ ਰਟੀ ਜਾ ਰਹੇ ਹਨ। ਬਾਦਲਕਿਆਂ ਅਤੇ ਕਾਂਗਰਸ ਨੂੰ ਇਹ ਪਹੁੰਚ ਬੜੀ ਫਿੱਟ ਬੈਠਦੀ ਹੈ, ਕਿਉਂਕਿ ਸਿੱਖ ਜੁਆਨੀ ਆਪਣੇ ਜੋਸ਼ ਵਿਚ ਉਨ੍ਹਾਂ ਦੀਆਂ ਲੁਟੇਰਾਵਾਦੀ ਅਤੇ ਚੌਧਰਵਾਦੀ ਨੀਤੀਆਂ ਤੋਂ ਅੱਖਾਂ ਮੀਟੀ ਬੈਠੀ ਹੈ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਨੂੰ ਵੰਗਾਰਨ ਵਾਲਾ ਅੱਜ ਕੋਈ ਨਹੀਂ। ਬਾਦਲਕੇ ਪੰਜਾਬ ਅੰਦਰ ਨਾ ਤਾਂ ਕਾਨੂੰਨ ਅਤੇ ਵਿਧਾਨ ਦੀ ਪਾਲਣਾ ਕਰਕੇ ਰਾਜਪ੍ਰਬੰਧ ਚਲਾ ਰਹੇ ਹਨ ਅਤੇ ਨਾ ਹੀ ਗੁਰਬਾਣੀ ਦੇ ਆਦੇਸ਼ਾਂ ਅਨੁਸਾਰ। ਇਨ੍ਹਾਂ ਦਾ ਨਿਸ਼ਾਨਾ ਪਹਿਲਾਂ ਸਿੱਖਾਂ ਦੀ ਨਸਲਕੁਸੀ ਦਾ ਰਿਹਾ ਹੈ ਅਤੇ ਹੁਣ ਪਰਿਵਾਰਵਾਦੀ ਜਕੜ ਦੀ ਪ੍ਰਾਪਤੀ।

ਸਾਕਾ ਨੀਲਾ ਤਾਰਾ ਦੀ ਗੁਨਾਹਗਾਰ ਇੰਦਰਾ ਗਾਂਧੀ ਨੂੰ ਸਜ਼ਾ ਮਿਲੀ, ਭਾਰਤੀ ਫੌਜਾਂ ਦੇ ਮੁੱਖੀ ਜਨਰਲ ਵੈਦਿਆ ਨੂੰ ਸਜ਼ਾ ਮਿਲੀ, ਕੁਝ ਹੋਰਨਾਂ ਨੂੰ ਵੀ ਸਜ਼ਾ ਮਿਲੀ ਅਤੇ ਅੱਜ ਮੁੱਖ ਪਛਾਨਣ ਵਾਲੀ ਗੱਲ ਇਹ ਹੈ ਕਿ ਬਾਦਲ, ਟੌਹੜਾ ਅਤੇ ਲੌਂਗੋਵਾਲ ਦੀ ਤਿੱਕੜੀ ਵਲੋਂ ਦਿੱਤੇ ਗਏ ਫੌਜੀ ਸੱਦੇ ਨੇ ਜੋ ਤਬਾਹੀ ਮਚਾਈ ਉਸ ਵਿਚ ਟੌਹੜਾ ਅਤੇ ਲੌਂਗੋਵਾਲ ਤਾਂ ਅੱਜ ਸਾਡੇ ਵਿਚ ਨਹੀਂ। ਸੋਚਣਾ ਬਣਦਾ ਹੈ ਕਿ ਬਾਦਲ ਜੋ ਇਸ ਕਾਰੇ ਦਾ ਮੁੱਖ ਦੋਸ਼ੀ ਹੈ ਅਤੇ ਉਸ ਦਾ ਸਕੱਤਰ ਰਮੇਸ਼ਇੰਦਰ ਸਿੰਘ ਜਿਸ ਨੇ ਫੌਜ ਦੀ ਚੜ੍ਹਾਈ ਲਈ ਬਤੌਰ ਡਿਪਟੀ ਕਮਿਸ਼ਨਰ ਦਸਤਖ਼ਤ ਕੀਤੇ ਇਨ੍ਹਾਂ ਨੂੰ ਸੰਗਤ ਕੀ ਸਜ਼ਾ ਦੇਵੇਗੀ। ਸਿੱਖਾਂ ਸਾਹਮਣੇ ਅੱਜ ਦਾ ਮੁੱਖ ਏਜੰਡਾ ਇਹੀ ਬਣਦਾ ਹੈ।

## ਡਿਟਰਾਇਟ 'ਚ ਕੀਰਤਨ ਦਰਬਾਰ 25 ਨੂੰ

**ਡਿਟਰਾਇਟ (ਰੇਸ਼ਮ ਸਿੰਘ ਸੈਣੀ):**ਡਿਟਰਾਇਟ ਦੀ ਸਿੱਖ ਯੂਥ ਸੰਸਥਾ ਦੇ ਸਹਿਯੋਗ ਨਾਲ ਚੌਥਾ ਸਾਲਾਨਾ ਕੀਰਤਨ ਦਰਬਾਰ 25 ਜੁਲਾਈ ਨੂੰ ਸ਼ਾਮ 5:30 ਤੋਂ ਰਾਤ 11:30 ਵਜੇ ਤੱਕ ਗੁਰਦਵਾਰਾ ਹਿਡਨਫਾਲਜ਼, ਪਲਿਮਥ ਵਿਚ ਕਰਵਾਇਆ ਜਾ ਰਿਹਾ ਹੈ। ਕੀਰਤਨ ਦਰਬਾਰ ਦਾ ਮਕਸਦ ਬੱਚਿਆਂ ਨੂੰ ਸਿੱਖੀ ਵਾਲੇ ਪਾਸੇ ਪ੍ਰੇਰਿਤ ਕਰਨਾ ਹੈ।

ਕੀਰਤਨ ਦਰਬਾਰ ਵਿਚ ਹਰ ਉਮਰ ਦੇ ਬੱਚੇ ਹਿੱਸਾ ਲੈ ਸਕਦੇ ਹਨ ਅਤੇ ਕੀਰਤਨ ਦੀ ਸੇਵਾ ਲਈ ਫਾਰਮ ਭਰਨੇ ਜ਼ਰੂਰੀ ਹਨ ਜੋ ਕਿ ਕਿਸੇ ਵੀ ਗੁਰਦਵਾਰਾ ਸਾਹਿਬ ਵਿਖੇ ਭਰੇ ਜਾ ਸਕਦੇ ਹਨ। ਗੁਰਦਵਾਰਾ ਕੈਂਟਨ ਵਿਖੇ ਪਲਵਿੰਦਰ ਸਿੰਘ, ਗਗਨ ਕੌਰ, ਰਮਨੀਤ ਕੌਰ, ਰੀਨਾ ਕੌਰ ਅਤੇ ਬਲਬੀਰ ਸਿੰਘ, ਹਿਡਨਫਾਲਜ਼ ਵਿਖੇ ਨਵਮੀਤ ਕੌਰ, ਮੈਡੀਸਨ ਹਾਈਟਜ਼ ਵਿਖੇ ਗੁਲਸ਼ਨ ਸਿੰਘ, ਰੌਚੈਸਟਰ ਦੇ ਗੁਰਮਨ ਸਿੰਘ, ਮੋਹਕਮ ਸਿੰਘ ਅਤੇ ਬ੍ਰਾਉਨਸ ਟਾਉਨ 'ਚ ਪਲਵਿੰਦਰ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonials

**Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com**

Brother invites correspondence for Punjabi Hindu, 32, 5'11", well settled, down to earth, small educated family. Caste no bar. Issueless divorcee can also contact. Repond to 414-803-7420 or unitedlending@gmail.com

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com

Looking for a amritdhari or willing to be amritdhari girl far a amritdhari Chadda Sikh, 24, 5'11", pursuing PGDCA in computers. Highly respected and well established gursikh family from Patiala with a lot of city property. Contact: 702-236-5472


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



PUNJAB AUTO WERKS
Akal Transport Corp

1930 W. Hubbard St., Chicago, IL

For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars

ਅਮਰੀਕਨ ਅਤੇ ਇੰਪੋਰਟਡ ਕਾਰਾਂ ਦੀ ਰਿਪੇਅਰ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਬ ਭਾਅ ਉਤੇ ਕਰਦੇ ਹਾਂ




ਟੈਕਸੀ ਕੈਬ ਵੀ ਲੀਜ਼ 'ਤੇ ਦਿੰਦੇ ਹਾਂ

Call
Gurcharn Singh Jhaj
Jaidev Singh Bhattal
Sukhraj Singh Takhar

Tel. 312-243-3344, 312-243-2255
Fax: 312-243-2277

# ਸਿੱਖ ਭਾਈਚਾਰੇ 'ਚ ਦਲਿਤ ਜਾਤੀਆਂ ਦੀ ਹੋਂਦ ਹਸਤੀ ਦਾ ਸਵਾਲ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


ਆਂਦ੍ਰੇ ਪਬਤੈਲੇ ਦੇ ਅਨੁਸਾਰ ਅਜਿਹੀਆਂ ਤਬਦੀਲੀਆਂ ਦਾ ਮਤਲਬ, "ਉਸ ਮਿੱਟੀ ਨੂੰ ਉਥਲ-ਪੁਥਲ ਕਰਨ ਵਾਂਗ ਸੀ, ਜਿਸ ਵਿਚ ਵਰਣ ਆਸ਼ਰਮ ਸਦੀਆਂ ਤੋਂ ਜੜਾਂ ਫੜ੍ਹੀ ਬੈਠਾ ਸੀ।" ਇਹ ਕਥਨ ਹੈ ਠੀਕ। ਪੰਜਾਬ ਵਿਚ ਬਸਤੀਵਾਦੀ ਪ੍ਰਬੰਧ ਦੇ ਸਵੈ-ਵਿਰੋਧੀ ਖਾਸੇ ਦਾ ਇਹ ਹਿੱਸਾ ਸੀ ਕਿ ਬਰਤਾਨਵੀ ਹਾਕਮ ਵਰਣ ਵੰਡ ਨੂੰ ਪੁਰਾਤਨਤਾ ਤੇ ਪਰਿਵਰਤਨ ਦੀ ਦੂਹਰੀ ਨੀਤੀ ਦੀ ਚੂਲ ਮੰਨਦੇ ਸਨ। ਇਸ ਸਬੰਧ ਵਿਚ ਐਮ.ਐਲ. ਮਿਡਲਟਨ ਆਈ.ਸੀ.ਐਸ. ਦੇ ਉਸ ਨੋਟ ਦਾ ਹਵਾਲਾ ਦੇਣਾ ਮੁਨਾਸਬ ਹੀ ਹੋਵੇਗਾ, ਜਿਹੜਾ ਉਸਨੇ ਪੰਜਾਬ ਅਤੇ ਦਿੱਲੀ ਲਈ 1911 ਦੀ ਮਰਦਮਸ਼ੁਮਾਰੀ ਰਿਪੋਰਟ ਦੇ ਸਬੰਧ ਵਿਚ ਅੰਕਤ ਕੀਤਾ ਸੀ। ਉਸ ਨੇ ਲਿਖਿਆ ਸੀ :

"ਜਾਤੀਆਂ ਵਧੇਰੇ ਕਰਕੇ ਮਨੋਘੜਤ ਹਨ ਅਤੇ ਬਰਤਾਨਵੀ ਹਕੂਮਤ ਇਹਨਾਂ ਨੂੰ ਵੱਖ ਵੱਖ ਜਾਤੀਆਂ ਵਜੋਂ ਇਹਨਾਂ ਦੇ ਸਮੁੱਚੇ ਰੂਪ ਵਿਚ ਜਿਉਂ ਦਾ ਤਿਉਂ ਕਾਇਮ ਰੱਖ ਰਹੀ ਹੈ। ਸਾਡੇ ਭੂਮੀ ਰਿਕਾਰਡਾਂ ਤੇ ਸਰਕਾਰੀ ਦਸਤਾਵੇਜ਼ਾਂ ਨੇ ਜਾਤੀ ਵੰਡ ਦੀ ਕਠੋਰਤਾ ਨੂੰ ਫੌਲਾਦੀ ਸ਼ਿਕੰਜੇ ਵਿਚ ਬਦਲ ਦਿੱਤਾ ਹੈ। ਅਸੀਂ ਹਰ ਇਕ ਨੂੰ ਜਾਤੀਆਂ ਦੇ ਰਖਨਿਆਂ ਵਿਚ ਟਿਕਾ ਰੱਖਿਆ ਹੈ ਤੇ ਜਿਥੇ ਸਾਨੂੰ ਲੋਕਾਂ ਦੀਆਂ ਅਸਲ ਜਾਤੀਆਂ ਦਾ ਪਤਾ ਨਹੀਂ ਲੱਗਦਾ, ਅਸੀਂ ਉਹਨਾਂ ਦੇ ਨਾਵਾਂ ਨਾਲ ਉਹਨਾਂ ਦੇ ਜੱਦੀ ਕਿੱਤੇ ਜੋੜ ਦਿੰਦੇ ਹਾਂ। ਅਸੀਂ ਜਾਤੀ ਵੰਡ ਪ੍ਰਣਾਲੀ ਨੂੰ ਅਤੇ ਸਮਾਜੀ ਤੇ ਆਰਥਿਕ ਮਾਮਲਿਆਂ ਵਿਚ ਇਸ ਦੇ ਅਸਰ ਨੂੰ ਮਾੜਾ ਆਖਦੇ ਹਾਂ, ਪਰ ਜਿਸ ਸਿਸਟਮ ਨੂੰ ਅਸੀਂ ਮਾੜਾ ਆਖ ਰਹੇ ਹਾਂ, ਉਸ ਨੂੰ ਕਾਇਮ ਰੱਖਣ ਲਈ ਵੀ ਅਸੀਂ ਜ਼ਿੰਮੇਵਾਰ ਹਾਂ। ਸ਼ਾਇਦ ਇਸ ਨਾਲੋਂ ਵੀ ਦੂਰ ਰਸ ਸੀ "ਉੱਤਮਤਾ" (ਮੈਰਿਟ) ਦੇ ਸੰਕਲਪ ਦੀ ਅਸਲੀ ਪ੍ਰਵਾਨਗੀ ਜਿਹੜਾ ਵੱਡੀਆਂ ਜ਼ਮੀਨੀ ਮਾਲਕੀਆਂ ਵਾਲੀਆਂ ਜਾਤੀਆਂ ਅਤੇ ਸੈਨਿਕ ਵਰਗਾਂ (ਯੋਧਾ ਜਾਤੀਆਂ) ਦੇ ਲੋਕਾਂ ਨਾਲ ਅਤੇ ਬਰਤਾਨੀਆ ਨਾਲ ਵਫਾਦਾਰੀ ਉੱਤੇ 'ਮਾਣ' ਨਾਲ ਜੋੜਿਆ ਗਿਆ। ਸਿੱਖ ਭਾਈਚਾਰੇ ਦੇ ਆਗੂ ਵਰਗਾਂ ਵਲੋਂ ਅੰਗਰੇਜ਼ ਸਰਕਾਰ ਕੋਲ ਵਿਸ਼ੇਸ਼ ਰਿਆਇਤਾਂ ਜਾਂ ਪ੍ਰਤੀਨਿਧਤਾ ਵਿਚ ਹਿੱਸੇ ਲਈ ਕੀਤੀਆਂ ਹੋਈਆਂ ਅਰਜ਼ਦਾਸ਼ਤਾਂ ਵਿਚ ਉਤਮਤਾ ਜਾਂ ਮੈਰਿਟ ਨੂੰ ਜਿਸ ਸ਼ਕਲ ਵਿਚ ਪੇਸ਼ ਕੀਤਾ ਗਿਆ, ਉਹ ਸਾਈਮਨ ਕਮਿਸ਼ਨ ਨੂੰ ਚੀਫ ਖਾਲਸਾ ਦੀਵਾਨ ਵਲੋਂ ਦਿੱਤੇ ਗਏ ਮੈਮੋਰੰਡਮ ਦੀ ਤਰਜ਼ ਉੱਤੇ ਹੇਠ ਲਿਖੇ ਅਨੁਸਾਰ ਸੀ :

"ਸੂਬੇ ਦੀ ਜ਼ਮੀਨ ਦੇ ਬਹੁਤ ਵੱਡੇ ਹਿੱਸੇ ਦੇ ਅਸੀਂ ਮਾਲਕ ਹਾਂ ਅਤੇ ਸੂਬੇ ਦੀ ਮਾਲਗੁਜ਼ਾਰੀ ਦਾ ਇਕ ਤਿਹਾਈ ਹਿੱਸਾ ਅਸੀਂ ਅਦਾ ਕਰਦੇ ਹਾਂ। ਇਸ ਲਈ ਇਸ ਵਿਸ਼ੇਸ਼ ਰਿਆਇਤ ਦਾ ਅਸੀਂ ਦਾਅਵਾ ਕਰਦੇ ਹਾਂ, ਉਹ ਦੇਸ਼ ਨਾਲ ਬੱਝੇ ਹੋਏ ਸਾਡੇ ਨਫੇ ਨੁਕਸਾਨ ਦੇ ਪੱਖੋਂ, ਸਾਡੇ ਵਲੋਂ ਪ੍ਰਗਟਾਈ ਗਈ ਇਕਜੁੱਟਤਾ ਅਤੇ ਸੂਬੇ ਲਈ ਕੀਤੀਆਂ ਸਾਡੀਆਂ ਕੁਰਬਾਨੀਆਂ ਦੇ ਪੱਖੋਂ ਪੂਰੀ ਤਰ੍ਹਾਂ ਜਾਇਜ਼ ਹੈ।" ਕਮਿਊਨਿਲ ਐਵਾਰਡ ਦੇ ਪ੍ਰਤੀਕਰਮ ਵਜੋਂ ਪੇਸ਼ ਕੀਤੇ ਇਕ ਹੋਰ ਮੈਮੋਰੰਡਮ ਵਿਚ ਇਹ ਦਲੀਲ ਦਿੱਤੀ ਗਈ, "ਮੁਸਲਿਮ ਬਹੁਗਿਣਤੀ ਦੀ ਕਾਇਮੀ ਦਾ ਅਰਥ ਜ਼ਮੀਨ ਦੀਆਂ ਮਾਲਕ ਸ਼੍ਰੇਣੀਆਂ ਦੇ ਹਿਤਾਂ ਨੂੰ ਮੁਜ਼ਾਰਿਆਂ, ਕੰਮੀਆਂ ਤੇ ਅਜਿਹੇ ਹੋਰ ਲੋਕਾਂ ਦੇ ਹਵਾਲੇ ਕਰਨਾ ਹੋਵੇਗਾ, ਜਿਹਨਾਂ ਦਾ ਕੁਝ ਵੀ ਦਾਅ ਉੱਤੇ ਨਹੀਂ ਲੱਗਾ ਹੋਇਆ ਅਤੇ ਜਿਹੜੇ ਕੋਈ ਸਿੱਧੇ ਟੈਕਸ ਵੀ ਨਹੀਂ ਦਿੰਦੇ। ਵਿਸ਼ੇਸ਼ ਉਤਮਤਾ (ਮੈਰਿਟ) ਦਾ ਇਹ ਅੰਤਰੀਵੀਕਰਣ ਸਥਾਨਕ ਪਿੰਡ ਦੀ ਸਥਿਤੀ ਵਿਚ ਜੱਟ ਜ਼ਿੰਮੀਦਾਰਾਂ ਦੇ ਹੇਠਲੀਆਂ ਸ਼੍ਰੇਣੀਆਂ ਉਤੇ ਕੁਦਰਤੀ ਸਮਾਜੀ ਗਲਬੇ ਨੂੰ ਹੀ ਜਾਇਜ਼ ਠਹਿਰਾਉਂਦਾ ਹੈ। ਇਹੀ ਤਰਕ ਹੈ, ਜਿਸ ਨੂੰ ਬਰਤਾਨਵੀ ਹਾਕਮ ਪਸੰਦ ਕਰਦੇ ਸਨ ਅਤੇ ਇਸ ਦਾ ਉਹਨਾਂ ਸੰਸਥਾਪਨ ਕੀਤਾ।

### ਜਾਤੀ ਸੱਤਾ ਦੀ ਪਕੇਰੀ ਪਕੜ

ਜਦੋਂ ਸਿੰਘ ਸਭਾ ਲਹਿਰ-ਜਿਹਤੀ ਸਿੱਖ ਭਾਈਚਾਰੇ ਵਿਚ ਸ਼ਕਤੀਸ਼ਾਲੀ ਲਹਿਰ ਸੀ – 1880 ਵਿਚ ਆਰੰਭੀ ਹੋਈ ਸੀ ਤਾਂ ਇਸ ਦੀ ਸਭ ਤੋਂ 'ਪ੍ਰਮਾਣਿਕ' ਵਿਆਖਿਆ ਭਾਈ ਕਾਹਨ ਸਿੰਘ ਨੇ ਆਪਣੀ ਲੇਖਣੀ 'ਅਸੀਂ ਹਿੰਦੂ ਨਹੀਂ' ਵਿਚ ਕੀਤੀ ਸੀ। ਇਸ ਵਿਚ ਦਿੱਤੀਆਂ ਗਈਆਂ ਮੁੱਖ ਦਲੀਲਾਂ ਵਿਚੋਂ ਇਕ ਇਹ ਸੀ ਕਿ ਸਿੱਖ ਧਰਮ ਜਾਤੀ ਵੰਡ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਪਰ ਇਸ ਨੂੰ ਸਪੱਸ਼ਟ ਕਰਨ ਲਈ, "ਸਾਰੇ ਹਵਾਲੇ ਸਿੱਖ ਧਾਰਮਿਕ ਗ੍ਰੰਥਾਂ" ਵਿਚੋਂ ਦਿੱਤੇ ਗਏ ਸਨ। ਇਸ ਲਿਖਤ ਦੀ ਪ੍ਰਕਾਸ਼ਨਾ ਸਮੇਂ ਲਾਹੌਰ ਸਿੰਘ ਸਭਾ ਦੇ ਉਘੇ ਵਿਚਾਰਵਾਨ ਗਿਆਨੀ ਦਿੱਤ ਸਿੰਘ ਹੁੰਦੇ ਸਨ। ਗਿ. ਦਿੱਤ ਸਿੰਘ ਅਛੂਤ ਜਾਤੀਆਂ ਵਿਚੋਂ ਸਨ ਅਤੇ ਉਹਨਾਂ ਅੰਮ੍ਰਿਤ ਛੱਕਣ ਪਿੱਛੋਂ ਆਪਣਾ ਨਾਂਅ ਦਿੱਤ ਰਾਮ ਤੋਂ ਬਦਲ ਕੇ ਦਿੱਤ ਸਿੰਘ ਰੱਖ ਲਿਆ ਸੀ। ਗਿਆਨੀ ਦਿੱਤ ਸਿੰਘ ਪਹਿਲੋਂ ਪਹਿਲ ਆਰੀਆ ਸਮਾਜ ਲਹਿਰ ਤੋਂ ਪ੍ਰਭਾਵਤ ਹੋਏ ਸਨ, ਜਿਸ ਨੇ ਪੰਜਾਬ ਵਿਚ ਹਿੰਦੂ ਸਮਾਜ ਵਿਚੋਂ ਛੂਤ ਛਾਤ ਖ਼ਤਮ ਕਰਨ ਲਈ ਜ਼ਬਰਦਸਤ ਲਹਿਰ ਚਲਾਈ ਸੀ। ਪਰ ਬਾਅਦ ਵਿਚ ਉਹ ਸਿੱਖ ਹੋ ਗਏ ਸਨ। ਸਿੱਖ ਆਬਾਦੀ ਵਾਲੇ ਪਿੰਡ ਵਿਚ ਅਸਲੀਅਤ ਦੇ ਨਿੱਜੀ ਤਜ਼ਰਬੇ



*ਸਿਰਦਾਰ ਕਪੂਰ ਸਿੰਘ*

ਪਿੱਛੋਂ ਉਹਨਾਂ ਨੂੰ ਬੜਾ ਦੁੱਖ ਹੋਇਆ ਕਿ 'ਅੰਮ੍ਰਿਤਧਾਰੀ ਸਿੱਖਾਂ' ਨੂੰ ਵੀ ਉਹਨਾਂ ਦੀ ਜਾਤੀ ਤੋਂ ਹੀ ਪਛਾਣਿਆ ਜਾਂਦਾ ਹੈ ਤੇ ਉਹਨਾਂ ਨਾਲ ਵੀ ਉਸੇ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ। ਆਪਣੀ ਕਿਤਾਬ "ਨਕਲੀ ਸਿੱਖ ਪ੍ਰਬੋਧ" ਵਿਚ ਉਸ ਨੇ ਉੱਚੀ ਜਾਤੀ ਦੇ ਸਿੱਖਾਂ ਨੂੰ ਨਕਲੀ ਸਿੱਖ ਵਜੋਂ ਨਿੰਦਿਆ ਸੀ। "ਜਾਤੀ ਵੰਡ" ਉਸ ਸਮੇਂ ਸਿੱਖ ਭਾਈਚਾਰੇ ਦੀ ਸਮਾਜੀ ਜ਼ਿੰਦਗੀ ਵਿਚ ਭਾਰੂ ਪੱਖ ਸੀ। ਨੀਵੀਆਂ ਸ਼੍ਰੇਣੀਆਂ ਵਿਚੋਂ ਅੰਮ੍ਰਿਤ ਛਕਣ ਵਾਲੇ ਸਿੱਖਾਂ ਨੂੰ ਵੀ ਅਛੂਤ ਹੀ ਸਮਝਿਆ ਜਾਂਦਾ ਸੀ। ਹਰ ਵਿਅਕਤੀ ਨੂੰ ਉਸ ਦੀ ਜਾਤ ਨਾਲ ਜੋੜ ਕੇ ਬੁਲਾਇਆ ਜਾਂਦਾ ਸੀ। ਤਾਂ ਵੀ, 'ਅਸੀਂ ਹਿੰਦੂ ਨਹੀਂ' ਦਾ ਰਾਜਨੀਤਿਕ ਤਰਕ ਸੀ, ਜਿਸ ਨੇ ਸਿੱਖ ਰਾਜਨੀਤਿਕ ਸ਼੍ਰੇਣੀ ਦੇ ਦਿਮਾਗਾਂ ਨੂੰ ਆਪਣੇ ਵਲ ਝੁਕਾਇਆ। ਜੱਜ ਨੇ ਇਸ ਗੱਲ ਵਲ ਧਿਆਨ ਦੁਆਇਆ ਹੈ ਕਿ ਸਿੱਖ ਧਰਮ ਵਿਚਲਾ ਇਹ ਦਵੰਦਾਤਮਕ ਤਰਕ ਇਕ ਅਜਿਹਾ ਕਾਰਕ ਸੀ, ਜਿਸ ਨੇ ਜੱਟ ਭਾਈਚਾਰੇ ਨੂੰ ਉਚੇਰੀ ਸ਼੍ਰੇਣੀ ਦਾ ਦਰਜਾ ਦੇ ਦਿੱਤਾ ਅਤੇ ਜਿਸ ਕਾਰਨ ਸਿੱਖ ਸਮਾਜ ਵਿਚ ਜੱਟਾਂ ਨੂੰ ਸਮਾਜੀ ਰਾਜਨੀਤਿਕ ਗਲਬਾ ਹਾਸਲ ਹੋਇਆ ਤੇ ਸਿੱਖ ਧਰਮ ਪਸਰਿਆ ਤੇ ਮਜ਼ਬੂਤ ਹੋਇਆ। "ਇਹਨਾਂ ਦੋਹਾਂ ਗੱਲਾਂ ਨੇ ਇਕ ਦੂਜੀ ਨੂੰ ਮਜ਼ਬੂਤ ਕਰਨ ਵਿਚ ਹਿੱਸਾ ਪਾਇਆ। ਸਮਾਜੀ ਤਬਦੀਲੀ ਦਾ ਇਹੀ ਦਵੰਦ ਸੀ, ਜਿਸ ਨੇ ਪੰਜਾਬ ਵਿਚ ਫਿਰਕਾਪ੍ਰਸਤੀ ਦੇ ਅੱਗੇ ਆਉਣ ਵਿਚ ਵਰਨਣਯੋਗ ਹਿੱਸਾ ਪਾਇਆ।" ਉਸ ਸਮੇਂ ਸਿੱਖਾਂ ਦੇ ਸਮਾਜੀ ਜਗਤ ਨੂੰ "ਸਨਾਤਨ ਸਿੱਖ ਰੀਤੀ।" ਅਰਥਾਤ ਪੁਰੋਹਤ ਪ੍ਰਥਾ ਆਧਾਰਤ ਧਰਮ ਵਜੋਂ ਪਛਾਣਿਆ ਜਾਂਦਾ ਸੀ। ਗਿਆਨੀ ਪ੍ਰਤਾਪ ਸਿੰਘ, ਜੋ ਬਾਅਦ ਵਿਚ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਬਣੇ, ਨੇ ਅੰਕਤ ਕੀਤਾ ਹੈ ਕਿ ਮਜ਼ਹਬੀਆਂ ਨੂੰ ਪੂਜਾ ਪਾਠ ਲਈ ਦਰਬਾਰ ਸਾਹਿਬ ਵਿਚ ਦਾਖਲ ਨਹੀਂ ਸੀ ਹੋਣ ਦਿੱਤਾ ਜਾਂਦਾ, ਉਹਨਾਂ ਦੇ ਕੜਾਹ ਪ੍ਰਸ਼ਾਦ ਦੇ ਚੜ੍ਹਾਵੇ ਨੂੰ ਕਬੂਲ ਨਹੀਂ ਸੀ ਕੀਤਾ ਜਾਂਦਾ ਅਤੇ ਸਿੱਖ ਉਹਨਾਂ ਨੂੰ ਖੂਹਾਂ ਅਤੇ ਹੋਰ ਸਰਵਜਨਕ ਸਹੂਲਤਾਂ ਦੀ ਵਰਤੋਂ ਨਹੀਂ ਸਨ ਕਰਨ ਦਿੰਦੇ। ਜਦੋਂ ਰਹਿਤੀਏ ਸਿੱਖਾਂ ਨੇ 1890 ਦੀਆਂ ਗਰਮੀਆਂ ਵਿਚ ਦਰਬਾਰ ਸਾਹਿਬ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ "ਇਸ ਧਾਰਮਿਕ ਸੰਸਥਾ ਦੇ ਮੈਨੇਜਰ ਸ. ਜਵਾਲਾ ਸਿੰਘ ਨੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ। ਜਿਹੜੇ ਸੁਧਾਰਵਾਦੀ ਸਿੱਖ ਰਹਿਤੀਏ ਸਿੱਖਾਂ ਦਾ ਸਾਥ ਦੇ ਰਹੇ ਸਨ, ਉਹਨਾਂ ਨੂੰ ਗਾਹਲਾਂ ਕੱਢੀਆਂ ਗਈਆਂ ਤੇ ਅੰਤ ਵਿਚ ਉਹਨਾਂ ਦੀ ਕੁੱਟਮਾਰ ਵੀ ਕੀਤੀ ਗਈ, ਕਿਉਂਕਿ ਸਨਾਤਨੀ ਸਿੱਖਾਂ ਦੀ ਨਜ਼ਰ ਵਿਚ ਇਸ ਪਵਿੱਤਰ ਅਸਥਾਨ ਦਾ ਇਕ ਨਿਰਣਾਇਕ

–ਹਰੀਸ਼ ਪੁਰੀ

ਪੱਖ ਇਸ ਦੀ ਪਵਿੱਤਰ ਰਹੁ ਰੀਤੀ ਸੀ।

ਹਰਜੋਤ ਓਬਰਾਏ ਨੇ, "ਪ੍ਰਮਾਣਿਕ ਨੇਮਾਵਲੀ ਖਾਲਸਾ ਧਰਮ ਸ਼ਾਸਤਰ-1914" ਵਿਚੋਂ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਅਛੂਤ ਸ਼੍ਰੇਣੀਆਂ ਦੇ ਲੋਕ (ਜਿਵੇਂ ਮਜ਼ਹਬੀ, ਰਹਿਤੀਏ ਤੇ ਰਾਮਦਾਸੀਏ ਸਿੱਖ) ਦਰਬਾਰ ਸਾਹਿਬ ਦੀ ਚੌਥੀ ਪੌੜੀ ਤੋਂ ਅੱਗੇ ਨਹੀਂ ਸਨ ਜਾ ਸਕਦੇ ਤੇ ਚੌਥੇ ਵਰਣ ਦੀਆਂ ਜਾਤੀਆਂ ਨਾਈ, ਛੀਂਬੇ ਤੇ ਝਿਓਰ ਜਾਤੀਆਂ ਨਾਲ ਸਬੰਧਤ ਲੋਕਾਂ ਨੂੰ ਕਿਹਾ ਗਿਆ ਕਿ ਉਹ ਅਛੂਤ ਜਾਤੀਆਂ ਨਾਲ ਨਾ ਘੁਲਣ ਮਿਲਣ। ਜਿਹੜੇ ਜਾਤੀ ਨੇਮਾਂ ਦੀ ਉਲੰਘਣਾ ਕਰਦੇ ਸਨ, ਉਹਨਾਂ ਨੂੰ ਪਤਿਤ ਕਿਹਾ ਜਾਂਦਾ ਸੀ ਤੇ ਸਮਾਜ ਉਹਨਾਂ ਨੂੰ ਛੇਕ ਦਿੰਦਾ ਸੀ। ਖਾਲਸਾ ਬਦਰਹੁਡ ਨਾਂਅ ਦੀ ਜਥੇਬੰਦੀ ਅਛੂਤ ਜਾਤੀਆਂ ਦੇ ਲੋਕਾਂ ਨੂੰ ਅੰਮ੍ਰਿਤ ਪ੍ਰਚਾਰ ਰਾਹੀਂ ਸਿੱਖ ਸਜਾਉਣ ਲਈ ਬਹੁਤ ਸਰਗਰਮ ਸੀ। ਮਾਮਲਾ ਤੂਲ ਫੜ ਗਿਆ, ਜਦੋਂ ਨੀਵੀਆਂ ਸ਼੍ਰੇਣੀਆਂ ਵਿਚੋਂ ਨਵੇਂ ਸਜੇ ਸਿੱਖ 1920 ਵਿਚ ਗੁਰਦਵਾਰਾ ਸੁਧਾਰ ਲਹਿਰ ਦੇ ਆਰੰਭ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਦਰਬਾਰ ਸਾਹਿਬ ਗਏ। ਗਿਆਨੀ ਪ੍ਰਤਾਪ ਸਿੰਘ ਅਨੁਸਾਰ ਬਹੁਤ ਸਾਰੇ ਉਤਸ਼ਾਹੀ ਲੋਕਾਂ ਨੇ, ਜਿਨ੍ਹਾਂ ਵਿਚ ਖਾਲਸਾ ਕਾਲਜ ਦੇ ਪ੍ਰੋਫੈਸਰ ਅਤੇ ਵਿਦਿਆਰਥੀ ਵੀ ਸ਼ਾਮਲ ਸਨ, ਪੁਜਾਰੀਆਂ ਨਾਲ ਹੋਈ ਟੱਕਰ ਵਿਚ ਹਿੱਸਾ ਲਿਆ। ਪੁਜਾਰੀਆਂ ਨੇ ਨਵੇਂ ਸਜੇ ਸਿੱਖਾਂ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ ਤੇ ਮੱਥਾ ਟੇਕਣ ਵਾਲਿਆਂ ਅਤੇ ਉਹਨਾਂ ਦੇ ਹਮਾਇਤੀਆਂ ਨੂੰ ਕੁੱਟ-ਕੁੱਟ ਕੇ ਭਜਾ ਦਿੱਤਾ। ਪਰ ਇਹਨਾਂ ਸਾਰੇ ਵਾਕਿਆਤ ਦੇ ਬਾਵਜੂਦ ਜਾਤੀ ਵੰਡ ਦੇ ਮਾਮਲੇ ਵਿਚ ਕੋਈ ਵਰਨਣਯੋਗ ਤਬਦੀਲੀ ਨਹੀਂ ਆਈ। ਸਮੁੱਚੇ ਤੌਰ 'ਤੇ ਸਿੰਘ ਸਭਾ ਲਹਿਰ ਅਛੂਤ ਜਾਤੀਆਂ ਦੇ ਲੋਕਾਂ ਵਿਚ ਅੰਮ੍ਰਿਤ ਪ੍ਰਚਾਰ ਤਾਂ ਕਰਦੀ ਰਹੀ, ਪਰ ਉਸ ਨੇ ਵਧੇਰੇ ਧਿਆਨ ਸਕੂਲ ਤੇ ਕਾਲਜ ਖੋਲ੍ਹਣ ਵਲ ਦੇਣਾ ਸ਼ੁਰੂ ਕਰ ਦਿੱਤਾ। "ਭਾਵੇਂ ਛੂਤ-ਛਾਤ ਦਾ ਖਾਤਮਾ ਇਸ ਲਹਿਰ ਦਾ ਹਿੱਸਾ ਸੀ, ਪਰ ਜਿੰਨਾ ਧਿਆਨ ਉਸ ਨੇ ਸਕੂਲ ਕਾਲਜ ਖੋਲ੍ਹਣ ਵਲ ਦਿੱਤਾ, ਓਨਾ ਉਸ ਨੇ ਛੂਤ-ਛਾਤ ਦੇ ਖਾਤਮੇ ਵਲ ਨਾ ਦਿੱਤਾ।" ਇਸ ਪਿੱਛੋਂ 1920-25 ਵਿਚ ਗੁਰਦਆਰਿਆਂ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਦੇ ਅਕਾਲੀ ਮੋਰਚਿਆਂ ਦੇ ਰੁਝੇਵੇਂ ਨੇ "ਛੂਤ-ਛਾਤ ਦੇ ਖਾਤਮੇ ਲਈ ਸਮਾਂ ਹੀ ਨਾ ਰਹਿਣ ਦਿੱਤਾ।" ਇਸ ਵਿਚ ਹੈਰਾਨੀ ਵਾਲੀ ਗੱਲ ਨਹੀਂ। ਜੱਟ ਭਾਈਚਾਰਾ, ਜੋ ਅਕਾਲੀ ਲਹਿਰ ਦਾ 70 ਫੀਸਦੀ ਹਿੱਸਾ ਸਨ ਤੇ ਹੋਰ ਉੱਚੀਆਂ ਸ਼੍ਰੇਣੀਆਂ ਛੂਤ ਛਾਤ ਦੇ ਖਾਤਮੇ ਵਿਚ ਕੋਈ ਬਹੁਤੀ ਰੁਚੀ ਨਹੀਂ ਸਨ ਰੱਖਦੀਆਂ, ਕਿਉਂਕਿ ਇਹ ਗੱਲ ਸਮਾਜੀ ਗਲਬੇ ਤੇ ਉਚ ਜਾਤੀ ਵਿਚ ਉਹਨਾਂ ਦੇ ਯਕੀਨ ਦੇ ਵਿਰੁਧ ਸੀ।

1926 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਪਿੱਛੋਂ ਹੇਠਲੀਆਂ ਸ਼੍ਰੇਣੀਆਂ ਦੇ ਤਿੰਨ ਮੈਂਬਰਾਂ ਨੂੰ ਇਸ ਵਿਚ ਨਾਮਜ਼ਦ ਕਰਨ ਦਾ ਫੈਸਲਾ ਹੋਇਆ। 1933 ਤੱਕ ਹੇਠਲੀਆਂ ਸ਼੍ਰੇਣੀਆਂ ਦੇ 200 ਲੋਕਾਂ ਨੂੰ ਗ੍ਰੰਥੀਆਂ, ਪਾਠੀਆਂ, ਰਾਗੀਆਂ ਤੇ ਸੇਵਾਦਾਰਾਂ ਵਜੋਂ ਭਰਤੀ ਕੀਤਾ ਗਿਆ। ਗਿਆਨੀ ਪ੍ਰਤਾਪ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਕਈ ਇਕ ਗੁਰਮਤਿਆਂ ਦਾ ਹਵਾਲਾ ਦਿੱਤਾ ਹੈ। ਜਿਹਨਾਂ ਵਿਚ ਹੇਠਲੀਆਂ ਸ਼੍ਰੇਣੀਆਂ ਦੇ ਅੰਮ੍ਰਿਤਧਾਰੀ ਸਿੱਖਾਂ ਵਿਰੁਧ ਪ੍ਰਚਲਤ ਭੇਦ-ਭਾਵ ਉਤੇ "ਦੁੱਖ" ਅਤੇ "ਸਦਮੇ" ਦਾ ਇਜ਼ਹਾਰ ਕੀਤਾ ਗਿਆ ਸੀ ਤੇ ਉਤਲੀ ਜਾਤੀ ਦੇ ਸਿੱਖਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਹੇਠਲੀ ਸ਼੍ਰੇਣੀ ਦੇ ਸਿੱਖਾਂ ਨੂੰ ਗੁਰਦੁਆਰਿਆਂ ਵਿਚ ਦਾਖਲ ਹੋਣ ਤੇ ਖੂਹਾਂ ਉੱਤੇ ਚੜ੍ਹਨ ਤੋਂ ਨਾ ਰੋਕਣ। ਮਤਿਆਂ ਵਿਚ ਮਜ਼ਹਬੀ ਸਿੱਖਾਂ ਦੀ ਫੌਜ ਵਿਚ ਭਰਤੀ ਵਿਚ ਰੋਕਾਂ ਖੜ੍ਹੀਆਂ ਕੀਤੇ ਜਾਣ ਦਾ ਵੀ ਜ਼ਿਕਰ ਸੀ ਤੇ ਕਿਹਾ ਗਿਆ ਸੀ ਕਿ ਅਜਿਹੀਆਂ ਰੋਕਾਂ ਖੜ੍ਹੀਆਂ ਨਾ ਕੀਤੀਆਂ ਜਾਣ। ਤਾਂ ਵੀ ਜਿਸ ਤਰ੍ਹਾਂ ਉਨ੍ਹਾਂ ਬੜੇ ਦੁੱਖ ਨਾਲ ਲਿਖਿਆ ਹੈ, "ਆਮ ਲੋਕਾਂ ਦੀ ਮੂਰਖਤਾ ਤੇ ਕੁਝ ਖ਼ੁਦਗਰਜ਼ ਲੋਕਾਂ ਦੇ ਹੱਠ ਕਾਰਨ ਇਹ ਬੁਰਾਈ (ਛੂਤ-ਛਾਤ) ਅਜੇ ਤੱਕ ਜਾਰੀ ਹੈ।"

20ਵੀਂ ਸਦੀ ਦੇ ਸ਼ੁਰੂ ਤੋਂ ਫਿਰਕੂ ਜ਼ਿਦਬਾਜ਼ੀ ਤੇ ਪਾਲਿਟਿਕਸ ਨੇ ਛੂਤ-ਛਾਤ ਦੇ ਖਾਤਮੇ ਤੋਂ ਧਰਮ ਬਦਲੀ ਜਾਂ ਮੁੜ ਧਰਮ ਬਦਲੀ (ਸ਼ੁੱਧੀ) ਨੂੰ ਹਰ ਧਾਰਮਿਕ ਭਾਈਚਾਰੇ ਦੀਆਂ ਰਾਜਨੀਤਿਕ ਸ਼੍ਰੇਣੀਆਂ ਲਈ ਰਾਜਨੀਤਿਕ ਤੌਰ 'ਤੇ ਮਹੱਤਵਪੂਰਨ ਬਣਾ ਦਿੱਤਾ ਸੀ। ਇਸ ਨੇ ਸਿੱਖ ਭਾਈਚਾਰੇ ਦੀ ਵਸੋਂ ਵਿਚ ਹੈਰਾਨਕੁਨ ਤੇ ਤੇਜ਼ ਵਾਧੇ ਅਤੇ ਵੱਖਰੀ ਪਛਾਣ ਦੇ ਦਾਅਵੇ ਨੂੰ ਸੰਭਵ ਬਣਾਇਆ। ਪਰ ਹਕੀਕਤ ਵਿਚ ਇਸ ਨੇ ਸੂਬੇ ਵਿਚ ਸਿੱਖ ਭਾਈਚਾਰੇ ਦੇ ਅੰਦਰ ਰਾਜਨੀਤਿਕ ਸੱਤਾ ਦੇ ਖੇਤਰ ਵਿਚ ਉੱਚੀਆਂ ਸ਼੍ਰੇਣੀਆਂ ਦੇ ਗਲਬੇ ਤੇ ਵਿਸ਼ੇਸ਼ ਅਧਿਕਾਰਾਂ ਨੂੰ ਸੁਰੱਖਿਅਤ ਬਣਾਉਣ ਤੇ ਮਜ਼ਬੂਤ ਕਰਨ ਦੀ ਲੁਕਵੀਂ ਜਦੋ-ਜਹਿਦ ਦੀ ਸ਼ਕਲ ਅਖ਼ਤਿਆਰ ਕਰ ਲਈ।

### ਸਮਾਨਾਂਤਰ ਜਾਤੀ ਦਰਜਾਬੰਦੀ

ਸਿੱਖ ਮਤ ਬਰਾਬਰੀ ਭਰੇ ਭਾਈਚਾਰੇ ਦੀ ਸਥਾਪਨਾ ਜਾਂ ਜਾਤੀ ਦਰਜਾਬੰਦੀ ਦੇ ਵਿਤਕਰੇ ਦੇ ਖਾਤਮੇ ਦਾ ਰਾਹ ਪੈਦਾ ਨਾ ਕਰ ਸਕਿਆ, ਪਰ ਜਾਤੀ ਵੰਡ ਦੀ ਸ਼ਕਲ ਵਿਚ ਤਬਦੀਲੀ ਜ਼ਰੂਰ ਆ ਗਈ। ਵੱਖ-ਵੱਖ ਸਕਾਲਰਾਂ ਨੇ ਅਜਿਹੀ ਸਿੱਖ ਜਾਤੀ ਵੰਡ ਹੋਂਦ ਵਿਚ ਆਉਣ ਵਲ ਧਿਆਨ ਦੁਆਇਆ, ਜਿਹੜੀ ਹਿੰਦੂ ਜਾਤੀ ਵੰਡ ਦੇ ਸਮਾਨਾਂਤਰ ਸੀ। ਅਜਿਹੇ ਸਕਾਲਰਾਂ ਵਿਚ ਜ਼ਿਕਰਯੋਗ ਸਨ ਡਬਲਯੂ.ਐਚ. ਮੈਕਲਾਇਡ (ਸਿੱਖ ਭਾਈਚਾਰੇ ਦਾ ਬਣਤਰ ਵਿਕਾਸ 1976), ਐਥਨੇ ਕੇ. ਮਾਰਨੈਨਕੋ (ਸਿੱਖ ਮੱਤ ਦੀ ਬਣਤਰ 1976) ਅਤੇ ਇੰਦਰਪਾਲ ਸਿੰਘ (ਸਿੱਖ ਪਿੰਡ ਵਿਚ ਜਾਤੀ ਪ੍ਰਥਾ)। ਇਹਨਾਂ ਸਕਾਲਰਾਂ ਅਤੇ ਅਧਿਐਨ ਤੋਂ ਜਿਹੜੀ ਤੁਲਨਾਤਮਕ ਤਸਵੀਰ ਸਾਹਮਣੇ ਆਉਂਦੀ ਹੈ, ਉਹ ਕੁਝ ਇਸ ਤਰ੍ਹਾਂ ਬਿਆਨ ਕੀਤੀ ਜਾ ਸਕਦੀ ਹੈ :

1. ਹਿੰਦੂ ਜਾਤੀ ਵੰਡ ਵਿਚ ਅਮਲੀ ਰੂਪ ਵਿਚ ਪ੍ਰਚਲਤ ਜਾਤੀਆਂ ਦੀ ਵੰਡ ਵਰਣ ਆਸ਼ਰਮ ਰਵਾਇਤੀ ਤੌਰ 'ਤੇ ਚਾਰ ਵਰਨਾਂ ਦੇ ਪ੍ਰਸੰਗ ਵਿਚ ਦੇਖਣ ਵਿਚ ਆਉਂਦੀ ਹੈ ਅਤੇ ਇਸ ਨੂੰ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਸਵੀਕ੍ਰਿਤੀ ਦੇ ਹਵਾਲੇ ਨਾਲ ਜਾਇਜ਼ ਠਹਿਰਾਇਆ ਜਾਂਦਾ ਹੈ। ਜਿਸ ਤਰ੍ਹਾਂ ਅੰਬੇਡਕਰ ਨੇ ਗਾਂਧੀ ਨਾਲ ਆਪਣੇ ਇਕ ਵਿਚਾਰ-ਵਟਾਂਦਰੇ ਸਮੇਂ ਜ਼ੋਰ ਦੇ ਕੇ ਕਿਹਾ, "ਇਹ ਹਿੰਦੂ ਧਰਮ ਵਿਚ ਅਮਲੀ ਵਿਹਾਰ ਨਹੀਂ, ਸਗੋਂ ਉਸਦੇ ਅਸੂਲ ਹਨ, ਜਿਸ ਨੂੰ ਤੁਸੀਂ ਗਲਤ ਆਖਦੇ ਹੋ। ਸਿੱਖ ਮੱਤ ਆਪਣੇ ਆਪ ਵਿਚ ਜਾਤੀ ਭੇਦਭਾਵ ਦੀ ਪ੍ਰਵਾਨਗੀ ਨਹੀਂ ਦਿੰਦਾ। ਇਹ ਇਕੋ ਕਰਤਾ ਪੁਰਖ ਅਧੀਨ 'ਏਕਸ ਕੇ ਹਮ ਬਾਰਕ' ਦਾ, ਸਾਰੇ ਮਨੁੱਖੀ ਜੀਵਾਂ ਵਿਚਾਲੇ ਬਰਾਬਰੀ ਦਾ ਸੁਨੇਹਾ ਦਿੰਦੀ ਹੈ। ਸਮੱਸਿਆ ਅਸੂਲਾਂ ਦੀ ਨਹੀਂ, ਅਮਲਾਂ ਦੀ ਹੈ।"

2. ਹਿੰਦੂ ਵਰਣ ਵੰਡ ਵਿਚ ਬ੍ਰਾਹਮਣ ਸਰਵਉੱਚ ਹਨ, ਦੂਜੇ ਸਿੱਖਾਂ ਵਿਚ ਜੱਟ ਬਰਾਦਰੀ, ਜਿਹੜੀ ਮਹਾਰਾਜਾ ਰਣਜੀਤ ਸਿੰਘ ਵੇਲੇ ਹਾਕਮ ਸ਼੍ਰੇਣੀ ਦਾ ਦਰਜਾ ਅਖ਼ਤਿਆਰ ਕਰ ਗਈ ਸੀ, ਜਾਤੀ ਵੰਡ ਵਿਚ ਪ੍ਰਥਮ ਦਰਜਾ ਰੱਖਦੀ ਹੈ। ਆਮ ਰੂਪ ਵਿਚ ਦੂਜੇ ਦਰਜੇ ਉੱਤੇ ਖੱਤਰੀ, ਅਰੋੜੇ ਤੇ ਲੁਬਾਣੇ ਆਉਂਦੇ ਸਨ ਅਤੇ ਉਹਨਾਂ ਤੋਂ ਥੱਲੇ ਦਸਤਕਾਰ ਸ਼੍ਰੇਣੀਆਂ ਹਨ, ਜਿਹਨਾਂ ਵਿਚ ਰਾਮਗੜ੍ਹੀਏ ਸਿੱਖ (ਸਿੱਖ ਤਰਖਾਣ) ਆਹਲੂਵਾਲੀਆ (ਕਲਾਲਾਂ) ਨਾਲੋਂ ਉੱਤੇ ਸਨ। ਅਖੌਤੀ ਕੰਮੀ-ਕਮੀਣ ਜਾਤੀਆਂ ਹਿੰਦੂਆਂ ਵਾਂਗ ਸਭ ਤੋਂ ਥੱਲੇ ਹਨ। ਤਾਂ ਵੀ ਕਿਸ ਜਾਤੀ ਨੂੰ ਕਿਹੜਾ ਦਰਜਾ ਹਾਸਲ ਹੈ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਸੀ ਕਿ ਕੌਣ ਕਿਸ ਪਿੰਡ ਵਿਚ ਕਿਸ ਜਾਤੀ ਨਾਲ ਸਬੰਧ ਰੱਖਦਾ ਸੀ।


3. ਸਿੱਖ ਭਾਈਚਾਰੇ ਵਿਚ ਜਾਤੀ ਭੇਦ-ਭਾਵ ਭਿੱਟ-ਵਿਚਾਰ ਤੋਂ ਮੁਕਾਬਲਤਨ ਮੁਕਤ ਸੀ ਜਦ ਕਿ ਹਿੰਦੂ ਭਾਈਚਾਰੇ ਵਿਚ ਸੁੱਚਮਤਾ-ਛੂਤ-ਛਾਤ ਵਧੇਰੇ ਭਾਰੂ ਸੀ।

4. ਸਿੱਖ ਮਤ ਨੇ ਇਹ ਅਸੂਲ ਵੀ ਬਦਲ ਦਿੱਤਾ ਸੀ ਕਿ ਗਿਆਨ ਕੇਵਲ ਵਿਸ਼ੇਸ਼ ਜਾਤੀ (ਜਿਵੇਂ ਬ੍ਰਾਹਮਣ) ਹੀ ਪ੍ਰਾਪਤ ਤੇ ਪ੍ਰਦਾਨ ਕਰ ਸਕਦੇ ਹਨ। ਸਿੱਖ ਮੱਤ ਵਿਚ ਧਾਰਮਿਕ ਗਿਆਨ ਦੇਣ ਵਾਲੇ ਪੁਜਾਰੀਆਂ ਜਾਂ ਪੁਰੋਹਤਾਂ ਦੀ ਕੋਈ ਪੱਕੀ ਜਾਤੀ ਨਹੀਂ, ਇਥੋਂ ਤੱਕ ਕਿ ਸੋਢੀਆਂ ਤੇ ਬੇਦੀਆਂ ਨੂੰ ਸ਼ੁਰੂ ਸ਼ੁਰੂ ਵਿਚ ਜਿਹਤੀ ਵਿਸ਼ੇਸ਼ਤਾ ਹਾਸਲ ਸੀ, ਗੁਰਦਵਾਰਾ ਸੁਧਾਰ ਲਹਿਰ ਪਿੱਛੋਂ ਉਹ ਵੀ ਖ਼ਤਮ ਹੋ ਗਈ। ਗ੍ਰੰਥੀ, ਰਾਗੀ ਤੇ ਸੇਵਾਦਾਰ (ਮੁਲਾਜ਼ਮਾਂ ਵਜੋਂ) ਬਹੁਤਾ ਕਰਕੇ ਹੇਠਲੀਆਂ ਸ਼੍ਰੇਣੀਆਂ ਵਿਚੋਂ ਆਉਂਦੇ ਸਨ। ਇਹਨਾਂ ਵਿਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਦੀ ਗਿਣਤੀ ਵੀ ਜ਼ਿਕਰਯੋਗ ਹੱਦ ਤੱਕ ਚੋਖੀ ਹੁੰਦੀ ਸੀ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਜੱਟ ਬਰਾਦਰੀ ਵਿਚੋਂ ਇਹ ਬਹੁਤ ਘੱਟ ਗਿਣਤੀ ਵਿਚ ਹੁੰਦੇ ਸਨ। ਇਸ ਨਾਲੋਂ ਜੱਟ ਸਿੱਖ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਹੋਣਾ ਵਧੇਰੇ ਪਸੰਦ ਕਰਦੇ ਹਨ।

### ਸਿੱਖ ਧਰਮ ਅਪਨਾਉਣ ਦਾ ਅੰਬੇਦਕਰ ਦਾ ਸੁਝਾਅ

ਇਹ ਗੱਲ ਬਹੁਤੀ ਸਪੱਸ਼ਟ ਨਹੀਂ ਕਿ ਡਾ. ਅੰਬੇਡਕਰ ਨੇ ਅਨੁਸੂਚਿਤ ਜਾਤੀਆਂ ਨੂੰ ਸਿੱਖ ਮੱਤ ਅਪਨਾਉਣ ਦਾ ਜਿਹੜਾ ਸੁਝਾਅ 1936 ਵਿਚ ਦੇਣ ਦਾ ਇਰਾਦਾ ਬਣਾਇਆ ਸੀ, ਉਸਨੂੰ ਚੁੱਪ ਚੁਪੀਤਿਆਂ ਕਿਉਂ ਛੱਡ ਦਿੱਤਾ। ਇਸ ਇਰਾਦੇ ਨੂੰ ਵਿਚੇ ਛੱਡ ਕੇ 20 ਸਾਲ ਬਾਅਦ ਬੁੱਧ ਧਰਮ ਅਪਨਾਉਣ ਦੇ ਉਸਦੇ ਫੈਸਲੇ ਦੇ ਕਾਰਨਾਂ ਨੂੰ ਸਮਝਣਾ ਸਿੱਖ ਭਾਈਚਾਰੇ ਵਿਚ ਪਛੜੀਆਂ ਸ਼੍ਰੇਣੀਆਂ ਦੀ ਸਥਿਤੀ ਨੂੰ ਸਮਝਣ ਲਈ ਬਹੁਤ ਮਹੱਤਤਾ ਰੱਖਦਾ ਹੈ। ਇਸ ਦਾ ਸੁਝਾਉ ਸਪੱਸ਼ਟੀਕਰਨ ਕਿਸੇ ਹੱਦ ਤੱਕ ਅੰਬੇਦਕਰ ਦੇ ਜੀਵਨੀ ਲੇਖਕ ਧਨਨਜੇ ਕੀਰ, ਐਮ.ਐਸ. ਗੋਰੇ ਅਤੇ ਆਰ.ਕੇ. ਬਾਲੀ ਤੋਂ ਮਿਲਦਾ ਹੈ। ਸ਼ਾਇਦ ਇਸ ਸਪੱਸ਼ਟੀਕਰਨ ਦਾ ਰਹਿੰਦਾ ਮਹੱਤਵਪੂਰਨ ਹਿੱਸਾ ਕਪੂਰ ਸਿੰਘ ਵਲੋਂ ਆਪਣੀ ਪੁਸਤਕ "ਸਾਚੀ ਸਾਖੀ" ਵਿਚ ਕੀਤੇ ਗਏ ਇੰਕਸ਼ਾਫਾਂ ਦੇ ਰੂਪ ਵਿਚ ਪੇਸ਼ ਕਰ ਦਿੱਤਾ ਗਿਆ ਹੈ।

13 ਅਕਤੂਬਰ 1935 ਨੂੰ ਅੰਬੇਦਕਰ ਨੇ ਪਛੜੀਆਂ ਸ਼੍ਰੇਣੀਆਂ ਦੀ ਯਿਓਲਾ ਕਾਨਫਰੰਸ ਵਿਚ ਇਹ ਐਲਾਨ ਕੀਤਾ ਸੀ ਕਿ ਭਾਵੇਂ ਬਦਕਿਸਮਤੀ ਨਾਲ ਪੈਦਾ ਤਾਂ ਉਹ ਹਿੰਦੂ ਅਛੂਤ ਹੋਇਆ ਸੀ, "ਪਰ ਮੈਂ ਤੁਹਾਨੂੰ ਸੱਚੇ ਦਿਲੋਂ ਯਕੀਨ ਦੁਆਉਂਦਾ ਹਾਂ ਕਿ ਹਿੰਦੂ ਮਰਾਂਗਾ ਨਹੀਂ।" ਉਸ ਦਾ ਇਹ ਐਲਾਨ ਸੱਚਮੁੱਚ ਬਿਜਲੀ ਦੀ ਕੜਕ ਸਾਬਤ



**ਡਾ. ਬੀ.ਆਰ.ਅੰਬੇਦਕਰ**

ਹੋਇਆ, ਜਿਸ ਨੇ ਦੇਸ਼ ਵਿਚ ਰਾਜਨੀਤਿਕ ਪਾਰਟੀਆਂ ਤੇ ਸਮਾਜੀ ਸੰਸਥਾਵਾਂ ਨੂੰ ਹਿਲਾ ਕੇ ਰੱਖ ਦਿੱਤਾ। ਇਹ ਕੇਵਲ ਅੰਬੇਦਕਰ ਦੀ ਨਿੱਜੀ ਚੋਣ ਨਹੀਂ ਸੀ, ਜਿਹੜੀ ਆਤਮਕ ਜਾਂ ਧਾਰਮਿਕ ਕਾਰਨਾਂ ਦਾ ਸਿੱਟਾ ਸੀ। ਉਸ ਨੇ ਆਪਣੇ ਪੈਰੋਕਾਰਾਂ ਨੂੰ ਵੀ ਪ੍ਰੇਰਿਆ ਕਿ ਉਹ ਸਮੂਹਿਕ ਤੌਰ 'ਤੇ ਆਪਣਾ ਧਰਮ ਬਦਲ ਲੈਣ। "ਸਿਵਾਏ ਜੰਜ਼ੀਰਾਂ ਦੇ ਤੁਹਾਡਾ ਹੋਰ ਕੁਝ ਨਹੀਂ ਗੁਆਚਣਾ ਅਤੇ ਧਰਮ ਬਦਲੀ ਨਾਲ ਤੁਸੀਂ ਹੋਰ ਸਭ ਕੁਝ ਪ੍ਰਾਪਤ ਹੀ ਕਰੋਗੇ।" ਉਸ ਦੇ ਇਸ ਐਲਾਨ ਨੇ ਇਕ ਬਹੁਤਾ ਵੱਡਾ ਰਾਜਨੀਤਿਕ ਸਵਾਲ ਖੜ੍ਹਾ ਕਰ ਦਿੱਤਾ। ਸਾਰੇ ਹੀ ਧਰਮਾਂ ਦੇ ਸਰਕਰਦਾ ਮੁਖੀਆਂ ਨੇ ਅੱਡੋ ਅੱਡ ਰੂਪ ਵਿਚ ਅੰਬੇਦਕਰ ਨਾਲ ਮੁਲਾਕਾਤਾਂ ਕੀਤੀਆਂ ਤੇ ਉਸ ਨੂੰ ਆਪੋ ਆਪਣਾ ਧਰਮ ਅਪਨਾਉਣ ਦਾ ਸੱਦਾ ਦਿੱਤਾ ਅਤੇ ਵੱਖੋ-ਵੱਖਰੇ ਲਾਭਾਂ ਦੇ ਭਰੋਸੇ ਦਿਵਾਏ।

ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨਾਲ

ਸਲਾਹ ਮਸ਼ਵਰਾ ਕਰਨ ਪਿੱਛੋਂ ਤੇ ਡੂੰਘੀ ਸੋਚ ਵਿਚਾਰ ਤੋਂ ਬਾਅਦ ਹੀ ਅੰਬੇਦਕਰ ਨੇ ਜੂਨ 1936 ਵਿਚ ਆਪਣੇ ਪੈਰੋਕਾਰਾਂ ਸਮੇਤ ਸਿੱਖ ਧਰਮ ਅਪਨਾਉਣ ਦਾ ਫੈਸਲਾ ਕੀਤਾ ਸੀ। ਇਸ ਫੈਸਲੇ ਨੇ ਹਿੰਦੂ ਮਹਾਸਭਾ ਤੇ ਕੁਰਤਾਕੋਟੀ ਦੇ ਸ਼ੰਕਰਾਚਾਰੀਆ ਦੀ ਪ੍ਰਸ਼ੰਸਾ ਹਾਸਲ ਕੀਤੀ। ਉਦੋਂ ਅੰਬੇਦਕਰ ਦੀ ਦਲੀਲ ਇਹ ਸੀ ਕਿ ਹਿੰਦੂਆਂ ਦੇ ਦ੍ਰਿਸ਼ਟੀਕੋਣ ਤੋਂ ਇਹ ਬਿਹਤਰੀਨ ਫੈਸਲਾ ਸੀ। ਅਪ੍ਰੈਲ ਵਿਚ ਅੰਮ੍ਰਿਤਸਰ ਵਿਚ ਸਿੱਖ ਮਿਸ਼ਨਰੀ ਕਾਨਫਰੰਸ ਵਿਚ ਹਿੱਸਾ ਲੈਣ ਪਿੱਛੋਂ ਅੰਬੇਦਕਰ ਨੇ ਮਈ ਵਿਚ ਆਪਣੇ ਪੁੱਤਰ ਯਸ਼ਵੰਤ ਰਾਓ ਅਤੇ ਭਤੀਜੇ ਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਗੱਲਬਾਤ ਕਰਨ ਲਈ ਦਰਬਾਰ ਸਾਹਿਬ ਭੇਜਿਆ ਸੀ, ਜਿਥੇ ਉਹ ਕੁਝ ਮਹੀਨੇ ਰਹੇ ਸਨ। 18 ਸਤੰਬਰ ਨੂੰ 13 ਪੈਰੋਕਾਰਾਂ ਦੇ ਇਕ ਗਰੁੱਪ ਨੂੰ 'ਸਿੱਖ ਮਿਸ਼ਨ' ਨਾਲ ਗੱਲਬਾਤ ਕਰਨ ਲਈ ਅੰਮ੍ਰਿਤਸਰ ਭੇਜਿਆ ਗਿਆ ਸੀ। ਉਦੋਂ ਇਹ ਗੱਲ ਸਿਰੇ ਚੜ੍ਹ ਗਈ ਸੀ ਕਿ ਜਿਹੜੀਆਂ ਪਛੜੀਆਂ ਜਾਤੀਆਂ ਸਿੱਖ ਧਰਮ ਅਪਨਾਉਣਗੀਆਂ ਉਹਨਾਂ ਦੇ ਲਾਭ ਲਈ ਸਿੱਖ ਮਿਸ਼ਨ ਵਲੋਂ ਬੰਬਈ ਵਿਚ ਇਕ ਕਾਲਜ ਖੋਲ੍ਹਿਆ ਜਾਏਗਾ।

ਅੰਬੇਦਕਰ ਦੇ ਪ੍ਰੋਗਰਾਮ ਵਿਚ ਤਬਦੀਲੀ ਦਾ ਇਕ ਕਾਰਨ "ਅਛੂਤ ਏਕਤਾ ਵਿਚ ਤਰੇੜਾਂ" ਬਾਰੇ ਉਸ ਦੀ ਚਿੰਤਾ ਨਾਲ ਸਬੰਧਤ ਵੀ ਹੋ ਸਕਦਾ ਹੈ। ਐਮ.ਐਸ. ਗੋਰੇ ਅਨੁਸਾਰ ਅੰਬੇਦਕਰ ਇਸ ਬਾਰੇ ਬੜਾ ਫਿਕਰਮੰਦ ਸੀ ਕਿ ਮਾਂਗ ਭਾਈਚਾਰਾ ਉਸ ਦੇ ਸੁਝਾਅ ਪ੍ਰਤੀ ਠੰਢਾ ਵਤੀਰਾ ਰੱਖਦਾ ਸੀ। ਇਸ ਸਥਿਤੀ ਵਿਚ ਅੰਬੇਦਕਰ ਨੇ ਇਹੀ ਮੁਨਾਸਬ ਸਮਝਿਆ ਕਿ ਧਰਮ ਬਦਲੀ ਦਾ ਮਾਮਲਾ ਭਵਿੱਖ ਉਤੇ ਛੱਡ ਦਿੱਤਾ ਜਾਏ। ਕੀਰ ਦੀ ਸਮਝ ਇਹ ਜਾਪਦੀ ਹੈ ਕਿ ਧਰਮ ਬਦਲੀ ਦੇ ਸੁਝਾਅ ਦੇ ਮੁਲਤਵੀ ਕੀਤੇ ਜਾਣ ਦਾ ਸਬੰਧ ਅੰਬੇਦਕਰ ਦੀ ਇਸ ਚਿੰਤਾ ਨਾਲ ਸੀ ਕਿ ਸਿੱਖ ਧਰਮ ਕਬੂਲ ਕਰ ਲੈਣ ਪਿੱਛੋਂ ਦਲਿਤ ਸ਼੍ਰੇਣੀਆਂ ਦੇ ਰਾਜਨੀਤਿਕ ਸੱਤਾ ਵਿਚ ਹਿੱਸੇ ਦਾ ਕੀ ਬਣੂ। ਮਿ. ਬਾਲੀ ਜਿਹੜਾ ਅੰਬੇਦਕਰ ਦਾ ਸਰਕਰਦਾ ਕਾਰਜਕਰਤਾ, ਲੇਖਕ ਤੇ ਭੀਮ ਪੱਤਰਿਕਾ ਦਾ ਸੰਪਾਦਕ ਸੀ, ਨੇ ਇਸ ਦੇ ਵੱਖਰੇ ਕਾਰਨ ਬਿਆਨ ਕੀਤੇ ਹਨ। ਉਸ ਅਨੁਸਾਰ ਅਛੂਤ ਜਾਤੀਆਂ ਨੇ ਅੰਬੇਦਕਰ ਨੂੰ ਦੱਸ ਦਿੱਤਾ ਸੀ ਕਿ ਉਹਨਾਂ ਨੂੰ ਭਾਰੂ ਜੱਟ ਬਰਾਦਰੀ ਹੱਥੋਂ ਕਿੰਨੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਉਹਨਾਂ ਅਪੀਲ ਕੀਤੀ ਸੀ ਕਿ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਅਛੂਤ ਜਾਤੀਆਂ ਸਿੱਖ ਨਹੀਂ ਬਣਨਗੀਆਂ।

ਤਾਂ ਵੀ ਸਿੱਖ ਧਰਮ ਅਖਤਿਆਰ ਕਰਨ ਦੇ ਸੁਝਾਅ ਦੀ ਅਸਫਲਤਾ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਸਿੱਖ ਰਾਜਨੀਤਿਕ ਸ਼੍ਰੇਣੀ ਇਸ ਸਾਰੇ ਮਾਮਲੇ ਬਾਰੇ ਮੁੜ ਤੋਂ ਸੋਚਣ ਪਿੱਛੋਂ ਇਸ ਦੀ ਵਿਰੋਧਤਾ ਕਰਨ ਲੱਗ ਪਈ ਹੋਵੇ। ਇਹ ਤਾਂ ਅਵੱਸ਼ ਹੀ ਹੈ ਕਿ ਸਰਕਰਦਾ ਸਿੱਖ ਆਗੂਆਂ ਨੇ ਸੋਚਿਆ ਹੋਵੇਗਾ ਕਿ 6 ਕਰੋੜ ਅਛੂਤਾਂ ਦੇ ਸਿੱਖ ਬਣਨ ਪਿੱਛੋਂ ਉਹਨਾਂ ਦੀ ਲੀਡਰਸ਼ਿਪ ਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਗੁਰਦੁਆਰਿਆਂ ਵਿਚ ਉਹਨਾਂ ਦੀ ਪੁਜ਼ੀਸ਼ਨ ਦਾ ਕੀ ਬਣੇਗਾ। ਅਜਿਹਾ ਸਬੂਤ ਕਪੂਰ ਸਿੰਘ ਨੇ ਆਪਣੀ ਵਿਵਾਦਪੂਰਨ ਪੁਸਤਕ "ਸਾਚੀ ਸਾਖੀ" ਵਿਚ ਦਿੱਤਾ ਹੈ। ਉਸ ਅਨੁਸਾਰ ਅਜਿਹੇ ਤੌਖਲੇ ਮਹਿਸੂਸ ਕੀਤੇ ਜਾ ਰਹੇ ਸਨ ਕਿ ਜਿਵੇਂ ਹੀ ਅੰਬੇਦਕਰ ਆਪਣੇ ਪੈਰੋਕਾਰਾਂ ਸਮੇਤ ਸਿੱਖ ਬਣ ਗਿਆ ਤਾਂ ਬਲਦੇਵ ਸਿੰਘ ਜਿਹੇ ਉਸ ਸਮੇਂ ਦੇ ਆਗੂਆਂ ਵਿਚੋਂ ਕੋਈ ਵੀ ਸਿੱਖ ਭਾਈਚਾਰੇ ਦੇ ਪ੍ਰਤੀਨਿਧ ਵਜੋਂ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਵਿਚ ਨਾਮਜ਼ਦ ਨਹੀਂ ਹੋ ਸਕੇਗਾ। ਮਾਸਟਰ ਤਾਰਾ ਸਿੰਘ ਤੇ ਉਸ ਦੇ ਸਮਰਥਕਾਂ ਨੂੰ ਸਿੱਖ ਭਾਈਚਾਰੇ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਆਪਣੀ ਤੇ ਹੋਰ ਆਗੂਆਂ ਦੀ ਪੁਜ਼ੀਸ਼ਨ ਬਾਰੇ ਸੋਚੀਂ ਪਾ ਦਿੱਤਾ ਹੋਵੇਗਾ।

ਕਪੂਰ ਸਿੰਘ ਨੇ ਇਕ ਕਹਾਣੀ ਬਿਆਨ ਕੀਤੀ ਹੈ, ਜਿਹੜੀ ਅਕਾਲੀ ਲੀਡਰ ਇੰਦਰ ਸਿੰਘ ਕਰਵਲ ਐਡਵੋਕੇਟ ਨੇ ਸਤੰਬਰ 1964 ਵਿਚ ਪੰਜਾਬ ਹਾਈਕੋਰਟ ਦੇ ਬਾਰ ਰੂਮ ਵਿਚ ਐਡਵੋਕੇਟਾਂ ਦੇ ਛੋਟੇ ਜਿਹੇ ਇਕੱਠ ਵਿਚ ਸੁਣਾਈ ਸੀ। ਉਸ ਨੇ ਦੱਸਿਆ ਸੀ ਕਿ ਅਕਾਲੀ ਆਗੂਆਂ ਤੇ ਅੰਬੇਦਕਰ ਵਿਚਾਲੇ ਮਤਭੇਦਾਂ ਪਿੱਛੋਂ ਜਦ ਛੇ ਕਰੋੜ ਅਛੂਤਾਂ ਨੇ ਸਿੱਖ ਧਰਮ ਅਪਨਾਉਣ ਦਾ ਫੈਸਲਾ ਖੁੱਲ੍ਹੇ ਆਮ ਤਿਆਗ ਦਿੱਤਾ ਤਾਂ ਉਸ ਨੇ ਆਪਣੇ ਗਵਾਂਢੀ ਹਰਨਾਮ ਸਿੰਘ ਝੱਲਾ ਐਡਵੋਕੇਟ (ਹਾਈਕੋਰਟ ਦੇ ਜੱਜ), ਜਿਹੜਾ ਉਸ ਸਮੇਂ ਸਿਰਕੱਢ ਅਕਾਲੀ ਲੀਡਰ ਹੁੰਦਾ ਸੀ, ਤੋਂ 'ਇਸ ਦੁਖਾਂਤ' ਦੇ ਅਸਲ ਕਾਰਨਾਂ ਬਾਰੇ ਪੁੱਛਿਆ ਸੀ ਤਾਂ

***ਹਰੇ ਇਨਕਲਾਬ ਨੇ ਆਮ ਤੌਰ 'ਤੇ ਜੱਟ ਭੂਮੀ ਮਾਲਕ ਸ਼੍ਰੇਣੀ ਦੇ ਆਰਥਿਕ ਤੇ ਰਾਜਨੀਤਿਕ ਗ਼ਲਬੇ ਨੂੰ ਵਧਾਉਣ ਵਿਚ ਹਿੱਸਾ ਪਾਇਆ, ਜਦ ਕਿ ਸਮਾਜੀ ਨਾ-ਬਰਾਬਰੀਆਂ ਦਾ ਪਾੜਾ ਹੋਰ ਵਧ ਗਿਆ। ਹਾਲਤ ਸੁਧਰ ਸਕਦੀ ਸੀ, ਜੇ ਭੂਮੀ ਸੁਧਾਰ ਲਾਗੂ ਹੋ ਸਕਦੇ। ਪਰ ਧਨੀ ਭੂਮੀ ਮਾਲਕ ਜੱਟਾਂ ਦੀ ਰਾਜਨੀਤਿਕ ਚੌਧਰ ਦੇ ਹੁੰਦਿਆਂ ਭੂਮੀ ਸੁਧਾਰਾਂ ਦੀ ਨੀਤੀ ਦਾ ਅਸਫਲ ਹੋਣਾ ਲਾਜ਼ਮੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਉਤੇ 1962 ਤੋਂ ਤੁਰੇ ਆ ਰਹੇ ਜੱਟ ਦਲਿਤਾਂ ਵਲੋਂ ਆਪਣੀ ਰਾਜਨੀਤਿਕ ਹੋਂਦ ਮੰਨਵਾਉਣ ਦੇ ਉਪਰਾਲਿਆਂ, ਜਨ ਕਲਿਆਣ ਕਾਰਜਾਂ ਤੇ ਵਿਦਿਅਕ ਪਸਾਰ ਦੇ ਸਿੱਟੇ ਵਜੋਂ ਜਿਹੜੀਆਂ ਬਹੁਤ ਸਾਰੀਆਂ ਤਬਦੀਲੀਆਂ ਆਈਆਂ, ਉਹ ਪ੍ਰਤੱਖ ਹੀ ਹਨ। ਪਰ ਇਸ ਦੇ ਕਾਰਨ ਖਿਚਾਅ 'ਤੇ ਟਕਰਾਅ ਵੀ ਵਧੇ ਹਨ। ਦਲਿਤ ਔਰਤਾਂ ਉੱਤੇ ਜਿਨਸੀ ਜਬਰ, ਜਿਸ ਨੂੰ 10 ਸਾਲ ਪਹਿਲਾਂ ਆਮ ਗੱਲ ਸਮਝਿਆ ਜਾਂਦਾ ਸੀ, ਹੁਣ ਅਕਸਰ ਹਾਲਤਾਂ ਵਿਚ ਵੰਗਾਰਿਆ ਜਾਣ ਲੱਗਾ ਹੈ। ਜਿਹੜੇ ਅਧਿਐਨ ਲੋਕਾਂ ਵਿਚ ਜਾ ਕੇ ਕੀਤੇ ਗਏ ਹਨ ਅਤੇ ਜਿਹੜੇ ਸਰਵੇਖਣ ਤੇ ਮੁਲਾਕਾਤਾਂ ਇਸ ਲੇਖਕ ਨੇ ਕੀਤੀਆਂ ਹਨ, ਉਹਨਾਂ ਤੋਂ ਸਿੱਖ ਭਾਈਚਾਰੇ ਵਿਚ ਅਨੁਸੂਚਿਤ ਜਾਤੀਆਂ ਦੀ ਵਰਤਮਾਨ ਸਥਿਤੀ ਤੇ ਜੀਵਨ-ਹਾਲਤਾਂ ਬਾਰੇ ਉਪਰੋਕਤ ਨਿਰੀਖਣਾਂ ਦੀ ਮੋਟੇ ਤੌਰ 'ਤੇ ਪੁਸ਼ਟੀ ਹੁੰਦੀ ਹੈ। ਇੰਦਰਪਾਲ ਸਿੰਘ ਨੇ ਇਕ ਸਿੱਖ ਪਿੰਡ ਦੇ ਪਹਿਲੇ ਜਾਤੀ ਬਣਤਰ ਅਧਿਐਨ ਵਿਚ ਦੇਖਿਆ ਹੈ ਕਿ "ਬਹੁਤੀਆਂ ਸਿੱਖ ਕਦਰਾਂ ਜੱਟ ਕਦਰਾਂ ਹਨ ਅਤੇ ਜੱਟ ਦਾਅਵੇ ਨਾਲ ਆਖਦੇ ਹਨ ਕਿ ਸਿੱਖ ਜਾਤੀਆਂ ਵਿਚ ਉਹਨਾਂ ਦਾ ਦਰਜਾ ਸਭ ਤੋਂ ਉੱਚਾ ਹੈ।" ਉਂਝ ਤਾਂ ਭਾਰਤ ਦੇ ਪਿੰਡਾਂ ਵਿਚ ਵੱਖ-ਵੱਖ ਲੋਕਾਂ ਦੀ ਹੈਸੀਅਤ ਜ਼ਮੀਨ ਦੀ ਮਾਲਕੀ ਤੋਂ ਨਿਸ਼ਚਿਤ ਹੁੰਦੀ ਹੈ, ਪਰ ਉਸ ਅਨੁਸਾਰ, "ਸਿੱਖ ਪਿੰਡਾਂ ਵਿਚ ਤਾਂ ਇਸ ਦੀ ਮਹੱਤਤਾ ਹੋਰ ਵੀ ਜ਼ਿਆਦਾ ਹੈ, ਕਿਉਂਕਿ ਇਸ ਦੇ ਬਹੁਤੇ ਧਾਰਨੀ ਖੇਤੀ ਕਰਨ ਵਾਲੇ ਹਨ।"***

ਹਰਨਾਮ ਸਿੰਘ ਨੇ ਉੱਤਰ ਦਿੱਤਾ ਸੀ, "ਤੈਨੂੰ ਇਹਨਾਂ ਮਾਮਲਿਆਂ ਦੀ ਸਮਝ ਨਹੀਂ, 6 ਕਰੋੜ ਅਛੂਤਾਂ ਨੂੰ ਸਿੱਖ ਬਣਾ ਕੇ ਅਸੀਂ ਦਰਬਾਰ ਸਾਹਿਬ ਚੂਹੜਿਆਂ ਦੇ ਹਵਾਲੇ ਕਰ ਦਿੰਦੇ?"

'ਇਸ ਤਰ੍ਹਾਂ', ਕਪੂਰ ਸਿੰਘ ਨੇ ਲਿਖਿਆ ਹੈ, "6 ਕਰੋੜ ਰੰਘਰੇਟਿਆਂ, ਗੁਰੂ ਕੇ ਬੇਟਿਆਂ ਨੂੰ ਗੁਰੂ ਦੇ ਦੁਆਰੇ ਉਤੇ ਆਇਆਂ ਨੂੰ ਧੱਕਾ ਦੇ ਦਿੱਤਾ ਗਿਆ।" ਪਰ, ਉਸ ਅਨੁਸਾਰ ਮਾਮਲੇ ਦੀ ਅਸਲ ਹਕੀਕਤ ਹੋਰ ਵੀ "ਕਰੂਰ ਤੇ ਘਿਰਣਾਜਨਕ" ਹੈ। ਉਸ ਦੀ ਦਲੀਲ ਇਹ ਹੈ ਕਿ ਜਦੋਂ ਅਕਾਲੀ ਪਾਰਟੀ ਨੂੰ 6 ਕਰੋੜ ਅਛੂਤਾਂ ਦੇ ਸਿੱਖ ਭਾਈਚਾਰੇ ਵਿਚ ਦਾਖਲੇ ਦੇ ਨਿਕਲਣ ਵਾਲੇ ਪੂਰੇ ਨਤੀਜਿਆਂ ਦੀ ਸਮਝ ਪਈ ਤਾਂ ਉਹਨਾਂ ਇਸ ਹੰਗਾਮੀ ਹਾਲਤ ਨਾਲ ਨਿਪਟਣ ਲਈ ਸਰਬਸੰਮਤੀ ਨਾਲ ਇਕ ਰਣਨੀਤੀ ਉਲੀਕੀ। ਉਦੋਂ ਉਹਨਾਂ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਅੰਬੇਦਕਰ ਤੇ ਉਸਦੇ ਅਛੂਤ ਪੈਰੋਕਾਰਾਂ ਨੂੰ ਹਰ ਹਾਲਤ ਵਿਚ ਸਿੱਖ ਬਣਨ ਤੋਂ ਹਮੇਸ਼ਾ ਲਈ ਹਟਾਇਆ ਤੇ ਰੋਕ ਦਿੱਤਾ ਜਾਏ। ਮਾਸਟਰ ਤਾਰਾ ਸਿੰਘ, ਜਿਸ ਦੀ ਸਿੱਖ ਭਾਈਚਾਰੇ ਵਿਚ ਲੀਡਰਸ਼ਿਪ ਦਾਅ ਉੱਤੇ ਲੱਗੀ ਹੋਈ ਸੀ, ਨੇ ਸੁਰਜਨ ਸਿੰਘ ਨੂੰ "ਇਹਨਾਂ ਸਪੱਸ਼ਟ ਹਦਾਇਤਾਂ" ਨਾਲ ਬੰਬਈ ਭੇਜਿਆ ਸੀ ਕਿ ਉਹ ਅੰਬੇਦਕਰ ਨੂੰ ਅਕਾਲੀ ਆਗੂਆਂ ਦੀ ਸੋਚ ਤੋਂ ਬਿਨਾਂ ਕਿਸੇ ਲੁਕ ਲੁਕਾ ਤੋਂ ਚੰਗੀ ਤਰ੍ਹਾਂ ਜਾਣੂ ਕਰਾ ਦੇਣ ਤਾਂ ਜੋ ਉਹ "ਸਿੱਖ ਬਣਨ ਦਾ ਆਪਣਾ ਵਿਚਾਰ ਛੱਡ ਦੇਵੇ।" ਸੱਤਾ ਦਾ ਤਰਕ ਤੇ ਆਗੂਆਂ ਦੇ ਨਿੱਜੀ ਰਾਜਨੀਤਿਕ ਹਿਤ ਵਿਚਾਰਧਾਰਾ ਨਾਲੋਂ ਅਕਸਰ ਵਧੇਰੇ ਫੈਸਲਾਕੁੰਨ ਕਾਰਕ ਸਾਬਤ ਹੁੰਦੇ ਹਨ।

### ਸਿੱਖ ਅਨੁਸੂਚਿਤ ਜਾਤੀਆਂ ਦੀ ਕਾਨੂੰਨੀ ਮਾਨਤਾ ਲਈ ਸੰਘਰਸ਼


ਆਜ਼ਾਦੀ ਤੋਂ ਬਾਅਦ 1948 ਵਿਚ ਪੂਰਬੀ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ 22 ਦੇ 22 ਸਿੱਖ ਮੈਂਬਰਾਂ ਨੇ ਸੰਮਤੀ ਨਾਲ ਇਕ ਅਰਜ਼ਦਾਸ਼ਤ ਭੇਜੀ ਸੀ ਕਿ ਜਿਹੜੀਆਂ ਸਾਬਕਾ ਅਛੂਤ ਜਾਤੀਆਂ ਸਿੱਖ ਹੋ ਗਈਆਂ ਹਨ, ਉਹਨਾਂ ਨੂੰ ਉਹੀ ਮਾਨਤਾ ਤੇ ਅਧਿਕਾਰ ਦਿੱਤੇ ਜਾਣ, ਜਿਹੜੇ ਉਹਨਾਂ ਨੂੰ ਉਸ ਹਾਲਤ ਵਿਚ ਹਾਸਲ ਹੋਣੇ ਸਨ, ਜੇ ਉਹ ਸਿੱਖ ਨਾ ਬਣੇ ਹੋਏ ਹੁੰਦੇ। ਹਿੰਦ ਦੀ ਸੰਵਿਧਾਨਕ ਅਸੈਂਬਲੀ ਦੀ ਬੁਨਿਆਦੀ ਹੱਕਾਂ, ਘੱਟ ਗਿਣਤੀਆਂ ਆਦਿ ਬਾਰੇ ਸਲਾਹਕਾਰ ਕਮੇਟੀ ਨੂੰ ਪੇਸ਼ ਕੀਤੀ ਅਰਜ਼ਦਾਸ਼ਤ ਵਿਚ ਇਹ ਦਲੀਲ ਦਿੱਤੀ ਗਈ ਕਿ ਸਿੱਖ ਭਾਈਚਾਰੇ ਵਿਚ ਅਨੁਸੂਚਿਤ ਜਾਤੀਆਂ-ਜਿਵੇਂ ਮਜ਼੍ਹਬੀ, ਰਾਮਦਾਸੀਏ, ਕਬੀਰਪੰਥੀ, ਬੌਰੀਏ, ਸਪੇਰੇ ਤੇ ਸਿਕਲੀਗਰ - ਉਸੇ ਵਿਰਵੇਪਨ ਦਾ ਸ਼ਿਕਾਰ ਹਨ, ਜਿਸ ਤਰ੍ਹਾਂ (ਹਿੰਦੂ) ਅਨੁਸੂਚਿਤ ਜਾਤੀਆਂ ਦੇ ਮੈਂਬਰ। ਇਸ ਲਈ ਇਹਨਾਂ ਨੂੰ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਕੀਤਾ ਜਾਏ। ਸੰਵਿਧਾਨਕ ਅਸੈਂਬਲੀ ਵਿਚ ਸਲਾਹਕਾਰ ਕਮੇਟੀ ਦੀ ਰਿਪੋਰਟ ਪੇਸ਼ ਕਰਦਿਆਂ ਇਸ ਦੇ ਚੇਅਰਮੈਨ ਵੱਲਭ ਭਾਈ ਪਟੇਲ ਨੇ ਸਪੱਸ਼ਟ ਕੀਤਾ ਸੀ :

"ਹਕੀਕਤ ਵਿਚ ਅਸਲੀਅਤ ਇਹ ਹੈ ਕਿ (ਸਿੱਖ ਬਣ ਚੁੱਕੇ) ਇਹ ਲੋਕ ਅਨੁਸੂਚਿਤ ਜਾਤੀਆਂ ਨਹੀਂ ਆਖੇ ਜਾ ਸਕਦੇ, ਕਿਉਂਕਿ, ਸਿੱਖ ਧਰਮ ਵਿਚ ਛੂਤ ਛਾਤ ਜਿਹੀ ਜਾਂ ਜਾਤੀਆਂ ਦੀ ਵੰਡ ਜਿਹੀ ਕੋਈ ਗੱਲ ਹੈ ਹੀ ਨਹੀਂ...ਇਸ ਲਈ ਜਦੋਂ ਇਹ ਤਜਵੀਜ਼ਾਂ ਸਾਡੇ ਸਾਹਮਣੇ ਲਿਆਂਦੀਆਂ ਗਈਆਂ, ਮੈਂ ਉਹਨਾਂ ਨੂੰ ਬੜਾ ਜ਼ੋਰ ਦੇ ਕੇ ਕਿਹਾ ਕਿ ਤੁਸੀਂ ਆਪਣੇ ਧਰਮ ਨੂੰ ਏਨੀ ਨੀਵੀਂ ਪੱਧਰ ਤੱਕ ਨਾ ਲੈ ਕੇ ਜਾਓ ਕਿ ਕੁਝ ਰਿਆਇਤਾਂ ਦੀ ਪੋਟਲੀ ਲਈ ਤੁਹਾਡੇ ਧਰਮ ਦਾ ਤੱਤ ਹੀ ਖ਼ਤਮ ਹੋ ਜਾਏ। ਪਰ ਉਹ ਮੰਨੇ ਨਹੀਂ।"

ਕਮੇਟੀ ਨੇ ਸਿਫਾਰਸ਼ ਕੀਤੀ "ਸਿੱਖ ਕਮਿਊਨਿਟੀ ਦੇ ਆਗੂਆਂ ਵਲੋਂ ਕੀਤੀ ਗਈ, ਇਹ ਬੇਨਤੀ ਮੰਨ ਲਈ ਜਾਏ ਕਿ ਮਜ਼੍ਹਬੀਆਂ, ਰਾਮਦਾਸੀਆਂ, ਬਾਜ਼ੀਗਰਾਂ ਤੇ ਸਿਕਲੀਗਰਾਂ ਨੂੰ ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਜਾਏ।" ਪਟੇਲ ਨੇ ਅੱਗੇ ਹੋਰ ਕਿਹਾ :

"ਮੈਂ ਮੰਨਦਾ ਹਾਂ ਕਿ ਇਹ ਇਕ ਰਿਆਇਤ ਹੈ (ਪਰ) ਇਹ ਸਿੱਖਾਂ ਦੇ ਆਪਣੇ ਹਿੱਤ ਵਿਚ ਕੋਈ ਚੰਗੀ ਗੱਲ ਨਹੀਂ। ਪਰ ਜਦ ਸਿੱਖ ਇਹ ਨਹੀਂ ਮੰਨਦੇ ਕਿ ਉਹ ਗਲਤ ਹੈ, ਮੈਂ ਉਹਨਾਂ ਨੂੰ ਏਨੀ ਕੁ ਛੋਟ ਦੇ ਦੇਣਾ ਚਾਹੁੰਗਾ।"

1953 ਵਿਚ ਪੰਜਾਬੀ ਸੂਬੇ ਦੀ ਮੰਗ ਉਠਾਏ ਜਾਣ ਤੋਂ ਬਾਅਦ ਮਾਸਟਰ ਤਾਰਾ ਸਿੰਘ ਨੇ ਤੇ ਅਕਾਲੀ ਦਲ ਨੇ ਕਿਹਾ ਕਿ ਸਿੱਖ ਧਰਮ ਅਪਨਾ ਚੁੱਕੀਆਂ ਸਾਰੀਆਂ ਅਛੂਤ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਦਰਜ ਕੀਤਾ ਜਾਵੇ। ਰਾਜਨੀਤਿਕ ਦਰਸ਼ਕਾਂ ਨੇ ਇਸ ਮੰਗ ਨੂੰ "ਵਡੇਰੀ ਰਾਜਨੀਤਿਕ ਖੇਡ ਦਾ ਹਿੱਸਾ" ਦੱਸਿਆ, ਹਾਲਾਂਕਿ



ਅਜਿਹੀਆਂ ਚਾਰ ਮੁੱਖ ਜਾਤੀਆਂ, ਜਿਹੜੀਆਂ ਸਿੱਖ ਅਛੂਤ/ਪਛੜੀਆਂ ਸ਼੍ਰੇਣੀਆਂ ਦਾ 85 ਫੀਸਦੀ ਹਿੱਸਾ ਬਣਦੀਆਂ ਸਨ, ਅਨੁਸੂਚਿਤ ਜਾਤੀਆਂ ਦੀ ਸੂਚੀ ਵਿਚ ਪਹਿਲਾਂ ਹੀ ਸ਼ਾਮਲ ਸਨ। ਫੇਰ ਵੀ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਸਾਡੀਆਂ ਸਾਰੀਆਂ ਜਾਤੀਆਂ ਨੂੰ ਸੂਚੀ ਵਿਚ ਦਰਜ ਨਾ ਕੀਤੇ ਜਾਣਾ ਇਕ ਬਹੁਤ ਵੱਡਾ ਵਿਤਕਰਾ ਹੈ ਜਿਹੜਾ, "ਸਾਡੇ ਧਰਮ ਨੂੰ ਕੁਚਲਣ ਦੀ ਇਕ ਸਾਜ਼ਸ਼ ਹੈ।"

ਮਾਸਟਰ ਤਾਰਾ ਸਿੰਘ ਨੇ ਧਮਕੀ ਦਿੱਤੀ ਕਿ ਉਹ ਮਰਨ ਵਰਤ ਰੱਖ ਦੇਣਗੇ, ਜੇ ਸਿੱਖ ਹੋ ਗਏ ਸਾਰੇ ਅਛੂਤਾਂ ਨੂੰ ਉਸੇ ਤਰ੍ਹਾਂ ਹੱਕ ਨਾ ਦਿੱਤੇ ਗਏ, ਜਿਹੜੇ ਹਿੰਦੂ ਅਛੂਤਾਂ ਨੂੰ ਹਾਸਲ ਹਨ।" ਉਹਨਾਂ 1 ਅਕਤੂਬਰ 1953 ਨੂੰ 25 ਸਿੱਖਾਂ ਦੇ ਦਿੱਲੀ ਮਾਰਚ ਦੀ ਅਗਵਾਈ ਕੀਤੀ। ਸਰਕਾਰ ਨੇ ਉਹਨਾਂ ਦੀ ਮੰਗ ਮੰਨ ਲਈ ਤੇ ਮਾਸਟਰ ਤਾਰਾ ਸਿੰਘ ਨੇ ਇਸ ਨੂੰ ਜਿੱਤ ਕਰਾਰ ਦਿੰਦਿਆਂ ਕਿਹਾ, "ਮੋਰਚਾ ਫਤਹਿ ਹੋ ਗਿਆ।" ਉਦੋਂ ਅਜਿਹੀ ਕੋਈ ਸਮੱਸਿਆ ਨਹੀਂ ਸੀ, ਜਦੋਂ ਸਿੱਖਾਂ ਨੂੰ ਹਿੰਦੂਆਂ ਨਾਲੋਂ ਨਿਖੇੜਿਆ ਗਿਆ ਸੀ (ਹਮ ਹਿੰਦੂ ਨਹੀਂ) ਕਿਉਂਕਿ ਉਹ ਹਿੰਦੂ ਜਾਤੀ ਵੰਡ ਪ੍ਰਣਾਲੀ ਵਿਚ ਯਕੀਨ ਨਹੀਂ ਸਨ ਰੱਖਦੇ। ਹੁਣ ਦੋਹਾਂ ਧਾਰਮਿਕ ਭਾਈਚਾਰਿਆਂ ਵਿਚ ਇਸ ਕਿਸਮ ਦੇ ਮਾਮੂਲੀ ਨਿਖੇੜੇ ਨੂੰ ਵੀ ਆਪਣੇ ਆਪ ਵਿਚ ਸਿੱਖਾਂ ਵਿਰੁਧ ਵਿਤਕਰਾ ਸਮਝਿਆ ਜਾ ਰਿਹਾ ਸੀ। ਸਿੱਖ ਆਗੂ "ਸਿੱਖ ਸਮਾਜ ਲਈ ਅਜਿਹੀਆਂ ਸੰਵਿਧਾਨਕ ਵਿਵਸਥਾਵਾਂ ਲਈ ਜ਼ੋਰ ਦੇ ਰਹੇ ਸਨ, ਜਿਹੜੀਆਂ ਗੁਰੂ ਨਾਨਕ ਦੇਵ ਜੀ ਸਾਂਝੀਵਾਲਤਾ ਦੇ ਅਸੂਲਾਂ ਲਈ ਅਪਮਾਨ ਸਨ...ਇਹ ਗੱਲ ਬੜੀ ਹਾਸੋਹੀਣੀ ਜਾਪੇਗੀ, ਪਰ ਹਿੰਦ ਦਾ ਸੰਵਿਧਾਨ ਤਿਆਰ ਕਰਨ ਵਿਚ ਅਕਾਲੀ ਆਗੂਆਂ ਦਾ ਮੁੱਖ ਯੋਗਦਾਨ ਏਨਾ ਕੁ ਹੀ ਸੀ, ਜਿਹੜੇ ਅਸੂਲ ਸਿੱਖਾਂ ਨੂੰ ਇਕ ਨਿਖੜਵੇਂ ਧਾਰਮਿਕ ਭਾਈਚਾਰੇ ਵਜੋਂ ਚਰਿੱਤਰ ਸਥਾਨ ਦਿੰਦੇ ਸਨ, ਉਹਨਾਂ ਅਸੂਲਾਂ ਨੂੰ ਤਿਆਗ ਕੇ ਸਿੱਖਾਂ ਨੂੰ ਮੁੜ ਤੋਂ ਹਿੰਦੂ ਸਮਾਜ ਦੀ ਜਾਤੀ ਵੰਡ ਪ੍ਰਣਾਲੀ ਵਲ ਧੱਕ ਦਿੱਤਾ ਗਿਆ।

### ਧਾਰਮਿਕ ਸਥਾਨਾਂ ਦੇ ਪ੍ਰਬੰਧ ਵਿਚ ਰਿਜ਼ਰਵੇਸ਼ਨ

ਸਿੱਖ ਅਨੁਸੂਚਿਤ ਜਾਤੀਆਂ ਲਈ ਰਿਜ਼ਰਵੇਸ਼ਨ ਦਾ "ਅਸਲੀ ਵਿਚਾਰ" ਸੈਕੂਲਰ ਖੇਤਰ ਤੱਕ ਹੀ ਸੀਮਤ ਨਹੀਂ ਰਿਹਾ। ਪੰਜਾਬ ਸਿੱਖ ਗੁਰਦਵਾਰਾ ਐਕਟ, 1925 ਵਿਚ ਤਰਮੀਮ 1953 ਵਿਚ ਕੀਤੀ ਗਈ, ਜਿਸ ਰਾਹੀਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ 140 ਸੀਟਾਂ ਵਿਚੋਂ 20 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰੱਖਣ ਦੀ ਵਿਵਸਥਾ ਕੀਤੀ ਗਈ ਸੀ। ਇਸ ਤੋਂ ਇਲਾਵਾ ਇਹ ਪ੍ਰਥਾ ਵੀ ਅਪਣਾਈ ਗਈ ਕਿ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦਾ ਇਕ ਜੂਨੀਅਰ ਮੀਤ ਪ੍ਰਧਾਨ ਅਨੁਸੂਚਿਤ ਜਾਤੀਆਂ ਵਿਚੋਂ ਹੋਇਆ ਕਰੇਗਾ। ਜਿਨ੍ਹਾਂ ਨੋਟੀਫਾਈਡ ਗੁਰਦਵਾਰਿਆਂ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਕਮੇਟੀ ਦੇ ਅਧੀਨ ਨਹੀਂ ਉਹਨਾਂ ਦੇ ਸਬੰਧ ਵਿਚ ਇਹ ਵਿਵਸਥਾ ਕੀਤੀ ਗਈ ਕਿ ਪੰਜ ਮੈਂਬਰੀ ਲੋਕਲ ਕਮੇਟੀ ਦਾ ਇਕ ਮੈਂਬਰ ਅਨੁਸੂਚਿਤ ਜਾਤੀਆਂ ਵਿਚੋਂ ਚੁਣਿਆ ਜਾਇਆ ਕਰੇਗਾ। ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਅਨੁਸੂਚਿਤ ਜਾਤੀਆਂ ਦੀ ਪ੍ਰਤੀਨਿਧਤਾ ਦੇਖਣ ਨੂੰ ਸਾਰਥਕ ਅਸੂਲ ਦੀ ਪੁਸ਼ਟੀ ਕਰਦੀ ਸੀ। ਪਰ ਅਮਲੀ ਰੂਪ ਵਿਚ ਇਹ ਸਿੱਖ ਧਰਮ ਵਿਚ ਤੇ ਸਿੱਖ ਭਾਈਚਾਰੇ ਦੇ ਧਾਰਮਿਕ ਮਾਮਲਿਆਂ ਦੇ ਪ੍ਰਬੰਧ ਵਿਚ ਹੇਠਲੀਆਂ ਜਾਤੀਆਂ ਦੀ ਮੌਜੂਦਗੀ ਨੂੰ ਵਿਧੀਵਤ ਮਾਨਤਾ ਦੇਣ ਦੇ ਤੁਲ ਸੀ।

### ਸਿੱਖ ਭਾਈਚਾਰੇ ਵਿਚ ਦਲਿਤਾਂ ਦੀ ਵਰਤਮਾਨ ਸਥਿਤੀ

ਹਰੇ ਇਨਕਲਾਬ ਨੇ ਆਮ ਤੌਰ 'ਤੇ ਜੱਟ ਭੂਮੀ ਮਾਲਕ ਸ਼੍ਰੇਣੀ ਦੇ ਆਰਥਿਕ ਤੇ ਰਾਜਨੀਤਿਕ ਗ਼ਲਬੇ ਨੂੰ ਵਧਾਉਣ ਵਿਚ ਹਿੱਸਾ ਪਾਇਆ, ਜਦ ਕਿ ਸਮਾਜੀ ਨਾ-ਬਰਾਬਰੀਆਂ ਦਾ ਪਾੜਾ ਹੋਰ ਵਧ ਗਿਆ। ਹਾਲਤ ਸੁਧਰ ਸਕਦੀ ਸੀ, ਜੇ ਭੂਮੀ ਸੁਧਾਰ ਲਾਗੂ ਹੋ ਸਕਦੇ। ਪਰ ਧਨੀ ਭੂਮੀ ਮਾਲਕ ਜੱਟਾਂ ਦੀ ਰਾਜਨੀਤਿਕ ਚੌਧਰ ਦੇ ਹੁੰਦਿਆਂ ਭੂਮੀ ਸੁਧਾਰਾਂ ਦੀ ਨੀਤੀ ਦਾ ਅਸਫਲ ਹੋਣਾ ਲਾਜ਼ਮੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਉਤੇ 1962 ਤੋਂ ਤੁਰੇ ਆ ਰਹੇ ਜੱਟ ਦਲਿਤਾਂ ਵਲੋਂ ਆਪਣੀ ਰਾਜਨੀਤਿਕ ਹੋਂਦ ਮੰਨਵਾਉਣ ਦੇ ਉਪਰਾਲਿਆਂ, ਜਨ ਕਲਿਆਣ ਕਾਰਜਾਂ ਤੇ ਵਿਦਿਅਕ ਪਸਾਰ ਦੇ ਸਿੱਟੇ ਵਜੋਂ ਜਿਹੜੀਆਂ ਬਹੁਤ ਸਾਰੀਆਂ ਤਬਦੀਲੀਆਂ ਆਈਆਂ, ਉਹ ਪ੍ਰਤੱਖ ਹੀ ਹਨ। ਪਰ ਇਸ ਦੇ ਕਾਰਨ ਖਿਚਾਅ 'ਤੇ ਟਕਰਾਅ ਵੀ ਵਧੇ ਹਨ। ਦਲਿਤ ਔਰਤਾਂ ਉੱਤੇ ਜਿਨਸੀ ਜਬਰ, ਜਿਸ ਨੂੰ 10 ਸਾਲ ਪਹਿਲਾਂ ਆਮ ਗੱਲ ਸਮਝਿਆ ਜਾਂਦਾ ਸੀ, ਹੁਣ ਅਕਸਰ ਹਾਲਤਾਂ ਵਿਚ ਵੰਗਾਰਿਆ ਜਾਣ ਲੱਗਾ ਹੈ। ਜਿਹੜੇ ਅਧਿਐਨ ਲੋਕਾਂ ਵਿਚ ਜਾ ਕੇ ਕੀਤੇ ਗਏ ਹਨ ਅਤੇ ਜਿਹੜੇ ਸਰਵੇਖਣ ਤੇ ਮੁਲਾਕਾਤਾਂ ਇਸ ਲੇਖਕ ਨੇ ਕੀਤੀਆਂ ਹਨ, ਉਹਨਾਂ ਤੋਂ ਸਿੱਖ ਭਾਈਚਾਰੇ ਵਿਚ ਅਨੁਸੂਚਿਤ ਜਾਤੀਆਂ ਦੀ ਵਰਤਮਾਨ ਸਥਿਤੀ ਤੇ ਜੀਵਨ-ਹਾਲਤਾਂ ਬਾਰੇ ਉਪਰੋਕਤ ਨਿਰੀਖਣਾਂ ਦੀ ਮੋਟੇ ਤੌਰ 'ਤੇ ਪੁਸ਼ਟੀ ਹੁੰਦੀ ਹੈ। ਇੰਦਰਪਾਲ ਸਿੰਘ ਨੇ ਇਕ ਸਿੱਖ ਪਿੰਡ ਦੇ ਪਹਿਲੇ ਜਾਤੀ ਬਣਤਰ ਅਧਿਐਨ ਵਿਚ ਦੇਖਿਆ ਹੈ ਕਿ "ਬਹੁਤੀਆਂ ਸਿੱਖ ਕਦਰਾਂ ਜੱਟ ਕਦਰਾਂ ਹਨ ਅਤੇ ਜੱਟ ਦਾਅਵੇ ਨਾਲ ਆਖਦੇ ਹਨ ਕਿ ਸਿੱਖ ਜਾਤੀਆਂ ਵਿਚ ਉਹਨਾਂ ਦਾ ਦਰਜਾ ਸਭ ਤੋਂ ਉੱਚਾ ਹੈ।" ਉਂਝ ਤਾਂ ਭਾਰਤ ਦੇ ਪਿੰਡਾਂ ਵਿਚ ਵੱਖ-ਵੱਖ ਲੋਕਾਂ ਦੀ ਹੈਸੀਅਤ ਜ਼ਮੀਨ ਦੀ ਮਾਲਕੀ ਤੋਂ ਨਿਸ਼ਚਿਤ ਹੁੰਦੀ ਹੈ, ਪਰ ਉਸ ਅਨੁਸਾਰ, "ਸਿੱਖ ਪਿੰਡਾਂ ਵਿਚ ਤਾਂ ਇਸ ਦੀ ਮਹੱਤਤਾ ਹੋਰ ਵੀ ਜ਼ਿਆਦਾ ਹੈ, ਕਿਉਂਕਿ ਇਸ ਦੇ ਬਹੁਤੇ ਧਾਰਨੀ ਖੇਤੀ ਕਰਨ ਵਾਲੇ ਹਨ।" ਪਿੰਡ ਦੇ ਪੱਧਰ ਉੱਤੇ ਇਸ ਦਾ ਪ੍ਰਗਟਾਵਾ ਕਈ ਢੰਗਾਂ ਨਾਲ ਹੁੰਦਾ ਹੈ। ਦਲਿਤ ਸ਼੍ਰੇਣੀ ਨਾਲ ਸਬੰਧਤ ਇਕ ਵਿਅਕਤੀ ਨੇ ਹੇਠਲੀਆਂ ਸ਼੍ਰੇਣੀਆਂ ਵਿਚ ਕਮਿਊਨਿਸਟਾਂ ਨੂੰ ਹਮਾਇਤ ਹਾਸਲ ਨਾ ਹੋਣ ਦਾ ਇਹ ਸਰਲ ਕਾਰਨ ਬਿਆਨ ਕੀਤਾ ਹੈ। ਦਲਿਤਾਂ ਦੇ ਮੂੰਹੋਂ ਜਿਹੜੀ ਗੱਲ ਅਕਸਰ ਸੁਣੀ ਜਾਂਦੀ ਹੈ ਉਹ ਇਹ ਹੈ : "ਜਦੋਂ ਕੋਈ ਕਹਿੰਦਾ ਹੈ ਕਿ ਮੈਂ ਜੱਟ ਹਾਂ ਤਾਂ ਉਸ ਦੀ ਹਿੱਕ ਮਾਣ ਨਾਲ ਫੁੱਲ ਜਾਂਦੀ ਹੈ। ਜਦ ਸਾਡੇ ਵਿਚੋਂ ਕੋਈ ਕਹਿੰਦਾ ਹੈ ਮੈਂ ਚਮਾਰ ਹਾਂ ਤਾਂ ਅਸੀਂ ਸੁੰਗੜ ਕੇ ਸਿਫਰ ਹੋ ਜਾਂਦੇ ਹਾਂ।"

ਹਿੰਦੂ ਮੰਦਰਾਂ ਨਾਲੋਂ ਨਿਖੜਵੇਂ ਤੌਰ 'ਤੇ ਵੱਖਰੀ ਗੱਲ ਇਹ ਹੈ ਕਿ ਸਿੱਖਾਂ ਵਿਚ ਅਜਿਹੇ ਗ੍ਰੰਥੀਆਂ ਦੀ ਗਿਣਤੀ ਵਰਨਣਯੋਗ ਹੈ, ਜਿਹੜੇ ਮਜ਼ਹਬੀ ਜਾਂ ਰਾਮਦਾਸੀਏ ਜਾਤੀਆਂ ਵਿਚੋਂ ਹਨ। ਅਜਿਹੀ ਤਬਦੀਲੀ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਗਈ ਸੀ, ਜਿਸ ਦਾ ਜ਼ਿਕਰ ਗਿਆਨੀ ਪ੍ਰਤਾਪ ਸਿੰਘ ਨੇ 1933 ਵਿਚ ਕੀਤਾ ਸੀ। ਗੁਰਦਵਾਰਿਆਂ ਵਿਚ ਹੇਠਲੀਆਂ ਸ਼੍ਰੇਣੀਆਂ ਦੇ ਲੋਕਾਂ ਦੇ ਦਾਖਲੇ ਉਤੇ ਕੋਈ ਪਾਬੰਦੀ ਨਹੀਂ ਸੀ। ਆਮ ਤੌਰ 'ਤੇ 80 ਤੋਂ 90 ਫੀਸਦੀ ਸਿੱਖ ਸਮਝਦੇ ਹਨ, ਇਸ ਪੱਖੋਂ ਕੋਈ ਵਿਤਕਰਾ ਨਹੀਂ। ਤਾਂ ਵੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ 30 ਤੋਂ 35 ਫੀਸਦੀ ਲੋਕਾਂ ਨੂੰ ਇਸ ਗੱਲੋਂ ਹੇਠੀ ਦੀ ਭਾਵਨਾ ਹੁੰਦੀ ਹੈ ਕਿ ਉਚੀਆਂ ਸ਼੍ਰੇਣੀਆਂ ਦੇ ਸਿੱਖ ਆਪਣੇ ਗੁਰਦਵਾਰਿਆਂ ਵਿਚ ਉਹਨਾਂ ਦਾ ਆਉਣਾ ਪਸੰਦ ਨਹੀਂ ਕਰਦੇ। ਹੇਠਲੀਆਂ ਸ਼੍ਰੇਣੀਆਂ ਦੇ ਲੋਕਾਂ ਨੇ ਗੱਲਬਾਤ ਵਿਚ ਅਪਮਾਨਤ ਕੀਤੇ ਜਾਣ ਦੀਆਂ ਮਿਸਾਲਾਂ ਦਿੰਦਿਆਂ ਦੱਸਿਆ ਕਿ ਉਹਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪੰਗਤ ਦੇ ਅਖ਼ੀਰ ਵਿਚ ਬੈਠਣ, ਲੰਗਰਖਾਨੇ ਤੋਂ ਬਾਹਰ ਰਹਿਣ, ਲੰਗਰ ਵਰਤਾਉਣ ਤੋਂ ਬਾਜ ਰਹਿਣ ਇਤਿਆਦਿ। ਕਈ ਹਾਲਤਾਂ ਵਿਚ ਦਲਿਤ ਲੋਕ ਪਾਠ ਰਖਵਾਉਣ ਲਈ ਜੱਟਾਂ ਦੇ ਗੁਰਦਵਾਰੇ ਵਿਚ ਗੁਰੂ ਗ੍ਰੰਥ ਸਾਹਿਬ ਵੀ ਨਹੀਂ ਲਿਜਾ ਸਕਦੇ, ਇਤਿਆਦਿ। ਨਿਹੰਗਾਂ ਦੇ ਤਰਨਾ ਦਲ, ਜਿਸ ਦੇ ਬਹੁਤੇ ਪੈਰੋਕਾਰ ਹੇਠਲੀਆਂ ਸ਼੍ਰੇਣੀਆਂ ਵਿਚੋਂ ਹੁੰਦੇ ਹਨ, ਦੇ ਮੁਖੀ ਅਜੀਤ ਸਿੰਘ ਪੂਹਲਾ ਨੇ ਪਿਛੇ ਜਿਹੇ ਗੱਲਬਾਤ ਕਰਦਿਆਂ ਦੱਸਿਆ ਕਿ "(ਜਾਤੀ ਆਧਾਰ ਉਤੇ) ਕੋਈ ਵਿਤਕਰਾ ਨਹੀਂ। ਮਜ਼੍ਹਬੀ ਤੇ ਚਮਾਰ ਘੋੜਿਆਂ ਦੀ ਸੇਵਾ ਸੰਭਾਲ, ਗਾਵਾਂ ਮੱਝਾਂ ਦਾ ਦੁੱਧ ਚੋਣ ਦੀ ਸੇਵਾ ਕਰਦੇ ਹਨ। ਇਹ ਤਾਂ ਤੁਸੀਂ ਸਮਝਦੇ ਹੀ ਹੋ, ਉਹ ਰਸੋਈਖਾਨੇ ਵਿਚ ਜਾਂ ਲੰਗਰ ਵਰਤਾਉਣ ਦੀ ਸੇਵਾ ਨਹੀਂ ਕਰ ਸਕਦੇ। ਇਹ ਵੀ ਦੁਨੀਆਦਾਰੀ ਦਾ ਹਿੱਸਾ ਹੈ। ਨਿਹੰਗ ਇਸ ਤੋਂ ਮੁਕਤ ਤਾਂ ਨਹੀਂ ਹੋ ਸਕਦੇ...ਤੁਸੀਂ ਸੰਗਤ ਦੀਆਂ ਭਾਵਨਾਵਾਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ", ਉਸ ਦੀ ਦਲੀਲ ਸੀ।

ਅਨੁਸੂਚਿਤ ਜਾਤੀਆਂ ਦੇ ਸਿੱਖਾਂ ਵਿਚ ਵਿਤਕਰੇ ਦੀ ਭਾਵਨਾ ਦੇ ਖਿਲਾਫ ਡਟਣ ਦਾ ਮਹੱਤਵਪੂਰਨ ਪ੍ਰਗਟਾਵਾ ਇਹ ਹੈ ਕਿ ਮਜ਼ਹਬੀ, ਰਵਿਦਾਸੀਏ, ਕਬੀਰਪੰਥੀ ਤੇ ਹੋਰ ਜਾਤ ਬਰਾਦਰੀਆਂ ਵਲੋਂ ਪਿੰਡਾਂ ਦੇ ਕਬਜ਼ੇ ਵਾਲੇ ਗੁਰਦਵਾਰਿਆਂ ਦੇ ਮੁਕਾਬਲੇ ਉਤੇ ਵੱਡੀ ਗਿਣਤੀ ਵਿਚ ਵੱਖਰੇ ਗੁਰਦਵਾਰੇ ਉਸਾਰੇ ਜਾ ਰਹੇ ਹਨ। ਜ਼ਿਲ੍ਹਾ ਅੰਮ੍ਰਿਤਸਰ ਦੀ ਇਕ ਤਹਿਸੀਲ ਦੇ 116 ਪਿੰਡਾਂ ਵਿਚ ਜਿਹੜਾ ਸਰਵੇਖਣ ਅਸੀਂ 2001 ਵਿਚ ਕੀਤਾ ਸੀ, ਉਸ ਅਨੁਸਾਰ 68 ਪਿੰਡਾਂ ਵਿਚ ਦਲਿਤਾਂ ਦੇ ਵੱਖਰੇ ਗੁਰਦਵਾਰੇ ਸਨ ਤੇ 75 ਪਿੰਡਾਂ ਵਿਚ ਵੱਖਰੇ ਸ਼ਮਸ਼ਾਨਘਾਟ ਸਨ। ਜੋਧਕਾ ਨੇ ਤਿੰਨਾਂ ਖੇਤਰਾਂ ਦੇ 51 ਪਿੰਡਾਂ ਵਿਚ ਕੀਤੇ ਸਰਵੇਖਣ ਪਿੱਛੋਂ ਲਿਖਿਆ ਸੀ ਕਿ "ਪਿੰਡਾਂ ਵਿਚ ਦਲਿਤਾਂ ਦੇ ਵੱਖਰੇ ਗੁਰਦਵਾਰੇ ਸਨ ਅਤੇ ਲਗਭਗ ਦੋ ਤਿਹਾਈ ਪਿੰਡਾਂ ਵਿਚ ਉਤਲੀਆਂ ਸ਼੍ਰੇਣੀਆਂ ਤੇ ਦਲਿਤਾਂ ਦੇ ਵੱਖੋ ਵੱਖਰੇ ਸ਼ਮਸ਼ਾਨਘਾਟ ਸਨ।" ਇਸ ਕਿਸਮ ਦੀ ਵੰਡ ਨੂੰ ਦਲਿਤ ਕਵੀ ਲਾਲ ਸਿੰਘ ਦਿਲ ਨੇ ਕੁਝ ਇਸ ਵੇਦਨਾ ਨਾਲ ਬਿਆਨ ਕੀਤਾ ਹੈ :

ਮੈਨੂੰ ਪਿਆਰ ਕਰਦੀਏ ਪਰ ਜਾਤ ਕੁੜੀਏ
ਸਾਡੇ ਸਕੇ ਤਾਂ ਮੁਰਦੇ ਵੀ ਨਹੀਂ ਇਕ ਥਾਂ ਜਲਾਉਂਦੇ।

ਵੱਖਰੇ ਗੁਰਦਵਾਰਿਆਂ ਦੀ ਉਸਾਰੀ ਏਨੀ ਆਮ ਗੱਲ ਹੋ ਗਈ ਸੀ ਕਿ ਜੋਧਕਾ ਇਸ ਨਤੀਜੇ ਉਤੇ ਪਹੁੰਚਿਆ ਕਿ ਅਜਿਹੀਆਂ ਉਸਾਰੀਆਂ ਦਾ ਨਾ ਤਾਂ ਪਿੰਡ ਦੀਆਂ ਭਾਰੂ ਸ਼੍ਰੇਣੀਆਂ ਵਿਰੋਧ ਕਰਦੀਆਂ ਸਨ ਤੇ ਨਾ ਹੀ ਸਿੱਖ ਭਾਈਚਾਰੇ ਦੀ ਧਾਰਮਿਕ ਐਸਟੈਬਲਿਸ਼ਮੈਂਟ।

**(ਬਾਕੀ ਅਗਲੇ ਅੰਕ 'ਚ)**

# ਜ਼ਿਲਾ ਕਪੂਰਥਲਾ ਦੀ ਅਦਾਲਤੀ ਇਮਾਰਤ ਵੇਚਣ ਦੀ ਤਿਆਰੀ



ਹਰਜਾਪ ਸਿੰਘ ਔਜਲਾ

***ਅੱਜ ਦੀ ਘੜੀ ਕਪੂਰਥਲਾ ਜ਼ਿਲ੍ਹਾ ਅਦਾਲਤ ਵਿਚ ਹਰ ਰੋਜ਼ ਹਜ਼ਾਰਾਂ ਲੋਕ ਪਹੁੰਚਦੇ ਹਨ। ਇਹ ਲੋਕ ਇਸ ਸ਼ਹਿਰ ਦੇ ਬਾਜ਼ਾਰਾਂ ਵਿਚ ਵਿਆਪਕ ਕਾਰੋਬਾਰ ਪੈਦਾ ਕਰਦੇ ਹਨ। ਇਥੇ ਬਣਾਇਆ ਜਾਣ ਵਾਲਾ ਮਿਊਜ਼ੀਅਮ ਜਾਂ ਸਟੇਟ ਆਰਕਾਈਵ ਬਹੁਤੇ ਸੈਲਾਨੀ ਨਹੀਂ ਖਿੱਚ ਸਕੇਗੀ। ਇਹ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਹਾਈਕੋਰਟ ਦੇ ਜੱਜ ਤੱਕ ਆਮ ਆਦਮੀ ਵਲੋਂ ਸਿੱਧੇ ਤੌਰ 'ਤੇ ਪਹੁੰਚ ਨਹੀਂ ਕੀਤੀ ਜਾ ਸਕਦੀ। ਜੱਜਾਂ ਤੱਕ ਪਹੁੰਚ ਵਕੀਲਾਂ ਅਤੇ ਐਟਾਰਨੀ ਦੀ ਸੰਸਥਾ ਰਾਹੀਂ ਹੀ ਹੋ ਸਕਦੀ ਹੈ। ਵਕੀਲ ਅਤੇ ਐਟਾਰਨੀ ਆਦਿ ਪੈਸੇ ਵਾਲੀਆਂ ਕਲਾਸਾਂ ਹਨ ਅਤੇ ਇਨ੍ਹਾਂ 'ਚੋਂ ਬਹੁਤਿਆਂ ਦੇ ਰਾਖਵੇਂ ਹਿੱਤ ਵੀ ਹੁੰਦੇ ਹਨ। ਪੰਜਾਬ ਦੇ ਸਾਰੇ ਅਦਾਲਤੀ ਕੰਪਲੈਕਸਾਂ ਵਿਚੋਂ ਜੇ ਕੋਈ ਸਾਂਭਣ ਵਾਲਾ ਅਦਾਲਤੀ ਕੰਪਲੈਕਸ ਹੈ ਤਾਂ ਉਹ ਕਪੂਰਥਲੇ ਦਾ ਹੀ ਹੈ। ਮੈਂ ਅਮਰੀਕਾ, ਰੂਸ ਅਤੇ ਯੂਰਪ ਵਿਚ ਵੀ ਵੇਖਿਆ ਹੈ। ਅਦਾਲਤੀ ਕੰਪਲੈਕਸ ਸਦੀਆਂ ਪੁਰਾਣੀਆਂ ਇਮਾਰਤਾਂ ਵਿਚ ਚਲ ਰਹੇ ਹਨ। ਇਨ੍ਹਾਂ ਪੁਰਾਣੀਆਂ ਇਮਾਰਤਾਂ ਦਾ ਸਹੀ ਢੰਗ ਨਾਲ ਰੱਖ-ਰਖਾਅ ਅਤੇ ਪੁਨਰ ਉਸਾਰੀ ਕੀਤੀ ਜਾਂਦੀ ਹੈ। ਸਾਡੇ ਗੁਆਂਢ ਵਿਚ, ਲਾਹੌਰ ਹਾਈਕੋਰਟ ਇਕ ਸਦੀ ਪੁਰਾਣੀ ਹੈਰੀਟੇਜ ਬਿਲਡਿੰਗ ਵਿਚ ਚੱਲ ਰਹੀ ਹੈ। ਕਿਸੇ ਨੇ ਵੀ ਉਸ ਨੂੰ ਤਬਦੀਲ ਕਰਨ ਬਾਰੇ ਨਹੀਂ ਸੋਚਿਆ। ਕਲਕੱਤਾ ਦੀ ਰਾਈਟਰਜ਼ ਬਿਲਡਿੰਗ ਇਕ ਸਦੀ ਪੁਰਾਣੀ ਹੈ।***

ਕਪੂਰਥਲਾ ਛੋਟਾ ਸ਼ਹਿਰ ਹੈ, ਜਿਹੜਾ ਕਦੀ ਬਹੁਤ ਖੂਬਸੂਰਤ ਹੁੰਦਾ ਸੀ। ਇਹ ਸ਼ਹਿਰ ਅੰਮ੍ਰਿਤਸਰ ਅਤੇ ਜਲੰਧਰ ਦੀ ਦੱਖਣ ਪੱਛਮੀ ਗੁੱਠ ਜਿਹੀ ਵਿਚ ਸਥਿਤ ਹੈ। ਕਿਉਂਕਿ ਕਪੂਰਥਲਾ ਮੁੱਖ ਜੀ.ਟੀ. ਰੋਡ ਉਪਰ ਸਥਿਤ ਨਹੀਂ ਹੈ, ਇਸੇ ਲਈ ਜਲੰਧਰ ਤੇ ਅੰਮ੍ਰਿਤਸਰ ਦੇ ਮੁਕਾਬਲੇ ਇਸ ਨੇ ਆਰਥਿਕ ਤੌਰ 'ਤੇ ਉਨਾ ਵਿਕਾਸ ਨਹੀਂ ਕੀਤਾ। ਪਰ ਕਪੂਰਥਲਾ ਦੀ ਇਹ ਵਿਲੱਖਣਤਾ ਹੈ ਕਿ ਇਸ ਕੋਲ ਪੰਜਾਬ ਦਾ ਸਭ ਤੋਂ ਪੁਰਾਣਾ ਅੰਡਰਗਰਾਊਂਡ ਸੀਵਰੇਜ ਸਿਸਟਮ ਹੈ ਅਤੇ ਇਸੇ ਤਰ੍ਹਾਂ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਵੀ। ਕਦੀ ਕਪੂਰਥਲਾ ਸ਼ਹਿਰ ਇਸ ਗੱਲ ਉੱਪਰ ਮਾਣ ਕਰ ਸਕਦਾ ਸੀ ਕਿ ਉਸ ਕੋਲ ਹਰੇ ਭਰੇ ਦਰਖ਼ਤਾਂ ਨਾਲ ਭਰਿਆ ਜ਼ਿਲ੍ਹੇ ਦਾ ਅਦਾਲਤੀ ਅਹਾਤਾ ਹੈ ਅਤੇ 24 ਘੰਟੇ ਚੱਲਣ ਵਾਲੀ ਪਾਣੀ ਦੀ ਸਪਲਾਈ ਮੌਜੂਦ ਹੈ। ਕਪੂਰਥਲਾ ਦੇ ਮਹਾਰਾਜਾ ਜਗਜੀਤ ਸਿੰਘ ਨੇ ਯੂਰਪ ਦੀ ਵਿਆਪਕ ਯਾਤਰਾ ਕੀਤੀ ਸੀ ਅਤੇ ਉਹ ਇਨ੍ਹਾਂ ਮੁਲਕਾਂ ਦੇ ਜੀਣ ਢੰਗ ਤੋਂ ਕਾਫੀ ਪ੍ਰਭਾਵਿਤ ਸੀ। ਉਹ ਇਹ ਗੱਲ ਵੀ ਜਾਣਦਾ ਸੀ ਕਿ ਕਪੂਰਥਲੇ ਦਾ ਇਕ ਵੱਖੀ ਜਿਹੀ 'ਤੇ ਸਥਿਤ ਹੋਣ ਕਾਰਨ ਇਸ ਦੇ ਆਰਥਿਕ ਵਿਕਾਸ ਦੀ ਬਹੁਤੀ ਸੰਭਾਵਨਾ ਨਹੀਂ ਹੈ। ਇਸ ਲਈ ਸਥਾਨਕ ਦੁਕਾਨਾਂ ਵਿਚ ਕੁਝ ਆਰਥਿਕ ਗਤੀਵਿਧੀ ਨੂੰ ਉਤਸ਼ਾਹਤ ਕਰਨ ਦੀ ਸੰਭਾਵਨਾ ਬਹੁਤ ਸੀਮਤ ਕਿਸਮ ਦੀ ਹੈ। ਸਥਾਨਕ ਬਾਜ਼ਾਰ ਵਿਚ ਆਰਥਿਕ ਗਤੀਵਿਧੀ ਨੂੰ ਉਤਸ਼ਾਹਤ ਕਰਨ ਲਈ ਉਸ ਨੇ ਕਪੂਰਥਲਾ ਦੇ ਸਦਰ ਬਾਜ਼ਾਰ ਦੇ ਬਿਲਕੁਲ ਨਾਲ ਖੂਬਸੂਰਤ ਕਿਸਮ ਦਾ ਆਪਣਾ ਅਦਾਲਤੀ ਕੰਪਲੈਕਸ ਉਸਾਰਿਆ। ਉਸ ਦਾ ਅਸਲ ਨਿਸ਼ਾਨਾ ਇਹ ਸੀ ਕਿ ਆਾਂਧ ਸਟੇਟ (ਨੇੜੇ ਲਖਨਊ), ਫਗਵਾੜਾ, ਸੁਲਤਾਨਪੁਰ ਲੋਧੀ, ਢਿੱਲਵਾਂ, ਵਲਟੋਹਾ, ਬੇਗੋਵਾਲ, ਭੁੰਗਾ ਅਤੇ ਹੋਰ ਥਾਵਾਂ ਤੋਂ ਆਪਣੇ ਅਦਾਲਤੀ ਕੰਮਾਂ ਕਾਰਾਂ ਲਈ ਆਉਣ ਵਾਲੇ ਲੋਕਾਂ ਨੂੰ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਸ਼ਾਮ ਦੀ ਚਾਹ ਵਗੈਰਾ ਦਾ ਪ੍ਰਬੰਧ ਸਦਰ ਬਾਜ਼ਾਰ ਵਿਚ ਹੀ ਹੋ ਜਾਵੇਗਾ, ਇਸ ਤੋਂ ਇਲਾਵਾ ਉਹ ਆਪਣੀਆਂ ਰੋਜ਼ਾਨਾ ਜ਼ਰੂਰਤਾਂ ਦੀਆਂ ਵਸਤਾਂ ਵੀ ਇਤਿਹਾਸਕ ਸਦਰ ਬਾਜ਼ਾਰ ਵਿਚੋਂ ਖਰੀਦਣਗੇ। ਉਸ ਦੀ ਇਸ ਅਮਲੀ ਪਹੁੰਚ ਨੇ ਮਨ ਇੱਛਤ ਨਤੀਜੇ ਕੱਢੇ ਅਤੇ ਸਦਰ ਬਾਜ਼ਾਰ ਵਧਣਾ ਫੁੱਲਣਾ ਸ਼ੁਰੂ ਹੋ ਗਿਆ।

ਕਪੂਰਥਲਾ ਦਾ ਇਹ ਅਦਾਲਤੀ ਕੰਪਲੈਕਸ ਕੋਈ 120 ਸਾਲ ਪਹਿਲਾਂ ਯੂਰਪੀਅਨ, ਮੁਗਲ ਅਤੇ ਰਾਜਪੂਤ ਸਟਾਈਲ ਦੇ ਆਰਕੀਟੈਕਚਰ ਦੇ ਮਿਲਗੋਭੇ ਨਾਲ ਬਣਾਇਆ ਗਿਆ ਸੀ। ਇਸ ਦੀ ਉਸਾਰੀ ਲਈ ਰੰਦੀਆਂ-ਸੰਵਾਰੀਆਂ ਅਤੇ ਪਾਲਿਸ਼ ਕੀਤੀਆਂ ਇੱਟਾਂ ਵਰਤੀਆਂ ਗਈਆਂ ਸਨ।

ਅਦਾਲਤੀ ਕੰਪਲੈਕਸ ਦੇ ਚਾਰੋਂ ਪਾਸੇ ਦਾ ਬਾਹਰੀ ਹਿੱਸਾ ਬਹੁਤ ਖੂਬਸੂਰਤ ਹੈ। ਇਥੋਂ ਤੱਕ ਕਿ ਰਾਜਸ਼ਾਹੀ ਦੇ ਸਟੇਟਾਂ ਦੇ ਖਾਤਮੇ ਅਤੇ ਪੈਪਸੂ ਦੀ ਕਾਇਮੀ ਅਤੇ ਪਿੱਛੋਂ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਇਹ ਅਦਾਲਤੀ ਕੰਪਲੈਕਸ ਕਪੂਰਥਲਾ ਦੇ ਡਿਪਟੀ ਕਮਿਸ਼ਨਰ, ਐਸ.ਐਸ.ਪੀ. ਪੁਲਿਸ, ਜ਼ਿਲ੍ਹਾ ਅਤੇ ਸੈਸ਼ਨ ਜੱਜ ਤੋਂ ਇਲਾਵਾ ਸਾਰੇ ਮੈਜਿਸਟ੍ਰੇਟਾਂ ਅਤੇ ਜੱਜਾਂ ਦੇ ਦਫਤਰਾਂ ਨੂੰ ਵੀ ਸਾਂਭਦਾ ਰਿਹਾ ਹੈ। ਪਿਛਲੇ 50 ਸਾਲਾਂ ਵਿਚ ਇਥੇ ਦੋ ਹੋਰ ਬਾਜ਼ਾਰ ਵੀ ਕਾਇਮ ਹੋ ਗਏ ਹਨ। ਇਹ ਸਾਰੇ ਬਾਜ਼ਾਰ ਇਥੇ ਹੁਣ ਚੰਗਾ ਕਾਰੋਬਾਰ ਕਰਦੇ ਹਨ ਅਤੇ ਲੋਕ ਸੋਹਣੀ ਜ਼ਿੰਦਗੀ ਜੀ ਰਹੇ ਹਨ। ਜਦੋਂ ਲੋਕ ਖੁਸ਼ ਹਨ ਤਾਂ ਤਬਾਹੀ ਅਤੇ ਅਸਥਿਰਤਾ ਦੀਆਂ ਤਾਕਤਾਂ ਇਥੇ ਮੰਡਰਾਉਣ ਲੱਗੀਆਂ ਹਨ ਅਤੇ ਅਮਨ ਅਮਾਨ ਨਾਲ ਰਹਿ ਰਹੇ ਲੋਕਾਂ ਵਿਚ ਘਬਰਾਹਟ ਪੈਦਾ ਕਰ ਰਹੀਆਂ ਹਨ। ਇਹੋ ਹੈ ਜੋ ਅਸਲ ਵਿਚ ਅੱਜਕਲ੍ਹ ਇਥੇ ਵਾਪਰ ਰਿਹਾ ਹੈ।

ਜ਼ਮੀਨ ਮਾਫੀਆ ਅਤੇ ਹੋਰ ਲੁਟੇਰੇ (ਸਿਆਸਤਦਾਨਾਂ, ਅਫਸਰਾਂ, ਵਕੀਲਾਂ, ਪ੍ਰਾਪਰਟੀ ਡੀਲਰਾਂ ਦਾ ਗਠਜੋੜ) ਨੇ ਆਪਸ ਵਿਚ ਹੱਥ ਮਿਲਾ ਲਿਆ ਹੈ ਅਤੇ ਉਹ ਇਸ ਛੋਟੇ ਸ਼ਹਿਰ ਦੇ ਆਰਥਿਕ ਤਾਣੇ-ਬਾਣੇ ਨੂੰ ਤਬਾਹ ਕਰਨ ਉੱਪਰ ਤੁਲ ਗਏ ਹਨ। ਇਸ ਸ਼ਹਿਰ ਦਾ ਕੋਈ ਵੀ ਵਿਅਕਤੀ ਨਵਾਂ ਅਦਾਲਤੀ ਕੰਪਲੈਕਸ ਨਹੀਂ ਚਾਹੁੰਦਾ। ਪਰ ਨਵੇਂ ਪ੍ਰਸ਼ਾਸਨਿਕ ਕੰਪਲੈਕਸ ਦਾ ਵਿਚਾਰ ਉਪਰੋਂ ਹੇਠਾਂ ਵਲ ਤੁਰਿਆ ਆ ਰਿਹਾ ਹੈ। ਇਹ ਤਜਵੀਜ਼ਤ ਨਵੇਂ ਅਦਾਲਤੀ ਕੰਪਲੈਕਸ ਦਾ ਪ੍ਰਾਜੈਕਟ ਸਿਰਫ ਜ਼ਮੀਨ ਮਾਫੀਏ ਅਤੇ ਰਾਜ ਪੱਧਰ ਦੇ ਪ੍ਰਾਪਰਟੀ ਡੀਲਰਾਂ ਅਤੇ ਦੱਲਿਆਂ ਨੂੰ ਹੀ ਫਾਇਦਾ ਪਹੁੰਚਾਏਗਾ। ਕੁਝ ਪ੍ਰਭਾਵਸ਼ਾਲੀ ਲੋਕਾਂ ਦੀ ਉਸ ਥਾਂ ਦੇ ਲਾਗੇ ਜ਼ਮੀਨ ਹੈ, ਜਿਥੇ ਨਵਾਂ ਜੁਡੀਸ਼ੀਅਲ ਅਤੇ ਪ੍ਰਸ਼ਾਸਨਿਕ ਕੰਪਲੈਕਸ ਉਸਾਰਿਆ ਜਾਣਾ ਹੈ। ਕੁਝ ਹੋਰ ਲੋਕ ਵੀ ਇਥੇ ਆਪਣੀ ਜਾਇਦਾਦ ਵੇਚ ਦੇਣਗੇ ਅਤੇ ਪਿੰਡਾਂ ਦੀ ਜ਼ਮੀਨ ਸਸਤੇ ਰੇਟਾਂ 'ਤੇ ਖਰੀਦਣਗੇ।

ਆਪਣੀਆਂ ਹੀ ਆਰਥਿਕ ਅਤੇ ਪ੍ਰਸ਼ਾਸਨਿਕ ਨਾਲਾਇਕੀਆਂ ਕਾਰਨ ਰਾਜ ਸਰਕਾਰ ਵਿੱਤੀ ਤੌਰ 'ਤੇ ਲਗਭਗ ਦੀਵਾਲੀਆ ਹੋਣ ਕੰਢੇ ਹੈ। ਆਪਣੇ ਰੋਜ਼ ਮਰਾ ਦੇ ਕੰਮ-ਕਾਰ ਚਲਾਉਣ ਲਈ ਫੰਡਾਂ ਦਾ ਜੁਗਾੜ ਕਰਨ ਵਾਸਤੇ ਪੰਜਾਬ ਸਰਕਾਰ ਜਾਂ ਤਾਂ ਪੈਸੇ ਉਧਾਰ ਚੁੱਕ ਰਹੀ ਹੈ ਜਾਂ ਸ਼ਹਿਰਾਂ ਦੇ ਅੰਦਰ ਪਈਆਂ ਸਰਕਾਰੀ ਜਾਇਦਾਦਾਂ ਵੇਚ ਰਹੀ ਹੈ। ਸ਼ਹਿਰਾਂ ਦੇ ਅੰਦਰਲੀਆਂ ਸਰਕਾਰੀ ਜਾਇਦਾਦਾਂ ਜੋ ਬ੍ਰਿਟਿਸ਼ ਰਾਜ ਸਮੇਂ ਖਰੀਦੀਆਂ ਗਈਆਂ ਸਨ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਸਰਕਾਰ ਵਲੋਂ ਕਰੋੜਾਂ ਰੁਪਏ ਵਿਚ ਵੇਚੀਆਂ ਗਈਆਂ ਹਨ। ਸ਼ਾਇਦ ਕਪੂਰਥਲਾ ਅਦਾਲਤੀ ਕੰਪਲੈਕਸ ਨੂੰ ਖਾਲੀ ਕਰਾਉਣ ਦਾ ਵਿਚਾਰ ਵੀ ਇਸ ਇਮਾਰਤ ਨੂੰ ਨਜ਼ਰਅੰਦਾਜ਼ਗੀ ਵਾਲੀ ਹਾਲਤ ਵਿਚ ਸੁੱਟਣ ਅਤੇ ਮੁੜ ਕੇ ਇਸ ਨੂੰ ਵੇਚਣ ਦੀ ਇੱਛਾ ਵਿਚੋਂ ਹੀ ਪੈਦਾ ਹੋਇਆ ਹੈ। ਪੰਜਾਬ ਸਰਕਾਰ ਪੰਜਾਬ ਵਿਚ ਆਪਣੇ ਵਿਰਸੇ ਨੂੰ ਸਾਂਭਣ ਦੇ ਮਾਮਲੇ ਵਿਚ ਪੂਰੀ ਤਰ੍ਹਾਂ ਨਿਸ਼ਚਿੰਤ ਹੈ। ਇਹ ਸਿਰਫ ਆਪਣੀ ਫਜ਼ੂਲ ਖਰਚੀ ਲਈ ਫੰਡ ਇਕੱਤਰ ਕਰਨ ਬਾਰੇ ਹੀ ਸੋਚ ਰਹੀ ਹੈ।ਸਰਕਾਰ ਦਾ ਆਖਣਾ ਹੈ ਕਿ ਉਹ ਅਦਾਲਤੀ ਕੰਪਲੈਕਸ ਨੂੰ ਸ਼ਹਿਰ ਤੋਂ ਬਾਹਰ ਕੱਢ ਕੇ ਸ਼ਹਿਰ ਵਿਚ ਭੀੜ ਭੜੱਕਾ ਘਟਾਉਣ ਦੀ ਇੱਛੁਕ ਹੈ। ਪਰ ਇਸ ਬਿਆਨਬਾਜ਼ੀ ਰਾਹੀਂ ਸਰਕਾਰ ਆਪਣੀ ਅਸਲ ਇੱਛਾ ਛੁਪਾ ਰਹੀ ਹੈ। ਕਾਗਜ਼ਾਂ ਵਿਚ ਸਰਕਾਰ ਨੇ ਇਥੇ ਮਿਊਜ਼ੀਅਮ ਖੋਲ੍ਹਣ ਦਾ ਵਿਚਾਰ ਪੇਸ਼ ਕੀਤਾ ਹੈ।

ਦੂਜੇ ਪਾਸੇ ਕਪੂਰਥਲੇ ਦੇ ਸਾਬਕਾ ਹਾਕਮ ਅਦਾਲਤੀ ਹੈਰੀਟੇਜ ਕੰਪਲੈਕਸ ਵਿਚ ਪੰਜਾਬ ਸਟੇਟ ਆਰਕਾਈਵ ਸਥਾਪਤ ਕਰਨਾ ਚਾਹੁੰਦੇ ਹਨ। ਦੋਨੋਂ ਹੀ ਸਕੀਮਾਂ ਅਮਲ ਵਿਚ ਆਉਣ ਵਾਲੀਆਂ ਨਹੀਂ ਹਨ ਅਤੇ ਸਿਰਫ ਕਪੂਰਥਲੇ ਸ਼ਹਿਰ ਦੇ ਲੋਕਾਂ ਦੇ ਹੰਝੂ ਪੂੰਝਣ ਲਈ ਹਨ। ਸਾਨੂੰ ਇਹ ਤੱਥ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕਪੂਰਥਲਾ ਟੂਰਿਸਟ ਸਿਟੀ ਨਹੀਂ ਹੈ। ਮੈਂ ਪਟਿਆਲੇ ਅਤੇ ਅੰਮ੍ਰਿਤਸਰ ਦੇ ਮਿਊਜ਼ੀਅਮਾਂ ਦੀ ਸੈਲਾਨੀਆਂ ਦੀ ਗਿਣਤੀ ਵੇਖੀ ਹੈ, ਕੋਈ ਕੋਈ ਸੈਲਾਨੀ ਹੀ ਅੰਮ੍ਰਿਤਸਰ ਅਤੇ ਪਟਿਆਲੇ ਦੇ ਮਿਊਜ਼ੀਅਮਾਂ ਨੂੰ ਵੇਖਣ ਜਾਂਦਾ ਹੈ। ਮੇਰਾ ਇਤਰਾਜ਼ ਇਹ ਹੈ ਕਿ ਜੇ ਪਟਿਆਲੇ ਅਤੇ ਅੰਮ੍ਰਿਤਸਰ ਦੇ ਮਿਊਜ਼ੀਅਮਾਂ ਵਿਚ ਸੈਲਾਨੀ ਨਹੀਂ ਪਹੁੰਚਦੇ ਤਾਂ ਸਰਕਾਰ ਵਲੋਂ ਕਪੂਰਥਲਾ ਜਿਹੇ ਦੂਰ ਦੁਰੇਡੇ ਸ਼ਹਿਰ ਵਿਚ ਸਥਾਪਤ ਮਿਊਜ਼ੀਅਮ ਸੈਲਾਨੀਆਂ ਨੂੰ ਕਿੰਝ ਖਿੱਚ ਸਕਦਾ ਹੈ।

ਅੱਜ ਦੀ ਘੜੀ ਕਪੂਰਥਲਾ ਜ਼ਿਲ੍ਹਾ ਅਦਾਲਤ ਵਿਚ ਹਰ ਰੋਜ਼ ਹਜ਼ਾਰਾਂ ਲੋਕ ਪਹੁੰਚਦੇ ਹਨ। ਇਹ ਲੋਕ ਇਸ ਸ਼ਹਿਰ ਦੇ ਬਾਜ਼ਾਰਾਂ ਵਿਚ ਵਿਆਪਕ ਕਾਰੋਬਾਰ ਪੈਦਾ ਕਰਦੇ ਹਨ। ਇਥੇ ਬਣਾਇਆ ਜਾਣ ਵਾਲਾ ਮਿਊਜ਼ੀਅਮ ਜਾਂ ਸਟੇਟ ਆਰਕਾਈਵ ਬਹੁਤੇ ਸੈਲਾਨੀ ਨਹੀਂ ਖਿੱਚ ਸਕਣਗੇ। ਇਹ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਹਾਈਕੋਰਟ ਦੇ ਜੱਜ ਤੱਕ ਆਮ ਆਦਮੀ ਵਲੋਂ ਸਿੱਧੇ ਤੌਰ 'ਤੇ ਪਹੁੰਚ ਨਹੀਂ ਕੀਤੀ ਜਾ ਸਕਦੀ। ਜੱਜਾਂ ਤੱਕ ਪਹੁੰਚ ਵਕੀਲਾਂ ਅਤੇ ਐਟਾਰਨੀ ਦੀ ਸੰਸਥਾ ਰਾਹੀਂ ਹੀ ਹੋ ਸਕਦੀ ਹੈ। ਵਕੀਲ ਅਤੇ ਐਟਾਰਨੀ ਆਦਿ ਪੈਸੇ ਵਾਲੀਆਂ ਕਲਾਸਾਂ ਹਨ ਅਤੇ ਇਨ੍ਹਾਂ 'ਚੋਂ ਬਹੁਤਿਆਂ ਦੇ ਰਾਖਵੇਂ ਹਿੱਤ ਵੀ ਹੁੰਦੇ ਹਨ। ਪੰਜਾਬ ਦੇ ਸਾਰੇ ਅਦਾਲਤੀ ਕੰਪਲੈਕਸਾਂ ਵਿਚੋਂ ਜੇ ਕੋਈ ਸਾਂਭਣ ਵਾਲਾ ਅਦਾਲਤੀ ਕੰਪਲੈਕਸ ਹੈ ਤਾਂ ਉਹ ਕਪੂਰਥਲੇ ਦਾ ਹੀ ਹੈ। ਮੈਂ ਅਮਰੀਕਾ, ਰੂਸ ਅਤੇ ਯੂਰਪ ਵਿਚ ਵੀ ਵੇਖਿਆ ਹੈ, ਅਦਾਲਤੀ ਕੰਪਲੈਕਸ ਸਦੀਆਂ ਪੁਰਾਣੀਆਂ ਇਮਾਰਤਾਂ ਵਿਚ ਚਲ ਰਹੇ ਹਨ। ਇਨ੍ਹਾਂ ਪੁਰਾਣੀਆਂ ਇਮਾਰਤਾਂ ਦਾ ਸਹੀ ਢੰਗ ਨਾਲ ਰੱਖ-ਰਖਾਅ ਅਤੇ ਪੁਨਰ ਉਸਾਰੀ ਕੀਤੀ ਜਾਂਦੀ ਹੈ।

ਸਾਡੇ ਗੁਆਂਢ ਵਿਚ ਲਾਹੌਰ ਹਾਈਕੋਰਟ ਇਕ ਸਦੀ ਪੁਰਾਣੀ ਹੈਰੀਟੇਜ ਬਿਲਡਿੰਗ ਵਿਚ ਚੱਲ ਰਹੀ ਹੈ। ਕਿਸੇ ਨੇ ਵੀ ਉਸ ਨੂੰ ਤਬਦੀਲ ਕਰਨ ਬਾਰੇ ਨਹੀਂ ਸੋਚਿਆ। ਕਲਕੱਤਾ ਦੀ ਰਾਈਟਰਜ਼ ਬਿਲਡਿੰਗ ਇਕ ਸਦੀ ਪੁਰਾਣੀ ਹੈ। ਬੰਗਾਲ ਸਰਕਾਰ ਨੇ ਕਦੀ ਵੀ ਸਕੱਤਰੇਤ ਨੂੰ ਇਸ ਇਮਾਰਤ ਵਿਚੋਂ ਬਾਹਰ ਲਿਜਾਣ ਬਾਰੇ ਵਿਚਾਰ ਨਹੀਂ ਕੀਤੀ। ਜਿਥੇ ਵੀ ਇੱਛਾ ਹੋਵੇਗੀ, ਉਥੇ ਰਾਹ ਮਿਲ ਜਾਵੇਗਾ। ਸਿੱਖ ਭਾਈਚਾਰਾ ਸਦੀਆਂ ਪੁਰਾਣੀ ਸ੍ਰੀ ਦਰਬਾਰ ਸਾਹਿਬ ਦੀ ਅਤੇ ਇਕ ਸਦੀ ਪੁਰਾਣੀ ਖਾਲਸਾ ਕਾਲਜ ਦੀ ਇਮਾਰਤ ਨੂੰ ਸਾਂਭਣਾ ਚਾਹੁੰਦਾ ਹੈ ਅਤੇ ਸਾਂਭ ਰਿਹਾ ਹੈ। ਦੋਨੋਂ ਇਮਾਰਤਾਂ ਬੜੀ ਵਧੀਆ ਹਾਲਤ ਵਿਚ ਸਾਂਭੀਆਂ ਗਈਆਂ ਹਨ।

ਇਸੇ ਤਰ੍ਹਾਂ ਕੇਂਦਰ ਸਰਕਾਰ ਨੇ ਲਾਲ ਕਿਲੇ ਸਮੇਤ ਦਿੱਲੀ ਵਿਚ ਬਹੁਤ ਸਾਰੀਆਂ ਵਿਰਾਸਤੀ ਇਮਾਰਤਾਂ ਸਾਂਭੀਆਂ ਹਨ। ਇਹ ਸਾਰੀਆਂ ਇਮਾਰਤਾਂ ਬੜੇ ਵਧੀਆ ਹਾਲਾਤ ਵਿਚ ਸਹੀ ਸਲਾਮਤ ਰੱਖੀਆਂ ਗਈਆਂ ਹਨ।

ਸਾਡੀ ਬਦਕਿਸਮਤੀ ਨੂੰ ਪੰਜਾਬ ਸਰਕਾਰ ਪੰਜਾਬ ਦੀ ਇਮਾਰਤੀ ਵਿਰਾਸਤ ਸਾਂਭਣ ਵਲ ਭੋਰਾ ਵੀ ਦਿਲਚਸਪੀ ਨਹੀਂ ਰੱਖਦੀ। ਜਲਦੀ ਹੀ ਸਾਡੇ ਕੋਲ ਕੋਈ ਵਿਰਾਸਤ ਨਹੀਂ ਹੋਵੇਗੀ। ਮੇਰੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਨ੍ਹਾਂ ਨੂੰ ਆਪਣੇ ਰੁਝੇਵਿਆਂ ਭਰੇ ਸ਼ਡਿਊਲ ਵਿਚੋਂ ਕਪੂਰਥਲੇ ਦੇ ਅਦਾਲਤੀ ਕੰਪਲੈਕਸ ਦੀ ਇਕ ਨਿੱਜੀ ਫੇਰੀ ਮਾਰਨੀ ਚਾਹੀਦੀ ਹੈ ਅਤੇ ਇਹ ਵੇਖਣਾ ਚਾਹੀਦਾ ਹੈ ਕਿ ਇਹ ਅਦਾਲਤੀ ਕੰਪਲੈਕਸ ਤਿਆਗਿਆ ਜਾਣਾ ਚਾਹੀਦਾ ਹੈ ਜਾਂ ਨਹੀਂ।

ਪੰਜਾਬ ਸਰਕਾਰ ਨੇ ਪਿੰਡ ਨੂਰਪੁਰ ਦੋਨਾ ਵਿਚ ਨਵੇਂ ਅਦਾਲਤੀ ਕੰਪਲੈਕਸ ਦੀ ਉਸਾਰੀ ਲਈ 29 ਕਰੋੜ ਰੁਪਏ ਅਲਾਟ ਕੀਤੇ ਹਨ। ਇਹੋ ਹੀ ਪੈਸਾ ਜੇ ਮੌਜੂਦਾ ਅਦਾਲਤੀ ਕੰਪਲੈਕਸ ਉੱਪਰ ਖਰਚ ਕੀਤਾ ਜਾਵੇ ਤਾਂ ਅਦਭੁਤ ਨਤੀਜੇ ਪੈਦਾ ਕਰ ਸਕਦਾ ਹੈ। ਇਸ ਅਦਾਲਤੀ ਕੰਪਲੈਕਸ ਦੀਆਂ ਨੀਹਾਂ ਅਪਾਰ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਬਣਾਈਆਂ ਗਈਆਂ ਹਨ। ਇਸ ਦੀਆਂ ਕੰਧਾਂ ਬਹੁਤ ਜ਼ਿਆਦਾ ਮੋਟੀਆਂ ਹਨ। ਕਈ ਕੰਦਾਂ ਤਾਂ ਤਿੰਨ ਫੁੱਟ ਮੋਟਾਈ ਰੱਖਦੀਆਂ ਹਨ। ਸਿਰਫ ਉਪਰਲੀ ਛੱਤ ਹੀ ਸਮੁੱਚੇ ਰੂਪ ਵਿਚ ਤਬਦੀਲ ਕਰਨ ਵਾਲੀ ਹੈ। ਇਹ ਪੰਜ ਕਰੋੜ ਰੁਪਏ ਦੇ ਖਰਚੇ ਨਾਲ ਤਬਦੀਲ ਕੀਤੀ ਜਾ ਸਕਦੀ ਹੈ। ਵਿਚਕਾਰਲੀ ਛੱਤ ਕੁਝ ਥਾਵਾਂ ਤੋਂ ਹੀ ਮੁਰੰਮਤ ਦੀ ਮੰਗ ਕਰਦੀ ਹੈ। ਕੰਦਾਂ ਦਾ ਪਲਸਤਰ ਦੋ ਕਰੋੜ ਰੁਪਏ ਦੇ ਖਰਚੇ ਨਾਲ ਦੁਬਾਰਾ ਕਰਵਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ 20 ਕਰੋੜ ਰੁਪਏ ਵਿਚ ਅਸੀਂ ਅਦਾਲਤੀ ਕੰਪਲੈਕਸ ਦਾ ਸਮੁੱਚਾ ਫਰਸ਼ ਮਕਰਾਨਾ ਵਾਲੇ ਮਾਰਬਲ ਨਾਲ ਲਿਸ਼ਕਾ ਸਕਦੇ ਹਾਂ। ਜੇ ਇਸ ਵਿਰਾਸਤੀ ਕੰਪਲੈਕਸ ਨੂੰ ਸਹੀ ਢੰਗ ਨਾਲ ਮੁਰੰਮਤ ਕਰ ਲਿਆ ਜਾਂਦਾ ਹੈ ਤਾਂ ਇਹ ਅਗਲੇ ਸੌ ਸਾਲ ਲਈ ਹੋਰ ਕਾਇਮ ਰੱਖਿਆ ਜਾ ਸਕਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਲਾਹੌਰ ਹਾਈਕੋਰਟ ਦਾ ਅਦਾਲਤੀ ਅਹਾਤਾ ਕਈ ਵਾਰ ਮੁਰੰਮਤ ਕੀਤਾ ਗਿਆ ਹੈ। ਤਦ ਫਿਰ ਅਸੀਂ ਆਪਣਾ ਇਹ ਵਿਰਸਾ ਕਿਉਂ ਗਵਾਉਣ ਜਾ ਰਹੇ ਹਾਂ। ਸਰਕਾਰ ਅਤੇ ਨਿਆਂਪਾਲਿਕਾ ਲਈ ਇਹ ਖਲੋਣ ਅਤੇ ਸੋਚਣ ਦਾ ਸਮਾਂ ਹੈ ਅਤੇ ਇਸ ਇਮਾਰਤ ਨੂੰ ਹਰ ਹਾਲਤ ਬਚਾਉਣਾ ਚਾਹੀਦਾ ਹੈ।

ਪੰਜਾਬ ਸਰਕਾਰ ਦੀ ਘੋਰ ਨਾਲਾਇਕੀ ਕਾਰਨ ਫਿਰੋਜ਼ਪੁਰ ਜ਼ਿਲ੍ਹੇ ਵਿਚ ਮਮਦੋਟ ਦੇ ਨਵਾਬ ਦਾ ਮਹਿਲ ਉਜੜ ਗਿਆ। ਇਹੋ ਕੁਝ ਕਪੂਰਥਲਾ ਦੇ ਅਦਾਲਤੀ ਕੰਪਲੈਕਸ ਨਾਲ ਵਾਪਰਨ ਜਾ ਰਿਹਾ ਹੈ। ਜਿਥੋਂ ਤੱਕ ਕਿ ਉਸਾਰੀ ਖੇਤਰ ਦਾ ਸਬੰਧ ਹੈ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਦਾ ਰਿਹਾਇਸ਼ੀ ਖੇਤਰ ਚੰਡੀਗੜ੍ਹ ਵਿਚ ਮੌਜੂਦ ਰਾਜਪਾਲ ਦੇ ਰਿਹਾਇਸ਼ੀ ਖੇਤਰ ਤੋਂ ਵੱਡਾ ਹੈ। ਜਦੋਂ ਅਦਾਲਤੀ ਕੰਪਲੈਕਸ ਵਿਚ ਮੌਜੂਦ ਡਿਪਟੀ ਕਮਿਸ਼ਨਰ ਦੇ ਦਫਤਰ ਦੀ ਛੱਤ ਤਬਦੀਲ ਕੀਤੀ ਜਾਵੇਗੀ, ਡਿਪਟੀ ਕਮਿਸ਼ਨਰ ਦੇ ਦਫਤਰ ਦਾ ਸਟਾਫ ਉਸ ਦੀ ਰਿਹਾਇਸ਼ੀ ਇਮਾਰਤ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਅਦਾਲਤੀ ਕੰਪਲੈਕਸ ਵਿਚਲਾ ਪ੍ਰਸ਼ਾਸਨਿਕ ਕੰਮ ਵੀ ਪ੍ਰਭਾਵਤ ਨਹੀਂ ਹੋਵੇਗਾ। ਇਸ ਤੋਂ ਇਲਾਵਾ ਆਰਜ਼ੀ ਤੌਰ 'ਤੇ ਕਿਰਾਏ ਦੀ ਕੋਈ ਇਮਾਰਤ ਵੀ ਲਈ ਜਾ ਸਕਦੀ ਹੈ। ਇਥੋਂ ਤੱਕ ਕਿ ਵਾਸ਼ਿੰਗਟਨ ਡੀ.ਸੀ. ਵਿਚ ਵਾਈਟ ਹਾਊਸ ਦਾ ਜਦੋਂ ਮੁਰੰਮਤੀ ਕੰਮ ਸ਼ੁਰੂ ਹੋਇਆ ਸੀ ਤਾਂ ਉਸ ਦਾ ਸਟਾਫ ਕਿਸੇ ਕਿਰਾਏ ਦੀ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਥੇ ਕਪੂਰਥਲਾ ਦੇ ਲੋਕਾਂ ਨੂੰ ਵੀ ਮੇਰੀ ਨਿਮਰਤਾ ਸਹਿਤ ਅਪੀਲ ਹੈ ਕਿ ਉਨ੍ਹਾਂ ਦਾ ਵਿਰਾਸਤੀ ਅਦਾਲਤੀ ਕੰਪਲੈਕਸ ਸਾਂਭ ਕੇ ਰੱਖਣ ਵਾਲਾ ਹੈ, ਨਾ ਕਿ ਇਸ ਨੂੰ ਨਜ਼ਰਅੰਦਾਜ਼ ਕਰਨਾ ਚਾਹੀਦਾ ਹੈ।



ਕਪੂਰਥਲਾ ਦੇ ਜ਼ਿਲਾ ਅਦਾਲਤੀ ਕੰਪਲੈਕਸ ਦਾ ਇਕ ਬਾਹਰੀ ਦ੍ਰਿਸ਼

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਸਾਡੇ ਪਿੰਡਾਂ 'ਚ ਤਾਂ ਸਾਉਣ 'ਚ ਵੀ ਸੋਕਾ

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

*ਪਾਪ ਕਰਕੇ ਪਛਤਾਵਾ ਨਾ ਮਿਲੇ-ਏਦਾਂ ਨਾ ਕਦੇ ਹੋਇਆ ਹੈ ਤੇ ਨਾ ਕਦੇ ਹੋਵੇਗਾ। ਗਰੀਬ ਨਾਲ ਧੱਕਾ ਨਹੀਂ ਕਰਨਾ ਚਾਹੀਦਾ, ਗਰੀਬੀ ਮਿਲੀ ਹੀ ਉਸਨੂੰ ਧੱਕੇ ਖਾਣ ਕਰਕੇ ਹੈ। ਕੁਦਰਤ ਤੇ ਵਕਤ ਨਾਲ ਜਿਹੜਾ ਸਮਝੌਤਾ ਨਹੀਂ ਕਰਦਾ, ਉਸਨੂੰ ਜ਼ਖ਼ਮੀ ਹੋਣ ਤੋਂ ਕੋਈ ਬਚਾ ਨਹੀਂ ਸਕਿਆ। ਮੇਰੇ ਹਿੰਦੋਸਤਾਨ ਵਿਚ ਦੋ ਮਹਾਤਮਾ ਹੋ ਚੁੱਕੇ ਹਨ, ਇਕ ਮਹਾਤਮਾ ਬੁੱਧ ਤੇ ਦੂਜਾ ਮਹਾਤਮਾ ਗਾਂਧੀ, ਹਾਲੇ ਤੀਜੇ ਮਹਾਤਮਾ ਨੇ ਜਨਮ ਲੈਣਾ ਹੈ ਤੇ ਲਗਦਾ ਇਉਂ ਹੈ ਕਿ ਅਗਲਾ ਮਹਾਤਮਾ ਜਲ ਦੇਵਤਾ ਹੀ ਹੋਵੇਗਾ। ਜੇ ਮੀਂਹ ਪਵੇਗਾ ਤਾਂ ਅਸੀਂ ਜਿਉਂਦਿਆਂ ਵਿਚ ਹੋਵਾਂਗੇ, ਸਾਡੇ ਭੜੋਲੇ ਦਾਣਿਆਂ ਨਾਲ ਭਰਨਗੇ। ਪਪੀਹੇ ਨੂੰ ਕਦੇ ਵੀ ਫਰਿਜ ਤੇ ਕੂਲਰ ਦਾ ਪਾਣੀ ਕੂਕਣ ਤੋਂ ਬੰਦ ਨਹੀਂ ਕਰਾ ਸਕਦਾ। ਜਦੋਂ ਦੀ ਅਸੀਂ ਕੁਦਰਤੀ ਜਲ-ਸਰੋਤਾਂ ਨਾਲ ਛੇੜ-ਛਾੜ ਸ਼ੁਰੂ ਕੀਤੀ ਹੈ, ਉਪਰਲੀ ਅਦਾਲਤ ਦੇ ਫੈਸਲੇ ਵਾਂਗ ਸਜ਼ਾਵਾਂ ਬੜੀਆਂ ਸਖ਼ਤ ਮਿਲੀਆਂ ਹਨ। ਭੀੜ ਵਿਚ ਸਾਰੇ ਲੀਡਰ ਹੁੰਦੇ ਨੇ, ਭੀੜ ਸਿਰਫ ਰੌਲਾ ਪਾਉਂਦੀ ਐ, ਭੀੜ ਦਾ ਕੋਈ ਵਾਰਤਾਲਾਪ ਨਹੀਂ ਹੁੰਦਾ। ਸਿਆਣੇ ਲੋਕਾਂ ਦੀਆਂ ਪੱਗਾਂ ਲਾਹੁੰਦੀ ਹੀ ਭੀੜ ਹੈ। ਪਰ ਇਹ ਭੀੜ ਹੁਣ ਇੰਦਰ ਦੇਵਤੇ ਮੂਹਰੇ ਗੋਡਣੀਆਂ ਭਾਰ ਹੋਈ ਪਈ ਐ। 'ਰੱਬਾ ਰੱਬਾ ਮੀਂਹ ਵਰ੍ਹਾ ਸੀਨੇ ਸਾਡੇ ਠੰਡ ਵਰਤਾ।' ਮਾਨਸੂਨ ਰੁੱਸ ਗਈ ਐ, ਵਿਗਿਆਨੀ ਫੇਲ੍ਹ ਹੋ ਗਏ ਨੇ। ਹਵਨ ਯੱਗ, ਅਰਦਾਸਾਂ, ਬੇਨਤੀਆਂ, ਰੱਬ ਨੇ ਸਾਰੀਆਂ ਜਿਵੇਂ ਨਾ-ਮਨਜ਼ੂਰ ਕਰ ਦਿੱਤੀਆਂ ਹੋਣ। ਕਦੇ ਕਿਸੇ ਨੇ ਵੀ ਕਿਆਸ ਨਹੀਂ ਕੀਤਾ ਸੀ ਕਿ ਪੰਜਾਂ ਦਰਿਆਵਾਂ ਦੀ ਧਰਤੀ 'ਤੇ (ਭਾਵੇਂ ਹੁਣ ਢਾਈ ਦਰਿਆ ਰਹਿ ਗਏ ਹਨ) ਪਾਣੀ ਮੁੱਲ ਵਿਕਣ ਦੀ ਗੁੰਜਾਇਸ਼ ਨਹੀਂ ਸੀ। 'ਮੌਲਾ ਤੇਰੇ ਰੰਗ ਨੇ ਨਿਆਰੇ...' ਪਿੰਡਾਂ ਦੇ ਵਿਚ ਗੱਲਾਂ ਹੁੰਦੀਆਂ, ਗੱਲ ਸੱਚੀ ਹੋ ਗਈ ਹੈ। ਪ੍ਰਮਾਤਮਾ ਨਾਲ ਪ੍ਰੇਮ ਵਿਚ ਵਿਘਨ ਪਾ ਕੇ ਅਸੀਂ ਉਖੜ ਗਏ ਹਾਂ। ਇਸੇ ਲਈ ਪੰਜਾਬ ਕੁਠਾਲੀ ਵਾਂਗ ਤਪਿਆ ਪਿਆ ਹੈ। ਹਾਲੇ ਸੰਭਲਣ ਦੀ ਲੋੜ ਹੈ, ਵਕਤ ਹੈ, ਵਰਨਾ ਕੋਈ ਤੁਹਾਡੇ ਸਿਰ ਨਾਰੀਅਲ ਤੋੜਨ ਲਈ ਹੀ ਵਰਤ ਲਵੇਗਾ।*

ਹਾੜ੍ਹ ਦੀ ਸਿਖਰ ਦੁਪਹਿਰੇ ਬੋਹੜ ਦੀ ਛਾਂ ਹੇਠ ਤਾਸ਼ ਖੇਡ ਰਹੀ ਢਾਣੀ ਕੋਲ ਬੈਠੇ ਜਾਗਰ ਅਮਲੀ ਨੇ ਸਾਹਮਣੇ ਬੱਸ ਅੱਡੇ 'ਤੇ ਟੈਂਪੂ 'ਚੋਂ ਭਾਰਾ ਜਿਹਾ ਝੋਲਾ ਲੈ ਕੇ ਡੌਂਦਲੀ ਪ੍ਰਸਿੰਨੀ ਨੂੰ ਵੇਖ ਕੇ ਗੁੱਝੀ ਟਕੋਰ ਲਾਈ "ਪ੍ਰਸਿੰਨ ਕੌਰੇ ਕਿੱਥੋਂ ਮੱਕੀ ਦੇ ਦਾਣਿਆਂ ਵਾਂਗ ਭੁੱਜਦੀ ਆਈ ਏਂ?"

"ਜਾਗਰਾ ਸ਼ਹਿਰ ਨੂੰ ਗਈ ਸੀ ਸਵੇਰੇ ਪਾਣੀ ਲੈਣ।" ਹਾਲੋਂ ਬੇਹਾਲ ਹੋਈ ਪ੍ਰਸਿੰਨੀ ਨੇ ਲੁੜਕਦੀ ਆਵਾਜ਼ ਨਾਲ ਕਿਹਾ।

"ਹੱਦ ਹੋ ਗਈ, ਕੋਈ ਖੂਹ ਤੋਂ ਪਾਣੀ ਲੈਣ ਜਾਂਦਾ, ਕੋਈ ਨਲਕੇ ਤੋਂ ਤੇ ਤੂੰ ਏਡੀ ਦੂਰ ਸ਼ਹਿਰੋਂ, ਕਿਹੜਾ ਸੰਦਲ ਦਾ ਸ਼ਰਬਤ ਲੈਣ ਗਈ ਸੀ?"

"ਮਸ਼ਕੂਲੇ ਕਰਦੈਂ ਜਾਗਰਾ। ਪਾਣੀ ਦੀਆਂ ਬੰਦ ਬੋਤਲਾਂ ਲੈਣ ਗਈ ਸੀ, ਜੀਤੇ ਦੀ ਬਹੂ ਤੇ ਜੁਆਕ ਜੁ ਆਏ ਹੋਏ ਆ ਵਲੈਤੋਂ।"

"ਨਾ ਨਲਕਾ ਸੁੱਕ ਗਿਆ?"

"ਨਾ ਆਏਂ ਤਾਂ ਜੀਤੇ ਨੇ ਸਮੈਸੀਵਲ (ਸਬਮਰਸੀਵਲ) ਮੋਟਰ ਲੁਆ'ਤੀ ਸੀ। ਬਹੂ ਆਂਹਦੀ ਸੀ, ਇਹ ਪਾਣੀ ਨ੍ਹੀਂ ਇਨ੍ਹਾਂ ਨੂੰ ਪਚਣਾ, ਨਾ ਇਹ ਬੋਤਲਾਂ ਤੋਂ ਬਿਨਾਂ ਹੋਰ ਕੋਈ ਪਾਣੀ ਪਸੰਦ ਕਰਦੇ ਆ।"

"ਬੱਲੇ ਇਹ ਪ੍ਰਸਿੰਨੀਏ ਤੂੰ ਵੀ ਝੱਲੀ ਏਂ। ਬੋਤਲਾਂ ਖਾਲੀ ਮੋਢੋਂ ਲੈ ਜਾਂਦੀ ਦਾਰੂ ਵਾਲੀਆਂ ਤੇ ਪਾਣੀ ਮੋਟਰ ਦਾ ਭਰ ਦੇਂਦੀ।"

"ਵੇਖ ਜਾਗਰਾ ਮੈਂ ਤੇ ਤੇਰੇ ਤਾਏ ਤੇਜਾ ਸਿਹੁੰ ਨੇ ਕਣਕ ਵੱਢਣੀ। ਵਾਢੀ ਕਰਦੀ ਕਰਦੀ ਵੱਟ 'ਤੇ ਬਹਿ ਕੇ ਦੁੱਧ ਚੁੰਘਾ ਦਿੰਦੀ ਸੀ ਜੀਤੇ ਨੂੰ। ਘੋਟਣੇ ਅਰਗਾ ਸੀ ਮੇਰਾ ਜੀਤਾ। ਚੱਲ ਪਾਣੀ ਦਾ ਕੀ ਐ, ਐਵੇਂ ਜੁਆਕ ਜੱਲਾ ਢਿੱਲਾ-ਮੱਠਾ ਹੋ ਗਿਆ ਤਾਂ ਲੈਣੇ ਦੇ ਦੇਣੇ ਪੈ ਜਾਣਗੇ।"

"ਚੱਲ ਪ੍ਰਸਿੰਨੀਏ ਆਏਂ ਦੱਸ ਫੇ ਬੋਤਲਾਂ ਕਿੰਨੇ ਦੀਆਂ ਆਈਆਂ?"

"ਪਰਾਂ ਨੂੰ ਹੋ ਕੇਰਾਂ। ਨਾਲੇ ਪਾਣੀ ਦਾ ਗਿਲਾਸ ਲਿਆ। ਸਾਹ 'ਚ ਸਾਹ ਰਲੇ।"

"ਬੋਤਲ ਈ ਪੀ ਲੈ ਇਕ।"

"ਅਸੀਂ ਤਾਂ ਆੜ 'ਚੋਂ ਬੁੱਕ ਨਾਲ ਪਾਣੀ ਪੀ ਲਈਦਾ ਸੀ। ਇਹ ਵਧੀਆ ਪਾਣੀ ਕਿਤੇ ਮਾਫਕ ਨਾ ਬੈਠਾ ਤਾਂ ਹੋਰ ਨਾ ਕਿਤੇ ਅੰਦਰ ਧੋ ਹੋ ਜਾਏ ਮੇਰਾ।"

"ਕਿੰਨਾ ਕੁ ਮਹਿੰਗਾ ਪਾਣੀ?"

"ਸੁੱਖ ਨਾਲ ਜਾਗਰਾ ਆਪਣੀ ਵਲੈਤੀ ਗਾਂ ਨਵੇਂ ਦੁੱਧ ਤਾਂ ਹੋ ਗਈ, ਪਰ ਸੂਆ ਤਾਂ ਲੱਗਣ ਵਾਲਾ ਈ ਐ ਨਾ। ਸਵੇਰੇ ਅੱਠ ਕਿਲੋ ਦੋਧੀ ਨੂੰ ਦੁੱਧ ਪਾਇਆ ਸੀ। ਸੱਠਾਂ ਉੱਤੇ ਚਹੁੰ ਦਾ। ਦੋ ਕਿਰਾਇਆ ਜਾਣ ਦਾ ਲੱਗ ਗਿਆ ਤੇ ਦੋ ਆਉਣ ਦਾ। ਸੱਠਾਂ ਦੀਆਂ ਛੇ ਬੋਤਲਾਂ ਲੈ ਆਈ ਆਂ।"

ਕੋਲ ਬੈਠੇ ਲੰਬੜਦਾਰ ਧੰਨਾ ਸਿਹੁੰ ਤੋਂ ਰਿਹਾ ਨਾ ਗਿਆ। ਬੁੜ੍ਹਕ ਕੇ ਪੈ ਗਿਆ ਪ੍ਰਸਿੰਨੀ ਨੂੰ "ਬੱਲੇ ਨੀ ਤੇਰੇ ਵੱਡੀਏ ਸਿਆਣੀਏ ਪ੍ਰਸਿੰਨੀਏ, ਸਾਰਾ ਦਿਨ ਪਸ਼ੂਆਂ ਨਾਲ ਪਸ਼ੂ ਹੋਈ ਫਿਰਦੀ ਆਂ, ਗੋਹਾ ਕੂੜਾ ਕਰਦੀ ਏਂ, ਤੂੜੀ ਦਾ ਕੁੱਪ ਬੰਨ੍ਹਿਆ, ਬਾਜਰਾ, ਬਰਸੀਣ ਤੇ ਚਰੀ ਬੀਜੀ ਹੈ, ਤੇਜਾ ਸਿਹੁੰ ਵਿਚਾਰਾ ਸਾਰਾ ਦਿਨ ਪੱਠੇ ਕੁਤਰਦਾ ਮਰ ਜਾਂਦੈ ਤਾਂ ਦੁੱਧ ਦਾ ਗਲਾਸ ਨਿਕਲਦਾ ਥਣਾਂ 'ਚੋਂ ਤੇ ਤੂੰ ਅੱਠ ਲੀਟਰ ਦੁੱਧ ਬਦਲੇ ਛੇ ਲੀਟਰ ਪਾਣੀ ਲੈ ਆਈ ਆਂ। ਸਬਜ਼ੀਆਂ ਤਾਂ ਦਾਣਿਆਂ ਵੱਟੇ ਵਿਕਦੀਆਂ ਸਨ ਤੇ ਇਕ ਤੋਲ ਪਾਣੀ ਵੱਟੇ ਦੋ ਤੋਲ ਦੁੱਧ। ਨੇਰ੍ਹ ਸਾਈਂ ਦਾ ਪੰਜਾਂ ਦਰਿਆਵਾਂ ਦੀ ਧਰਤੀ 'ਤੇ ਏਨਾ ਮਹਿੰਗਾ ਪਾਣੀ? ਤਾਂ ਹੀ ਜ਼ਿਮੀਂਦਾਰ ਵਿਚਾਰੇ ਫਾਹੇ ਲੈ ਲੈ ਮਰਨ ਡਹੇ ਆ।"

"ਬਹੂ ਨੀ ਪਿੰਡੇ 'ਤੇ ਪਾਣੀ ਪੈਣ ਦਿੰਦੀ ਤਾਂ ਮਰਦੀ ਨੇ ਅੱਕ ਚੱਬਿਆ। ਵੇਖ ਗਾਂ ਦਾ ਸੂਆ ਦੋ ਕੁ ਮਹੀਨੇ ਰਹਿੰਦੈ ਤੇ ਬਹੂ ਨੇ ਵੀ ਦੋ ਕੁ ਮਹੀਨੇ ਰਹਿਣੈ, ਲਗਦੈ ਸੂਆ ਪਾਣੀ ਮੂੰਹ ਈ ਜਾਊ। ਕਰਦੈਂ ਐਲ.ਐਮ.ਏ. (ਐਮ.ਐਲ.ਏ.) ਨਾਲ ਗੱਲ।"

"ਗੱਲ ਤੈਂ ਟੱਟੂ ਕਰਨੀ ਐਂ। ਇਹੀ ਤਾਂ ਸਹੁਰੀ ਦੇ ਪੰਜਾਬ ਵੇਚਣ ਲੱਗੇ ਆ।"

"ਉਹ ਕਿੱਦਾਂ?"

"ਆਪਣਾ ਠੋਲਕਿਆਂ ਦਾ ਮਾਹਟਰ (ਮਾਸਟਰ) ਨੀ ਸ਼ਿੰਦਾ। ਕੱਲ ਮੈਨੂੰ ਟੱਕਰਿਐ ਆਂਹਦਾ ਮੈਂ ਚਲੇ ਗਿਆ ਕਤਪਲੂਆਂ ਦੇ ਦੀਸ਼ੇ ਦੇ ਜਿਹੜਾ ਬਿਜਲੀ ਆਲਿਆਂ ਦਾ ਅਫਸਰ ਐ। ਉਹਨੇ ਲੱਤ ਜਿੱਡੀ ਠੰਡੇ ਦੀ ਬੋਤਲ ਮੂਹਰੇ ਧਰ 'ਤੀ। ਆਪਾਂ ਤਾਂ ਕਿਤੇ ਢਿੱਡ-ਚੁੱਡ ਦੁਖੇ 'ਤੇ ਜੰਜਰ ਦੀ ਬੋਤਲ ਲਿਆਈਦੀ ਸੀ।"

"ਫੇਰ ਗੱਲ ਅਗਾਂਹ ਵੀ ਤੋਰ?"

"ਸ਼ਿੰਦਾ ਆਂਹਦਾ ਮੈਂ ਦੀਸ਼ੇ ਨੂੰ ਪੁੱਛਿਆ ਅੱਜ ਕੱਲ੍ਹ ਪੜ੍ਹੇ ਲਿਖੇ ਸਾਰੇ ਅਕਲਮੰਦ ਐ। ਦੀਸ਼ਾ ਕਹਿੰਦਾ ਆਹੋ। ਸ਼ਿੰਦਾ ਪੈ ਗਿਆ ਟੁੱਟ ਕੇ ਪਈ ਪਹਿਲਾਂ ਤਾਂ ਤੂੰ ਮੁਹੰਮਦ ਤੁਗਲਕ ਦਾ ਪੱਕਾ ਸਾਢੂੰ ਆਂ ਤੇ ਬਾਕੀ ਮੰਤਰੀ-ਸੰਤਰੀ ਉਹਦੇ ਹੋਰ ਰਿਸ਼ਤੇਦਾਰ।"

"ਗੱਲ ਜਾਗਰਾ ਖਾਨੇ ਨੀ ਪਈ?"

"ਪਾਉਨੈ, ਕਾਹਲੀ ਕਾਹਤੋਂ ਕਰਦੈਂ।' ਮੇਰੇ ਕਿਹੜਾ ਛੇਤੀ ਪਈ ਸੀ। ਸ਼ਿੰਦਾ ਦੀਸ਼ੇ ਨੂੰ ਕਹਿਣ ਲੱਗਾ ਆਹ ਬੋਤਲ ਕਿੰਨੇ ਦੀ ਲਿਆਇਐਂ। ਆਂਹਦਾ ਪੰਤਾਲੀਆਂ ਦੀ। ਬਈ ਜਾਗਰਾ ਦੀਸ਼ੇ ਨੇ ਬੜੀ ਪਤੇ ਦੀ ਗੱਲ ਕੀਤੀ। ਕਹਿਣ ਲੱਗਾ ਦੋ ਰੁਪਏ ਦਾ ਆਉਂਦਾ ਬਾਹਰੋਂ ਫਲੈਰ (ਫਲੇਵਰ) ਰੁਪਏ ਦੀ ਬੋਤਲ ਤੇ ਤਿੰਨ ਰੁਪਏ ਸਰਕਾਰ ਨੂੰ ਟੈਕਸ ਹੋ ਗਏ ਨਾ ਛੇ ਰੁਪਏ ਤੇ ਬਾਕੀ ਇਕ ਘੱਟ ਚਾਲੀਆਂ ਦਾ ਸਾਡਾ ਪਾਣੀ ਸਾਨੂੰ ਵੇਚੀ ਜਾ ਰਹੇ ਨੇ। ਐਵੇਂ ਤਾਂ ਨ੍ਹੀਂ ਇਹ ਠੰਡਿਆਂ ਦੀਆਂ ਕੰਪਨੀਆਂ ਖਿੱਦੋ-ਖੂੰਡੀ (ਕ੍ਰਿਕਟ) ਖੇਡਣ ਵਾਲਿਆਂ ਦਾ ਨੋਟਾਂ ਨਾਲ ਢਿੱਡ ਭਰੀ ਜਾਂਦੀਆਂ ਤੇ ਲੀਡਰਾਂ ਨੂੰ ਵੋਟਾਂ ਆਲੇ ਦਿਨਾਂ 'ਚ ਪੈਸੇ। ਤੇ ਗੁਰੂਆਂ ਪੀਰਾਂ ਦੀ ਵਰਸੋਈ ਪੰਜ ਦਰਿਆਵਾਂ ਦੀ ਧਰਤੀ 'ਤੇ ਕਹਿਰ ਢਊ ਕਿ ਨਾ। ਖੂਹ, ਟੋਬੇ-ਛੱਪੜ ਸੁੱਕ ਗਏ ਨੇ ਤੇ ਜਿਸ ਭਾਖੜੇ ਦੇ ਬੰਨ੍ਹ ਟੁੱਟਣ ਤੋਂ ਪਾਣੀ ਦਾ ਭੈਅ ਆਉਂਦਾ ਸੀ ਰੌਲੀ ਪਾਉਣ ਲੱਗ ਪਏ ਆਂ ਉਹ ਵੀ ਸੁੱਕ ਚੱਲਿਐ।"

"ਬਈ ਲੰਬੜਦਾਰਾ ਮੈਂ ਇਕ ਗੱਲ ਪੁੱਛੀ ਮਾਸਟਰ ਨੂੰ, ਪਈ ਅੱਗੇ ਤਾਂ ਸਾਉਣ ਮਹੀਨੇ ਪਿੱਪਲਾਂ 'ਤੇ ਪੀਘਾਂ ਪੈਣੀਆਂ, ਖੀਰਾਂ-ਪੂੜੇ ਪੱਕਣੇ, ਗਿੱਧਾ ਪੈਣਾ ਤੇ ਆਪਣੀ ਧੀ, ਹੁਣ ਤਾਂ ਜ਼ੁਬਾਨ ਕੰਬਦੀ ਐ, ਜੁਆਨੀ ਵੇਲੇ ਬਾਂਹ ਕੱਢ ਕੇ ਸਾਉਣ 'ਤੇ ਬੋਲੀ ਪਾਉਂਦੀ ਹੁੰਦੀ ਸੀ-

'ਆਇਆ ਸਾਵਣ ਜੀਅ ਪ੍ਰਚਾਵਣ
ਝੜੀ ਲੱਗ ਗਈ ਭਾਰੀ
ਹੂਟੇ ਲੈਂਦੀ ਲਾਜੋ ਭਿੱਜ ਗਈ
ਨਾਲੇ ਰਾਮ ਪਿਆਰੀ
ਕੁੜਤੀ ਹਰੇ ਦੀ ਭਿੱਜ ਗਈ ਬਰੀ ਦੀ
ਬਿਸ਼ਨੋ ਦੀ ਫੁਲਕਾਰੀ
ਹਰਨਾਮੋ ਦੀ ਸੁੱਥਣ ਭਿੱਜ ਗਈ
ਬਹੁਤੇ ਸ਼ੀਸ਼ਿਆਂ ਵਾਲੀ
ਸ਼ਾਮ ਕੌਰ ਦਾ ਲਹਿੰਗਾ ਭਿੱਜ ਗਿਆ
ਖਿੱਚ ਮਾਰੀ ਕਿਲਕਾਰੀ
ਸਾਉਣ ਦਿਆਂ ਬੱਦਲਾਂ ਵੇ
ਹੀਰ ਭਿੱਜ ਗਈ ਸਿਆਲਾਂ ਵਾਲੀ...।'

"ਪਰ ਜਾਗਰਾ ਅੱਜ ਦੀਆਂ ਹੀਰਾਂ ਸਾਉਣ 'ਚ ਕਿਥੇ ਹੋਟਲਾਂ 'ਚ ਭਿੱਜਦੀਆਂ ਨੇ। ਵੇਖ ਲੈ ਨਿੰਮ ਆਲਿਆਂ ਦੀ ਤਾਰੋ ਪਿੱਪਲ ਸਿਹੁੰ ਦੇ ਮੁੰਡੇ ਨਾਲ ਪੁਲਿਸ ਵਾਲਿਆਂ ਨੇ ਹੋਟਲ 'ਚ ਪੀਂਘ ਝੂਟਦੀ ਫੜ ਲਈ।"

"ਲੰਬੜਦਾਰਾ ਗੱਲ ਹੋਰ ਪਾਸੇ ਨਾ ਲਿਜਾ।" ਗੱਲ ਮਾਸਟਰ ਨੇ ਬੜੀ ਸਿਰੇ ਦੀ ਕੀਤੀ। "ਮੈਂ ਜਦੋਂ ਪੁੱਛਿਆ ਪਈ ਹੁਣ ਕੀ ਬਰਸਾਤ ਨੂੰ ਅੱਗ ਪੈ ਗਈ, ਅੱਗੇ ਤਾਂ ਗੁਰਦੁਆਰੇ ਆਲੇ ਵੀ ਮੀਂਹ ਬੰਦ ਕਰਵਾਉਣ ਲਈ ਖਵਾਜੇ ਪੀਰ ਦਾ ਦਲੀਆ ਦੇਂਦੇ ਸੀ ਤੇ ਹੁਣ ਤਾਂ ਗੁੱਡੀਆਂ ਫੂਕ ਕੇ ਵੀ ਕਣੀ ਨਹੀਂ ਟਪਕਦੀ।"

"ਕੀ ਕਹਿੰਦਾ ਮਾਹਟਰ ਫਿਰ?"

"ਸੁਣੀ ਜਾਹ, ਵਿਚ ਕਾਹਨੂੰ ਬੋਲੀ ਜਾਨੈਂ। ਮਾਹਟਰ ਆਂਹਦਾ ਸੀ ਕੁਦਰਤ ਨਾਲ ਧੱਕਾ ਹੋਣ ਲੱਗ ਪਿਐ। ਧਰਤੀ ਹੇਠੋਂ ਸਾਰਾ ਪਾਣੀ ਕੱਢ ਕੇ ਤਾਂ ਝੋਨੇ ਦੇ ਮੂੰਹ ਪਾ 'ਤਾ। ਥੱਲਿਓਂ ਉਂ ਸੁੱਕ ਗਈ ਤੇ ਉਪਰੋਂ ਉਂ।"

"ਉਪਰੋਂ ਨ੍ਹੀਂ ਪਤਾ ਲੱਗਾ ਉਂ ਦਾ?"

"ਕੰਪੈਨਾ ਨਾਲ ਕਣਕ ਵੱਢਣਗੇ ਜਾਂ ਝੋਨਾ, ਬਾਦ 'ਚ ਅੱਗ ਲਾ ਦੇਣਗੇ। ਧਰਤੀ ਬੰਜਰ ਹੋ ਗਈ। ਬੱਦਲ ਸੁੱਕੇ ਲੰਘ ਜਾਂਦੇ ਆ। ਧਰਤੀ 'ਚ ਪਾਣੀ ਖਿੱਚਣ ਦੀ ਸ਼ਕਤੀ ਨ੍ਹੀਂ ਰਹੀ। ਮਾਹਟਰ ਦੱਸੇ ਪਈ ਦੁਨੀਆਂ ਤਪੀ ਪਈ ਆ ਅਮਰੀਕਾ ਵਾਲਾ ਵੀ ਦੁਹਾਈਆਂ ਪਾਉਂਦੈ। ਪਰ ਪਰਾਲੀ ਤੇ ਨਾੜੀ 'ਚ ਕੁਦਰਤ ਦੇ ਜੀਅ-ਜੰਤ ਬੜੇ ਫੂਕ ਹੁੰਦੇ ਆ।"

"ਨਾ ਜਾਗਰਾ ਮੇਰੀ ਗੱਲ ਸੁਣ ਤੂੰ ਪਿਛਲੇ ਸਾਲ ਦੀ ਹੁਸ਼ਿਆਰਪੁਰ ਜ਼ਿਲ੍ਹੇ ਦੀ ਇਕ ਗੱਲ ਨ੍ਹੀਂ ਸੁਣੀ ਸੀ?"

"ਕੀ?"

"ਇਕ ਜਿਮੀਂਦਾਰ ਨੇ ਚਾਰ ਪੰਜ ਕਿੱਲਿਆ ਦੀ ਨਾੜੀ ਨੂੰ ਅੱਗ ਲਾਈ ਤੇ ਆਪ ਛਾਵੇਂ ਸੌਂ ਗਿਆ ਆ ਕੇ। ਵਿਚ ਘਿਰ ਗਏ ਇਕ ਤੀਵੀਂ ਆਦਮੀ ਸੱਪ ਤੇ ਸੱਪਣੀ। ਸੱਪਣੀ ਤਾਂ ਜਲ ਕੇ ਮਰ ਗਈ, ਪਰ ਸੱਪ ਆਡੋ-ਆਡੀ ਹੁੰਦਾ ਹੋਇਆ ਬਚ ਤਾਂ ਗਿਆ, ਪਰ ਸੁੱਤਾ ਪਿਆ ਜਿਮੀਂਦਾਰ ਢਾਅ ਲਿਆ। ਪਾ ਕੇ ਲੱਤ ਨੂੰ ਨਾਗ ਵਲ਼ ਉਹ ਡੰਗ ਮਾਰੇ, ਉਹ ਡੰਗ ਮਾਰੇ ਕਿ ਰਹੇ ਰੱਬ ਦਾ ਨਾਂ। ਦੂਜਾ ਸਾਹ ਈ ਨ੍ਹੀਂ ਆਉਣ ਦਿੱਤਾ।"

"ਲੰਬੜਦਾਰ ਵਿਚਾਰੇ ਦੀ ਨਠੱਕੀ ਤੀਵੀਂ ਮਰ ਗਈ ਹੋਰ ਉਹ ਬਾਲ ਪਰੀਂਹਦਾ।"

"ਨਾਲੇ ਜਾਗਰ ਇਸੇ ਜ਼ਿਲ੍ਹੇ ਦਾ ਬੀਤ ਦਾ ਪਹਾੜੀ ਇਲਾਕਾ ਹੈ। ਉਥੇ ਹਾਲੀ ਵੀ ਗੰਗਾਨਗਰ ਵਾਗੂੰ ਘੜੇ ਬਾਲਟੀਆਂ ਕਤਾਰ 'ਚ ਰੱਖ ਕੇ ਸਾਰੀ ਰਾਤ ਬੀਬੀਆਂ ਬੱਚੇ ਕੈਪਟਨ ਤੇ ਬਾਦਲ ਦੀ ਮਿਹਰ ਦੀ ਉਡੀਕ ਕਰਦੇ ਹਨ। ਪਿਛਲੇ ਮਹੀਨੇ 'ਮੈਂ ਪਹਿਲਾਂ ਮੈਂ ਪਹਿਲਾਂ' ਦੇ ਚੱਕਰ ਵਿਚ ਦੋ ਬੀਬੀਆਂ ਫਸ ਪਈਆਂ ਪਾਣੀ ਤੋਂ ਤੇ ਇਕ ਦਾ ਘੜਾ ਟੁੱਟ ਗਿਆ। ਘਰ ਆਲਾ ਆਇਆ, ਘੁੱਟ ਲਾਈ ਹੋਈ ਸੀ, ਦੂਜੀ ਦੇ ਫਾੜ੍ਹ ਕਰਦਾ ਮੰਜੇ ਦਾ ਪਾਵਾ ਸਿਰ 'ਚ ਮਾਰਿਆ ਉਹ ਤਾਂ ਵਿਚਾਰੀ 'ਬਾਦਲ ਜਿੰਦਾਬਾਦ, ਬਾਦਲ ਜਿੰਦਾਬਾਦ' ਕਰਦੀ ਥਾਏਂ ਲੋਟਣੀ ਹੋ ਗਈ।"

"ਵੇਖੀ ਜਾਈਂ ਲੰਬੜਦਾਰਾ ਜੇ ਆਏਂ ਰਿਹਾ ਤਾਂ ਅੱਗੇ ਤਾਂ ਵੱਟ-ਬੰਨੇ ਤੋਂ ਜਾਂ ਨਹਿਰ ਦੇ ਮੋਘੇ ਤੋਂ ਲੜਦੇ ਸੀ, ਹੁਣ ਪਾਣੀ ਦੇ ਗਲਾਸ ਪਿੱਛੇ ਸਿਰ 'ਚ ਮਧਾਣੀ ਚੀਰਾ ਪਾਇਆ ਕਰਨਾ।"

"ਬਈ ਜਾਗਰਾ ਕੱਲ ਮੈਂ ਖ਼ਬਰਾਂ ਸੁਣੀਆਂ ਸੀ ਦਿੱਲੀ ਤਖ਼ਤ ਆਲੇ ਵੀ ਸਾਉਣ ਸੁੱਕੇ ਤੋਂ ਡਰ ਗਏ। ਅਖੇ ਅੰਨਦਾਤਾ ਸੰਭਾਲ ਲਓ ਨਹੀਂ ਤਾਂ 'ਕਾਲ ਪੈ ਜਾਊ।"

"ਸਹੁੰ ਰੱਬ ਦੀ ਲੰਬੜਦਾਰਾ ਮੇਰੀ ਇਕ ਗੱਲ ਹੋਰ ਸੁਣੀਂ ਕੰਨ ਲਾ ਕੇ।"

"ਪਹਿਲਾਂ ਕਿਤੇ ਮੂੰਹਥਾਣੀ ਸੁਣਦੈਂ?"

"ਚੱਲ ਛੱਡ। ਸਾਲਾ ਆਪਣੇ ਪਿੰਡ ਆਲਾ ਲਾਲਾ ਸ਼ਹਿਰ ਜਾ ਕੇ ਚਲਾਕੀਆਂ ਤੋਂ ਬਾਜ ਨੀ ਆਇਆ।"

"ਓ ਰਾਮ ਪ੍ਰਕਾਸ਼।"

"ਕਿਥੇ ਸਾਲੇ ਦਾ ਨਾ ਲੈਂ'ਤਾ।"

"ਗੱਲ ਕੀ ਹੋਈ?"

"ਮੈਂ ਪਿਛੇ ਜਿਹੇ ਸ਼ਹਿਰ ਗਿਆ ਤਾਂ ਦਾਣਾ ਮੰਡੀ 'ਚ ਟੱਕਰ ਪਿਐ। ਮੈਂ ਪੁੱਛਿਆ ਲਾਲਾ ਕੀ ਹਾਲ ਐ, ਆਂਹਦਾ ਹੁਣ ਆਈ ਗੱਡੀ ਲੋਟ।"

"ਕਿਵੇਂ?"

"ਸੁਣੀ ਤਾ ਜਾਹ।"

"ਆਂਹਦਾ ਐਵੇਂ ਸਾਲੀ ਪਿੰਡ 'ਚ ਦੁਧ ਦੀ ਡੈਰੀ (ਡੇਅਰੀ) ਖੋਲ੍ਹੀ ਬੈਠੇ ਸੀ। ਸਾਰਾ ਦਿਨ ਲੀੜੇ ਗੋਹੇ ਨਾਲ ਲਿਬੜੇ ਰਹਿੰਦੇ ਸੀ। ਹੁਣ ਸ਼ਹਿਰ ਆ ਕੇ ਪਾਣੀ ਦੀ ਫੈਕਟਰੀ ਲਾ ਲਈ ਐ।"

"ਲਾਲੇ ਸਾਲੇ ਦੀ ਕਿਹੜੀ ਲਕਸ਼ਮੀ ਜਿੰਦਲ ਨਾਲ ਸਾਂਝ ਪੈ ਗਈ। ਘਰ ਘਰ ਨਲਕੇ ਮੋਟਰਾਂ ਪਾਣੀ ਦੀਆਂ ਫੈਕਟਰੀਆਂ ਦੀ ਨੇ।"

"ਤੂੰ ਪਹਿਲਾਂ ਜ਼ੁਬਾਨ ਚਲਾ ਲੈ। ਸੁਣਦਾ ਈ ਨ੍ਹੀਂ।"

"ਚੱਲ ਦੱਸ?"

"ਆਂਹਦਾ ਬੋਤਲਾਂ ਪਾਣੀ ਦੀਆਂ ਭਰੀ ਦੀਆਂ ਨੇ। ਦੋ ਦੀ ਇਕ ਪੈਂਦੀ ਏ। ਅੱਠਾਂ ਦੀ ਥੋਕ 'ਚ ਵੇਚ ਦੇਈ ਦੀ ਆ। ਚਿੱਟੇ ਕਪੜੇ ਪਾ ਕੇ ਘੁੰਮੀਦੈ। ਮੈਨੂੰ ਤੁਰਨ ਲੱਗੇ ਨੂੰ ਕਹਿਣ ਲੱਗਾ 'ਦਸ ਕੁ ਸੇਰ ਦੇਸੀ ਘਿਓ ਦੀਆਂ ਪਿੰਨੀਆਂ ਤਾਂ ਬਣਾ ਕੇ ਲਿਆਵੀਂ ਤੇਰੀ ਸੇਵਾ ਕਰਾਂਗੇ।' ਮੈਂ ਬੜੇ ਚਾਅ ਨਾਲ ਠੂਠੀਆਂ, ਛੁਹਾਰੇ, ਮਗਜ-ਬਦਾਮ ਪਾ ਕੇ ਦੋ ਪੀਪੇ ਭਰ ਕੇ ਲੈ ਗਿਆ। ਚਾਹ ਦਾ ਘੁੱਟ ਪਿਆ ਕੇ ਕਹਿਣ ਲੱਗਾ 'ਜਾਗਰਾ ਅਹੁ ਪੇਟੀ ਲੈ ਜਾ ਚੁੱਕ ਕੇ।' ਮੈਂ ਤਾਂ ਪਾਟ ਗਿਆ ਖੁਸ਼ੀ 'ਚ ਪਈ ਝੋਟਾ 'ਚੋਂ ਲਿਆ। ਮੈਂ ਕਿਹਾ ਲਾਲਾ ਦੇਸੀ ਆ ਕਿ ਅੰਗਰੇਜ਼ੀ। ਬੋਲਿਆ ਇਹ ਤਾਂ ਪਾਣੀ ਦੀਆਂ ਬੋਤਲਾਂ ਜੁਆਕ-ਜੱਲਾ ਪੀ ਲਊ। ਸਾਲੇ ਨੇ ਪਿੰਨੀਆਂ ਵੱਟੇ ਪਾਣੀ ਚੁਕਾ ਕੇ ਫਿਰ ਬੁੱਧੂ ਬਣਾ'ਤਾ।"

"ਜਾਗਰਾ ਐਧਰ ਪ੍ਰਸਿੰਨੀ ਤਾਂ ਘੂਰਾਂ ਮਾਰਦੀ ਐ। ਬੋਤਲਾਂ ਵੇਖ ਲੈ ਕਿਵੇਂ ਸਿਰਹਾਣੇ ਥੱਲੇ ਚਾਂਦੀ ਦੀਆਂ ਮੋਹਰਾਂ ਵਾਂਗ ਟਿਕਾਈ ਬੈਠੀ ਆ।"

"ਲੰਬੜਦਾਰਾ ਆਹ ਇਧਰ ਕਾਹਦਾ ਰੌਲਾ ਪੈਂਦਾ?"

"ਸਾਰਾ ਪਿੰਡ ਰਲ ਕੇ ਗੁੱਡੀ ਫੂਕਣ ਚੱਲਿਆ। ਕਿਉਂਕਿ ਸਾਉਣ ਵੀ ਸੁੱਕਾ ਚਲੇ ਗਿਆ।"

"ਅੱਗੇ ਤਾਂ ਪਿੱਟਦੀਆਂ ਤੀਵੀਆਂ ਆਖਦੀਆਂ ਹੁੰਦੀਆਂ ਸੀ, 'ਹਾਏ ਹਾਏ ਨੀ ਗੁੱਡੀਏ ਮੋਰਨੀਏ...।"

"ਤੇ ਹੁਣ ਵੈਣ ਸੁਣ...।"

ਬਿਜਲੀ ਨ੍ਹੀਂ ਆਉਂਦੀ, ਮੀਂਹ ਨਹੀਂ ਪੈਂਦਾ
ਤੱਤੀਆਂ ਵਗਣ ਹਵਾਵਾਂ
ਨੀ ਗੁੱਡੀਏ ਮੋਰਨੀਏ,
ਨੀ ਛੱਡ ਕੇ ਬਾਦਲ ਨੂੰ
ਦੱਸ ਕਿਹੜੇ ਦੇਸ਼ ਨੂੰ ਜਾਵਾਂ।

#

## ਮੈਂ ਹਾਂ ਕਿੱਕਰ

ਮੈਂ ਇਕ ਕਿੱਕਰ ਉਗਿਆ ਬੇਲੇ,
ਲੁੱਕ ਲੁੱਕ ਜਾਨ ਬਚਾਵਾਂ
ਲੋਕੀ ਮੈਨੂੰ ਲੱਭਦੇ ਫਿਰਦੇ,
ਕਿਧਰੇ ਨਾ ਹਥਿਆਵਾਂ।
ਬਚਪਨ ਦੇ ਵਿਚ ਜੇਠ ਹਾੜ ਦੀਆਂ,
ਧੁੱਪਾਂ ਨੂੰ ਮੈਂ ਜਰਦਾ
ਵਿਚ ਹੜ੍ਹਾਂ, ਬਰਸਾਤਾਂ ਝੱਖੜਾਂ,
ਆਪਣਾ ਆਪ ਸੁੱਖ ਹਰਦਾ।
ਕਦੀ ਕਿਸੇ ਦੇ ਦਿਲ ਵਿਚ
ਏਨਾ ਰਹਿਮ ਕਦੇ ਨਾ ਆਇਆ
ਤੁਰਦਿਆਂ, ਫਿਰਦਿਆਂ, ਆਉਂਦੇ-ਜਾਂਦਿਆਂ,
ਪਾਣੀ ਕਿਸੇ ਨਾ ਪਾਇਆ।
ਮੇਰੇ ਹਾਲ 'ਤੇ ਛੱਡਿਆ ਮੈਨੂੰ,
ਸਾਰੀ ਏਸ ਲੁਕਾਈ
ਡਿੰਗਦਿਆਂ, ਵਹਿੰਦਿਆਂ, ਛਾਂਗਦਿਆਂ,
ਛਿੱਲਦਿਆਂ, ਹੋਇਆ ਦੂਣ ਸਵਾਈ।
ਤੁੱਗਲੇ ਤੇ ਪੱਤੇ ਕੰਡੇ, ਮੇਰੇ ਉਪਰ ਆਏ
ਏਹੋ ਮੇਰਾ ਰੈਣ ਬਸੇਰਾ,
ਮੇਰੇ ਗਮ ਦੇ ਜਾਏ।
ਕੱਚੀਆਂ ਲਗਰਾ, ਅੱਲ੍ਹੜ ਉਮਰੇ,
ਖ਼ੂਬ ਫੁਰਾਤੇ ਮਾਰਾਂ
ਅਲਮਸਤ ਮੈਂ ਖੁਸ਼ੀਆਂ ਦੇ ਵਿਚ,
ਗਮ ਦੀ ਸਾਰ ਨਾ ਜਾਣਾ।
ਮੇਰੇ ਉਪਰ ਪਹਿਲੀ ਵੇਰਾਂ,
ਕਹਿਰ ਉਦੋਂ ਸੀ ਆਇਆ
ਮੂੰਹ ਦੇ ਇਕ ਸੁਆਦ ਦੀ ਖਾਤਰ,
ਕਿਸੇ ਟਾਹਣੀ ਨੂੰ ਹੱਥ ਪਾਇਆ
ਤੁਰਦੇ ਰਾਹੀ ਧੁੱਪ ਤੋਂ ਮਾਰੇ,
ਮੇਰੀ ਛਾਂ ਨੂੰ ਆਵਣ
ਠੰਢੀ ਠੰਢੀ ਛਾਵੇਂ ਬਹਿ ਕੇ,
ਮੰਜ਼ਲ ਆਪਣੀ ਜਾਵਣ।
ਬੱਕਰੀਆਂ ਦਾ ਆਜੜੀ ਕੋਈ,
ਦੂਰੋਂ ਨਜ਼ਰੀਂ ਆਵੇ
ਆਪਣੇ ਮੋਢੇ ਢਾਂਗੀ ਚੁੱਕੀ,
ਮੇਰੇ ਵਲੀ ਧਾਵੇ।
ਜੜ੍ਹਾਂ ਮੇਰੀਆਂ ਧਰਤੀ ਪਕੜੀ,
ਬੁੱਤ ਖੜ੍ਹਾ ਮੈਂ ਤਣਿਆ
ਆਪਣੀ ਜਾਨ ਬਚਾਉਣ ਦੀ ਖਾਤਰ,
ਬੇਬੱਸ, ਬੇਦਿਲ ਬਣਿਆ।
ਕੂਲੀਆਂ ਲਗਰਾਂ ਪੱਤੇ ਕੱਢੇ,
ਢਾਂਗੀ ਨਾਲ ਉਸ ਲਾਹੇ
ਭੁੱਖੇ ਢਿੱਡ ਲੇਲਿਆਂ ਦੇ,
ਉਹ ਜੀਵਨ ਜੋਤ ਜਗਾਏ।
ਗੁਲੀ-ਡੰਡਾ ਘੜਨ ਦੀ ਖਾਤਿਰ,
ਕਿੱਕਰ ਨਜ਼ਰ ਹੀ ਆਵੇ
ਗੱਭਰੂ ਮੁੰਡੇ ਚਾਈਂ ਚਾਈਂ,
ਛਿੱਲ ਛਿੱਲ ਮੈਨੂੰ ਲਾਹੇ।
ਧਰਤੀ ਦੀ ਹਿੱਕ ਚੀਰਨ ਖਾਤਰ,
ਜੱਟ ਨਾ ਮੈਨੂੰ ਟਾਲਣ
ਹਲ-ਪੰਜਾਲੀ ਅਤੇ ਸੁਹਾਗਾ,
ਰੇੜ੍ਹੀ ਗੱਡਾ ਬਾਲਣ।
ਉਮਰ ਮੇਰੀ ਦੀਆਂ ਢਹਿੰਦੀਆਂ ਸ਼ਾਮਾਂ,
ਲੋਕਾਂ ਤਰਸ ਨਾ ਕੀਤਾ
ਆਪਣੀਆਂ ਗਰਜਾਂ ਦੀ ਖਾਤਿਰ,
ਬਾਲਣ ਢੇਰੀ ਕੀਤਾ।
ਆਪਣੇ ਹੀ ਢਿੱਡ ਫੂਕਣ ਖਾਤਿਰ,
ਮੈਨੂੰ ਚੁੱਲ੍ਹੇ ਡਾਹਿਆ
ਰਹਿੰਦਾ 'ਧਰਮੇ' ਮਾਰ ਕੁਹਾੜੇ,
ਸਿਵਿਆਂ ਵਿਚ ਚਿਣਵਾਇਆ
ਰੁੱਖ, ਹਵਾ ਤੇ ਪਾਣੀ ਧਰਤੀ,
ਯਾਰੀ ਬਹੁਤ ਪੁਰਾਣੀ
ਅੰਨੀ ਕੱਟ-ਵੱਢ ਬਣ ਜਾਵੇਗੀ,
ਮਾਰੂਥਲ ਕਹਾਣੀ

-ਧਰਮ ਸਿੰਘ ਗੋਰਾਇਆ

# ਮਹਿਤਾ ਕਾਲੂ ਸੱਚਾ ਸੀ, ਪਰ ਨਾਨਕੀ ਦਾ ਵਿਸ਼ਵਾਸ ਵੀ ਪੱਕਾ ਸੀ

***ਇਹ ਠੀਕ ਹੈ ਕਿ ਨਾਨਕ ਦੀ ਹਰੇਕ ਗੱਲ ਦਲੀਲ 'ਤੇ ਅਧਾਰਤ ਹੈ ਤੇ ਉਸ ਦੀਆਂ ਦਲੀਲਾਂ ਦਾ ਕੋਈ ਤੋੜ ਵੀ ਨਹੀਂ ਹੁੰਦਾ, ਪਰ ਇਨ੍ਹਾਂ ਪੁਜਾਰੀਆਂ ਵਾਸਤੇ ਦਲੀਲ ਸਭ ਤੋਂ ਵੱਡਾ ਦੁਸ਼ਮਣ ਹੁੰਦੀ ਹੈ ਕਿਉਂਕਿ ਇਨ੍ਹਾਂ ਦੇ ਸਭ ਤੋਂ ਵੱਡੇ ਹਥਿਆਰ ਤੇ ਰਖਵਾਲੇ ਵਹਿਮ, ਭਰਮ, ਝੂਠੇ ਕਰਮਕਾਂਡ ਤੇ ਅੰਧ ਵਿਸ਼ਵਾਸ ਹੁੰਦੇ ਹਨ, ਜੋ ਦਲੀਲ ਮੂਹਰੇ ਬਿਲਕੁਲ ਨਕਾਰਾ ਹੁੰਦੇ ਹਨ। ਇਹ ਦਲੀਲ ਦਾ ਮੁਕਾਬਲਾ ਤਾਂ ਨਹੀਂ ਕਰ ਸਕਦੇ ਇਸ ਵਾਸਤੇ ਇਹ ਦਲੀਲ ਦੇਣ ਵਾਲੇ ਨੂੰ ਚੁਪ ਕਰਵਾਉਣ ਲਈ ਹਰ ਹੀਲਾ ਵਰਤਦੇ ਐ। ਇਹ ਦਲੀਲ ਦੇਣ ਵਾਲਿਆਂ ਨੂੰ ਧਰਮ 'ਚੋਂ, ਸਮਾਜ 'ਚੋਂ ਛੇਕਣ ਤੋਂ ਲੈ ਕੇ ਜਿਸਮਾਨੀ ਸਜਾਵਾਂ 'ਤੇ ਮਾਰਨ ਤੱਕ ਪਹੁੰਚ ਜਾਂਦੇ ਐ। ਜੁਗਾਂ ਜੁਗਾਂਤਰਾਂ ਤੋਂ ਇਹੀ ਹੁੰਦਾ ਆਇਆ ਹੈ।***



*ਨੰਦ ਸਿੰਘ ਬਰਾੜ*

'ਇਹਦਾ ਨਹੀਂ ਕੁਝ ਹੋ ਸਕਦਾ। ਪਤਾ ਨਹੀਂ ਕਿਹੜੇ ਕਿਹੜੇ ਦਿਨ ਦਿਖਾਉਣੇ ਐ ਏਸ ਨੇ।' ਘਰ ਵੜਦਾ ਹੀ ਮਹਿਤਾ ਕਾਲੂ ਪੂਰੀ ਪ੍ਰੇਸ਼ਾਨੀ ਵਿਚ ਸਿਰ ਮਾਰਦਾ ਹੋਇਆ ਬੁੜਬੁੜਾਈ ਜਾਂਦਾ ਸੀ। 'ਜਿਧਰ ਲੰਘਦੇ ਸੀ, ਲੋਕ ਝੁਕ ਝੁਕ ਸਲਾਮਾਂ ਕਰਦੇ ਸੀ। ਨਿੱਤ ਦਿਨ ਕੱਖੋਂ ਹੌਲਾ ਕਰੀ ਜਾਂਦਾ ਹੈ।' ਪਿਉ ਨੂੰ ਐਨ੍ਹਾ ਫਿਕਰਮੰਦ ਤੇ ਬੇਹਾਲ ਹੋਇਆ ਵੇਖ ਕੇ ਨਾਨਕੀ ਦਾ ਦਿਲ ਬੈਠਣ ਲੱਗਿਆ। ਜਲਦੀ ਨਾਲ ਪਿਛੇ ਮੁੜਕੇ ਪਾਣੀ ਦਾ ਗਿਲਾਸ ਲੈ ਆਈ। ਸਮਝਦਿਆਂ ਭਾਵੇਂ ਉਸਨੂੰ ਦੇਰ ਨਾ ਲੱਗੀ ਕਿ ਬਾਪੂ ਜਰੂਰ ਨਾਨਕ ਦੀ ਕਿਸੇ ਗਲੋਂ ਖਫ਼ਾ ਹਨ, ਪਰ ਕਿਹੜੀ ਗਲੋਂ? ਤੌਖਲਾ ਵਧਣ ਲੱਗਿਆ। ਆਪਣੇ ਛੋਟੇ ਭਰਾ ਦੀਆਂ ਗੱਲਾਂ ਰੀਲ੍ਹ ਵਾਂਗ ਘੁੰਮ ਗਈਆਂ। ਐਨਾ ਛੋਟਾ ਹੋਣ ਦੇ ਬਾਵਜੂਦ ਕਿੱਡੀਆਂ ਵੱਡੀਆਂ ਵੱਡੀਆਂ ਗਲਾਂ ਕਰ ਜਾਂਦਾ ਹੈ। ਬੜੀਆਂ ਹੀ ਅਨੋਖੀਆਂ ਤੇ ਵਖਰੀ ਕਿਸਮ ਦੀਆਂ।

ਹੋਰ ਘਰ ਦੇ ਭਾਵੇਂ ਉਹਦੀਆਂ ਗੱਲਾਂ ਤੇ ਕੰਨ ਨਾ ਧਰਦੇ, ਨਾਨਕੀ ਨੂੰ ਹਮੇਸ਼ਾ ਸੱਚੀਆਂ ਤੇ ਮਨ ਨੂੰ ਧੂਅ ਪਾਉਣ ਵਾਲੀਆਂ ਲਗਦੀਆਂ। ਪਰ ਅੱਜ ਉਸਨੂੰ ਪਿਉ ਦਾ ਇਹ ਹਾਲ ਵੇਖ ਕੇ ਨਾਨਕ 'ਤੇ ਗੁੱਸਾ ਵੀ ਆਇਆ ਕਿ ਉਹ ਬਾਪੂ ਦਾ ਖਿਆਲ ਕਿਉਂ ਨਹੀਂ ਰਖਦਾ। ਪਿਉ ਦਾ ਦਿਲ ਦੁਖਾ ਕੇ ਉਹਨੂੰ ਕੀ ਮਿਲੂਗਾ। ਇਹ ਗੱਲਾਂ ਸੋਚਦੀ ਹੋਈ, ਉਤਸੁਕਤਾਵਸ ਤੇ ਸਹਿਮੀ ਹੋਈ ਪਿਉ ਵਲ ਸਵਾਲੀਆਂ ਨਜ਼ਰਾਂ ਨਾਲ ਵੇਖਣ ਲੱਗੀ। ਪਿਉ ਉਸਦੀ ਉਤਸੁਕਤਾ ਸਮਝਦਾ ਹੋਇਆ ਨਿਰਾਸ਼ ਤੇ ਦੁਖੀ ਆਵਾਜ਼ ਵਿਚ ਬੋਲਿਆ, 'ਬਹਿ ਜਾ ਪੁੱਤ, ਦੇਖ ਮੈਨੂੰ ਤੇਰੇ ਭਰਾ ਦਾ ਫਿਕਰ ਵੱਢ-ਵੱਢ ਖਾਈ ਜਾਂਦਾ ਹੈ। ਕੋਈ ਗੱਲ ਜ਼ਿੰਮੇਵਾਰੀ ਵਾਲੀ ਨਹੀਂ ਕਰਦਾ। ਅਜੇ ਤਾਂ ਪਹਿਲੀ ਨਮੋਸ਼ੀ ਹੀ ਦੂਰ ਨਹੀਂ ਹੋਈ। ਤੈਨੂੰ ਪਤਾ ਹੀ ਹੈ ਓਸ ਰਾਂਦੀ ਜੱਟ ਦਾ ਜਿਹਦੇ ਖੇਤ ਵਿਚ ਮੱਝਾਂ ਵਾੜ 'ਤੀਆਂ ਸੀ, ਉਹ ਕੋਈ ਟਿਕਣ ਵਾਲਾ ਨਹੀਂ ਸੀ। ਉਹ ਤਾਂ ਭਲਾ ਹੋਵੇ ਰਾਇ ਬੁਲਾਰ ਦਾ ਜਿਹਨੇ ਗੱਲ ਠੰਡੀ ਕਰਾ 'ਤੀ ਤੇ ਹੁਣ ਨਵਾਂ ਈ ਚੰਦ ਚੜ੍ਹੀ ਜਾਂਦਾ ਹੈ। ਭਲਾ ਤੂੰ ਆਪ ਹੀ ਦੱਸ, ਆਪਣੇ ਧਰਮ ਬਿਨਾ ਬੰਦੇ ਦੀ ਕੋਈ ਪਛਾਣ ਹੈ ਤੇ ਨਾਲੇ ਗੁਰੂ ਵਾਲਾ ਬਣੇ ਬਿਨਾ ਇਹਦਾ ਪਾਰ ਉਤਾਰਾ ਕਿਵੇਂ ਹੋਊ। ਪੰਡਤ ਮਹਾਰਾਜ ਨੂੰ ਕਹਿ ਆਇਆ ਹੈ ਕਿ ਮੈਂ ਨਾ ਜਨੇਊ ਪਾਉਣਾ ਹੈ ਤੇ ਨਾ ਹੀ ਤੈਨੂੰ ਗੁਰੂ ਮੰਨਦਾ ਹਾਂ, ਜਿਹਨੂੰ ਸਾਰਾ ਜਗਤ ਗੁਰੂ ਮੰਨਦਾ ਹੈ। ਜਨੇਊ ਧਾਰਨ ਕਰਨਾ ਕੋਈ ਖੇਡ ਹੈ, ਪਾ ਲਿਆ ਜਾਂ ਨਾ ਪਾ ਲਿਆ। ਮੁੱਢ ਕਦੀਮ ਤੋਂ ਧਾਰਮਿਕ ਰਸਮ ਚਲੀ ਆਉਂਦੀ ਹੈ, ਉਹ ਐਵੇਂ ਤਾਂ ਨਹੀਂ। ਸਾਰੇ ਸਾਡੇ ਵੱਡੇ ਵਡੇਰੇ ਮੂਰਖ ਹੀ ਸਨ, ਸਿਰਫ ਇਹੋ ਸਿਆਣਾ ਜੰਮ ਪਿਆ। ਪਤਾ ਕੀ ਕਹਿੰਦਾ, ਅਖੇ ਕਪਾਹ ਦੇ ਧਾਗੇ ਪੰਡਤ ਦੇ ਮੰਤਰ ਪੜ੍ਹਨ ਨਾਲ ਕੁਝ ਹੋਰ ਕਿਵੇਂ ਬਣ ਸਕਦੇ ਐ। ਇਹਨੂੰ ਕੌਣ ਸਮਝਾਵੇ ਕਿ ਜਿਸ ਜਨੇਊ ਨੂੰ ਇਹ ਆਮ ਧਾਗੇ ਸਮਝਦਾ ਹੈ, ਉਹ ਸਾਡੇ ਦੇਵੀ-ਦੇਵਤਿਆਂ ਨੇ ਹਜ਼ਾਰਾਂ ਸਾਲਾਂ ਦੀ ਘੋਰ ਤਪੱਸਿਆ ਦੁਆਰਾ ਪ੍ਰਗਟ ਕਰਕੇ ਸਾਨੂੰ ਹਿੰਦੂਆਂ ਨੂੰ ਬਖਸ਼ਸ਼ ਕੀਤਾ ਐ। ਉਹੀ ਸ਼ਕਤੀ ਪੰਡਤ ਜੀ ਮਹਾਰਾਜ ਦੁਆਰਾ ਜੁਗਾਂ ਜੁਗਾਂਤਰਾਂ ਤੋ ਅੱਗੇ ਚਲੀ ਆਉਂਦੀ ਹੈ। ਜਦੋਂ ਪੰਡਤ ਜੀ ਮਹਾਰਾਜ, ਅਨੇਕਾਂ ਸ਼ੁਧੀਆਂ ਕਰਕੇ ਅਤੇ ਆਪਣੀ ਸਾਰੀ ਦੈਵੀ ਸ਼ਕਤੀ ਇਕਾਗਰ ਕਰਕੇ ਮੰਤਰਾਂ ਦਾ ਜਾਪ ਕਰਦੇ ਹੋਏ ਜਨੇਊ ਤਿਆਰ ਕਰਦਾ ਹੈ ਤਾਂ ਇਹ ਕੋਈ ਆਮ ਧਾਗਿਆਂ ਦਾ ਬਣਿਆ ਹੋਇਆ ਨਹੀਂ ਸਗੋਂ ਰੱਬ ਵਲੋਂ ਬਖਸ਼ਸ਼ ਕੀਤੀ ਅਨੂਠੀ ਸ਼ੈ ਬਣ ਜਾਂਦਾ ਹੈ। ਪਰ ਇਹਨੂੰ ਇਨ੍ਹਾਂ ਗਲਾਂ ਦੀ ਕਿਥੇ ਸਮਝ।'

ਨਾਨਕੀ ਪੂਰੇ ਧਿਆਨ ਨਾਲ ਆਪਣੇ ਪਿਉ ਦਾ ਵਿਖਿਆਨ ਸੁਣਦੀ ਰਹੀ ਅਤੇ ਨਾਲ ਨਾਲ ਹਾਮੀ ਵਾਲਾ ਹੁੰਗਾਰਾ ਵੀ ਭਰਦੀ ਰਹੀ। ਨਾਨਕੀ ਦੇ ਇਸ ਵਿਹਾਰ ਨਾਲ ਕਾਲੂ ਦੇ ਮਨ ਤੋਂ ਬੋਝ ਕਾਫੀ ਲਹਿ ਗਿਆ। ਹੁੰਗਾਰਾ ਭਰਦੀ ਭਰਦੀ ਨਾਨਕੀ ਨੇ ਕਿਹਾ, 'ਬਾਪੂ ਤੇਰੀ ਗੱਲ ਬਿਲਕੁਲ ਠੀਕ ਹੈ। ਧਰਮ ਦਾ ਪਾਲਣ ਤਾਂ ਹਰੇਕ ਹੀ ਕਰਦਾ ਹੈ ਤੇ ਕਰਨਾ ਵੀ ਚਾਹੁੰਦਾ ਹੈ।'

'ਇਹੀ ਤਾਂ ਪੁੱਤ ਮੈਂ ਕਹਿਨਾਂ।' ਮਹਿਤਾ ਕਾਲੂ ਨੇ ਗਲ ਅਗੇ ਤੋਰੀ। 'ਲੋਕ ਧਰਮ ਤੋਂ ਆਪਣਾ ਤਨ ਮਨ ਧਨ, ਗੱਲ ਕੀ ਜਾਨ ਤਕ ਕੁਰਬਾਨ ਕਰ ਦਿੰਦੇ ਐ। ਅੰਤ ਸਮੇਂ ਭਵਸਾਗਰ ਵਿਚੋਂ ਪਾਰ ਹੋਣ ਲਈ ਧਰਮ ਹੀ ਕੰਮ ਆਉਂਦਾ ਹੈ। ਇਹ ਗੁਰੂ ਪੰਡਤ ਹੀ ਹੈ ਜੋ ਭਵਸਾਗਰ ਵਿਚੋਂ ਪਾਰ ਕਰਵਾ ਕੇ ਰੱਬ ਨਾਲ ਮੇਲ ਕਰਵਾਉਂਦਾ ਹੈ। ਜੇ ਇਹਦਾ ਕੋਈ ਧਰਮ ਹੀ ਨਾ ਹੋਇਆ ਤੇ ਨਾ ਹੀ ਬਾਂਹ ਫੜਨ ਵਾਲਾ ਗੁਰੂ ਨਾਲ ਹੋਇਆ, ਤਾਂ ਇਹ ਭਵਸਾਗਰ ਪਾਰ ਕਿਵੇਂ ਕਰੂ।'

'ਬਾਪੂ ਤੂੰ ਠੀਕ ਆਖਦਾ ਹੈਂ। ਸਾਰੇ ਸਿਆਣੇ ਲੋਕ ਵੀ ਇਹ ਹੀ ਆਖਦੇ ਐ। ਪਰ ਜੇ ਤੂੰ ਗੁੱਸਾ ਨਾ ਕਰੇਂ ਤਾਂ ਇਕ ਗੱਲ ਕਰਾਂ।'

'ਤੇਰਾ ਪੁੱਤ ਕਾਹਦਾ ਗੁੱਸਾ। ਇਕ ਤੂੰ ਹੀ ਹੈ ਜੋ ਮੇਰਾ ਦਰਦ ਸਮਝਦੀ ਹੈ। ਦੱਸ, ਦੱਸ ਬੇਫਿਕਰ ਹੋ ਕੇ।'

'ਬਾਪੂ ਧਰਮ ਦੇ ਰਾਹ ਚੱਲਣ ਨੂੰ ਤਾਂ ਨਾਨਕ ਵੀ ਕਹਿੰਦਾ ਹੈ, ਪਰ ਉਹ ਆਖਦਾ ਹੈ ਕਿ ਰੱਬ ਦੇ ਮਿਲਾਪ ਲਈ ਕਿਸੇ ਵਿਚੋਲੇ ਦੀ ਲੋੜ ਨਹੀਂ ਤੇ ਨਾ ਹੀ ਐਸਾ ਕੋਈ ਭਵਸਾਗਰ ਹੈ ਜੋ ਰੱਬ ਨੂੰ ਮਿਲਣ ਲਈ ਪਾਰ ਕਰਨਾ ਪੈਂਦਾ ਹੈ। ਇਹ ਪੁਜਾਰੀ ਲੋਕ, ਇਹ ਪੰਡਤ, ਇਹ ਮੌਲਵੀ ਸਭ ਲੋਕਾਂ ਨੂੰ ਗੁੰਮਰਾਹ ਕਰਦੇ ਐ ਨਾਨਕ ਦਸਦਾ ਹੈ ਕਿ ਰੱਬ ਸੱਚਾ ਤਾਂ ਸਭਨਾਂ ਦੇ ਅੰਦਰ ਹੈ। ਸਿਰਫ ਸਾਡੇ ਅੰਦਰ ਹੀ ਨਹੀਂ, ਉਹ ਤਾਂ ਹਰ ਤਿਣਕੇ ਵਿਚ ਮੌਜੂਦ ਹੈ। ਇਹ ਧਰਤੀ, ਧਰਤੀ ਉਪਰਲੇ ਜੀਵ ਜੰਤੂ, ਇਹ ਸੂਰਜ, ਚੰਦ, ਤਾਰੇ, ਸਾਰੇ ਖੰਡ, ਬ੍ਰਹਿਮੰਡ ਰੱਬ ਨੇ ਹੀ ਆਪਣੇ ਆਪ ਤੋਂ ਪ੍ਰਗਟ ਕੀਤੇ ਹੋਏ ਐ ਅਤੇ ਉਹ ਹਰ ਕਣ ਕਣ ਵਿਚ ਸਮਾਇਆ ਹੋਇਆ ਹੈ। ਉਹ ਕੋਈ ਮੰਦਰਾਂ ਜਾਂ ਮਸਜਿਦਾਂ ਵਿਚ ਕੈਦ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਐਸੇ ਅਣਦੱਸੇ ਥਾਂ ਤੇ ਲੁਕ ਕੇ ਬੈਠਾ ਹੈ, ਜਿਸ ਕੋਲ ਪਹੁੰਚਣ ਲਈ ਸਾਨੂੰ ਇਨ੍ਹਾਂ ਪੁਜਾਰੀਆਂ ਦੀ ਲੋੜ ਪਵੇ। ਉਹ ਜੋ ਸਾਡੇ ਵਿਚ ਹੀ ਸਮਾਇਆ ਹੋਇਆ ਹੈ, ਉਸਨੂੰ ਮਿਲਣ ਕਿਥੇ ਜਾਣਾ ਹੈ। ਉਸ ਰੱਬ ਸਚੇ ਦੀ ਹੋਂਦ ਨੂੰ ਚੱਤੋ ਪਹਿਰ ਆਪਣੇ ਵਿਚ ਮਹਿਸੂਸ ਕਰਨਾ ਤੇ ਯਾਦ ਰਖਣਾ ਹੀ ਧਰਮ ਦੀ ਪਹਿਲੀ ਪੌੜੀ ਹੈ। ਜਦ ਅਸੀਂ ਇਸ ਤਰ੍ਹਾਂ ਮਹਿਸੂਸ ਕਰਨ ਲਗ ਪੈਂਦੇ ਹਾਂ ਤਾਂ ਅਸੀਂ ਰੱਬ ਨੂੰ ਹਰ ਪਾਸੇ ਤੇ ਹਰ ਇਕ ਦੇ ਅੰਦਰ ਮੌਜੂਦ ਪਾਉਂਦੇ ਹਾਂ। ਫੇਰ ਨਾ ਕੋਈ ਹਿੰਦੂ ਦਿਸਦਾ ਹੈ ਨਾ ਮੁਸਲਮਾਨ, ਸਗੋਂ ਹਰ ਇਕ ਇਨਸਾਨ ਹੀ ਦਿਸਦਾ ਹੈ। ਹਰ ਤਰ੍ਹਾਂ ਦਾ ਵੈਰ ਵਿਰੋਧ ਤੇ ਦਵੈਤ ਭਾਵ ਖਤਮ ਹੋ ਕੇ ਸਾਰਾ ਸੰਸਾਰ ਉਸੇ ਦਾ ਰੂਪ ਦਿਸਦਾ ਹੈ।'



ਨਾਨਕੀ ਨੂੰ ਐਨੇ ਆਤਮ ਵਿਸ਼ਵਾਸ ਨਾਲ ਗੱਲਾਂ ਕਰਦੇ ਵੇਖ ਕੇ ਉਹ ਹੈਰਾਨ ਹੋ ਰਿਹਾ ਸੀ। ਨਾਨਕ ਦੀਆਂ ਨਾਨਕੀ ਵਲੋਂ ਕਹੀਆਂ ਗੱਲਾਂ ਦਾ ਉਸ ਉਤੇ ਅਜਿਹਾ ਅਸਰ ਹੋ ਰਿਹਾ ਸੀ ਕਿ ਉਹ ਬਿਨਾ ਕੋਈ ਕਿੰਤੂ-ਪ੍ਰੰਤੂ ਕੀਤੇ ਮੰਤਰ ਮੁਗਧ ਹੋਇਆ ਸੁਣੀ ਜਾ ਰਿਹਾ ਸੀ।

ਨਾਨਕੀ ਦੀ ਗੱਲਾਂ ਕਰਨ ਦੀ ਰਵਾਨੀ ਉਸੇ ਤਰ੍ਹਾਂ ਜਾਰੀ ਸੀ। 'ਇਹ ਸਾਰਾ ਸੰਸਾਰ ਉਸੇ ਰੱਬ ਦੇ ਹੁਕਮ ਅਨੁਸਾਰ ਚਲਦਾ ਹੈ। ਇਹ ਸੂਰਜ, ਚੰਦ, ਤਾਰੇ, ਧਰਤੀ, ਸਾਰਾ ਬ੍ਰਹਿਮੰਡ ਉਸੇ ਦੇ ਹੁਕਮ ਅਨੁਸਾਰ ਆਪਣੇ ਆਪਣੇ ਰਸਤਿਆਂ 'ਤੇ ਗਤੀਮਾਨ ਹੈ। ਕੋਈ ਵੀ ਚੀਜ਼ ਉਸਦੇ ਹੁਕਮ ਤੋਂ ਬਾਹਰ ਨਹੀਂ। ਨਾ ਕੋਈ ਉਸਦਾ ਹੁਕਮ ਮੋੜ ਸਕਦਾ ਹੈ, ਨਾ ਟਾਲ ਸਕਦਾ ਹੈ ਤੇ ਨਾ ਹੀ ਕੋਈ ਉਸਦੇ ਹੁਕਮ ਵਿਚ ਅਦਲਾ-ਬਦਲੀ ਕਰ ਸਕਦਾ ਹੈ। ਉਸਦੇ ਹੁਕਮ ਨੂੰ ਹੂਬਹੂ ਮੰਨਣਾ ਅਤੇ ਹੁਕਮ ਵਿਚ ਖੁਸ਼ ਰਹਿਣ ਧਰਮ ਦੀ ਅਗਲੀ ਪੌੜੀ ਹੈ।'

ਮਹਿਤਾ ਕਾਲੂ ਜੋ ਮੰਤਰ ਮੁਗਧ ਹੋਇਆ ਸੁਣੀ ਜਾ ਰਿਹਾ ਸੀ, ਇਕਦਮ ਕੁਝ ਫਿਕਰਮੰਦ ਹੋਇਆ ਤੇ ਬੋਲਿਆ, 'ਗੱਲਾਂ ਨਾਨਕ ਦੀਆਂ ਵਾਕਿਆ ਹੀ ਪਤੇ ਦੀਆਂ ਤੇ ਮਨ ਦੇ ਕਪਾੜ ਖੋਲ੍ਹਣ ਵਾਲੀਆਂ ਹਨ। ਪਰ ਇਨ੍ਹਾਂ ਸੰਤਾਂ-ਮਹਾਂਪੁਰਸ਼ਾਂ ਵਾਲੀਆਂ ਗੱਲਾਂ ਨੇ ਮੈਨੂੰ ਹੋਰ ਫਿਕਰ ਵਿਚ ਪਾ ਦਿੱਤਾ ਹੈ ਕਿ ਕਿਤੇ ਕੋਈ ਸਾਧ ਫਕੀਰ ਹੀ ਨਾ ਬਣ ਜਾਵੇ।'

'ਨਹੀਂ, ਨਹੀਂ, ਬਾਪੂ, ਇਹੋ ਜਿਹਾ ਫਿਕਰ ਕਰਨ ਦੀ ਲੋੜ ਨਹੀਂ, ਨਾਨਕੀ ਝੱਟ ਬੋਲੀ। ਸਾਧਾਂ ਫਕੀਰਾਂ ਨੂੰ ਤਾਂ ਇਹ ਸਿਰੇ ਦੇ ਦੰਭੀ ਕਹਿੰਦਾ ਹੈ। ਇਹ ਤਾਂ ਸਗੋਂ ਪਰਿਵਾਰ ਵਿਚ ਰਹਿੰਦਿਆਂ ਸੱਚੀ ਸੁੱਚੀ ਕਿਰਤ ਕਰਨ ਨੂੰ ਧਰਮ ਦੀ ਅਗਲੀ ਪੌੜੀ ਕਹਿੰਦਾ ਹੈ। ਇਸ ਦਾ ਮੱਤ ਹੈ ਕਿ ਆਪਣੀ ਕਮਾਈ ਵਿਚੋਂ ਕਿਸੇ ਲੋੜਵੰਦ ਦੀ ਮਦਦ ਕਰਨਾ ਤਾਂ ਧਰਮ ਹੈ, ਪਰ ਕਿਸੇ ਵਿਹਲੜ ਨੂੰ ਦਾਨ ਦੇਣਾ ਧਰਮ ਨਹੀਂ।'

ਨਾਨਕੀ ਆਪਣੀ ਗੱਲ ਅੱਗੇ ਤੋਰਦੀ ਹੋਈ ਬੋਲੀ, 'ਨਾਨਕ ਦਸਦਾ ਹੈ ਕਿ ਇਹ ਪੁਜਾਰੀ ਸਭ ਕੁਝ ਜਾਣਦੇ ਹੋਏ ਵੀ ਧਰਮ ਦੇ ਸਗੋਂ ਉਲਟ ਕਰਮ ਕਰਦੇ ਐ, ਇਨ੍ਹਾਂ ਨੂੰ ਇਹ ਕੋਈ ਭੁਲੇਖਾ ਨਹੀਂ ਕਿ ਰੱਬ ਜ਼ਰ੍ਰੇ ਜ਼ਰ੍ਰੇ ਵਿਚ ਵਸਦਾ ਹੈ। ਆਪਣੇ ਵਿਖਿਆਨਾਂ ਵਿਚ ਇਹ ਕਹਿਣਗੇ ਵੀ ਏਦਾਂ ਹੀ ਕਿ ਰੱਬ ਸਾਡੇ ਅੰਦਰ ਹੈ, ਪਰ ਆਪਣੀਆਂ ਗਤੀਵਿਧੀਆਂ ਰਾਹੀਂ ਇਹ ਪ੍ਰਭਾਵ ਦਿੰਦੇ ਐ ਜਿਵੇਂ ਰੱਬ ਮੰਦਰਾਂ ਜਾਂ ਮਸਜਿਦਾਂ ਵਿਚ ਕੈਦ ਹੋਵੇ ਜਾਂ ਕਿਸੇ ਅਗਿਆਤ ਵਾਸ ਵਿਚ ਹੋਵੇ ਜਿਸਨੂੰ ਲੋਕ ਸਮਝਣ ਕਿ ਉਹ ਉਨ੍ਹਾਂ ਵਾਸਤੇ ਅਪਹੁੰਚ ਹੋਵੇ ਤੇ ਉਸ ਨਾਲ ਮਿਲਾਪ ਦਾ ਸਿਰਫ ਇਹ ਹੀ ਸਾਧਨ ਹੋਣ। ਇਹ ਸਭ ਜਾਣਦੇ ਐ ਕਿ ਰੱਬ ਦਾ ਹੁਕਮ ਅਟੱਲ ਹੈ ਫਿਰ ਵੀ ਇਹ ਪ੍ਰਭਾਵ ਦੇਣ ਦਾ ਪਖੰਡ ਕਰਦੇ ਐ ਕਿ ਜੇ ਉਹ ਰੱਬ ਨੂੰ ਬੇਨਤੀ ਕਰਨ ਤਾਂ ਸਭ ਉਸੇ ਤਰ੍ਹਾਂ ਹੋ ਜਾਵੇਗਾ ਜਿਵੇਂ ਉਹ ਕਹਿਣਗੇ। ਇਸ ਵਾਸਤੇ ਉਹ ਅਨੇਕਾਂ ਢਕਵੰਜ ਕਰਦੇ ਐ, ਕਦੇ ਮੰਤਰਾਂ ਦਾ ਜਾਪ ਕਰਕੇ, ਕਦੇ ਅੱਖਾਂ ਮੀਟ ਕੇ, ਕਦੇ ਮੂੰਹ ਉਤਾਂਹ ਕਰਕੇ ਜਾਂ ਇਸੇ ਤਰ੍ਹਾਂ ਦੇ ਹੋਰ ਪਖੰਡ ਕਰਕੇ ਇਹ ਪ੍ਰਭਾਵ ਦਿੰਦੇ ਐ ਜਿਵੇਂ ਉਹ ਰੱਬ ਨਾਲ ਸਿੱਧਾ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹੋਣ ਤੇ ਬੱਸ ਮਿੰਟਾਂ-ਸਕਿੰਟਾਂ ਵਿਚ ਹੀ ਇਨ੍ਹਾਂ ਦਾ ਸੰਪਰਕ ਹੋ ਜਾਵੇਗਾ। ਸਾਰਾ ਕੁਝ ਇਹ ਤਾਂ ਕਰਦੇ ਆ ਕਿ ਸ਼ਰਧਾਲੂ ਆਪਣੀਆਂ ਸਮੱਸਿਆਵਾਂ ਦੂਰ ਕਰਵਾਉਣ ਜਾਂ ਮੁਰਾਦਾਂ ਪੂਰੀਆਂ ਕਰਵਾਉਣ ਵਾਸਤੇ ਵਧ ਤੋਂ ਵਧ ਦਾਨ ਆਦਿ ਕਰਨ ਲਈ ਪ੍ਰੇਰਤ ਹੋ ਜਾਣ।

'ਨਾ ਪੁੱਤ ਨਾ', ਮਹਿਤਾ ਕਾਲੂ ਇਕਦਮ ਫਿਕਰਮੰਦ ਹੋਇਆ ਬੋਲਿਆ, 'ਪੁਜਾਰੀਆਂ ਬਾਰੇ ਐਹੋ ਜਿਹੀ ਗਲ ਨਹੀਂ ਆਖੀਦੀ, ਪਾਪ ਲਗਦਾ ਐ, ਪੁਜਾਰੀ ਤਾਂ ਪੂਜਣਯੋਗ ਇਨਸਾਨ ਹੁੰਦੈ ਐ ਤੇ ਇਹੀ ਹਰ ਧਰਮ ਦੇ ਥੰਮ ਹੁੰਦੇ ਐ। ਆਮ ਲੋਕਾਂ ਨੂੰ ਧਰਮ ਕਰਮ ਦੀਆਂ ਗੱਲਾਂ ਦਾ ਕੀ ਪਤਾ। ਇਹ ਤਾਂ ਪੁਜਾਰੀ ਹੀ ਹੁੰਦੈ ਐ ਜੋ ਹਰ ਧਰਮ ਨੂੰ ਉਸਦੀਆਂ ਸਹੀ ਲੀਹਾਂ 'ਤੇ ਤੋਰਦੇ ਐ।'

ਕਹਿਣ ਨੂੰ ਤਾਂ ਉਸਨੇ ਤਜ਼ਰਬੇਕਾਰ ਤੇ ਸਿਆਣਿਆਂ ਵਾਂਗ ਇਹ ਗੱਲਾਂ ਕਹਿ ਦਿੱਤੀਆਂ, ਪਰ ਹੁਣ ਉਸਨੂੰ ਇਸ ਗਲ ਦਾ ਯਕੀਨ ਹੋ ਗਿਆ ਸੀ ਕਿ ਉਸਦੇ ਗੁੱਸੇ ਹੋਣ ਜਾਂ ਉਸਦੀਆਂ ਇਹ ਸਿਆਣਪ ਤੇ ਤਜ਼ਰਬੇਕਾਰ ਹੋਣ ਦਾ ਭੁਲੇਖਾ ਪਾਉਣ ਵਾਲੀਆਂ ਨਸੀਹਤਾਂ ਇਨ੍ਹਾਂ ਨੂੰ, ਜਿਨ੍ਹਾਂ ਨੂੰ ਉਹ ਅਜੇ ਬੱਚੇ ਹੀ ਸਮਝਦਾ ਸੀ, ਇਸ ਰਸਤੇ ਤੋਂ ਮੋੜ ਨਹੀਂ ਸਕਦੀਆਂ। ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਆਪਣੇ ਇਕਲੌਤੇ ਪੁੱਤ ਨੂੰ ਇਸ ਬਿਖੜੇ ਤੇ ਖਤਰਨਾਕ ਰਸਤੇ ਤੋਂ ਕਿਵੇਂ ਸਧਾਰਨ ਜ਼ਿੰਦਗੀ ਵਾਲੇ ਰਸਤੇ 'ਤੇ ਮੋੜੇ। ਉਸਨੇ ਆਪਣੀ ਗਲ ਅਗੇ ਤੋਰੀ।

'ਦੇਖ ਪੁੱਤ, ਮੇਰੀ ਗਲ ਧਿਆਨ ਨਾਲ ਸੁਣ ਸਮਝ ਤੇ ਨਾਨਕ ਨੂੰ ਵੀ ਸਮਝਾ। ਉਹ ਸਾਰਿਆਂ ਨਾਲੋਂ ਤੇਰੀ ਗੱਲ ਜ਼ਿਆਦਾ ਮੰਨਦਾ ਹੈ ਤੇ ਤੂੰ ਹੀ ਉਸਨੂੰ ਇਸ ਰਾਹ ਤੋਂ ਮੋੜ ਸਕਦੀ ਹੈ। ਇਨ੍ਹਾਂ ਪੁਜਾਰੀਆਂ, ਪੰਡਤਾਂ, ਮੌਲਾਣਾਂ ਦੇ ਵਿਰੁਧ ਗੱਲ ਕਰਨੀ ਕੋਈ ਸੌਖੀ ਨਹੀਂ ਹੁੰਦੀ। ਇਨ੍ਹਾਂ ਦੇ ਹੱਥ ਵੀ ਬੜੇ ਲੰਬੇ ਹੁੰਦੇ ਨੇ ਹਰੇਕ ਸਰਕਾਰ ਵਿਚ।ਇਹ ਠੀਕ ਹੈ ਕਿ ਨਾਨਕ ਦੀ ਹਰੇਕ ਗੱਲ ਦਲੀਲ 'ਤੇ ਅਧਾਰਤ ਹੈ ਤੇ ਉਸ ਦੀਆਂ ਦਲੀਲਾਂ ਦਾ ਕੋਈ ਤੋੜ ਵੀ ਨਹੀਂ ਹੁੰਦਾ, ਪਰ ਇਨ੍ਹਾਂ ਪੁਜਾਰੀਆਂ ਵਾਸਤੇ ਦਲੀਲ ਸਭ ਤੋਂ ਵੱਡਾ ਦੁਸ਼ਮਣ ਹੁੰਦੀ ਹੈ ਕਿਉਂਕਿ ਇਨ੍ਹਾਂ ਦੇ ਸਭ ਤੋਂ ਵੱਡੇ ਹਥਿਆਰ ਤੇ ਰਖਵਾਲੇ ਵਹਿਮ, ਭਰਮ, ਝੂਠੇ ਕਰਮਕਾਂਡ ਤੇ ਅੰਧ ਵਿਸ਼ਵਾਸ ਹੁੰਦੇ ਹਨ, ਜੋ ਦਲੀਲ ਮੂਹਰੇ ਬਿਲਕੁਲ ਨਕਾਰਾ ਹੁੰਦੇ ਹਨ। ਇਹ ਦਲੀਲ ਦਾ ਮੁਕਾਬਲਾ ਤਾਂ ਨਹੀਂ ਕਰ ਸਕਦੇ ਇਸ ਵਾਸਤੇ ਇਹ ਦਲੀਲ ਦੇਣ ਵਾਲੇ ਨੂੰ ਚੁਪ ਕਰਵਾਉਣ ਲਈ ਹਰ ਹੀਲਾ ਵਰਤਦੇ ਐ। ਇਹ ਦਲੀਲ ਦੇਣ ਵਾਲਿਆਂ ਨੂੰ ਧਰਮ 'ਚੋਂ, ਸਮਾਜ 'ਚੋਂ ਛੇਕਣ ਤੋਂ ਲੈ ਕੇ ਜਿਸਮਾਨੀ ਸਜਾਵਾਂ 'ਤੇ ਮਾਰਨ ਤੱਕ ਪਹੁੰਚ ਜਾਂਦੇ ਐ। ਜੁਗਾਂ ਜੁਗਾਂਤਰਾਂ ਤੋਂ ਇਹੀ ਹੁੰਦਾ ਆਇਆ ਹੈ।

ਨਾਨਕੀ 'ਤੇ ਹਾਂ ਪੱਖੀ ਪ੍ਰਭਾਵ ਦੇਖਦੇ ਹੋਏ ਉਸਨੇ ਗੱਲ ਅਗੇ ਤੋਰੀ- 'ਇਕ ਗੱਲ ਹੋਰ ਦੱਸਾਂ। ਦੁਨੀਆਂ ਤੇ ਕਈ ਵਾਰ ਅਜਿਹੇ ਮਹਾਂਪੁਰਸ਼ ਵੀ ਪੈਦਾ ਹੋਏ ਐ ਜਿਨ੍ਹਾਂ ਇਨ੍ਹਾਂ ਖਿਲਾਫ਼ ਤਕੜੀਆਂ ਲੋਕ ਲਹਿਰਾਂ ਜਥੇਬੰਦ ਕੀਤੀਆਂ, ਜਿਨ੍ਹਾਂ ਮੂਹਰੇ ਇਹ ਕਮਜ਼ੋਰ ਵੀ ਪੈ ਗਏ। ਇਹ ਲਹਿਰਾਂ ਆਪਣੀ ਬੁਲੰਦੀ 'ਤੇ ਪਹੁੰਚ ਕੇ ਰਾਜ ਸੱਤਾ 'ਤੇ ਵੀ ਕਾਬਜ਼ ਹੋ ਗਈਆਂ, ਪਰ ਅਫਸੋਸ! ਰਾਜ ਪ੍ਰਾਪਤੀ ਤੋਂ ਬਾਅਦ ਇਨ੍ਹਾਂ ਦੇ ਸਿਧਾਂਤ ਪਿਛੇ ਰਹਿੰਦੇ ਗਏ ਤੇ ਇਹ ਕਰਮ ਦੇ ਧਰਮ ਦੀ ਥਾਂ ਨਾਂ ਦੇ ਧਰਮ ਬਣਦੇ ਗਏ ਤੇ ਉਹੀ ਪੁਜਾਰੀ ਆਪਣੇ ਨਵੇਂ ਰੂਪਾਂ ਨਾਲ ਫੇਰ ਅਗੇ ਆਉਂਦੇ ਗਏ। ਆਹ ਜਿਹੜੇ ਧਰਮ ਤੂੰ ਦੇਖਦੀ ਐਂ ਇਹ ਸਭ ਇਸੇ ਤਰ੍ਹਾਂ ਪੈਦਾ ਹੋਏ ਐ, ਪਰ ਅਜ ਤੱਕ ਅਜਿਹਾ ਮਹਾਂਪੁਰਸ਼ ਪੈਦਾ ਨਹੀਂ ਹੋਇਆ ਜੋ ਮਨੁਖਤਾ ਨੂੰ ਇਨ੍ਹਾਂ ਰੱਬ ਦੇ ਆਪੂੰ ਬਣੇ ਵਿਚੋਲਿਆਂ ਦੇ ਚੁੰਗਲ ਵਿਚੋਂ ਹਮੇਸ਼ਾ ਹਮੇਸ਼ਾ ਲਈ ਮੁਕਤ ਕਰਾ ਸਕਿਆ ਹੋਵੇ। ਸੋ, ਪੁੱਤ ਜੇ ਐਨਾ ਕੁਝ ਹੋਣ ਦੇ ਬਾਅਦ ਵੀ ਪਰਨਾਲਾ ਉਥੇ ਦਾ ਉਥੇ ਰਹਿਣਾ ਹੈ ਤਾਂ ਇਹ ਸਾਰੀਆਂ ਕੁਰਬਾਨੀਆਂ ਤਾਂ ਅਜਾਈਂ ਹੀ ਗਈਆਂ ਨਾ। ਇਸ ਵਾਸਤੇ ਮੇਰੀ ਤਾਂ ਇਹ ਹੀ ਰਾਇ ਹੈ ਕਿ ਇਨ੍ਹਾਂ ਪੁਜਾਰੀਆਂ ਨਾਲ ਖਹਿਬੜਨ ਦੀ ਬਜਾਏ ਇਨ੍ਹਾਂ ਨੂੰ ਮਥਾ ਟੇਕਣ ਵਿਚ ਹੀ ਭਲਾਈ ਹੈ ਤੇ ਸਿਆਣਪ ਵੀ।'

ਨਾਨਕੀ, ਜੋ ਹੁਣ ਤੱਕ ਆਪਣੇ ਪਿਉ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਹੀ ਸੀ ਤੇ ਇਨ੍ਹਾਂ ਇਤਿਹਾਸਕ ਤੇ ਗਿਆਨ ਭਰਪੂਰ ਗੱਲਾਂ ਨਾਲ ਪ੍ਰਭਾਵਤ ਵੀ ਹੋ ਰਹੀ ਸੀ, ਪਰ ਨਾਲੋ ਨਾਲ ਉਸ ਅੰਦਰ ਇਕ ਅਨੋਖਾ ਵਿਸ਼ਵਾਸ ਵੀ ਪੈਦਾ ਹੋ ਰਿਹਾ ਸੀ, ਬੋਲੀ, 'ਬਾਪੂ ਤੇਰੀਆਂ ਗੱਲਾਂ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਧਰਮਾਂ ਅਤੇ ਪੁਜਾਰੀਆਂ ਦੇ ਪਿਛੋਕੜ ਬਾਰੇ ਬੜਾ ਚਾਨਣ ਕੀਤਾ ਹੈ। ਮੈਂ ਵੀ ਇਸ ਬਾਰੇ ਨਾਨਕ ਨਾਲ ਜਰੂਰ ਗੱਲ ਕਰੂੰਗੀ, ਪਰ ਪਤਾ ਨਹੀਂ ਕਿਉਂ ਮੈਨੂੰ ਅੰਦਰੋਂ ਨਾਨਕ ਬਾਰੇ ਇਕ ਅਨੋਖਾ ਵਿਸ਼ਵਾਸ ਪੱਕਾ ਹੋ ਰਿਹਾ ਹੈ ਕਿ ਇਹ ਜਰੂਰ ਐਸਾ ਕੁਝ ਕਰੂਗਾ ਜੋ ਅੱਜ ਤੱਕ ਨਹੀਂ ਹੋਇਆ। ਦੇਖ ਨਾ, ਐਨਾ ਛੋਟਾ ਹੋਣ ਦੇ ਬਾਵਜੂਦ ਇਸਨੂੰ ਐਨਾ ਗਿਆਨ ਹੈ ਤਾਂ ਇਹ ਜਦੋਂ ਤੇਰੇ ਜਿੱਡਾ ਹੋਇਆ ਤਾਂ ਇਸਦਾ ਗਿਆਨ ਤੇ ਤਜਰਬਾ ਹੋਰ ਵੀ ਵਧੇਗਾ। ਇਸ ਲਈ ਮੈਨੂੰ ਇਹ ਪੱਕਾ ਵਿਸ਼ਵਾਸ ਹੋ ਰਿਹਾ ਹੈ ਕਿ ਇਹ ਇਨ੍ਹਾਂ ਪੁਜਾਰੀਆਂ ਤੋਂ ਮਨੁੱਖਤਾ ਨੂੰ ਹਮੇਸ਼ਾ ਵਾਸਤੇ ਮੁਕਤ ਕਰਵਾਉਣ ਵਾਸਤੇ ਜ਼ਰੂਰ ਕੋਈ ਰਾਹ ਲਭ ਲਵੇਗਾ।'

ਮਹਿਤਾ ਕਾਲੂ ਅੰਦਰੋਂ ਇਸ ਨਾਕਾਮਯਾਬੀ 'ਤੇ ਨਿਰਾਸ਼ ਤਾਂ ਬਹੁਤ ਹੋਇਆ ਪਰ ਉਹ ਹੋਰ ਕਰ ਵੀ ਕੀ ਸਕਦਾ ਸੀ, ਸੋ ਭਾਣਾ ਮੰਨਣ ਵਾਂਗ ਬੋਲਿਆ, 'ਹੋ ਸਕਦਾ ਹੈ ਪੁੱਤ ਤੇਰਾ ਵਿਸ਼ਵਾਸ ਠੀਕ ਹੋਵੇ, ਪਰ ਮੇਰੀਆਂ ਗੱਲਾਂ 'ਤੇ ਗੌਰ ਜਰੂਰ ਕਰਦੀ ਰਹੀਂ।'

ਅਜ ਜਦ ਅਸੀਂ ਆਪਣੇ ਆਲੇ-ਦੁਆਲੇ ਵੇਖਦੇ ਹਾਂ ਤਾਂ ਮਹਿਤਾ ਕਾਲੂ ਸੱਚਾ ਲਗਦਾ ਹੈ। ਥਾਂ-ਥਾਂ ਡੇਰੇ, ਮੱਠ, ਸਤਿਸੰਗ ਅਤੇ ਅਨੇਕਾਂ ਹੋਰ ਕੁਝ ਇਥੋਂ ਤੱਕ ਕਿ ਕਈਆਂ ਨੇ ਤਾਂ ਆਪਣੇ ਨਿੱਜੀ ਗੁਰਦੁਆਰੇ ਵੀ ਬਣਾ ਰੱਖੇ ਐ। ਉਥੇ ਕਹਿਣ ਨੂੰ ਤਾਂ ਉਹ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਚਾਰਦੇ ਐ, ਪਰ ਹੁੰਦੇ ਸਭ ਕੁਝ ਆਪ ਹੀ ਐ। ਮਣਾਂਮੂੰਹੀ ਪੈਸੇ ਦੇ ਮਾਲਕ, ਸਰਕਾਰੇ-ਦਰਬਾਰੇ ਪੂਰੀ ਚਲਦੀ ਹੈ, ਆਪਣੇ ਆਪ ਹੀ ਕੋਈ ਸੰਤ ਮਹਾਂਪੁਰਸ਼ ਤੇ ਕੋਈ ਬ੍ਰਹਮਗਿਆਨੀ ਅਖਵਾਈ ਜਾਂਦਾ ਹੈ, ਇੱਥੋਂ ਤੱਕ ਕਿ ਕਈਆਂ ਤੇ ਤਾਂ ਕਤਲਾਂ ਅਤੇ ਬਲਾਤਕਾਰ ਵਰਗੇ ਸੰਗੀਨ ਜੁਰਮ ਵੀ ਲੱਗੇ ਹੋਏ ਐ, ਪਰ ਉਨ੍ਹਾਂ ਦੀ ਵਾ ਵਲ ਵੀ ਕੋਈ ਨਹੀਂ ਝਾਕ ਸਕਦਾ, ਸਰਕਾਰੀ ਗਾਰਦਾਂ ਸੁਰੱਖਿਆ ਵਾਸਤੇ ਹਰ ਦਮ ਨਾਲ ਨਾਲ ਹੁੰਦੀਆਂ ਹਨ। ਹਰ ਪਾਸੇ ਬਾਬਾ ਜੀ, ਬਾਬਾ ਜੀ ਹੋਈ ਜਾਂਦੀ ਹੈ।

ਫੇਰ ਵੀ, ਜੇ ਅਸੀਂ ਧਿਆਨ ਨਾਲ ਵਿਚਾਰ ਕਰੀਏ ਤਾਂ ਦੇਖਦੇ ਹਾਂ ਕਿ ਬੇਬੇ ਨਾਨਕੀ ਦਾ ਆਪਣੇ ਵੀਰ ਵਿਚ ਵਿਸ਼ਵਾਸ ਪੱਕਾ ਸੀ ਤੇ ਪੱਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰ ਦੇ ਨਾਲ ਨਾਲ ਬਾਣੀ ਦੀ ਵੀ ਰਚਨਾ ਕੀਤੀ ਜੋ ਹਮੇਸ਼ਾ ਹਮੇਸ਼ਾ ਵਾਸਤੇ ਦੁਨੀਆਂ ਨੂੰ ਸੇਧ ਦਿੰਦੀ ਰਹੇ। ਦੂਸਰੇ ਗੁਰੂ ਸਾਹਿਬਾਨ ਵੀ ਉਨ੍ਹਾਂ ਹੀ ਪੂਰਨਿਆਂ 'ਤੇ ਚੱਲੇ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਵਾਲੇ ਗੁਰੂਆਂ ਤੇ ਆਪਣੀ ਬਾਣੀ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਇਕੱਠੀ ਕਰ ਦਿੱਤੀ। ਇਸ ਵਿਚ ਉਨ੍ਹਾਂ ਦੂਸਰੇ ਭਗਤਾਂ ਦੀ ਬਾਣੀ, ਜੋ ਮਨੁੱਖਤਾ ਨੂੰ ਸਹੀ ਸੇਧ ਬਖਸ਼ਦੀ ਸੀ, ਸ਼ਾਮਲ ਕਰਕੇ ਇਸਨੂੰ ਸਾਰੀ ਮਨੁੱਖਤਾ ਦਾ ਸਾਂਝਾ ਗ੍ਰੰਥ ਬਣਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਕੇ ਇਸਨੂੰ ਸੰਪੂਰਨਤਾ ਬਖਸ਼ ਦਿੱਤੀ। ਦਸਵੇਂ ਪਾਤਸ਼ਾਹ ਨੇ ਇਤਿਹਾਸਕ ਅਤੇ ਮਸੰਦਾ ਆਦਿ ਦੇ ਜਾਤੀ ਤਜਰਬਿਆਂ ਤੋਂ ਇਹ ਜਾਣ ਲਿਆ ਕਿ ਭਵਿੱਖ ਵਿਚ ਕੋਈ ਅਜਿਹਾ ਆਗੂ ਅੱਗੇ ਆ ਸਕਦਾ ਹੈ ਜੋ ਆਪਣੇ ਨਿੱਜੀ ਸੁਆਰਥਾਂ ਖਾਤਰ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਫਲਸਫੇ ਨੂੰ ਹੀ ਬਦਲ ਦੇਵੇ। ਇਸ ਲਈ ਉਨ੍ਹਾਂ ਸਾਨੂੰ ਹਰ ਕਿਸਮ ਦੀ ਸਹੀ ਅਗਵਾਈ ਲਈ ਹਮੇਸ਼ਾ-ਹਮੇਸ਼ਾ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ੍ਹ ਲਾ ਦਿੱਤਾ।

ਇਹ ਹੁਣ ਅਸੀਂ ਦੇਖਣਾ ਹੈ ਕਿ ਆਪਣੇ ਆਪ ਨੂੰ ਮਹਿਤਾ ਕਾਲੂ ਜੀ ਵਾਂਗ ਸਿਆਣੇ ਤੇ ਤਜਰਬੇਕਾਰ ਹੋਣ ਦਾ ਭਰਮ ਪਾਲਦੇ ਹੋਏ ਥਾਂ-ਥਾਂ ਮੱਥਾ ਟੇਕਦੇ ਰਹਿਣਾ ਹੈ ਜਾਂ ਬੇਬੇ ਨਾਨਕੀ ਦੇ ਵਿਸ਼ਵਾਸ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਤੇ ਉਸ ਅਨੁਸਾਰ ਚੱਲ ਕੇ ਆਪਣਾ ਜੀਵਨ ਸਫਲਾ ਕਰਨਾ ਹੈ।

*ਵਿਨਸੈਂਟ ਵਾਨ ਗਾਗ 19ਵੀਂ ਸਦੀ ਦਾ ਇਕ ਮਹਾਨ ਚਿਤਰਕਾਰ ਹੋਇਆ ਹੈ ਜੋ ਆਪਣੀ ਸਾਰੀ ਉਮਰ ਗਰੀਬੀ ਨਾਲ ਘੁਲਦਾ ਰਿਹਾ। ਛੇਕੜਲੀ ਉਮਰੇ ਬਿਮਾਰੀ ਦੇ ਦੌਰਿਆਂ ਨੇ ਵੀ ਉਸ ਤੋਂ ਪੂਰੇ ਬਦਲੇ ਲਏ। ਉਸ ਦੇ ਜਿਉਂਦਿਆਂ ਉਸ ਦੀਆਂ ਕਲਾ ਕ੍ਰਿਤਾਂ ਦਾ ਕਿਸੇ ਨੇ ਮੁੱਲ ਨਾ ਪਾਇਆ। ਜਿਵੇਂ ਕਹਿੰਦੇ ਹਨ ਮੜੀਆਂ ਦੀ ਪੂਜਾ ਹੁੰਦੀ ਹੈ ਉਵੇਂ ਹੀ ਵਾਨ ਗਾਗ ਦੇ ਚਿਤਰਾਂ ਦਾ ਮੁੱਲ ਉਸ ਦੀ ਮੌਤ ਤੋਂ ਬਾਅਦ ਪਿਆ। ਉਸ ਦੇ ਇਕ ਚਿਤਰ ਬਾਰੇ ਕਿਹਾ ਜਾਂਦਾ ਹੈ ਕਿ ਇਹ ਉਸ ਨੇ ਘੋਰ ਗਰੀਬੀ ਦੇ ਦੌਰ ਵਿਚ ਬਣਾਇਆ ਸੀ। ਪੈਸੇ ਨਾ ਹੋਣ ਕਾਰਨ ਉਸ ਨੇ ਬਾਜ਼ਾਰ ਵਿਚੋਂ ਹਲਕੀ ਕੁਆਲਿਟੀ ਦੇ ਸਸਤੇ ਰੰਗ ਖਰੀਦ ਲਏ ਜੋ ਬਾਅਦ ਵਿਚ ਚਿਤਰ ਬਣਾਉਣ ਪਿਛੋਂ ਵਿਗੜ ਗਏ, ਪਰ ਉਸ ਦੇ ਇਸ ਚਿਤਰ ਦਾ ਮੁੱਲ ਉਸ ਦੇ ਬਾਕੀ ਕਈ ਚਿਤਰਾਂ ਤੋਂ ਵਧ ਪਾਇਆ ਜਾਂਦਾ ਹੈ। ਮਹਾਨ ਲੇਖਕ ਇਰਵਿੰਗ ਸਟੋਨ ਨੇ ਵਾਨ ਗਾਗ ਦੇ ਜੀਵਨ ਨੂੰ ਇਕ ਨਾਵਲ 'ਲਸਟ ਫਾਰ ਲਾਈਫ' ਵਿਚ ਚਿਤਰਿਆ ਹੈ। ਇਸ ਲੇਖ ਵਿਚ ਹਰਭਜਨ ਹੁੰਦਲ ਨੇ ਵਾਨ ਗਾਗ ਦੇ ਜ਼ਿੰਦਗੀ ਨਾਲ ਸੰਘਰਸ਼ ਉਤੇ ਚਾਨਣਾ ਪਾਇਆ ਹੈ। –ਸੰਪਾਦਕ*

# ਅਤਿ ਦੀ ਗਰੀਬੀ ਨਾਲ ਘੁਲਦਾ ਰਿਹਾ ਚਿੱਤਰਕਾਰ ਵਾਨ ਗਾਗ

27 ਜੂਨ 2004 ਲਾਹੌਰ ਸ਼ਹਿਰ! ਮੇਰੇ ਨਾਲ ਦੇ ਸਾਰੇ ਹੀ ਸਾਥੀ ਵੱਖ-ਵੱਖ ਰਾਹਾਂ ਨੂੰ ਨਿਕਲ ਤੁਰੇ ਸਨ। ਅਸਾਂ ਬਾਰਾਂ ਵਜੇ ਲਾਹੌਰ ਦੇ ਉਰਦੂ ਬਾਜ਼ਾਰ ਵਿਚਲੀ ਇਕ ਕਿਤਾਬਾਂ ਦੀ ਦੁਕਾਨ ਉਤੇ ਦੁਬਾਰਾ ਮਿਲਣਾ ਸੀ। ਮੇਰੀ ਇੱਛਾ ਸੀ ਕਿ ਉਰਦੂ ਬਾਜ਼ਾਰ ਵਿਚ ਜਾ ਕੇ ਕਿਸੇ ਚੰਗੀ ਦੁਕਾਨ ਤੋਂ ਕਿਤਾਬਾਂ ਖਰੀਦਾਂਗਾ। ਪਾਲ ਸਿੰਘ ਵੱਲਾ ਤੇ ਤਲਵਿੰਦਰ ਵੀ ਜਾ ਚੁੱਕੇ ਸਨ। ਬਾਜ਼ਾਰ ਵਿਚ ਪਹੁੰਚ ਮੈਂ ਪਤਾ ਕੀਤਾ। ਉੱਫ! ਅੱਜ ਤੇ ਐਤਵਾਰ ਸੀ। ਉਰਦੂ ਬਾਜ਼ਾਰ ਬੰਦ ਸੀ। ਹੁਣ ਕੀ ਕਰਾਂ। ਸੋਚਿਆ

**ਹਰਭਜਨ ਸਿੰਘ ਹੁੰਦਲ**

"ਖ਼ਬਰਾਂ" ਅਖ਼ਬਾਰ ਦੇ ਦਫਤਰ ਜਾ ਆਉਂਦਾ ਹਾਂ। ਪਤਾ ਕੀਤਾ, ਕਹਿਣ ਲੱਗੇ, ਪੱਤਰਕਾਰ ਲੇਟ ਆਉਣਗੇ। ਅਜੇ ਤੇ 10 ਹੀ ਵਜੇ ਸਨ। ਦੁਵਿਧਾ ਵਿਚ ਕਈ ਕੁਝ ਸੋਚਦਾ ਹਾਂ। ਜੇ ਕੋਈ ਵੀ ਗੱਲ ਨਾ ਬਣੀ ਤਾਂ ਵਾਪਸ ਡੇਅਰਾ ਸਾਹਿਬ ਗੁਰਦਵਾਰੇ ਆਪਣੇ ਕਮਰੇ ਵਿਚ ਚਲਾ ਜਾਵਾਂਗਾ।

ਸੋਚਾਂ ਵਿਚ ਪਏ ਨੂੰ ਇਕ ਬਾਜ਼ਾਰ ਦੇ ਪਾਸੇ ਪੁਰਾਣੀਆਂ ਕਿਤਾਬਾਂ ਵਾਲੇ ਨਜ਼ਰੀਂ ਪੈ ਗਏ, ਮੇਰੀ ਆਪ ਨੂੰ ਧੀਰਜ ਮਿਲਿਆ। ਕਿਤਾਬਾਂ ਫੋਲ਼ਦੇ ਨੂੰ ਇਕ ਰਜਿਸਟਰ ਜਿਡੀ ਕਿਤਾਬ ਨਜ਼ਰੀਂ ਪਈ। ਵੇਖੀ, ਫੋਲੀ, ਇਹ ਕਿਤਾਬ ਤੇ ਵਿਸ਼ਵ ਦੇ ਪ੍ਰਸਿੱਧ ਚਿਤਰਕਾਰ ਵਾਨ-ਗਾਗ ਬਾਰੇ ਸੀ। ਕੁਝ ਉਸ ਦੇ ਜੀਵਨ ਸਮਾਚਾਰ ਤੇ ਬਾਕੀ ਉਸ ਦੀਆਂ ਚੋਣਵੀਆਂ ਪੇਟਿੰਗਾਂ। ਕੁਝ ਕਾਲੇ ਚਿੱਟੇ ਰੇਖਾ ਚਿਤਰ ਤੇ ਕੁਝ ਰੰਗੀਨ ਤਸਵੀਰਾਂ। ਸੋਚਿਆ ਹੋਰ ਕੁਝ ਨਾ ਸਹੀ ਤਾਂ ਇਹ ਕਿਤਾਬ ਤੇ ਛੱਡਣ ਵਾਲੀ ਨਹੀਂ ਸੀ। ਮੁੱਲ ਪੁੱਛਿਆ ਤਾਂ ਮਾਲਕ ਕਹਿਣ ਲੱਗਾ, 'ਦੋ ਸੌ ਰੁਪਏ।'' ਸੁਣ ਕੇ ਹੈਰਾਨ ਹੋਇਆ, ਉਸ ਨੂੰ ਪਤਾ ਲੱਗ ਗਿਆ ਸੀ ਕਿ ਮੈਂ ਇਸ ਕਿਤਾਬ ਦਾ ਪੱਕਾ ਗਾਹਕ ਹਾਂ। ਸੌਦਾ ਕਰਦੇ ਕਰਦੇ 150 ਰੁਪਏ 'ਤੇ ਗੱਲ ਮੁੱਕੀ।

ਪੁਸਤਕ ਫਰੋਲਦਿਆਂ ਤੇ ਚਿਤਰ ਵਾਚਦਿਆਂ ਮੈਨੂੰ ਬਹੁਤ ਸਾਲ ਪਹਿਲਾਂ ਇਰਵਿੰਗ ਸਟੋਨ ਦਾ ਨਾਵਲ 'ਫਸਟ ਫਾਰ ਲਾਈਫ' ਯਾਦ ਆਉਣ ਲੱਗਾ। ਮੈਂ ਜਿਵੇਂ ਦੇਰ ਤੋਂ ਕਿਸੇ ਐਸੀ ਪੁਸਤਕ ਦੀ ਤਲਾਸ਼ ਵਿਚ ਸੀ, ਜਿਸ ਵਿਚ ਵਾਨ ਗਾਗ ਦੇ ਚਿਤਰ ਪੇਸ਼ ਕੀਤੇ ਗਏ ਹੋਣ। ਅਚਾਨਕ ਹੀ ਲਾਹੌਰ-ਫੇਰੀ ਨੇ ਮੇਰੀ ਤਾਂਘ ਪੂਰੀ ਕਰ ਦਿੱਤੀ ਸੀ। ਮੈਂ ਖੁਸ਼ ਸੀ।

ਸ਼ੁਰੂ ਵਿਚ ਵਾਨ-ਗਾਗ ਤਾਂ ਕੀ, ਚਿੱਤਰਕਾਰੀ ਹੀ ਮੇਰੇ ਲਈ ਇਕ ਰਹੱਸ ਸੀ। ਮੈਂ ਸਮਝਦਾ ਸੀ ਕਿ ਇਕ ਲੇਖਕ ਦਾ ਚਿੱਤਰਕਲਾ ਨਾਲ ਕੀ ਵਾਸਤਾ? ਪਰ ਹੌਲੀ ਹੌਲੀ ਮੇਰੀ ਦਿਲਚਸਪੀ ਤਸਵੀਰ-ਕਸ਼ੀ ਵਿਚ ਵਧਦੀ ਗਈ। ਮੇਰੀ ਲਾਇਬ੍ਰੇਰੀ ਵਿਚ ਵੀ ਏਸੇ ਅਨੁਪਾਤ ਅਨੁਸਾਰ ਚਿੱਤਰਕਲਾ ਨਾਲ ਸਬੰਧਤ ਪੁਸਤਕਾਂ ਤੇ ਐਲਬਮਾਂ ਦੀ ਗਿਣਤੀ ਵਧਦੀ ਗਈ।

ਵਾਨ ਗਾਗ ਬਾਰੇ ਉਕਤ ਨਾਵਲ ਪੜ੍ਹਦਿਆਂ ਹੀ ਉਸ ਦੀ ਚਿੱਤਰਕਲਾ ਵਿਚ ਮੇਰੀ ਦਿਲਚਸਪੀ ਪੈਦਾ ਹੋਈ। ਮੈਂ ਇਹ ਜਾਨਣਾ ਚਾਹੁੰਦਾ ਸੀ ਕਿ ਇਕ ਨੌਜਵਾਨ ਆਪਣੇ ਜੀਵਨ-ਸਫ਼ਰ ਵਿਚ ਪਾਦਰੀ ਦਾ ਕੰਮ ਕਰਦਾ ਕਰਦਾ ਕਿਵੇਂ ਅਚਾਨਕ ਹੀ ਚਿੱਤਰਕਾਰ ਬਣ ਗਿਆ। ਚਿੱਤਰਕਾਰੀ ਬਾਰੇ ਉਸ ਨੇ ਕੋਈ ਸਿੱਖਿਆ ਪ੍ਰਾਪਤ ਨਹੀਂ ਸੀ ਕੀਤੀ। ਉਹ ਸਾਧਨਹੀਣ ਨੌਜਵਾਨ ਸੀ, ਜਿਸ ਕੋਲ ਰੋਟੀ ਖਾਣ ਲਈ ਵੀ ਕੋਈ ਪੈਸਾ ਨਹੀਂ ਸੀ ਹੁੰਦਾ। ਸਾਰੀ ਉਮਰ ਉਹ ਆਪਣੇ ਛੋਟੇ ਭਰਾ ਦੀ ਸਹਾਇਤਾ ਨਾਲ ਡੰਗ ਤੋਰਦਾ ਰਿਹਾ ਤੇ ਅਖੀਰ ਆਰਥਿਕ ਤੰਗੀਆਂ ਤੇ ਉਲਝਣਾਂ ਵਿਚ ਘਿਰਿਆ ਪਾਗਲ ਹੋ ਗਿਆ। ਇਹ ਸਾਰੀ ਕਹਾਣੀ ਮੇਰੀ ਲਈ ਸਮਝਣੀ ਔਖੀ ਸੀ, ਮੈਂ ਇਸ ਰਹੱਸ ਨੂੰ ਜਾਣਨਾ ਚਾਹੁੰਦਾ ਸਾਂ। ਵਿਸ਼ਾਲ ਅਧਿਅਨ ਤੋਂ ਹੀ ਪਤਾ ਲੱਗਾ ਹੈ ਕਿ ਸਾਰੀ ਗੱਲ ਪ੍ਰਤਿਭਾ ਦੀ ਹੈ।

ਇਹ ਵਿਸ਼ੇਸ਼ ਮਨੁੱਖੀ ਗੁਣ, ਕਈ ਵਾਰ, ਕਈ ਕਈ ਸਾਲ, ਕਿਸੇ ਵਿਅਕਤੀ ਵਿਚ ਅਣ-ਦੇਖਿਆ ਤੇ ਅਪ੍ਰਗਟ ਪਿਆ ਰਹਿੰਦਾ ਹੈ। ਫਿਰ ਕਿਸੇ ਠੋਕਰ ਨਾਲ, ਪੱਥਰ ਹੋਈ, ਧਰਤੀ ਵਿਚ ਚਸ਼ਮੇ ਵਾਂਗ ਫੁੱਟ ਨਿਕਲਦਾ ਹੈ ਤੇ ਵੇਖਦੇ ਵੇਖਦੇ ਉਹ ਵਿਅਕਤੀ ਕਲਾ ਦੇ ਐਸੇ ਕ੍ਰਿਸ਼ਮੇ ਕਰ ਜਾਂਦਾ ਹੈ ਕਿ ਪਾਠਕ ਤੇ ਦਰਸ਼ਕ ਵੇਖ ਵੇਖ ਕੇ ਮੂੰਹ ਵਿਚ ਉਂਗਲਾਂ ਪਾਉਣ ਲੱਗਦੇ ਹਨ। ਪ੍ਰਸਿੱਧੀ ਤੇ ਮਾਨਤਾ ਦੇ ਸਿਖਰ ਉਤੇ ਪਹੁੰਚ ਕੇ ਕਈ ਅਜਿਹੇ ਅਦਭੁੱਤ ਕਲਾ ਦੇ ਸਵਾਮੀ ਕਲਾਕਾਰ ਆਤਮਘਾਤ ਕਰ ਲੈਂਦੇ ਹਨ। ਆਖਿਰ ਕਿਉਂ? ਇਨ੍ਹਾਂ ਭੇਤਾਂ ਨੂੰ ਸਮਝਣ ਦੇ ਰਾਹ ਪਿਆ ਮੈਂ ਹਰ ਨਵੀਂ ਪੁਸਤਕ ਦੀ ਪ੍ਰਾਪਤੀ ਕਰਦਾ ਵਾਨ-ਗਾਗ ਦੇ ਕ੍ਰਿਸ਼ਮੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ।

ਵਾਨ ਗਾਗ ਹਾਲੈਂਡ ਵਿਚ 1853 ਵਿਚ ਗਰੂਟ ਜ਼ੂੰਡਰਨ ਦੇ ਸਥਾਨ ਉਤੇ ਜੰਮਿਆ ਸੀ। ਇਹ ਸਥਾਨ ਬੈਲਜੀਅਮ ਸਰਹੱਦ ਦੇ ਨਾਲ ਲੱਗਦਾ ਇਕ ਪਿੰਡ ਸੀ। ਉਸ ਦਾ ਪਿਤਾ ਪਾਦਰੀ ਸੀ। ਮਾਂ ਕੁਝ ਕਲਾਤਮਿਕ ਰੁਚੀਆਂ ਵਾਲੀ ਸੀ। ਵਾਨ ਗਾਗ ਸਭ ਤੋਂ ਵੱਡਾ ਭਰਾ ਸੀ। ਉਸ ਤੋਂ ਛੋਟਾ ਭਰਾ ਥੀਓ ਤੇ ਤਿੰਨ ਭੈਣਾਂ ਸਨ। ਉਹ ਬਚਪਨ ਤੋਂ ਹੀ ਲਕੀਰਾਂ ਤੇ ਮੂਰਤਾਂ ਵਾਹੁੰਦਾ ਰਹਿੰਦਾ ਸੀ। ਜਦੋਂ 16 ਸਾਲ ਦੀ ਉਮਰ ਵਿਚ ਉਸ ਨੇ ਸਕੂਲੀ ਪੜ੍ਹਾਈ ਤਿਆਗ ਦਿੱਤੀ ਤਾਂ ਇਹ ਪ੍ਰਸ਼ਨ ਸਾਹਮਣੇ ਸੀ ਕਿ ਵਾਨ-ਗਾਗ ਕਰੇ ਤਾਂ ਕੀ ਕਰੇ? ਵਾਨ ਗਾਗ ਦਾ ਇਕ ਤਾਇਆ ਆਰਟ-ਡੀਲਰ ਸੀ। ਅਰਥਾਤ ਉਹ ਕਲਾ-ਕਿਰਤਾਂ ਖਰੀਦ ਕੇ ਵੇਚਦਾ ਹੁੰਦਾ ਸੀ। ਉਹ ਹੇਗ ਸ਼ਹਿਰ ਵਿਚ ਇਹ ਕੰਮ ਕਰਦਾ ਸੀ। ਉਸ ਕੋਲ ਵਾਨ-ਗਾਗ ਨੇ ਚਾਰ ਸਾਲ ਇਹੋ ਕੰਮ ਕੀਤਾ। ਵਿਚੋਂ ਕੁਝ ਦੇਰ ਲਈ ਉਸ ਨੂੰ ਬਰਸੋਲਜ਼ ਵਾਲੀ ਬਰਾਂਚ ਵਿਚ ਭੇਜ ਦਿੱਤਾ ਗਿਆ। 1874 ਵਿਚ ਉਸ ਨੂੰ ਲੰਡਨ ਵਾਲੀ ਬਰਾਂਚ ਵਿਚ ਕੰਮ ਲਈ ਭੇਜਿਆ ਗਿਆ। ਇਥੇ ਹੀ ਉਸ ਦਾ ਮਾਲਕ ਮਕਾਨ ਦੀ ਧੀ ਨਾਲ ਇਸ਼ਕ ਚੱਲਦਾ ਰਿਹਾ, ਪਰ ਇਹ ਚੱਕਰ ਇਕ ਤਰਫਾ ਸੀ। ਇਸ਼ਕ ਵਿਚ ਝੱਲਪੁਣੇ ਦੀ ਹੱਦ ਤੀਕ ਖੁੱਭ ਜਾਣ ਕਰਕੇ ਉਸ ਨੂੰ ਆਪਣਾ ਕੰਮ ਧੰਦਾ ਵਿਸਰ ਗਿਆ। ਸੋ ਉਥੋਂ ਉਸ ਦੀ ਛੁੱਟੀ ਹੋ ਗਈ।

1876 ਵਿਚ ਇਕ ਵਾਰ ਫਿਰ ਉਸ ਨੂੰ ਲੰਡਨ ਵਿਚ ਨਵੇਂ ਕੰਮ 'ਤੇ ਭੇਜਿਆ ਗਿਆ, ਜਿੱਥੇ ਉਸ ਨੇ ਇਕ ਪ੍ਰਾਈਵੇਟ ਸਕੂਲ ਦੀਆਂ ਲੋਕਾਂ ਵਲ ਅੜੀਆਂ ਫੀਸਾਂ ਦੇ ਬਕਾਏ ਦੀ ਉਗਰਾਹੀ ਕਰਨੀ ਹੁੰਦੀ ਸੀ। ਇਹ ਉਗਰਾਹੀ ਉਸ ਨੇ ਗਰੀਬ ਇਲਾਕਿਆਂ ਵਿਚ ਕਰਨੀ ਸੀ, ਏਥੇ ਉਸ ਨੂੰ ਲੰਡਨ ਦੇ ਅਤਿ ਨਿਰਧਨ ਲੋਕਾਂ ਦੀ ਸਥਿਤੀ ਦਾ ਗਿਆਨ ਹੋਇਆ। ਹਾਲਾਤ ਵੇਖ ਕੇ ਉਹ ਸਬੰਧਤ ਲੋਕਾਂ ਕੋਲੋਂ ਇਕ ਪੈਸਾ ਵੀ ਇਕੱਠਾ ਨਾ ਕਰ ਸਕਿਆ, ਸਿੱਟੇ ਵਜੋਂ ਉਸ ਦੀ ਨੌਕਰੀ ਤੋਂ ਦੁਬਾਰਾ ਛੁੱਟੀ ਹੋ ਗਈ। ਐਪਰ ਗਰੀਬੀ ਦੇ ਅਹਿਸਾਸ ਨੇ ਉਸਦੇ ਹਿਰਦੇ ਅੰਦਰ ਇਕ ਨਿਵੇਕਲੀ ਸੰਵੇਦਨਾ ਉਤਪੰਨ ਕਰ ਦਿੱਤੀ। ਅਖੀਰ, ਖੱਜਲ-ਖਵਾਰ ਹੋ ਕੇ ਉਸ ਨੇ ਪਿਤਾ-ਪੁਰਖੀ ਕੰਮ ਕਰਨਾ ਆਰੰਭ ਕਰ ਦਿੱਤਾ। ਅਰਥਾਤ ਪਾਦਰੀ ਦਾ ਕੰਮ। ਉਸ ਨੂੰ ਇਸ ਕੰਮ ਵਿਚੋਂ ਮਾਨਸਿਕ ਆਨੰਦ ਦੀ ਪ੍ਰਾਪਤੀ ਹੋਣ ਲੱਗੀ। ਉਸ ਨੇ ਇਕ ਪ੍ਰਚਾਰਕ ਦੀ ਬਾਕਾਇਦਾ ਟਰੈਨਿੰਗ ਲੈਣ ਦਾ ਇਰਾਦਾ ਕਰ ਲਿਆ। ਪਰ ਇਕ ਸਾਲ ਬਾਅਦ ਵਿਚਾਲੇ ਹੀ ਛੱਡ ਫਿਰ ਵਿਹਲਾ ਹੋ ਗਿਆ। ਘਰਦਿਆਂ ਨੇ ਜ਼ੋਰ ਪਾ ਕੇ ਉਸ ਨੂੰ ਬਾਈਬਲ ਦੇ ਪ੍ਰਚਾਰਕ ਦੇ ਕੰਮ ਉਤੇ ਦੁਬਾਰਾ ਲਵਾ ਦਿੱਤਾ। ਏਥੇ ਹਾਲੈਂਡ ਦੇ ਖਾਣਕਾਮਿਆਂ ਵਿਚ ਉਸ ਨੇ ਪ੍ਰਚਾਰਕ ਦੇ ਕੰਮ ਵਿਚੋਂ ਨਵੇਂ ਅਨੁਭਵ ਪ੍ਰਾਪਤ ਕੀਤੇ। ਉਹ ਤਨੋਂ ਮਨੋਂ ਗਰੀਬ ਤੇ ਲਿਤਾੜੇ ਖਾਣ-ਕਾਮਿਆਂ ਦੇ ਜੀਵਨ ਨਾਲ ਇਕ ਸੁਰ ਹੋ ਗਿਆ। ਉਸ ਨੇ ਆਪਣੇ ਗਰਮ ਕੱਪੜੇ ਵੀ ਲੋੜਵੰਦਾਂ ਨੂੰ ਦੇ ਦਿੱਤੇ ਤੇ ਖੁਦ ਫਾਕੇ ਕੱਟਣ ਲੱਗਾ। ਉਸ ਦੇ ਉੱਚ ਅਧਿਕਾਰੀਆਂ ਨੇ ਉਸ ਦੀ ਤਰਸਯੋਗ ਹਾਲਤ ਵੇਖੀ ਤਾਂ ਹੈਰਾਨ ਰਹਿ ਗਏ।

ਚਾਹੀਦਾ ਤਾਂ ਇਹ ਸੀ ਕਿ ਉਸ ਦੀ ਲੋਕ-ਸੇਵਾ ਲਈ ਲਗਨ ਤੇ ਸਮਰਪਿਤ ਭਾਵਨਾ ਨੂੰ ਵੇਖ ਅਧਿਕਾਰੀ ਉਸ ਨੂੰ ਉਤਸ਼ਾਹ ਦਿੰਦੇ ਤੇ ਉਸ ਦੀ ਤਨਖਾਹ ਆਦਿ ਵਧਾ ਦਿੰਦੇ, ਪਰ ਉਲਟਾ ਉਨ੍ਹਾਂ ਨੇ ਉਸ ਦੀ ਛੁੱਟੀ ਕਰ ਦਿੱਤੀ। ਉਂਜ ਵੀ ਉਸ ਦੀ ਸ਼ਕਲ ਏਨੀ ਭਿਆਨਕ ਹੋ ਗਈ ਸੀ ਕਿ ਵੇਖ ਕੇ ਡਰ ਆਉਂਦਾ ਸੀ। ਵਿਹਲਾ ਤੇ ਨਿਰਾਸ਼ ਹੋ ਉਹ ਖਾਲੀ ਹੱਥ ਫਿਰ ਘਰ ਪਰਤ ਆਇਆ।




ਐਪਰ ਅੰਦਰੋਂ ਅੰਦਰ ਉਸ ਦੇ ਮਨ ਅੰਦਰ ਚਿੱਤਰਕਾਰ ਬਣਨ ਦੀ ਤਾਂਘ ਪ੍ਰਬਲ ਹੁੰਦੀ ਗਈ। ਉਸ ਦੇ ਸੁਭਾਅ ਵਿਚ ਵੀ ਵੱਡਾ ਪ ਰਿ ਵ ਰ ਤ ਨ ਵਾਪਰਿਆ। ਇਕ ਵਾਰ ਫਿਰ ਅਸਫਲ ਇਸ਼ਕ ਦੀ ਘਟਨਾ ਨੇ ਉਸ ਨੂੰ ਹਿਲਾ ਕੇ ਰੱਖ ਦਿੱਤਾ। ਅਖੀਰ ਪਿਤਾ ਨਾਲ ਲੜ ਝਗੜ ਕੇ ਉਹ 1881 ਵਿਚ ਘਰੋਂ ਨਿਕਲ ਆਪਣੇ ਚਾਚੇ ਕੋਲ ਹੇਗ ਚਲਾ ਗਿਆ, ਪਰ ਪੱਲੇ ਕੱਚੀ ਕੌਡੀ ਵੀ ਨਹੀਂ ਸੀ। ਉਸ ਨੇ ਸਾਰੀ ਸਥਿਤੀ ਆਪਣੇ ਛੋਟੇ ਭਰਾ ਥੀਓ ਨੂੰ ਦੱਸੀ। ਜਿਸ ਨੇ ਹੁਣ ਤੋਂ ਉਮਰ ਭਰ ਲਈ ਵਾਨ-ਗਾਗ ਦੀ ਆਰਥਕ ਸਹਾਇਤਾ ਕਰਨੀ ਸੀ।

ਈਸਾਈ ਪ੍ਰਚਾਰਕ ਦੇ ਰੂਪ ਵਿਚ ਅਕੀਵੇ ਅਧੀਨ ਕੀਤੀ ਗਈ ਲੋਕ-ਸੇਵਾ ਦੇ ਵੀ ਗਲਤ ਅਰਥ ਕੱਢੇ ਗਏ। ਇਨ੍ਹਾਂ ਦੋ ਸਾਲਾਂ ਵਿਚ ਬੋਰਿਨੇਜ ਵਿਚ ਰਹਿੰਦਿਆਂ ਜੋ ਮਾਨਸਿਕ ਤੇ ਸਰੀਰਕ ਤਪੱਸਿਆ ਉਸ ਨੇ, ਭੁੱਖੇ-ਨੰਗੇ ਰਹਿੰਦਿਆਂ ਕੀਤੀ। ਉਸ ਅਨੁਸਾਰ ਪਤਾ ਨਹੀਂ ਉਹ ਜੀਉਂਦਾ ਕਿਵੇਂ ਰਿਹਾ। ਪਰ ਇਸ ਕਠਿਨ ਪ੍ਰੀਖਿਆ ਵਿਚੋਂ ਉਹ ਸੋਨਾ ਬਣ ਕੇ ਨਿਕਲਿਆ। ਉਸ ਨੇ ਦ੍ਰਿੜ ਨਿਸ਼ਚਾ ਕਰ ਲਿਆ ਕਿ ਉਹ ਅਵੱਸ਼ ਚਿੱਤਰਕਾਰ ਬਣੇਗਾ। " ਨਿਸ਼ਚੈ ਕਰ ਆਪਣੀ ਜੀਤ ਕਰੂੰ" ਦੇ ਕਥਨ ਵਾਂਗ। ਘਰਦਿਆਂ ਸੋਚਿਆ ਕਿ "ਲੌਟ ਕੇ ਬੁੱਧੂ ਘਰ ਕੋ ਆਏ।" ਪਰ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਮਹੀਨਿਆਂ-ਬੱਧੀ ਉਹ ਘਰ ਬੈਠਾ ਚਿੱਤਰਕਾਰੀ ਦਾ ਅਰੰਭਕ ਅਭਿਆਸ ਕਰਦਾ ਰਿਹਾ। ਉਹ ਖੁਸ਼ ਸੀ ਕਿ ਉਸ ਦਾ ਕੰਮ ਦਿਨੋਂ-ਦਿਨ ਨਿਖਰਦਾ ਆਉਂਦਾ ਸੀ। ਐਪਰ ਨਾਲ ਉਸਦੇ ਸੁਭਾਅ ਵਿਚ ਤਲਖੀ ਵਧ ਰਹੀ ਸੀ। ਸ਼ਾਇਦ ਪਿਆਰ ਵਿਚ ਹੋਈ ਵਾਰ ਵਾਰ ਦੀ ਅਸਫਲਤਾ ਉਸ ਦੀ ਖਿੱਝ ਵਧਾ ਰਹੀ ਸੀ।

ਇਕ ਵਾਰ ਫੇਰ ਉਹ ਮਾਪਿਆਂ ਨਾਲ ਲੜ ਕੇ ਬਣਵਾਸ ਕੱਟਣ ਬਾਹਰ ਚਲਾ ਗਿਆ।

ਇਨ੍ਹਾਂ ਹੀ ਦਿਨਾਂ ਵਿਚ ਭੂ-ਦ੍ਰਿਸ਼ (Lands cape) ਦਾ ਕਲਾਕਾਰ ਐਕਟਨ ਮੌਵੀ ਨੇ, ਜੋ ਵਾਨ ਗਾਗ ਦੀ ਮਾਂ ਵਲੋਂ ਉਸ ਦਾ ਰਿਸ਼ਤੇਦਾਰ ਸੀ, ਉਸ ਦੀ ਹੌਸਲਾ ਅਫਜਾਈ ਕੀਤੀ, ਪਰ ਏਥੇ ਹੀ ਸੁਭਾਅ ਦੀ ਤਲਖ਼ੀ ਕਾਰਨ ਉਹ ਉਸਤਾਦ ਨਾਲ ਲੜ ਪਿਆ। ਉਸ ਕੋਲ ਰਹਿਣ ਲਈ ਹੁਣ ਕੋਈ ਥਾਂ ਨਹੀਂ ਸੀ। ਮਜਬੂਰੀ ਵੱਸ ਉਸ ਨੇ ਇਕ ਵੇਸਵਾ ਦੇ ਅੱਡੇ ਉੱਤੇ ਇਕੱਠੇ ਰਹਿਣਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਵਿਆਹ ਦੀ ਪੇਸ਼ਕਸ਼ ਵੀ ਕੀਤੀ। ਉਸ ਦੇ ਭਰਾ ਨੂੰ ਪਤਾ ਲੱਗਾ ਤਾਂ ਉਹਨੇ ਵਾਨ-ਗਾਗ ਨੂੰ ਇਸ ਭਿਆਨਕ ਸਥਿਤੀ ਵਿਚੋਂ ਕੱਢਿਆ।

ਪਰ ਸਵਾਲਾਂ ਦਾ ਸਵਾਲ ਇਹ ਸੀ ਕਿ ਉਹ ਜਾਵੇ ਤੇ ਕਿੱਥੇ ਜਾਵੇ। ਕਰੇ ਤਾਂ ਕੀ ਕਰੇ? ਨਖੱਟੂ ਪੁੱਤਰ ਵਾਂਗ ਉਹ ਇਕ ਵਾਰ ਫਿਰ ਘਰ ਪਰਤ ਆਇਆ। ਹੁਣ ਉਸ ਦਾ ਪਰਿਵਾਰ ਇਕ ਹੋਰ ਸ਼ਹਿਰ ਦੇ ਗਿਰਜਾਘਰ ਵਿਚ ਚਲਾ ਗਿਆ ਸੀ। ਪਰ ਮਾੜੀ ਕਿਸਮਤ ਨੂੰ ਉਸ ਦਾ ਬਾਪ 1885 ਵਿਚ ਸੁਰਗਵਾਸ ਹੋ ਗਿਆ। ਇਕ ਵਾਰ ਫਿਰ ਵਾਨ-ਗਾਗ ਘਰੋਂ ਨਿਕਲ ਤੁਰਿਆ ਤੇ ਫਿਰ ਨਹੀਂ ਵਾਪਸ ਪਰਤਿਆ।


ਕੱਛੇ ਮਾਰ ਵੰਝਲੀ, ਮੋਢੇ ਮਾਰ ਬੁੱਕਲ,
ਰਾਂਝਾ ਹੋ ਤੁਰਿਆ, ਵਾਰਸ ਸ਼ਾਹ ਜੇਹਾ।

ਪਹਿਲਾਂ ਉਹ ਬੈਲਜੀਅਮ ਗਿਆ ਤੇ ਉਥੇ ਐਂਟਵਰ ਸ਼ਹਿਰ ਵਿਚ ਕਲਾ ਅਕਾਦਮੀ ਵਿਚ ਦਾਖ਼ਲ ਹੋ ਗਿਆ, ਪਰ ਪਹਿਲੀ ਹੀ ਟਰਮ ਵਿਚ ਫੇਲ੍ਹ ਹੋ ਕੇ ਪੜ੍ਹਾਈ ਛੱਡ ਪੈਰਿਸ ਪਹੁੰਚ ਗਿਆ। ਭਰਾ ਥੀਓ ਕੋਲ ਰਹਿੰਦਿਆਂ ਉਸਨੇ ਉਥੇ ਇਕ ਪੇਂਟਰ ਕੋਲ ਸਿੱਖਿਆ ਲੈਣੀ ਸ਼ੁਰੂ ਕੀਤੀ। ਉਥੇ ਉਸ ਦੇ ਉਸਤਾਦ ਫਰਨੰਡ ਕੋਰ ਮੋਨ ਕੋਲ ਦੋ ਹੋਰ ਸ਼ਾਗਿਰਦ ਵੀ ਸਿੱਖਿਆ ਲੈ ਰਹੇ ਸਨ। ਏਥੇ ਵੀ ਛੇਤੀ ਹੀ ਤਿੰਨੇ ਸ਼ਾਗਿਰਦ ਆਪਣੇ ਉਸਤਾਦ ਤੋਂ ਉਪਰਾਮ ਹੋ ਗਏ। ਕਾਰਨ ਇਹ ਸੀ ਕਿ ਫਰਾਂਸ ਵਿਚ ਚਿੱਤਰਕਲਾ ਦੇ ਖੇਤਰ ਵਿਚ ਇਕ ਨਵਾਂ ਰੁਝਾਨ ਪ੍ਰਭਾਵਵਾਦ ਜ਼ੋਰ ਫੜ੍ਹਦਾ ਜਾ ਰਿਹਾ ਸੀ। ਉਨ੍ਹਾਂ ਦਾ ਇਹ ਉਸਤਾਦ ਇਸ ਨਵੇਂ ਝੁਕਾ ਦਾ ਵਿਰੋਧੀ ਸੀ। ਸੋ ਸ਼ਾਗਿਰਦਾਂ ਦਾ ਤੋੜ-ਵਿਛੋੜਾ ਹੋਣਾ ਕੁਦਰਤੀ ਸੀ।

ਪਰ ਪ੍ਰਭਾਵਵਾਦੀ ਕਲਾਕਾਰਾਂ ਜਿਨ੍ਹਾਂ ਦਾ ਆਗੂ ਮੋਨਿਟ (Monet) ਸੀ, ਦੀਆਂ ਦੋ ਗਲਾਂ ਵਾਨ-ਗਾਗ ਨੂੰ ਬਹੁਤ ਪਸੰਦ ਸਨ। ਪੇਟਿੰਗਾਂ ਵਿਚ ਰੰਗਾਂ ਦੀ ਵਰਤੋਂ ਤੇ ਸਟੂਡੀਓ ਤੋਂ ਬਾਹਰ ਨਿਕਲ, ਕੁਦਰਤ ਦੀ ਗੋਦ ਵਿਚ ਜਾ ਕੇ ਚਿੱਤਰਕਾਰੀ ਕਰਨੀ। ਆਪਣੇ ਛੋਟੇ ਭਾਈ ਥੀਓ ਦੇ ਸੰਪਰਕਾਂ ਸਦਕਾ ਹੁਣ ਵਾਨ ਗਾਗ ਉੱਘੇ ਚਿੱਤਰਕਾਰ ਕਾਮੀਲੀ ਪੀਸਾਰੋ (Camille pissaro) ਨੂੰ ਮਿਲਿਆ ਤੇ ਨਾਲ ਹੀ ਆਪਣੇ ਸਮਕਾਲੀ ਪ੍ਰਸਿੱਧ ਪ੍ਰਭਾਵਵਾਦੀ ਚਿੱਤਰਕਾਰ ਪਾਲ ਗੇਗਾਂ ਨੂੰ।

ਹੁਣ ਵਾਨ ਗਾਗ ਲਈ ਵਾਤਾਵਰਨ ਬੜਾ ਹੀ ਅਨੁਕੂਲ ਸੀ ਤੇ ਉਸ ਨੇ ਆਪਣੇ ਕੰਮ ਵਿਚ ਬੜੀ ਤੇਜ਼ੀ ਨਾਲ ਤਰੱਕੀ ਕੀਤੀ। ਪਰ ਇਸ ਦੇ ਨਾਲ ਉਹ ਬਹੁਤ ਸ਼ਰਾਬ ਪੀਣ ਲੱਗ ਪਿਆ ਤੇ ਪੀ ਕੇ ਖੌਰੂ ਪੁੱਟਣ ਲੱਗਦਾ। ਉਸ ਦੇ ਸੁਭਾਅ ਵਿਚਲੀ ਤਲਖ਼ੀ ਏਥੇ ਵੀ ਆਪਣਾ ਰੰਗ ਵਿਖਾਉਣ ਲੱਗੀ। ਕਿਸੇ ਵੀ ਗੱਲ ਤੋਂ ਭੜਕ ਕੇ ਉਹ ਸ਼ੋਰ ਪੈਦਾ ਕਰਦਾ ਤੇ ਕਾਬੂ ਵਿਚ ਨਾ ਆਉਂਦਾ। ਉਹ ਆਪਣੇ ਜਜ਼ਬਿਆਂ ਨੂੰ ਨਾ ਕਾਬੂ ਕਰ ਸਕਦਾ ਸੀ ਤੇ ਨਾ ਹੀ ਲੁਕਾ ਸਕਦਾ ਸੀ। ਜੇ ਭਰਾ ਉਸ ਨੂੰ ਟੋਕਦਾ, ਤਾਂ ਉਸ ਵੀ ਸੀਖ-ਖੌ ਹੋ ਜਾਂਦਾ। ਸਪੱਸ਼ਟ ਸੀ ਕਿ ਹੁਣ ਉਹ ਮੋੜ ਕੱਟੇਗਾ। ਪੈਰਿਸ ਵਿਚ ਦੋ ਸਾਲ ਕੱਟਣ ਬਾਅਦ ਉਸ ਨੇ ਐਲਾਨ ਕਰ ਦਿੱਤਾ, "ਮੈਂ ਕਿਤੇ ਦੱਖਣ ਵਲ ਜਾਣ ਲਈ ਨਿਕਲ ਤੁਰਾਂਗਾ।"

**(ਬਾਕੀ ਅਗਲੇ ਅੰਕ 'ਚ)**



*ਵਾਨ ਗਾਗ ਵਲੋਂ 1890 ਵਿਚ ਬਣਾਇਆ ਗਿਆ ਇਕ ਤੇਲ ਚਿਤਰ 'ਓਲਡ ਮੈਨ ਇਨ ਸਾਰੋ' (ਨਿਰਾਸ਼ਾ ਵਿਚ ਡੁੱਬਾ ਬੁੱਢਾ ਆਦਮੀ)*

# ਅੰਦਰਲੀ ਤਪਸ਼

ਕਹਾਣੀ

ਜ਼ਿੰਦਗੀ ਵਿਚ ਕਾਫੀ ਜੱਦੋ-ਜਹਿਦ ਬਾਅਦ ਉਹ ਜਿਸ ਮੁਕਾਮ 'ਤੇ ਪਹੁੰਚ ਚੁੱਕੀ ਸੀ, ਉਥੇ ਉਸ ਨੂੰ ਅਜੀਬ ਜਿਹਾ ਸਕੂਨ ਮਹਿਸੂਸ ਹੁੰਦਾ। ਗ੍ਰਿਹਿਸਥ ਜੀਵਨ ਦੀ ਕਸ਼ਮਕਸ਼ ਵੀ ਖਤਮ ਹੋ ਚੁੱਕੀ ਸੀ ਅਤੇ ਪ੍ਰਿੰਸੀਪਲ ਦੀ ਪਦਵੀ ਨੇ ਉਸਨੂੰ ਆਤਮ ਵਿਸ਼ਵਾਸ ਤੇ ਸਵੈਮਾਣ ਨਾਲ ਭਰ ਦਿੱਤਾ ਸੀ। ਫਿਰ ਵੀ ਪਰਿਵਾਰ ਦੀ ਰੁਟੀਨ ਤੇ ਲੰਬੇ ਅਰਸੇ ਤੋਂ ਚੱਲ ਰਹੀ ਦਵਾਈ ਨੇ ਉਸਨੂੰ ਥੋੜ੍ਹਾ ਚਿੜਚਿੜਾ ਕਰ ਦਿੱਤਾ ਸੀ। ਕਈ ਵਾਰ ਬੱਚੇ ਤੇ ਕਦੀ ਪਤੀ ਉਸ ਦੇ ਗੁੱਸੇ ਦਾ ਸ਼ਿਕਾਰ ਬਣ ਜਾਂਦਾ। ਕਦੇ ਕਦੇ ਸਕੂਲ ਜਾ ਕੇ ਅਧਿਆਪਕਾਂ 'ਤੇ ਆਪਣਾ ਗੁੱਸਾ ਕੱਢ ਦਿੰਦੀ। ਪਰ ਇਹ ਰੋਜ਼ਾਨਾ ਦੀ ਰੁਟੀਨ ਨਹੀਂ ਸੀ। ਉਹ ਹੱਸਦੀ ਵੀ ਖਿੜਖਿੜਾ ਕੇ ਅਤੇ ਸਕੂਲ ਦੀਆਂ ਪਾਰਟੀਆਂ ਵਿਚ ਵੀ ਹੱਸਦੀ ਮੁਸਕਰਾਉਂਦੀ ਸ਼ਾਮਲ ਹੁੰਦੀ। ਫਿਰ ਵੀ ਪ੍ਰੌੜ ਉਮਰ ਤੇ ਡੂੰਘੇ ਆਤਮ ਵਿਸ਼ਵਾਸ ਸਦਕਾ ਉਸਦੇ ਚਿਹਰੇ 'ਤੇ ਰੋਹਬ ਝਲਕਦਾ। ਇਹ ਰੋਹਬ ਅਧਿਆਪਕਾਵਾਂ ਲਈ ਵੱਡਾ ਅਰਥ ਰੱਖਦਾ। ਉਹ ਕਾਰੀਡੋਰ ਚੋਂ ਲੰਘਦੀ ਤਾਂ ਉਸ ਦੇ ਸੈਂਡਲਾਂ ਦੀ ਆਵਾਜ਼ ਸੁਣ ਕੇ ਹੀ ਹਰ ਪਾਸੇ ਚੁੱਪ ਛਾ ਜਾਂਦੀ। ਅਧਿਆਪਕਾਂ ਤ੍ਰਹਿੰਦੀਆਂ ਤੇ

ਮਧੂ ਗੁਲਾਟੀ

ਬੱਚੇ ਦੁਬਕ ਜਾਂਦੇ। ਉਹ ਉਸ ਦੇ ਪ੍ਰਸ਼ਨਾਂ ਤੋਂ ਡਰਦੇ, ਹਾਲਾਂਕਿ ਉਹ ਕਿਸੇ ਵੀ ਵਿਦਿਆਰਥੀ ਨੂੰ ਘੱਟ ਹੀ ਝਿੜਕਦੀ। ਹਾਂ ਮੈਡਮਾਂ 'ਤੇ ਉਹ ਬਰਸ ਪੈਂਦੀ, ਕਦੇ ਕਦੇ ਤਾਂ ਕਲਾਸ ਵਿਚ ਹੀ, ਸਵੇਰ ਦੀ ਸਭਾ ਵਿਚ ਵੀ। ਇਸ ਰੋਹਬ ਸਦਕਾ ਉਸ ਦਾ ਨਾਮ ਸੀ। ਸਕੂਲ ਦਾ ਨਾਮ ਸੀ। ਪਰ ਅੱਜ ਉਸਨੂੰ ਆਪਣੇ ਆਤਮ ਵਿਸ਼ਵਾਸ ਤੇ ਸਵੈਮਾਣ 'ਤੇ ਹੀ ਗੁੱਸਾ ਆ ਰਿਹਾ ਸੀ। ਸੋਚ ਰਹੀ ਸੀ। ਆਖ਼ਰ ਮੈਂ ਏਨਾ ਕਿਉਂ ਬਰਸ ਪਈ ਭਾਵਨਾ 'ਤੇ...ਜੇਕਰ ਉਸਨੂੰ ਕੁਝ ਹੋ ਜਾਂਦਾ, ਮੇਰਾ ਤਾਂ ਕੀ ਸਕੂਲ ਦੇ ਨਾਂ ਦੀ ਵੀ ਜਾਹ ਜਾਂਦੀ ਹੋ ਜਾਂਦੀ। ਉਸ ਨੂੰ ਆਪਣਾ ਮੱਥਾ ਤਪਦਾ ਲੱਗਿਆ। ਖਾਂਸੀ ਆਈ ਤੇ ਸਾਹ ਵੀ ਤੇਜ਼ ਲੱਗਿਆ। ਫਰਿਜ ਖੋਲ੍ਹ ਉਹਨੇ ਪਾਣੀ ਦੀ ਬੋਤਲ ਕੱਢੀ ਤੇ ਅੱਧਾ ਗਿਲਾਸ ਪਾਣੀ ਭਰ ਲਿਆ। ਫਿਲਟਰ 'ਚੋਂ ਤਾਜ਼ਾ ਰਲਾ ਕੇ ਪੀਤਾ। ਪਰ ਤਪਸ਼ ਤਾਂ ਉਹਦੇ ਅੰਦਰ ਸੀ, ਧੁਰ ਅੰਦਰ। ਭਾਵਨਾ ਅਜਿਹੀ ਗੱਲ ਕਹਿ ਗਈ, ਜਿਸ ਨੇ ਉਸ ਦੇ ਅਤੀਤ ਦੇ ਜ਼ਖ਼ਮ ਹਰੇ ਕਰ ਦਿੱਤੇ ਸਨ। ਸਵੇਰ ਦੀ ਸਭਾ ਤੋਂ ਬਾਅਦ ਉਹ ਰੋਜ਼ ਵਾਂਗ ਦਫਤਰ ਵਿਚ ਜਾ ਬੈਠੀ ਸੀ ਆਪਣੀ ਕੁਰਸੀ 'ਤੇ। ਐਡਜਸਟਮੈਂਟ ਰਜਿਸਟਰ ਤੇ ਗੈਰਹਾਜ਼ਰ ਅਧਿਆਪਕਾਵਾਂ ਦੀਆਂ ਅਰਜ਼ੀਆਂ ਉਹਦੇ ਸਾਹਮਣੇ ਸਨ। ਪ੍ਰਵਾਨਗੀ ਲਈ ਉਸਦੇ ਹਸਤਾਖ਼ਰ ਦੀ ਉਡੀਕ ਕਰਦੀਆਂ। ਜਲਦੀ ਜਲਦੀ ਨਿਗ੍ਹਾ 'ਚੋਂ ਕਢਦੇ ਹੋਏ ਉਸ ਨੇ ਦਸਤਖ਼ਤ ਕੀਤੇ ਤੇ ਬੈੱਲ ਦਬਾਈ। ਮਾਈ ਨਿਰਮਲ ਬੂਹਾ ਖੋਲ੍ਹ ਅੰਦਰ ਆ ਗਈ।

"ਬੀਬੀ ਭਾਵਨਾ ਮੈਡਮ ਨੂੰ ਬੁਲਾ ਕੇ ਲਿਆਓ?"

"ਅੱਛਾ, ਮੈਡਮ ਜੀ।"

ਭਾਵਨਾ ਨੇ ਕੁਝ ਪਲਾਂ ਬਾਅਦ ਹੀ ਆ ਦਸਤਕ ਦਿੱਤੀ। ਹਮੇਸ਼ਾ ਵਾਂਗ ਬੁਝੀ ਬੁਝੀ ਰਹਿਣ ਵਾਲੀ ਸਾਂਵਲੀ ਸੂਰਤ।

"ਮੇ ਆਈ ਕਮ ਇਨ, ਮੈਡਮ।"

"ਕਮ ਇਨ।"

"ਗੁਡ ਮਾਰਨਿੰਗ ਮੈਡਮ, ਤੁਸੀਂ ਬੁਲਾਇਐ ਮੈਨੂੰ।"

"ਹਾਂ ਮੈਡਮ, ਕਿੰਨੇ ਦਿਨਾਂ ਬਾਅਦ ਸਕੂਲ ਆਏ ਹੋ, ਤੁਸੀਂ?"

"ਜੀ, ਇਕ ਹਫਤੇ ਬਾਅਦ।"

"ਕਲਾਸ ਕਿਹੜੀ ਹੈ ਤੁਹਾਡੇ ਕੋਲ।"

"ਜੀ, ਅੱਠਵੀਂ, ਨੌਵੀਂ ਤੇ ਦਸਵੀਂ।"

"ਕਿਹੜੇ ਸਬਜੈਕਟ?"

"ਮੈਡਮ, ਇੰਗਲਿਸ਼ ਤੇ ਐਸ.ਐਸ...।"

"ਤੁਹਾਨੂੰ ਪਤੈ ਮੈਡਮ, ਆਪਣੇ ਸਕੂਲ ਵਿਚ ਬੋਰਡ ਦੀਆਂ ਕਲਾਸਾਂ ਦੇ ਨਤੀਜੇ ਹਰ ਸਾਲ ਵਧੀਆ ਆਉਂਦੇ ਹਨ।"

"ਜੀ...ਮੈਡਮ...ਜੀ।"

"ਤਾਂ ਫਿਰ ਵੀ ਇੰਨੀ ਅਣਗਹਿਲੀ, ਐਨੇ ਜ਼ਰੂਰੀ ਵਿਸ਼ੇ, ਬੋਰਡ ਦੀਆਂ ਕਲਾਸਾਂ ਤੇ ਮਹੀਨੇ ਵਿਚ ਸੱਤ ਛੁੱਟੀਆਂ...ਮੈਡਮ ਹੱਦ ਹੋ ਗਈ ਤੁਹਾਡੀ।"

"ਸੌਰੀ ਮੈਡਮ।"

"ਤੁਸੀਂ ਪਹਿਲਾਂ ਵੀ ਸੌਰੀ ਕਹਿ ਕੇ ਸਾਰ ਲੈਂਦੇ ਹੋ।"

"ਮੈਡਮ, ਮੈਂ ਬੀਮਾਰ ਸੀ, ਇਸ ਲਈ...।" ਭਾਵਨਾ ਦੀ ਆਵਾਜ਼ ਵਿਚ ਤੜਪ ਸੀ।

"ਮੈਨੂੰ ਤੁਹਾਡੀ ਬਿਮਾਰੀ ਜਾਂ ਘਰੇਲੂ ਸਮੱਸਿਆ ਨਾਲ ਕੋਈ ਮਤਲਬ ਨਹੀਂ। ਮੈਡਮ ਮੈਨੂੰ ਤਾਂ ਕੰਮ ਚਾਹੀਦੈ...ਐਂਡ ਰੇਗੂਲਰਟੀ।"

"ਮੈਡਮ, ਅੱਗੇ ਤੋਂ ਛੁੱਟੀ ਨਹੀਂ ਲਵਾਂਗੀ।"

"ਮੈਡਮ ਭਾਵਨਾ, ਕਿਸ ਤਰ੍ਹਾਂ ਕਰੋਗੇ ਤੁਸੀਂ ਸਿਲੇਬਸ ਪੂਰਾ? ਬੋਰਡ ਦੀਆਂ ਕਲਾਸਾਂ ਦਾ ਸਿਲੇਬਸ ਦਸੰਬਰ ਤੱਕ ਖਤਮ ਕਰਨਾ ਹੁੰਦੈ...ਪ੍ਰੀ-ਬੋਰਡ ਟੈਸਟ ਵੀ ਲੈਣੇ ਨੇ...ਯੂ ਨੋ ਵੀ ਵਾਂਟ ਰਿਜਲਟ। ਐਂਡ ਨੋ ਐਕਸਕਿਊਜ਼। ਪਰ ਮੈਨੂੰ ਸਮਝ ਨ੍ਹੀਂ ਆਉਂਦੀ, ਮੈਂ ਤੈਨੂੰ ਕਿਉਂ ਕਹਿ ਰਹੀ ਹਾਂ ਸਭ ਕੁਝ...ਤੁਸੀਂ ਤਾਂ ਆਪਣੀ ਡਿਊਟੀ ਪ੍ਰਤੀ ਜ਼ਰਾ ਵੀ ਫਿਕਰਮੰਦ ਨਹੀਂ।" ਮੈਡਮ ਉਚੀ ਉਚੀ ਬੋਲਣ ਲੱਗੇ।

ਭਾਵਨਾ 'ਸੌਰੀ ਮੈਡਮ-ਸੌਰੀ ਮੈਡਮ' ਕਰਦੀ ਰਹੀ। ਉਸ ਦੀਆਂ ਲੱਤਾਂ ਕੰਬ ਰਹੀਆਂ ਸਨ। ਉਸਨੂੰ ਬੈਠਣ ਲਈ ਵੀ ਨਾ ਕਿਹਾ।

"ਜਾਓ, ਆਪਣੀ ਕਲਾਸ ਵਿਚ, ਆਈਂਦਾ ਇਹੋ ਜਿਹੇ ਐਕਸਕਿਊਜ਼ ਕੋਲ ਹੀ ਰੱਖਿਓ।"

ਥੋੜ੍ਹੀ ਦੇਰ ਬਾਅਦ ਹੀ ਫਿਰ ਉਸ ਬੈੱਲ ਨੱਪ ਦਿੱਤੀ।

"ਬੀਬੀ, ਦਸਵੀਂ ਏ ਦੀ ਐਸ.ਐਸ. ਤੇ 9ਵੀਂ ਬੀ ਦੀਆਂ ਇੰਗਲਿਸ਼ ਦੀਆਂ ਕਾਪੀਆਂ ਲਿਆਓ।"

ਮਾਈ ਗਈ ਤੇ ਕਾਪੀਆਂ ਲੈ ਆਈ ਤੇ ਟੇਬਲ 'ਤੇ ਰੱਖ ਦਿੱਤੀਆਂ। ਉਹਨੇ ਕਾਪੀਆਂ 'ਤੇ ਤਰਦੀ ਤਰਦੀ ਝਾਤ ਮਾਰੀ। ਤਿੰਨ ਚਾਰ ਕਾਪੀਆਂ ਕੱਢ ਲਈਆਂ।

"ਓ ਹੋ...ਇਹ ਕਾਪੀਆਂ ਤਾਂ ਲੱਗਦੀਆਂ ਹੀ ਨਹੀਂ ਮੇਰੇ ਸਕੂਲ ਦੀਆਂ...ਇੰਨਾ ਬੁਰਾ ਹਾਲ ਤਾਂ ਸਰਕਾਰੀ ਸਕੂਲ ਦਾ ਵੀ ਨਹੀਂ ਹੋਣਾ।"

"ਬੀਬੀ, ਭਾਵਨਾ ਮੈਡਮ ਨੂੰ ਬੁਲਾ ਕੇ ਲਿਆ।"

"ਜੀ...ਜੀ...।" ਮਾਈ ਤੁਰ ਗਈ। ਪਰ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ, 'ਅੱਜ ਤਾਂ ਭਾਵਨਾ ਮੈਡਮ ਦੀ ਖ਼ੈਰ ਨਹੀਂ...ਇੰਨਾ ਗੁੱਸਾ...ਹੁਣੇ ਤਾਂ ਉਹ ਭੁਸਕੇ ਭਰਦੀ ਦਫਤਰੋਂ ਗਈ ਐ...ਤੇ ਹੁਣੇ ਫੇਰ...।'

ਮਾਈ ਨੇ ਭਾਵਨਾ ਨੂੰ ਸੁਨੇਹਾ ਦਿੱਤਾ, "ਕੀ ਹੋ ਗਿਆ ਹੁਣ, ਬੀਬੀ?"

"ਪਤਾ ਨਹੀਂ ਮੈਡਮ, ਕਾਪੀਆਂ ਮੰਗਾਈਆਂ ਹਨ ਮੈਡਮ ਨੇ 9ਵੀਂ, 10ਵੀਂ ਦੀਆਂ।"

"ਅੱਛਾ...।"

"ਮੈਡਮ ਅੱਜ ਤਾਂ ਵੱਡੀ ਮੈਡਮ ਦਾ ਪਾਰਾ ਗਰਮ ਲੱਗਦੈ ਪਤਾ ਨ੍ਹੀਂ ਕੀ ਗੱਲ ਐ...?"

"ਕੋਈ ਨੀ ਬੀਬੀ।" ਭਾਵਨਾ ਦੀ ਮਸਾਂ ਹੀ ਆਵਾਜ਼ ਨਿਕਲੀ ਤੇ ਉਹ ਦਫ਼ਤਰ ਵਲ ਤੁਰ ਪਈ। ਦਫਤਰ ਵੜ੍ਹਦਿਆਂ ਹੀ ਉਸਨੇ ਦੇਖਿਆ, ਮੈਡਮ ਲਾਲ ਪੈਨ ਨਾਲ ਕਾਪੀਆਂ 'ਤੇ ਗੋਲ ਚੱਕਰ ਲਾ ਰਹੀ ਸੀ।

"ਭਾਵਨਾ, ਇਹ ਪੂਜਾ ਦੇਖੋ ਜ਼ਰਾ...ਪਹਿਲੀ ਕਾਪੀ ਨੇ ਹੀ ਮੇਰਾ ਮੂਡ ਖਰਾਬ ਕਰ ਦਿੱਤੈ।"

"ਮੈਡਮ ਜੀ, ਇਹ ਪੂਜਾ ਦੀ ਕਾਪੀ ਐ...ਬਹੁਤ ਕਮਜ਼ੋਰ ਬੱਚੀ ਹੈ। ਮੈਂ ਕਾਫੀ ਕੋਸ਼ਿਸ਼ ਕੀਤੀ ਹੈ, ਉਹਨੂੰ ਸੁਧਾਰਨ ਦੀ ਪਰ ਉਹ ਬੜੀ ਜਲਦੀ ਟੈਂਸ ਹੋ ਜਾਂਦੀ ਹੈ ਡਾਂਟਣ 'ਤੇ...।"

"ਕਿਉਂ?"

"ਮੈਡਮ, ਉਹ ਕਹਿੰਦੀ ਸੀ ਮੇਰੇ ਪਾਪਾ ਬਾਹਰ ਗਏ ਨੇ ਤੇ ਉਹ ਦਾਦੇ ਕੋਲ ਰਹਿੰਦੀ ਹੈ।"

"ਫਿਰ ਦਾਦੀ-ਦਾਦੇ ਨੂੰ ਬੁਲਾਓ।"

"ਮੈਡਮ, ਉਹ ਬਜ਼ੁਰਗ ਨੇ, ਆਏ ਨਹੀਂ ਕਦੀ।"

"ਤੁਸੀਂ ਮੈਨੂੰ ਅੱਜ ਤੀਕ ਦੱਸਿਆ ਕਿਉਂ ਨਹੀਂ, ਇਸ ਬੱਚੇ ਬਾਰੇ...ਰਿਜਲਟ ਤਾਂ ਆਪਣਾ ਖਰਾਬ ਹੋਣੈ।"

"ਮੈਡਮ, ਤੁਹਾਨੂੰ ਦੱਸਿਆ ਸੀ ਮੈਂ ਲਾਸਟ ਮੰਥ, ਸ਼ਾਇਦ ਤੁਹਾਡੇ ਦਿਮਾਗ 'ਚੋਂ ਨਿਕਲ ਗਿਆ ਹੋਣੈ।"

"ਵੱਟ ਡੂ ਯੂ ਮੀਨ...ਆਈ ਹੈਵ ਨੋ ਬਰੇਨ...ਮੈਂ ਬਿਨਾ ਦਿਮਾਗ ਤੋਂ ਹੀ ਹਾਂ? ਐਡਾ ਵੱਡਾ ਸਕੂਲ ਐਵੇਂ ਹੀ ਚਲਾ ਰਹੀ ਹਾਂ।" ਉਹ ਬਿਫਰ ਪਈ ਸੀ।

"ਮੈਡਮ ਇਹ ਗੱਲ ਨਹੀਂ, ਤੁਸੀਂ ਗਲਤ ਸਮਝਿਐ।"

"ਸ਼ੱਟ ਅਪ ਨਾਓ, ਆਈ ਡੌਂਟ ਲਾਈਕ ਸਚ ਟੀਚਰਜ਼...ਆਪਣਾ ਕੰਮ ਤੁਹਾਡਾ ਪੂਰਾ ਨਹੀਂ ਤੇ ਮੇਰੇ ਦਿਮਾਗ 'ਚ ਨੁਕਸ ਲੱਭਦੇ ਹੋ, ਇਹ ਸਰਕਾਰੀ ਨਹੀਂ ਪ੍ਰਾਈਵੇਟ ਸਕੂਲ ਹੈ, 100% ਨਤੀਜੇ ਆਉਂਦੇ ਨੇ ਇਥੇ...ਵਨ ਥਾਊਜੈਂਡ ਦੀ ਸਟਰੈਂਥ ਹੈ ਇਥੇ...ਵਨ ਥਾਊਜੈਂਡ! ਇਸ ਸਕੂਲ ਦਾ ਨਾਮ, ਰਿਜਲਟ, ਸ਼ੋਹਰਤ, ਪੜ੍ਹਾਈ ਕਰਕੇ ਹੀ ਹੈ, ਬਿਲਡਿੰਗ ਕਾਰਨ ਨਹੀਂ...ਯੂ ਨੋ...ਐਂਡ ਯੂ...।"

"ਮੈਡਮ...ਪਲੀਜ਼।"

"ਲਿਸਨ, ਇਸ ਵਾਰ 200 ਬੱਚੇ ਨਵੇਂ ਦਾਖ਼ਲ ਹੋਏ ਨੇ ਸਕੂਲ ਵਿਚ...ਕਿਉਂਕਿ ਅਸੀਂ ਕੁਆਲਟੀ 'ਤੇ ਜ਼ੋਰ ਦਿੰਦੇ ਹਾਂ...ਸਰਕਾਰੀ ਸਕੂਲਾਂ ਦੇ ਟੀਚਰਾਂ ਵਾਂਗ ਨਹੀਂ ਕਿ ਸਕੂਲ ਗਏ, ਹਾਜ਼ਰੀ ਲਾਈ, ਗੱਪਾਂ ਮਾਰੀਆਂ ਤੇ ਘਰ ਵਾਪਸ...ਜੇ ਛੁੱਟੀਆਂ ਚਾਹੀਦੀਆਂ ਹਨ ਤਾਂ..." ਗੱਲ ਅਜੇ ਉਹਦੇ ਮੂੰਹ ਵਿਚ ਸੀ ਕਿ ਭਾਵਨਾ ਫਰਸ਼ 'ਤੇ ਡਿੱਗ ਪਈ। ਸ਼ਾਇਦ ਉਹ ਬੇਹੋਸ਼ ਹੋ ਗਈ ਸੀ।

"ਬੀਬੀ, ਪਾਣੀ ਲਿਆ ਜਲਦੀ।"

ਮਾਈ ਭੱਜ ਕੇ ਪਾਣੀ ਲੈ ਆਈ ਤੇ ਉਸ ਨੂੰ ਲਿਆ ਫੜਾਇਆ। ਉਹਨੇ ਭਾਵਨਾ ਦੇ ਚਿਹਰੇ 'ਤੇ ਪਾਣੀ ਦੇ ਛਿੱਟੇ ਮਾਰੇ। ਇਕ ਮੈਡਮ ਹੋਰ ਅੰਦਰ ਆ ਗਈ, ਉਨ੍ਹਾਂ ਭਾਵਨਾ ਨੂੰ ਚੁੱਕ ਕੇ ਸੋਫੇ 'ਤੇ ਬਿਠਾਇਆ। ਭਾਵਨਾ ਨੇ ਅੱਖ ਪੱਟੀ ਤਾਂ ਉਹਦੇ ਸਾਹ 'ਚ ਸਾਹ ਆਇਆ।

"ਬੀਬੀ ਜਾਹ ਦੁੱਧ ਵਿਚ ਪੱਤੀ ਪਾ ਕੇ ਲਿਆ ਕੰਟੀਨ ਤੋਂ ਤੇ ਬਿਸਕੁਟ ਵੀ ਲਿਆਈਂ।"

"ਭਾਵਨਾ ਕੀ ਹੋ ਗਿਆ...ਸਵੇਰੇ ਨਾਸ਼ਤਾ ਕੀਤਾ ਸੀ?"

"ਚਾਹ ਦਾ ਕੱਪ ਹੀ ਪੀਤਾ ਸੀ ਮੈਡਮ, ਕੰਮ ਕਾਰਨ ਲੇਟ ਹੋ ਗਈ ਸੀ, ਨਾਸ਼ਤਾ ਨਹੀਂ ਕੀਤਾ।"

ਬੀਬੀ ਦੁੱਧ ਪੱਤੀ ਲਿਆਈ ਤਾਂ ਭਾਵਨਾ ਨੇ ਪੀ ਲਈ। ਪਰਸ 'ਚੋਂ ਕੱਢ ਕੇ ਇਕ ਗੋਲੀ ਖਾਧੀ। ਬਿਸਕੁਟ ਨਾ ਖਾਧਾ।

"ਜੇ ਤਬੀਅਤ ਠੀਕ ਨਹੀਂ ਤਾਂ ਸਟਾਫ ਰੂਮ 'ਚ ਜਾ ਕੇ ਆਰਾਮ ਕਰ ਲਓ...ਜੇ ਕਹੋ ਤਾਂ ਡਾਕਟਰ ਬੁਲਾ ਲੈਨੇ ਹਾਂ, ਕੋਈ ਪਰਾਬਲਮ ਹੈ ਤਾਂ...।"

"ਨੋ, ਥੈਂਕਸ ਮੈਡਮ ਮੈਂ ਠੀਕ ਹਾਂ...ਐਵੇਂ ਜਰ੍ਹਾ ਚੱਕਰ ਜਿਹਾ ਆ ਗਿਆ ਸੀ...ਮੈਂ ਦਵਾਈ ਲੈ ਲਈ ਹੈ...।"

"ਅੱਗੇ ਵੀ ਕਦੇ ਚੱਕਰ ਆਇਆ ਤੁਹਾਨੂੰ...?"

"ਨਹੀਂ ਜਰਾ ਕਮਜ਼ੋਰੀ ਹੈ, ਪਿਛਲਾ ਹਫਤਾ ਬਿਮਾਰ ਹੀ ਸਾਂ, ਸ਼ਾਇਦ ਇਸ ਕਰਕੇ।" ਭਾਵਨਾ ਬੋਲੀ। ਉਹ ਭਾਵਨਾ ਦੀ ਤਬੀਅਤ ਦੇਖ ਢਿੱਲੀ ਪੈ ਗਈ ਸੀ।

"ਅੱਛਾ...।" ਭਾਵਨਾ ਉੱਠ ਕੇ ਕਲਾਸ ਰੂਮ ਚਲੀ ਗਈ। ਉਸ ਦੀਆਂ ਦਵਾਈਆਂ ਦਾ ਲਿਫ਼ਾਫ਼ਾ ਸੋਫੇ 'ਤੇ ਹੀ ਡਿੱਗ ਪਿਆ। ਉਹਦੀ ਨਜ਼ਰ ਪਈ ਤਾਂ ਉਹਨੇ ਲਿਫ਼ਾਫ਼ਾ ਚੁੱਕ ਲਿਆ ਤੇ ਬੈੱਲ ਮਾਰੀ। ਮਾਈ ਨੂੰ ਲਿਫਾਫਾ ਫੜਾਉਣ ਲੱਗੀ ਤਾਂ ਉਤਸੁਕਤਾ ਵਸ ਉਹਨੇ ਲਿਫ਼ਾਫ਼ਾ ਉਲਟਾਇਆ, ਵਿਚ ਡੈਰੀਫਾਇਲਿਨ ਤੇ ਵਾਈਸੋਲੋਨ ਦੀਆਂ ਗੋਲੀਆਂ ਦੇ ਪੱਤੇ ਸਨ।

'ਤਾਂ...ਕਿਤੇ ਭਾਵਨਾ ਨੂੰ ਵੀ ਐਸਥਮਾ ਤਾਂ ਨਹੀਂ?' ਉਹ ਸੋਚੀਂ ਪੈ ਗਈ...ਦਵਾਈਆਂ ਦਾ ਲਿਫ਼ਾਫ਼ਾ, ਉਸ ਮਾਈ ਨੂੰ ਫੜਾਇਆ ਤੇ ਕਿਹਾ, "ਬੀਬੀ, ਭਾਵਨਾ ਨੂੰ ਦੇ ਆ ਤੇ ਕਹੀਂ ਜਾਣ ਲੱਗੇ ਮੈਨੂੰ ਮਿਲ ਕੇ ਜਾਵੇ।"

"ਨਹੀਂ...ਸੁਣ।" ਉਹ ਦਫਤਰੋਂ ਨਿਕਲਣ ਲੱਗੀ, ਮਾਈ ਨੂੰ ਪਿੱਛੋਂ ਆਵਾਜ਼ ਮਾਰੀ। "ਲਿਫ਼ਾਫ਼ਾ ਮੈਨੂੰ ਦੇਹ...ਮੈਂ ਆਪ ਭਾਵਨਾ ਨੂੰ ਦੇ ਆਉਨੀ ਹਾਂ।" ਮਾਈ ਨੇ ਹੈਰਾਨ ਹੋ ਲਿਫਾਫਾ ਉਸਨੂੰ ਫੜਾ ਦਿੱਤਾ। ਥੋੜ੍ਹੀ ਦੇਰ ਬਾਅਦ ਉਹ ਸਕੂਲ ਦਾ ਰਾਊਂਡ ਲਾਉਣ ਨਿਕਲੀ ਤੇ ਕਲਾਸਾਂ ਚੈੱਕ ਕੀਤੀਆਂ। ਅੱਜ ਤਾਂ ਸਕੂਲ 'ਚ ਪੂਰੀ ਸ਼ਾਂਤੀ ਸੀ। ਅਧਿਆਪਕ-ਅਧਿਆਪਕਾਵਾਂ ਪੜ੍ਹਾਉਣ 'ਚ ਪੂਰੀ ਤਰ੍ਹਾਂ ਮਸਤ ਸਨ। ਸ਼ਾਇਦ ਉਨ੍ਹਾਂ ਨੂੰ ਭਾਵਨਾ ਨਾਲ ਹੋਈ ਬੀਤੀ ਬਾਰੇ ਪਤਾ ਲੱਗ ਚੁੱਕਾ ਸੀ। ਭਾਵਨਾ ਦੀ ਕਲਾਸ ਵਿਚ ਆਈ ਤਾਂ ਭਾਵਨਾ ਦਸਵੀਂ ਕਲਾਸ ਵਿਚ ਇੰਗਲਿਸ਼ ਪੜ੍ਹਾ



ਰਹੀ ਸੀ।

"ਭਾਵਨਾ ਤੂੰ ਦਵਾਈਆਂ ਦਾ ਲਿਫ਼ਾਫ਼ਾ ਆਫ਼ਿਸ 'ਚ ਭੁੱਲ ਆਈ ਸੈਂ...।"

"ਥੈਂਕਸ।" ਉਹਨੇ ਲਿਫ਼ਾਫ਼ਾ ਫੜ੍ਹਦਿਆਂ ਕਿਹਾ।

"ਸੁਣ ਭਾਵਨਾ...ਕਿਤੇ ਤੈਨੂੰ ਅਸਥਮਾ ਤਾਂ ਨਹੀਂ।" ਉਹਨੇ ਹੌਲੀ ਜਿਹੇ ਪੁੱਛਿਆ।

ਭਾਵਨਾ ਨੇ ਮੁੜ ਕੇ ਮੈਡਮ ਵਲ ਤੱਕਿਆ, ਉਹਨੂੰ ਇੰਜ ਲੱਗਾ, ਜਿਵੇਂ ਮੈਡਮ ਕਹਿ ਰਹੀ ਹੋਵੇ ਤੈਨੂੰ ਟੀ.ਬੀ. ਤਾਂ ਨਹੀਂ, ਛੂਤ ਤਾਂ ਨਹੀਂ।" ਹਥੌੜੇ ਵਾਂਗ ਵੱਜੇ ਮੈਡਮ ਦੇ ਸ਼ਬਦ।

"ਯੈਸ ਮੈਡਮ, ਅਸਥਮਾ ਹੈ, ਮੈਨੂੰ ਕੋਹੜ ਨਹੀਂ ਪਿਆ, ਪਰ ਏਥੇ ਤਾਂ ਸਭ ਦੇ ਦਿਮਾਗਾਂ ਨੂੰ ਅਸਥਮਾ ਹੋਇਆ ਪਿਐ, ਥਿੰਕਿੰਗ ਨੂੰ ਹੀ ਅਸਥਮਾ ਹੋਇਆ ਪਿਐ।" ਉਹ ਹੰਝੂ ਕੇਰਦੀ ਸਟਾਫ ਰੂਮ ਵਲ ਤੁਰ ਗਈ।

ਉਸ ਨੂੰ ਇੰਝ ਲੱਗਾ ਜਿਵੇਂ ਭਾਵਨਾ ਨੇ ਉਸ ਦੇ ਮੂੰਹ 'ਤੇ ਜ਼ੋਰ ਨਾਲ ਚਪੇੜ ਮਾਰੀ ਹੋਵੇ...ਉਹ ਜਿਵੇਂ ਸੁੰਨ ਹੀ ਹੋ ਗਈ। ਦਫਤਰ ਆ ਕੇ ਵੀ ਡੌਰ-ਭੌਰ ਬੈਠੀ ਰਹੀ...ਤੇ ਅਤੀਤ 'ਚ ਡੂੰਘੀ ਉਤਰ ਗਈ। ਕਦੋਂ ਪੀਰੀਅਡ ਬੀਤੇ, ਕਦ ਰਿਸੈਸ ਹੋਈ ਤੇ ਕਦੋਂ ਛੁੱਟੀ ਉਸ ਨੂੰ ਜਿਵੇਂ ਕੁਝ ਪਤਾ ਨਾ ਲੱਗਾ। ਮਾਈ ਰੋਜ ਵਾਂਗ ਰਿਸੈਸ 'ਚ ਦੁੱਧ ਦਾ ਕੱਪ ਲਿਆਈ ਤੇ ਟੇਬਲ 'ਤੇ ਰੱਖ ਗਈ। ਪਿਆ ਰਿਹਾ ਕੱਪ। ਉਸ ਨੇ ਟਿਫਿਨ ਵੀ ਨਾ ਖੋਲ੍ਹਿਆ। ਦੋ ਤਿੰਨ ਵਾਰ ਪਾਣੀ ਮੰਗਵਾ ਕੇ ਪੀਤਾ। ਉਹਨੂੰ ਆਪਣਾ ਮੱਥਾ ਤਪਦਾ ਪ੍ਰਤੀਤ ਹੋਇਆ। ਭਾਵਨਾ ਦੀ ਇਕੋ ਗੱਲ ਨੇ ਉਸਦਾ ਕਲੇਜਾ ਧੂਹ ਲਿਆ ਸੀ। ਇਹੀ ਗੱਲ ਪ੍ਰਤਾਪ ਨੇ ਉਸ ਨੂੰ ਕਹੀ ਸੀ। ਠੀਕ ਇਹੀ ਗੱਲ।

"ਇਥੇ ਤਾਂ ਥਿੰਕਿੰਗ ਨੂੰ ਹੀ ਅਸਥਮਾ ਹੋਇਆ ਪਿਐ।"

ਸਾਰੀ ਛੁੱਟੀ ਤੋਂ ਪਹਿਲਾਂ ਉਹ ਫਿਰ ਭਾਵਨਾ ਦੀ ਕਲਾਸ ਵਿਚ ਗਈ ਤੇ ਉਸ ਨੂੰ ਬਾਹਰ ਸੱਦਿਆ, "ਭਾਵਨਾ ਗੁੱਸਾ ਨਾ ਕਰੀਂ, ਮੈਂ ਅਣਜਾਣੇ ਵਿਚ ਦਿਲ ਦੁਖਾ ਦਿਤੈ ਤੇਰਾ...ਪਰ...।"

"ਇਟਸ ਓ ਕੇ ਮੈਡਮ।"

"ਨਹੀਂ ਦਰਅਸਲ ਮੈਂ ਤੇਰੇ ਨਾਲ ਕੋਈ ਗੱਲ ਕਰਨੀ ਚਾਹੁੰਦੀ ਹਾਂ, ਪਰ ਇੱਥੇ ਨਹੀਂ ਘਰੇ, ਜੇ ਤੇਰੇ ਕੋਲ ਸਮਾਂ ਹੋਵੇ, ਨਹੀਂ ਤਾਂ ਮੈਂ ਤੇਰੇ ਕੋਲ ਆ ਜਾਵਾਂਗੀ।"

ਭਾਵਨਾ ਹੈਰਾਨ! ਇਹ ਕੀ ਕੌਤਕ ਵਾਪਰਿਆ, ਮੈਡਮ ਦੀ ਸੁਰ ਨਰਮ ਵੀ ਸੀ ਤੇ ਭਾਵੁਕ ਵੀ।

ਉਸ ਦੀਆਂ ਅੱਖਾਂ 'ਚ ਵੀ ਨਮੀ ਮਹਿਸੂਸ ਹੁੰਦੀ ਸੀ।

"ਮੈਡਮ, ਮੈਂ ਸ਼ਾਮ ਨੂੰ ਆ ਜਾਵਾਂਗੀ ਛੇ ਕੁ ਵਜੇ।"

"ਠੀਕ ਹੈ...ਆਈ ਵਿਲ ਵੇਟ ਫਾਰ ਯੂ।"

ਸ਼ਾਮ ਨੂੰ ਭਾਵਨਾ ਆਈ ਤਾਂ ਉਹ ਸੋਫੇ 'ਤੇ ਅਧਲੇਟੀ ਸੋਚਾਂ 'ਚ ਮਗਨ ਸੀ। ਘਰ ਕੰਮ 'ਤੇ ਲੱਗੀ ਸਿੰਬੀ ਨੇ ਉਸਨੂੰ ਦੱਸਿਆ ਕਿ ਕੋਈ ਮੈਡਮ ਮਿਲਣ ਆਈ ਹੈ, ਉਹ ਭਾਵਨਾ ਨੂੰ ਡਰਾਇੰਗ ਰੂਮ 'ਚ ਲੈ ਆਈ ਤੇ ਸਿੰਬੀ ਨੂੰ ਚਾਹ ਧਰਨ ਲਈ ਕਹਿ ਦਿੱਤਾ।

"ਭਾਵਨਾ ਤੇਰੇ ਪਤੀ ਕੀ ਕਰਦੇ ਨੇ?"

"ਮੈਡਮ ਦੁਕਾਨ ਐ ਉਨ੍ਹਾਂ ਦੀ...ਕਰਿਆਨੇ ਦੀ...।'

"ਇਲਾਜ਼ ਠੀਕ ਚੱਲ ਰਿਹੈ ਤੇਰਾ।"

"ਠੀਕ ਹੀ ਹੈ...ਮੈਡਮ ਅਸਲ 'ਚ ਮੈਂ ਬਹੁਤ ਪ੍ਰੇਸ਼ਾਨ ਹਾਂ...ਘਰ ਦਾ ਕੰਮ-ਕਾਜ ਵੀ ਸਾਰਾ ਮੇਰੇ ਜ਼ਿੰਮੇ ਐ, ਸੱਸ ਬਿਰਧ ਹੈ...ਬੱਚਿਆਂ ਦਾ ਵੀ ਕਰਨਾ ਹੁੰਦੈ-ਦਵਾਈ ਤਾਂ ਲੱਗਦੀ ਹੀ ਨਹੀਂ...ਦੋ ਸੌ ਰੁਪਏ ਦੀ ਦਵਾਈ ਇਕੋ ਵਾਰ ਆ ਜਾਂਦੀ ਹੈ...ਜਦੋਂ ਛੱਡ ਦਿੰਦੀ ਹਾਂ ਖੰਘ ਖਹਿੜਾ ਨਹੀਂ ਛੱਡਦੀ...ਛਾਤੀ ਘਰਕਣ ਲੱਗ ਜਾਂਦੀ ਹੈ...।"

"ਦਵਾਈ ਤਾਂ ਭਾਵਨਾ ਰੈਗੂਲਰ ਲੈਣੀ ਪੈਂਦੀ ਹੈ, ਅਸਥਮੇ ਦੀ...।"

"ਮੈਡਮ, ਰੈਗੂਲਰ ਕਿਵੇਂ ਖਾਵਾਂ...ਇਹ ਤਾਂ ਇਕ ਵਾਰ ਦਵਾਈ ਦਿਵਾ ਦੇਣ ਤਾਂ ਜਿਵੇਂ ਅਹਿਸਾਨ ਕਰਦੇ ਐ, ਜਣੇ ਖਣੇ ਨੂੰ ਸੁਣਾਉਂਦੇ ਐ...ਕਿ ਦੇਸੀ ਦਵਾਈ ਲੈ ਤੀ, ਕਦੇ ਇਹਨੂੰ 'ਰਾਮ ਹੀ ਨਹੀਂ ਆਉਂਦਾ, ਕਦੀ ਦੇਸੀ ਪੁੜੀਆਂ ਲਿਆ ਦਿੰਦੇ ਐ, ਤੇਲ ਵਾਲੇ ਮਹਿਤੇ ਤੋਂ, ਅਖੇ ਉਹਦੇ ਹੱਥ 'ਚ ਬੜਾ ਜੱਸ ਹੈ। ਇਕ ਵਾਰ ਸਰਾਵਾਂ ਬੋਦਲਾ ਤੋਂ ਪੁੜੀਆਂ ਮੰਗਾ ਦਿੱਤੀਆਂ। ਮੇਰਾ ਸਾਹ ਤਾਂ ਠੀਕ ਹੋ ਗਿਆ, ਪਰ ਸਰੀਰ ਫੁੱਲ ਗਿਆ, ਜਿਵੇਂ ਕੋਈ ਗੁਬਾਰਾ ਹੋਵੇ, ਹੱਡ ਚੱਲਣ ਹੀ ਨਾ ਅੱਖਾਂ ਦੁਖਣ ਲੱਗੀਆਂ, ਡਾਕਟਰ ਕਹਿੰਦਾ ਸ਼ਾਇਦ ਕੋਈ ਭੈੜਾ ਸਟੀਰੋਇਡ ਪੁੜੀਆਂ 'ਚ ਕੁੱਟ ਦਿੱਤਾ ਹੋਊ।"

"ਅੱਛਾ...।"

"ਮੈਡਮ ਮੈਂ ਬਹੁਤ ਪ੍ਰੇਸ਼ਾਨ ਹਾਂ, ਸੋਚਦੀ ਹਾਂ ਏਦੂੰ ਤਾਂ ਮਰੀ ਚੰਗੀ ਹਾਂ।"

"ਭਾਵਨਾ ਕਦੇ ਮੈਂ ਵੀ ਇਹੀ ਸੋਚਦੀ ਸੀ...।"

"ਤੁਸੀਂ...ਪਰ ਤੁਸੀਂ ਤਾਂ ਠੀਕ-ਠਾਕ ਲੱਗਦੇ ਹੋ।"

"ਲੱਗਦੀ ਹਾਂ...ਹਾਂ ਵੀ...ਪਰ ਕਦੇ ਤੇਰੀ ਵਾਲੀ ਹਾਲਤ 'ਚ ਹੀ ਸੀ...ਭਾਵਨਾ ਜੋ ਤੂੰ ਕਿਹਾ ਸੀ ਅਸਥਮਾ ਹੀ ਹੈ, ਕੋਹੜ ਤਾਂ ਨਹੀਂ, ਮੇਰੇ ਮੂੰਹੋਂ ਵੀ ਨਿਕਲਿਆ ਸੀ, ਪਰ ਕਿਸੇ ਨੇ ਤੇਰੇ ਵਰਗੇ ਹੀ ਸ਼ਬਦ ਦੁਹਰਾਏ ਸਨ, "ਏਥੇ ਤਾਂ ਸਭ ਦੀ ਥਿੰਕਿੰਗ ਨੂੰ ਹੀ ਅਸਥਮਾ ਹੋਇਐ।"

"ਮੈਡਮ...।"

"ਹਾਂ...ਤੇਰੀ ਗੱਲ ਤੋਂ ਮੈਨੂੰ ਉਹ ਸਭ ਕੁਝ ਚੇਤੇ ਆ ਗਿਆ। ਮੇਰੀ ਭੈਣ, ਬਾਬੀ ਜਦ ਪ੍ਰਤਾਪ ਨੂੰ ਮਿਲਣ ਗਈ ਸੀ ਮੇਰੇ ਬਾਰੇ...ਮੇਰੇ ਮਾਪਿਆਂ ਦੇ ਕਹਿਣ 'ਤੇ, ਇਹੀ ਸ਼ਬਦ ਉਸਨੂੰ ਦੁਹਰਾਏ ਸਨ।"

"ਮੈਡਮ ਤੁਹਾਨੂੰ ਵੀ ਅਸਥਮਾ...।"

"ਹਾਂ ਭਾਵਨਾ।"

"ਤੁਹਾਨੂੰ ਪਤੈ ਉਹ ਕਦੇ-ਕਦੇ ਬਿਮਾਰ ਹੋ ਜਾਂਦੀ ਐ?" ਮੇਰੀ ਭੈਣ ਬਾਬੀ ਨੇ ਪ੍ਰਤਾਪ ਨੂੰ ਕਿਹਾ ਸੀ।

"ਹਾਂ ਮੈਨੂੰ ਪਤੈ।" ਪ੍ਰਤਾਪ ਨੇ ਜਵਾਬ ਦਿੱਤਾ।

"ਆਕਸੀਜ਼ਨ ਵੀ ਲਵਾਉਣੀ ਪੈਂਦੀ ਹੈ, ਗੁਲੂਕੋਜ਼ ਵੀ, ਅਸਥਮਾ ਹੈ ਉਸ ਨੂੰ।" ਬਾਬੀ ਨੇ ਟੋਹਿਆ ਸੀ।

"ਤੁਹਾਨੂੰ ਕੇਵਲ ਇਹੋ ਜਿਹੇ ਇਲਾਜ ਦਾ ਹੀ ਪਤੈ, ਦੀਦੀ, ਬਿਮਾਰੀ ਦਾ ਨਹੀਂ।" ਪ੍ਰਤਾਪ ਨੇ ਉਲਟ ਸਵਾਲ ਕੀਤਾ।

"ਦੀਦੀ, ਜੇਕਰ ਤੁਹਾਡੇ ਪਤੀ ਨੂੰ ਦਮਾ ਹੋ ਜਾਵੇ ਤਾਂ ਛੱਡ ਦਿਓਗੇ ਉਸਨੂੰ?" ਉਹ ਰੋ ਪਈ ਸੀ।

"ਦਰਅਸਲ ਇਥੇ ਤਾਂ ਥਿੰਕਿੰਗ ਨੂੰ ਹੀ ਅਸਥਮਾ ਹੋਇਆ ਪਿਐ, ਪੂਰਾ ਦੇਸ਼ ਹੌਂਕਦਾ ਹੈ ਅਸਥਮੇ ਨਾਲ, ਕਿਸੇ ਨੂੰ ਕੁਰਸੀ ਦਾ, ਕਿਸੇ ਨੂੰ ਧਨ ਦੌਲਤ ਦਾ, ਸੱਤਾ ਖੁਸ ਜਾਏ ਤਾਂ ਨੇਤਾ ਹੌਂਕਦੇ ਹਨ। ਪੱਲੇ ਪੈਸਾ ਨਾ ਹੋਵੇ ਤਾਂ ਰਿਸ਼ਤੇਦਾਰਾਂ ਦੀਆਂ ਨਜ਼ਰਾਂ ਨੂੰ ਹੌਂਕਣੀ ਲੱਗ ਜਾਂਦੀ ਹੈ।" ਪ੍ਰਤਾਪ ਨੇ ਕਿੰਨਾ ਕੁਝ ਹੀ

ਕਹਿ ਦਿੱਤਾ ਸੀ। ਬਾਬੀ ਘਰ ਆਈ ਤਾਂ ਖੁਸ਼ ਲਗਦੀ ਸੀ। ਬਾਊ ਜੀ ਨੂੰ ਕਹਿਣ ਲੱਗੀ, "ਮੁੰਡਾ ਠੀਕ ਐ...ਹੋਰ ਪਤਾ ਕਰਨ ਦੀ ਕੋਈ ਲੋੜ ਨਹੀਂ।"

ਉਸ ਦੀਆਂ ਨਜ਼ਰਾਂ ਵਿਚ ਸਮੁੱਚਾ ਅਤੀਤ ਤੈਰ ਰਿਹਾ ਸੀ। ਜੇਕਰ ਮੈਂ ਅੱਜ ਵੀ ਜਗਰਾਓਂ ਹੁੰਦੀ ਤਾਂ ਕਿਸ ਖਲਜਗਣ ਵਿਚ ਹੋਣਾ ਸੀ। ਗੱਲ ਗੱਲ 'ਤੇ ਖਿੱਝਦੇ ਸੱਸ ਸਹੁਰੇ...ਦਵਾਈ ਖੁਣੋਂ ਹੌਂਕਦੀ ਨੂੰ ਚੁੱਲਾ-ਚੌਂਕਾ ਕਰਨਾ ਪੈਂਦਾ...ਪਤੀ ਕਿਹੜਾ ਚੰਗਾ ਸੀ, ਜਦ ਦਾ ਉਹਨੂੰ ਪਤਾ ਲੱਗਾ ਸੀ ਕਿ ਦਮੇਂ ਲਈ ਬੈਟਨੀਸੋਲ ਖਾਂਦੀ ਐ...ਉਸ ਦਿਨ ਤੋਂ ਸੁੱਜਿਆ-ਸੁੱਜਿਆ ਰਹਿੰਦਾ। ਵਿਚੋਲਣ ਨੂੰ ਗਾਲਾਂ ਕੱਢਦਾ ਨਿੱਤ ਲੜਾਈ ਕਲੇਸ਼ ਰਹਿੰਦਾ, ਵਿਆਹ ਦਾ ਕੋਈ ਚਾਅ ਹੈ ਹੀ ਨਹੀਂ ਸੀ। ਕਿਹੜੀ ਸੇਜ 'ਤੇ ਕਿਹੜੀ ਮਸਤੀ ਭਰੀ ਜ਼ਿੰਦਗੀ ਜਿਸ ਦੇ ਉਸਨੇ ਸੁਪਨੇ ਲਏ ਸਨ। ਪਹਿਲੀ ਰਾਤ ਉਹ ਅਣਜਾਣਾਂ ਵਾਂਗ ਟੱਕਰਿਆ ਸੀ। ਕੋਈ ਪਿਆਰ ਮੁਹੱਬਤ ਦੀ ਗੱਲ ਨਹੀਂ ਹੋਈ। ਉਸ ਨੇ ਜਾਗੋ-ਮੀਟੀ 'ਚ ਰਾਤ ਕੱਟੀ ਸੀ। ਫਿਰ ਦੂਜਾ-ਤੀਜਾ ਚੌਥਾ ਦਿਨ...ਚੌਥੀ ਰਾਤ ਉਹ ਖਰਕਣ ਲੱਗੀ, ਖੰਘਦੀ ਰਹੀ...ਕਦੀ ਉਠਦੀ ਕਦੇ ਪੈ ਜਾਂਦੀ ਦੇਖਿਆ ਤਾਂ ਦਵਾਈ ਸੀ ਹੀ ਨਹੀਂ। ਸਹੁਰਿਆਂ ਨੂੰ ਸ਼ੱਕ ਹੋ ਗਿਆ, ਹੋਵੇ ਨਾ ਹੋਵੇ ਇਹ ਤਾਂ ਦਮੇ ਮਾਰਿਆਂ ਵਾਂਗ ਖੰਘਦੀ ਹੈ। ਉਨ੍ਹਾਂ ਨੂੰ ਪਹਿਲਾਂ ਹੀ ਹੱਥ ਲੱਗੇ ਹੋਏ ਸਨ। ਉਸ ਦਾ ਦਾਦਾ ਸਹੁਰਾ ਦਮੇ ਦਾ ਰੋਗੀ ਸੀ। ਕੋਈ ਦਵਾਈ ਉਹਨੂੰ ਲੱਗਦੀ ਨਹੀਂ ਸੀ ਜਾਂ ਸ਼ਾਇਦ ਦਵਾਈ ਨਹੀਂ ਹੋਣੀ...ਪੁੜੀਆਂ ਖਵਾਉਂਦੇ ਸੀ, ਉਹਨੂੰ ਕਿਸੇ ਵੈਦ ਦੀਆਂ। ਉਹਦੀ ਸੱਸ ਕਲਪੀ ਸੀ। ਮੁਸ਼ਕਿਲ ਨਾਲ 10 ਮਹੀਨੇ ਬੀਤੇ ਸਨ ਤੇ 10 ਵਾਰੀ ਅਟੈਕ ਹੋਇਆ ਉਸਨੂੰ। ਇਕ ਵਾਰ ਤਾਂ ਬਹਾਨਾ ਮਾਰ ਪਤੀ ਨੂੰ ਲੈ ਕੇ ਪੇਕੇ ਆ ਗਈ ਸੀ ਤੇ ਦਵਾਈ ਵੀ ਲੈ ਲਈ, ਪਰ ਸਹੁਰੇ ਘਰ ਤਾਂ ਵੈਦ ਦੁਨੀ ਚੰਦ ਦੀਆਂ ਪੁੜੀਆਂ ਹੀ ਚਲਦੀਆਂ ਸਨ। ਫਿਰ ਇਕ ਦਿਨ ਬਿਮਾਰੀ ਤੋਂ ਪੂਰੀ ਅਵਾਜ਼ਾਰ ਹੋਈ ਨੇ ਬੈਗ 'ਚ ਕੱਪੜੇ ਪਾਏ ਤੇ ਸੱਸ ਨੂੰ ਕਿਹਾ, "ਮੇਰੇ ਗਹਿਣੇ ਕੱਢ ਦੇਵੋ, ਪੇਕੇ ਜਾਣਾ ਹੈ।"

"ਮੂੰਹ ਵੱਟੀ ਪਤੀ ਉਹਨੂੰ ਪੇਕੇ ਛੱਡ ਗਿਆ, ਚਾਹ ਵੀ ਨਾ ਪੀਤੀ। ਬੀਬੀ ਨੇ ਪੁੱਛਿਆ ਤਾਂ ਕਹਿਣ ਲੱਗਾ, "ਏਸੇ ਨੂੰ ਪੁੱਛ ਲਈਓ।" ਬੀਬੀ ਮੇਰੇ ਦੁਆਲੇ ਹੋ ਗਈ ਸੀ।

"ਪਿਛਲੇ ਹਫਤੇ ਤਾਂ ਰੱਖੜੀ ਬੰਨਣ ਆਈ ਸੀ ਤੂੰ...ਕੀ ਗੱਲ ਹੋ ਗਈ ਇੰਨੀ ਜਲਦੀ ਫਿਰ ਆ ਗਈ...ਕੋਈ ਮਾੜਾ ਚੰਗਾ ਤਾਂ ਨਹੀਂ ਬੋਲਿਆ?" ਮੈਂ ਗੁੰਮ ਸੁੰਮ ਅੰਦਰ ਜਾ ਕੇ ਬੈੱਡ 'ਤੇ ਲੇਟ ਗਈ ਸੀ। ਆਪਣੇ ਆਪ ਨਾਲ ਗੱਲਾਂ ਕਰਨ ਲੱਗੀ, ਕਿਉਂ ਵਿਆਹ ਬਾਅਦ ਧੀ ਪੇਕੇ ਨਹੀਂ ਆ ਸਕਦੀ। ਕਿਉਂ ਬਿਗਾਨੀ ਲੱਗਣ ਲੱਗੀ ਹਾਂ ਮੈਂ? ਬੀਬੀ ਦੀ ਆਤਮਾ ਸ਼ਾਇਦ ਮੇਰੀ ਹਾਲਤ ਬੁੱਝ ਗਈ ਸੀ। ਉਹ ਅੰਦਰ ਆ ਕੇ ਮੇਰੇ ਸਿਰਾਣੇ ਬੈਠ ਗਈ।

"ਕੀ ਗੱਲ ਦੀਪੂ, ਤਬੀਅਤ ਤਾਂ ਠੀਕ ਹੈ ਤੇਰੀ।"

"ਹਾਂ...ਬੀਬੀ ਠੀਕ ਹੈ...ਮੈਨੂੰ ਨੀਂਦ ਆਈ ਐ।"

"ਲੈ ਕੁੜੇ ਜਦ ਤੂੰ ਪੇਕੇ ਆਨੀ ਐਂ ਤਾਂ ਨੀਂਦ ਪੂਰੀ ਕਰਨ ਦੀ ਪੈ ਜਾਂਦੀ ਐ ਤੈਨੂੰ...ਕਦੇ ਮਾਂ ਨਾਲ ਦੁੱਖ ਸੁੱਖ ਤਾਂ ਕਰ ਲਿਆ ਕਰ...ਪੁੱਤ ਤੂੰ ਉਥੇ ਸੁਖੀ ਤਾਂ ਹੈ?"

ਮੈਂ ਕੀ ਬੋਲਦੀ। ਉਸਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦੀ ਸੀ।

"ਭਾਬੀ ਕਿੱਥੇ ਹੈ ਬੀਬੀ?"

"ਡਿਊਟੀ ਗਈ ਐ...?"

"ਅੱਛਾ...।" ਮੈਂ ਸੌਣ ਦੀ ਐਕਟਿੰਗ ਕੀਤੀ। ਸ਼ਾਮ ਨੂੰ ਭਾਬੀ ਵੀ ਆ ਗਈ। ਬੱਚੇ ਵੀ ਭਰਾ ਵੀ।

ਭਾਬੀ ਨੇ ਵੀ ਪੁੱਛਿਆ...ਭਰਾ ਨੇ ਵੀ, "ਠੀਕ ਤਾਂ ਹੈ?"

"ਹਾਂ...ਬੱਸ ਐਵੇਂ ਆ ਗੀ।" ਸ਼ਾਮ ਨੂੰ ਦਾਦੀ ਦੇ ਜਾ ਗੱਲ ਲੱਗ ਕੇ ਰੋਣ ਲੱਗੀ।

"ਨਾ ਕੀ ਗੱਲ ਹੋ ਗੀ ਮੇਰੇ ਨਾਲ ਚਿੰਬੜੀ ਪਈ ਏਂ।"

"ਅੰਮਾ ਮੈਨੂੰ ਬਾਬੇ ਦੀ ਯਾਦ ਆਉਂਦੀ ਐ ਬਹੁਤ।"

"ਜਾ ਨੀ ਫੋਟ, ਮੈਨੂੰ ਤਾਂ ਯਾਦ ਆਉਂਦੀ ਨੀਂ ਤੇਰੇ ਬਾਬੇ ਦੀ, ਤੂੰ ਐਵੇਂ ਉਹਨੂੰ ਯਾਦ ਕਰੀ ਜਾਨੀ ਐਂ, ਪਰਾਹੁਣਾ ਨੀਂ ਆਇਆ?" ਦਾਦੀ ਨੇ ਸਿਰ ਪਲੋਸਦੇ ਹੋਏ ਪੁੱਛਿਆ।

"ਆਏ ਸੀ ਚਲੇ ਗੇ।"

"ਕਿਉਂ?"

"ਵਿਆਹ ਦਾ ਕੰਮ ਫੜਿਆ ਸੀ ਕੋਈ ਕਾਹਲੀ ਸੀ।"

"ਅੱਛਾ...ਸੱਸ ਠੀਕ ਐ ਤੇਰੀ।"

"ਠੀਕ ਐ ਅੰਮਾ।"

"ਅੱਛਾ ਕੁੜੇ ਘਰ ਸੰਭਾਲ ਆਪਣਾ ਹੁਣ...ਵਿਆਹ ਤੋਂ ਬਾਦ ਤਾਂ ਸਹੁਰੇ ਘਰ ਨਾਲ ਈ ਭਾਅ ਹੁੰਦੈ...।"

ਕੀ ਕਹਿ ਰਹੀ ਸੀ ਅੰਮਾ? ਮੈਂ ਸੋਚਣ ਲੱਗੀ, ਉਸਦੀ ਤੇਜ਼ ਨਜ਼ਰ ਪਛਾਣਦੀ ਸੀ ਬਈ ਕੋਈ ਗੱਲ ਤਾਂ ਜ਼ਰੂਰ ਹੈ, ਇਸੇ ਲਈ ਸਿਆਣਪਾਂ ਦੇ ਰਹੀ ਸੀ।

ਇਕ ਦਿਨ ਚਾਚੀ ਮਿਲਣ ਆਈ ਤਾਂ ਕਹਿਣ ਲੱਗੀ।

"ਇਸ ਵਾਰ ਤਾਂ ਲੰਬੀ ਛੁੱਟੀ ਦੇ ਹੀ ਦਿੱਤੀ ਤੇਰੇ ਪੀਏ ਨੇ।" ਮੈਂ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਤੂੰ ਸਾਰਾ ਦਿਨ ਅੰਦਰ ਪਈ ਰਹਿਨੀ ਐਂ ਨਾ ਨਹਾਉਣਾ ਧੋਣਾ, ਨਾ ਬਿੰਦੀ ਲਿਪਸਟਿਕ। ਬਣ ਠਣ ਕੇ ਰਿਹਾ ਕਰ ਕੁੜੇ ਵਿਆਹੀ ਵਰੀ ਹੈਂ ਤੂੰ, ਹੋਰ ਮਹੀਨੇ ਡੰਗ ਨੂੰ ਗੋਦੀ ਜੁਆਕ ਹੋਊ ਤੇਰੇ।"

ਫਿਰ ਜੁਆਕ! ਹੁਣ ਚਾਚੀ ਜੁਆਕ ਦਾ ਪਿੱਛਾ ਕਰਕੇ ਮੇਰੇ ਦਿਨ ਗਿਣੇਗੀ, ਪੁੱਛੇਗੀ, ਬੋਲਦੇ ਹੁੰਨੇ ਐਂ ਕਿ ਨਹੀਂ...ਰਿਸ਼ਤੇ 'ਚੋਂ ਲੱਗਦੀ ਚਾਚੀ ਮੇਰੇ ਤੋਂ ਬਾਹਲੀ ਵੱਡੀ ਨਹੀਂ ਸੀ, ਇਸ ਲਈ ਹਮ ਉਮਰ ਵਾਲੇ ਮਜ਼ਾਕ ਕਰ ਲੈਂਦੀ ਸੀ।

"ਬੇਰੀ ਵਾਲਿਆਂ ਦੀ ਕੁੜੀ ਯਾਦ ਕਰਦੀ ਸੀ ਤੈਨੂੰ...ਆਜੀਂ ਮਿਲਣ।" ਚਾਚੀ ਨੇ ਸੁਨੇਹਾ ਦਿੱਤਾ।

"ਆਪੇ ਆ ਜੂ ਮਿਲਣ, ਮੇਰਾ ਨ੍ਹੀਂ ਜੀ ਕਰਦਾ ਕਿਸੇ ਦੇ ਘਰ ਜਾਣ ਨੂੰ।" ਗਲੀ ਵਿਚ ਇਸ ਲਈ ਨਹੀਂ ਜਾਂਦੀ ਸੀ ਕਿ ਉਹ ਕਈ ਤਰ੍ਹਾਂ ਦੇ ਸਵਾਲ ਪੁੱਛਣਗੇ। ਮੈਂ ਕੀ ਜਵਾਬ ਦੇਵਾਂਗੀ। ਪੰਦਰਾਂ ਦਿਨ ਹੋ ਗਏ ਪੇਕੇ ਆਈ ਨੂੰ। ਕਿੰਨਾ ਔਖਾ ਸੀ ਵਿਆਹ ਬਾਅਦ ਪੇਕੇ ਰਹਿਣਾ। ਹਰ ਰੋਜ ਸਵਾਲ, "ਫੋਨ ਨ੍ਹੀਂ ਆਇਆ ਲਾਡੀ ਦਾ ਪੰਦਰਾ ਦਿਨ ਹੋ ਗਏ।" ਬੀਬੀ ਆਖਣ ਲੱਗੀ।

"ਬਿਜ਼ੀ ਹੋਣਗੇ।"

"ਤੂੰ ਕਰ ਲੈਂਦੀ।"

"ਕੀਤਾ ਸੀ...ਠੀਕ ਠਾਕ ਐ।" ਮੈਂ ਝੂਠ ਬੋਲ ਦਿੱਤਾ। ਸ਼ਾਮ ਨੂੰ ਭਰਾ ਦਫਤਰੋਂ ਆਇਆ ਤਾਂ ਚਿਹਰੇ 'ਤੇ ਉਦਾਸੀ ਸੀ। ਮੈਂ ਅੰਦਰ ਲੇਟੀ ਹੋਈ ਸੀ। ਬੀਬੀ ਨੂੰ ਆਖ ਰਿਹਾ ਸੀ ਕੁਝ, ਭਾਬੀ ਵੀ ਕੋਲ ਖੜੀ ਸੀ। ਹੌਲੀ ਹੌਲੀ ਉਦਾਸੀ ਭਰੀ ਆਵਾਜ਼ ਮੇਰੇ ਤੱਕ ਪੁੱਜ ਰਹੀ ਸੀ। ਮੈਂ ਕਿਹਾ, "ਕਦੋਂ ਲੈਣ ਆਉਣਾ ਤੁਸੀਂ ਤਾਂ ਕਹਿੰਦਾ...ਆਪਣੀ ਕੁੜੀ ਨੂੰ ਹੀ ਪੁੱਛੋ...ਆਉਣਾ ਵੀ ਹੈ ਜਾਂ ਨਹੀਂ।"

ਕਾਫੀ ਦੇਰ ਘੁਸਰ ਮੁਸਰ ਚਲਦੀ ਰਹੀ ਸੀ। ਫਿਰ ਤਿੰਨੇ ਮੇਰੇ ਸਿਰਹਾਣੇ ਆ ਖੜੇ।

"ਤੂੰ ਦਸਦੀ ਕਿਉਂ ਨੀਂ...ਕੀ ਗੱਲ ਐ।" ਭਰਾ ਪੁੱਛਣ ਲੱਗਾ। ਮੈਂ ਨੀਵੀਂ ਪਾਈ ਬੈਠੀ ਰਹੀ ਮੈਨੂੰ ਮਾਪਿਆਂ ਦੇ ਸਵਾਲ ਪਰਾਇਆਂ ਵਾਂਗ ਜਾਪ ਰਹੇ ਸਨ। ਬੀਬੀ ਉਪਰ ਆ ਗਈ ਤੇ ਦਰਵਾਜ਼ਾ ਖੜ੍ਹਕਾਉਣ ਲੱਗੀ। ਮੈਂ ਦਰਵਾਜਾ ਖੋਲ੍ਹ ਦਿੱਤਾ...ਬੈੱਡ 'ਤੇ ਮੂਧੇ ਮੂੰਹ ਪਈ ਰੋਂਦੀ ਰਹੀ, ਨਾਲ ਖੰਘਦੀ ਰਹੀ...ਬੀਬੀ ਮੈਨੂੰ ਗੋਦੀ 'ਚ ਲੈ ਕੇ ਬੈਠ ਗਈ।

"ਪੁੱਤ...ਔਖੀ ਨਾ ਹੋ...ਦੁੱਖ ਦਸਦਿਐਂ ਘਟ ਜਾਂਦੈ...ਅਸੀਂ ਕੋਈ ਪਰਾਏ ਆਂ।" ਭਾਬੀ ਵੀ ਸਿਰ ਪਲੋਸਣ ਲੱਗੀ ਸੀ। ਰੋਂਦੀ ਰੋਂਦੀ ਨੂੰ ਸਾਹ ਔਖਾ ਆਉਣ ਲੱਗਾ। ਭਰਾ ਪਾਣੀ ਗਰਮ ਕਰ ਲਿਆਇਆ ਤੇ ਖੰਘ ਦੀ ਦਵਾਈ ਵੀ।

"ਬੀਬੀ ਮੈਂ ਨ੍ਹੀਂ ਜਾਣਾ ਉੱਥੇ...।" ਮੈਥੋਂ ਰੋਂਦੀ ਰੋਂਦੀ ਤੋਂ ਕਿਹਾ ਗਿਆ। ਖੰਘ ਫਿਰ ਛਿੜ ਪਈ।

"ਕੀ ਗੱਲ ਪੁੱਤ...ਦਵਾਈ ਨਹੀਂ ਲਿੱਤੀ ਤੂੰ?"

"ਦਵਾਈ ਮੁੱਕ ਗਈ ਸੀ ਬੀਬੀ ਉਥੇ ਹੀ...ਫਿਰ ਅਟੈਕ ਹੋ ਗਿਆ ਸੀ।...ਦਵਾਈ ਲੈ ਕੇ ਹੀ ਨਹੀਂ ਦਿੱਤੀ ਉਨ੍ਹਾਂ।" ਮੈਂ ਰੋਣ ਲੱਗੀ।

"ਅੱਛਾ...।" ਬੀਬੀ ਦੀ ਆਵਾਜ਼ ਭਾਰੀ ਹੋ ਗਈ ਸੀ।

"ਇਥੇ ਆ ਕੇ ਤਾਂ ਬੈਟਨੀਸੋਲ ਲੈ ਲਈ ਸੀ ਤਾਂ ਫਰਕ ਪੈ ਗਿਆ, ਉਥੇ ਤਾਂ ਦਵਾਈ ਵੀ ਨਹੀਂ ਲੈ ਸਕਦੀ। ਉਨ੍ਹਾਂ ਸਾਹਮਣੇ-ਉਤੋਂ ਮੇਰੀ ਸੱਸ ਕਹਿੰਦੀ ਐ, ਛੇਤੀ ਕੋਈ ਖੁਸ਼ੀ ਦੀ ਖਬਰ ਦੇ, ਸਾਡਾ ਇਕੋ ਇਕ ਮੁੰਡਾ ਐ, ਮੇਰਾ ਕੀ ਕਸੂਰ ਐ ਇਸ ਵਿਚ।"

ਬੀਬੀ ਕਹਿਣ ਲੱਗੀ, "ਲੈ ਆਪਾਂ ਸਾਰੇ ਤਾਂ ਟੈਸਟ ਕਰਾਏ ਸੀ ਲੁਧਿਆਣਿਓ, ਕਹਿੰਦੇ ਤਾਂ ਸੀ ਨਾਰਮਲ ਐ, ਉਂਜ ਵੀ 10 ਤਾਂ ਮਹੀਨੇ ਹੋਏ ਐ ਅਜੇ ਵਿਆਹ ਨੂੰ।"

"ਬੀਬੀ ਮੈਂ ਨ੍ਹੀਂ ਜਾਣਾ ਉਥੇ ਰੋਜ਼ ਰੋਜ਼ ਮਰਨ ਨਾਲੋਂ ਤਾਂ ਇਕ ਦਿਨ ਮਰਨਾ ਚੰਗੈ, ਮੇਰੇ ਜ਼ਹਿਰ ਦਾ ਟੀਕਾ ਲਵਾ ਦੇ, ਏਹੋ ਜੀ ਜ਼ਿੰਦਗੀ 'ਤੋਂ।"

"ਐਂ ਨ੍ਹੀਂ ਬੋਲੀਦਾ...ਦੀਪੂ ਸਿਆਣੀ ਬਣ।"

"ਉਦੋਂ ਤਾਂ ਤੁਹਾਨੂੰ ਬੜੀ ਕਾਹਲੀ ਸੀ ਮੇਰੇ ਵਿਆਹ ਦੀ, ਆਪਣੇ ਗਲੋਂ ਲਾਹ ਦਿੱਤਾ ਤੁਸੀਂ ਇਸ ਰੋਗਣ ਨੂੰ ਤੇ ਉਨ੍ਹਾਂ ਨੂੰ ਦੱਸਿਆ ਵੀ ਨਹੀਂ ਕਿ ਮੈਂ ਦਵਾਈ ਖਾਂਦੀ ਆਂ, ਅਟੈਕ ਹੋਣ ਤਾਂ ਮੇਰੇ ਹੱਥ ਪੈਰ ਜੁੜ ਜਾਂਦੇ ਐ, ਘਰ ਓਹੜ ਪੋਹੜ ਕਰੀ ਜਾਣਗੇ, ਜਾਂ ਗਾਲਾਂ ਕੱਢੂ ਕਿੱਥੇ ਬਿਮਾਰ ਮੜ੍ਹ 'ਤੀ ਸਾਡੇ ਗਲੇ।"

"ਕੋਈ ਨੀ ਧੀਏ...ਸਭ ਠੀਕ ਹੋ ਜੂ ਟੈਮ ਨਾਲ, ਇਹ ਸਮਾਂ ਈਂ ਹੁੰਦੈ ਕੋਈ ਮਾੜਾ, ਸੁਖ ਨਾਲ ਚੰਗਾ ਮੁੰਡਾ ਮਿਲਿਆ ਦਿੱਲੀ ਦੱਖਣ ਤਾਂ ਭਾਲ ਥੱਕੇ ਸੀ। ਫਿਰ ਦੁਬਾਰਾ ਕੌਣ ਵਿਆਹੂ, ਇਸ ਬਿਮਾਰੀ ਨਾਲ, ਚੁੱਪ ਕਰਕੇ ਦਿਨ ਕੱਢੀਦੇ ਐ।"

ਬੀਬੀ ਦੀਆਂ ਗੱਲਾਂ ਤੋਂ ਇੰਝ ਲੱਗਦਾ ਸੀ, ਜਿਵੇਂ ਮੈਂ ਰੋਗਣ ਇਨ੍ਹਾਂ ਸਾਰਿਆਂ 'ਤੇ ਬੋਝ ਹਾਂ। ਬੀਬੀ ਪੁਚਕਾਰ ਕੇ ਥੱਲੇ ਚਲੇ ਗਈ, ਮੈਂ ਸ਼ਾਮ ਤੱਕ ਰੋਂਦੀ ਰਹੀ। ਅਗਲੇ ਦਿਨ ਬੈਗ 'ਚ ਕੱਪੜੇ ਪਾ ਕੇ ਬੀਬੀ ਨੂੰ ਕਿਹਾ, "ਬੀਬੀ ਮੈਂ ਵੱਡੀ ਦੀਦੀ ਨੂੰ ਮਿਲਣ ਰਾਮਪੁਰੇ ਜਾਨੀ ਐਂ।"

ਦੀਦੀ ਸੁੱਘੜ ਸਿਆਣੀ ਸੀ, ਉਹ ਮੇਰਾ ਹੀ ਨਹੀਂ ਸਾਰੇ ਪਰਿਵਾਰ ਦਾ ਦੁੱਖ ਦਰਦ ਸਮਝਦੀ ਸੀ। ਮੈਂ ਉਹਦੇ ਗੱਲ ਲੱਗ ਆਪਣਾ ਸਾਰਾ ਦੁੱਖ ਦਰਦ ਦੱਸ ਦਿੱਤਾ।

"ਦੀਦੀ ਇਕ ਤਾਂ ਦਮੇ ਦਾ ਅਟੈਕ, ਦੂਜਾ ਸਾਰਾ ਦਿਨ ਘਰ ਦਾ ਕੰਮ ਫੇਰ ਜਣੇ ਖਣੇ ਦੀਆਂ ਗੱਲਾਂ ਸਾਰੇ ਮੇਰੇ ਢਿੱਡ ਵਲ ਦੇਖਦੇ ਐ ਬਈ ਕਦੋਂ...ਨੁਕਸ ਉਹਦੇ 'ਚ ਐ ਦੋਸ਼ ਮੇਰੇ 'ਤੇ ਲਾਈ ਜਾਣਗੇ।

"ਅੱਛਾ...।" ਦੀਦੀ ਨੇ ਸਾਰੀ ਗੱਲ ਬੁੱਝ ਲਈ ਸੀ। ਦੀਦੀ ਮੇਰੇ ਤੋਂ ਇਹ ਗੱਲਾਂ ਸਹਿਣ ਨਹੀਂ ਹੁੰਦੀਆਂ, ਮੇਰੀ ਤਾਂ ਬੱਸ ਐ।"

"ਤੂੰ ਉਥੇ ਜਾਣਾ ਚਾਹੁੰਦੀ ਐਂ।"

"ਨਹੀਂ ਬਿਲਕੁਲ ਨਹੀਂ ਘੁੱਟ ਘੁੱਟ ਕੇ ਮਰਨ ਨਹੀਂ ਹੁੰਦਾ। ਜੇਕਰ ਜ਼ਬਰਦਸਤੀ ਮੈਨੂੰ ਉਥੇ ਭੇਜਿਆ ਵੀ ਤਾਂ ਮੇਰੀ ਉਥੋਂ ਲਾਸ਼ ਹੀ ਆਊਗੀ।" ਮੇਰੀਆਂ ਚੀਕਾਂ ਨਿਕਲ ਗਈਆਂ।

"ਕੋਈ ਨਹੀਂ ਚੁੱਪ ਕਰ ਤੂੰ, ਮੈਂ ਆਪੇ ਸਭ ਨੂੰ ਮਨਾ ਲਊਂ।" ਦੀਦੀ ਨੇ ਬੀਬੀ ਨੂੰ ਮਨਾ ਲਿਆ। ਹਫਤਾ ਉਥੇ ਰਹਿ ਕੇ ਵਾਪਸ ਆਈ ਤਾਂ ਦੀਦੀ ਵੀ ਨਾਲ ਆ ਗਈ। ਉਹਨੂੰ ਆਪਣੀ ਇਕ ਸਹੇਲੀ ਜੋ ਹੁਣ ਇਕ ਪ੍ਰਾਈਵੇਟ ਸਕੂਲ ਦੀ ਪ੍ਰਿੰਸੀਪਲ ਹੈ, ਨੂੰ ਆਖ ਮੈਨੂੰ ਸਕੂਲ 'ਚ ਨੌਕਰੀ ਲਵਾ ਦਿੱਤਾ। ਬੱਚਿਆਂ ਨੂੰ ਪੜ੍ਹਾਉਂਦੇ ਹੋਏ ਤਾਂ ਮੈਂ ਵੀ ਰਮ ਗਈ। ਮੈਨੂੰ ਨਰਸਰੀ ਦੀ ਕਲਾਸ ਦੇ ਦਿੱਤੀ ਨਾਲ ਸਟੇਸ਼ਨਰੀ ਦਾ ਚਾਰਜ ਸੰਭਾਲ ਦਿੱਤਾ। ਘਰ ਆ ਕੇ ਟਿਊਸ਼ਨਾ ਪੜ੍ਹਾਉਣ ਲੱਗੀ। ਇੰਝ ਸਮਾਂ ਬੀਤਣ ਲੱਗਾ। ਸਹੁਰਿਆਂ ਤੋਂ ਸੁਨੇਹਾ ਆਇਆ ਬਈ ਗੱਲ ਇਕ ਪਾਸੇ ਕਰੋ। ਮੈਂ ਤਾਂ ਤਿਆਰ ਹੀ ਸੀ। ਉਨ੍ਹਾਂ ਸਮਾਨ ਦੀ ਬਜਾਏ ਥੋੜ੍ਹੇ ਬਹੁਤੇ ਪੈਸੇ ਦੇਣੇ ਮੰਨ ਲਏ। ਮੈਂ ਵੀ ਛੁਟਕਾਰਾ ਹੀ ਚਾਹੁੰਦੀ ਸੀ। ਕਿੰਝ ਬੀਤੇ ਇਹ ਅੱਠ ਸਾਲ ਪਤਾ ਹੀ ਨਹੀਂ ਲੱਗਾ। ਸਕੂਲ ਪੜ੍ਹਾਉਂਦੇ ਹੀ ਮੈਂ ਬੀ.ਏ. ਕਰ ਲਈ ਪ੍ਰਾਈਵੇਟ ਤੇ ਇਕ ਦਿਨ ਪ੍ਰਤਾਪ ਲਾਇਬ੍ਰੇਰੀ 'ਚ ਆ ਬੈਠਾ ਤੇ ਫਿਰ ਪਤਾ ਨਹੀਂ ਦਿਲ ਦੇ ਕਿਵਾੜ ਖੋਲ ਕੇ ਉਥੋਂ ਦਾ ਹੀ ਹੋ ਗਿਆ। ਦੇਖਣ ਪਾਖਣ ਨੂੰ ਉਹ ਬਿਲਕੁਲ ਸਾਦਾ ਸੀ, ਸਾਦੇ ਕੱਪੜੇ, ਵਧੀ ਹੋਈ ਦਾੜ੍ਹੀ ਪੂਰਾ ਫਿਲਾਸਫਰ ਲੱਗਦਾ, ਪਰ ਉਹਦੀਆਂ ਅੱਖਾਂ ਹਮੇਸ਼ਾ ਖੁੱਲ੍ਹੀਆਂ ਹੁੰਦੀਆਂ, ਉਹਨੂੰ ਮੈਂ ਕਦੇ ਪਲਕ ਝਪਕਦਿਆਂ ਨਹੀਂ ਦੇਖਿਆ ਸੀ। ਉਹਦੀਆਂ ਨਿੱਕੀਆਂ-ਨਿੱਕੀਆਂ ਭੂਰੀਆਂ ਅੱਖਾਂ 'ਚ ਅੰਤਾਂ ਦਾ ਮੋਹ ਸੀ। ਪ੍ਰਿੰਸੀਪਲ ਤੇ ਵਿਦਿਆਰਥੀ ਉਸ 'ਤੇ ਜਾਨ ਛਿੜਕਦੇ, ਪਰ ਫੈਸ਼ਨੇਬਲ ਟੀਚਰਾਂ ਉਸ ਦਾ ਪਿਠ ਪਿੱਛੇ ਮਜ਼ਾਕ ਉਡਾਉਂਦੀਆਂ, ਉਹਦੀ ਦਾੜ੍ਹੀ, ਸਾਦਗੀ ਉਹਨਾਂ ਨੂੰ ਚੁਭਦੀ, ਮੇਰੇ ਨਾਲ ਲਾਇਬ੍ਰੇਰੀ 'ਚ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਤਾਂ ਮੈਨੂੰ ਘਰ ਸਮਾਜ, ਰਾਸ਼ਟਰ ਦੀਆਂ ਕਿੰਨੀਆਂ ਹੀ ਡੂੰਘੀਆਂ ਰਮਜ਼ਾਂ ਦਾ ਅਹਿਸਾਸ ਹੋਣ ਲੱਗਾ। ਇਕ ਵਾਰ ਮੈਨੂੰ ਕਲਾਸ 'ਚ ਅਟੈਕ ਹੋ ਗਿਆ। ਬਹੁਤ ਬੁਰੀ ਹਾਲਤ ਸੀ, ਪ੍ਰਤਾਪ ਉਥੋਂ ਲੰਘ ਰਿਹਾ ਸੀ। ਉਹਨੇ ਮੈਨੂੰ ਸੰਭਾਲਿਆ ਤੇ ਸਟਾਫ਼ ਰੂਮ ਲੈ ਗਿਆ। ਚਾਹ ਮੰਗਵਾਈ ਤੇ ਦਵਾਈ ਬਾਰੇ ਪੁੱਛਿਆ। ਪਰਸ 'ਚੋਂ ਕੱਢ ਕੇ ਦਵਾਈ ਲੈਣ ਲੱਗੀ ਤਾਂ ਬੈਟਨੀਸੋਲ ਦੀ ਗੋਲੀ ਦੇਖ ਪੁੱਛਣ ਲੱਗਾ, ਪਰ ਮੇਰੀ ਹਾਲਤ ਦੇਖ ਚੁੱਪ ਕਰ ਗਿਆ, ਇਕ ਹੋਰ ਟੀਚਰ ਆ ਗਈ ਤੇ ਫਿਰ ਮੈਨੂੰ ਸਕੂਟਰ 'ਤੇ ਘਰੇ ਛੱਡ ਗਿਆ। ਦੂਜੇ ਦਿਨ ਵੀ ਪਤਾ ਲੈਣ ਆਇਆ। ਹਫਤੇ ਬਾਅਦ ਠੀਕ ਹੋ ਗਈ ਤਾਂ ਸਕੂਲ ਜਾਣ ਲੱਗੀ। ਪ੍ਰਤਾਪ ਨੇ ਪੁੱਛਿਆ, "ਤੁਸੀਂ ਬੈਟਨੀਸੋਲ ਕਦੋਂ ਦੇ ਲੈਂਦੇ ਓ?"

"ਮੈਨੂੰ ਤਾਂ ਪਤਾ ਨ੍ਹੀਂ...ਕਈ ਵਾਰ ਦੇਸੀ ਦਵਾਈਆਂ ਵੀ ਲੈ ਦੇਖੀਆਂ, ਪਰ ਫਰਕ ਤਾਂ ਪੈਂਦਾ ਨਹੀਂ, ਹੁਣ ਤਾਂ ਇਹ ਸਿਵਿਆਂ ਤੱਕ ਨਾਲ ਹੀ ਜਾਊ।" ਮੈਂ ਕਹਿਣ ਲੱਗੀ।

"ਨਿਰਾਸ਼ ਕਿਉਂ ਹੁੰਦੇ ਓ, ਮੇਰਾ ਇਹ ਮਤਲਬ ਨਹੀਂ ਸੀ...ਆਈ ਐਮ ਸੌਰੀ।" ਉਹਨੇ ਹੌਲੀ ਜਿਹੇ ਮੇਰਾ ਹੱਥ ਛੂਹਿਆ।

"ਇਫ ਯੂ ਡੌਂਟ ਮਾਈਂਡ...ਮੈਡਮ, ਇਹ ਕਿਵੇਂ ਹੋਇਆ? ਬਚਪਨ ਤੋਂ ਹੀ ਜਾਂ...?"

"ਇਟਸ ਓ ਕੇ...।" ਮੈਂ ਕਿਹਾ, "ਪੱਕਾ ਤਾਂ ਯਾਦ ਨਹੀਂ ਪਰ ਨੌਵੀਂ 'ਚ ਪੜ੍ਹਦੀ ਸੀ ਸ਼ਾਇਦ। ਮੈਨੂੰ ਖੰਘ ਸੀ...ਤੇ ਬੁਖਾਰ ਵੀ...ਠੰਡ ਲੱਗ ਗਈ ਸੀ। ਬੀਬੀ ਨੇ ਕਿਸੇ ਦੇ ਕਹਿਣ 'ਤੇ ਘਿਓ ਕਲਕਾ ਦੇ ਕੇ ਦਿੱਤਾ...ਮੈਂ ਉਪਰੋਂ ਠੰਡਾ ਪਾਣੀ ਪੀ ਲਿਆ, ਉਹ ਜਿਵੇਂ ਕਿਤੇ ਜੰਮ ਹੀ ਗਿਆ, ਸਾਹ ਔਖਾ ਆਉਣ ਲੱਗਾ, ਬੀਬੀ ਨੇ ਪਤਾ ਨਹੀਂ ਕਿੰਨੇ ਜ਼ਫਰ ਜਾਲੇ, ਕੋਈ ਕਹਿੰਦੇ ਕਨੇਡੂ ਨਿਕਲੇ ਐ ਕੋਈ ਕਹਿੰਦਾ ਵੱਖੀਆਂ ਉੱਠ ਆਈਆਂ, ਸਾਡੇ ਘਰਾਂ ਕੋਲ ਘੁਮਿਆਰਾਂ ਦਾ ਘਰ ਸੀ, ਉਥੇ ਓਮੀ ਘੁਮਿਆਰ ਦਵਾਈ ਬੂਟੀ ਕਰਦਾ ਸੀ। ਮਾਂ ਉਹਦੇ ਤੋਂ ਹਥੌਲਾ ਪਵਾ ਦਿੰਦੀ, ਉਹ ਮੇਰੀਆਂ ਪੁੜਪੁੜੀਆਂ ਮਲਦਾ ਮਿੱਟੀ ਦੀਆਂ ਡਿਕਰੀਆਂ ਮੱਥੇ ਨਾਲ ਲਾ ਕੇ ਕੋਈ ਮੰਤਰ ਪੜ੍ਹ ਦਿੰਦਾ, ਪਰ ਉਸ ਟੂਣੇ ਜਿਹੇ ਦਾ ਅਸਰ ਥੋੜ੍ਹਾ ਚਿਰ ਹੀ ਰਹਿੰਦਾ, ਕਦੇ ਕਿਸੇ ਦੇ ਕਹਿਣ 'ਤੇ ਬੀਬੀ ਕਾਹੜਾ ਬਣਾ ਦਿੰਦੀ, ਕਾਲੀ ਮਿਰਚ, ਮਘ੍ਹਾਂ ਕੁੱਟ ਕੇ ਸ਼ਹਿਦ 'ਚ ਰਲਾ ਦਿੰਦੀ। ਕੀ ਕੀ ਕਰਦੀ ਰਹੀ ਮੇਰੀ ਮਾਂ। ਘਰ ਕੋਲ ਇਕ ਆਰ.ਐਮ.ਪੀ. ਸੀ ਬਿੱਲਾ। ਉਹਦੇ ਤੋਂ ਇਕ ਵਾਰ ਟੀਕਾ ਲਵਾਇਆ ਤਾਂ ਨਾਲ ਦੀ ਨਾਲ ਫਰਕ ਪੈ ਗਿਆ, ਫਿਰ ਤਾਂ ਅਟੈਕ ਹੋਣਾ ਤਾਂ ਉਸ ਤੋਂ ਟੀਕਾ ਲਵਾ ਲੈਣਾ, ਉਹਨੇ ਹੀ ਬੈਟਨੀਸੋਲ ਲਿਖ ਕੇ ਦਿੱਤੀ, ਖਾਂਦੀ ਰਹਿੰਦੀ ਹਾਂ ਤਾਂ ਠੀਕ ਰਹਿੰਦੀ ਹਾਂ ਛੱਡ ਦੇਵਾਂ ਤਾਂ ਅਟੈਕ ਹੋ ਜਾਂਦੈ। ਦਵਾਈ ਕੀ ਐ...ਇਹ ਤਾਂ ਨਸ਼ਾ ਹੈ...ਜਿਵੇਂ ਅਫੀਮ ਹੋਵੇ, ਮੈਂ ਤਾਂ ਅਮਲੀ ਹੋ ਗਈ ਹਾਂ, ਕੋਈ ਜੀਣ ਦਾ ਹੱਜ ਤਾਂ ਨਹੀਂ...।" ਪ੍ਰਤਾਪ ਚੁੱਪ-ਚਾਪ ਸੁਣਦਾ ਰਿਹਾ।

ਕੁਝ ਚਿਰ ਬਾਅਦ ਸਾਡੇ ਘਰ ਆਇਆ, ਉਹਨੇ ਬੀਬੀ ਨਾਲ ਵੀ ਗੱਲ ਕੀਤੀ ਤੇ ਉਹ ਚਾਹੁੰਦਾ ਸੀ, ਮੈਂ ਡਾਕਟਰ ਗੁਪਤਾ ਨੂੰ ਦਿਖਾਵਾਂ।

ਉਸਨੇ ਕਿਹਾ ਐਸ ਦਮੇ ਦੇ ਬਥੇਰੇ ਇਲਾਜ ਹਨ, ਪਰ ਵੱਡੀ ਗੱਲ ਹੈ, ਸਾਨੂੰ ਮਾਨਸਿਕ ਤੌਰ 'ਤੇ ਤਕੜਾ ਹੋਣਾ ਪਵੇਗਾ। ਦਵਾਈ ਦੇ ਨਾਲ ਨਾਲ ਜ਼ਰੂਰੀ ਹੈ ਜ਼ਿੰਦਗੀ 'ਚ ਆਸ ਬਣਾਈ ਰੱਖੀਏ। ਮੈਂ ਡਰਦੀ ਸੀ, ਜੇਕਰ ਬੈਟਨੀਸੋਲ ਛੱਡ ਦਿੱਤੀ ਤਾਂ ਫਿਰ ਅਟੈਕ ਹੋ ਜਾਏਗਾ...ਮੈਨੂੰ ਵੱਡੇ ਡਾਕਟਰਾਂ ਤੋਂ ਉਂਝ ਵੀ ਭੈ ਆਉਂਦਾ। ਮੈਨੂੰ ਲੱਗਦਾ ਉਥੇ ਬਹੁਤ ਪੈਸੇ ਖਰਚ ਹੋਣਗੇ, ਪਰ ਉਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਮੈਂ ਨਹੀਂ ਚਾਹੁੰਦੀ ਸੀ ਕਿ ਮੇਰੀ ਬਿਮਾਰੀ ਦਾ ਕਿਸੇ ਨੂੰ ਪਤਾ ਲੱਗੇ, ਭਾਵੇਂ ਥੋੜ੍ਹੀ ਜਿਹੀ ਹੀ ਸੀ, ਪਰ ਇਕ ਆਸ ਸੀ ਕਿ ਕਿਤੇ ਨਾ ਕਿਤੇ ਦੁਬਾਰਾ ਸ਼ਾਦੀ ਦਾ ਬੰਨ ਸੁਬ ਹੋ ਜਾਏਗਾ, ਇਸ ਲਈ ਬੀਬੀ ਤੇ ਬਾਊ ਜੀ ਵੀ ਬਿਮਾਰੀ ਦੀ ਭਾਫ ਨਾ ਕੱਢਦੇ, ਪਰ ਪ੍ਰਤਾਪ ਦੀਆਂ ਗੱਲਾਂ ਨੇ ਮੇਰੇ 'ਚ ਆਸ ਪੈਦਾ ਕੀਤੀ ਸੀ।

ਇਕ ਦਿਨ ਮੈਂ ਬੀਬੀ ਨਾਲ ਡਾ. ਗੁਪਤਾ ਕੋਲ ਚਲੀ ਹੀ ਗਈ। ਉਹਨੇ ਚੈੱਕ ਕੀਤਾ, ਕਈ ਸਵਾਲ ਪੁੱਛੇ, ਮੈਂ ਕਿਹਾ, "ਮੈਨੂੰ ਠੰਡ ਵਿਚ ਖਾਂਸੀ ਜਿਹੀ ਹੋ ਜਾਂਦੀ ਹੈ, ਅਲਰਜੀ ਜਿਹੀ ਹੈ, "ਮੈਂ ਤਾਂ ਡਾਕਟਰ ਕੋਲ ਵੀ ਬਿਮਾਰੀ ਛੁਪਾਉਣੀ ਚਾਹੁੰਦੀ ਸੀ। ਉਹ ਬੜੀ ਦੂਰ ਦੀ ਸੋਚਦਾ ਸੀ। ਕਹਿਣ ਲੱਗਾ ਇਹ ਗੱਲ ਤਾਂ ਦਿਮਾਗ 'ਚ ਬਿਠਾ ਲਵੋ ਕਿ ਇਹ ਅਸਥਮਾ ਹੈ। ਇਸ ਦਾ ਇਲਾਜ ਹੋ ਸਕਦੈ, ਪਰ ਬੈਟਨੀਸੋਲ ਨਹੀਂ ਇਹ ਤਾਂ ਤੁਹਾਨੂੰ ਖੋਰ ਦੇਊ, ਮੈਂ ਦਵਾਈ ਲਿਖ ਦਿਨਾਂ ਰੈਗੂਲਰ ਖਾਣੀ ਪਊ, ਇਹ ਇਨਹੇਲਰ ਹਨ, ਉਹਨੇ ਇਨਹੇਲਰ ਲੈਣ ਦਾ ਤਰੀਕਾ ਵੀ ਦੱਸਿਆ।

"ਹਾਂ, ਬਿਮਾਰੀ ਛੁਪਾਉਣ ਦੀ ਲੋੜ ਨਹੀਂ, ਪੂਰੀ ਜਿੰਦਾ ਦਿਲੀ ਨਾਲ ਮੁਕਾਬਲਾ ਕਰੋ ਠੀਕ ਹੋ ਜਾਓਗੇ।" ਮੈਨੂੰ ਇਨਹੇਲਰ ਲੈਣਾ ਨਾ ਆਵੇ, ਸੋਚਿਆ ਜੇ ਨਾਲ ਚੱਕੀ ਫਿਰਾਂਗੀ ਤਾਂ ਜਣੇ ਖਣੇ ਨੂੰ ਪਤਾ ਲੱਗੇਗਾ, ਪਰ ਪ੍ਰਤਾਪ ਨੇ ਇਹਦਾ ਹੱਲ ਵੀ ਕੱਢ ਦਿੱਤਾ। ਇਕ ਦਿਨ ਹੱਸ ਕੇ ਕਹਿਣ ਲੱਗਾ, "ਬਈ ਮੈਨੂੰ ਤਾਂ ਪਤਾ ਲੱਗ ਗਿਆ ਤੈਨੂੰ ਅਸਥਮਾ ਹੈ, ਜੇ ਤੂੰ ਛਿਪਾਏਂਗੀ ਤਾਂ ਮੈਂ ਸਾਰੀ ਦੁਨੀਆ ਨੂੰ ਦਸ ਦੇਊਂ ਕਿ ਤੈਨੂੰ ਅਸਥਮਾ ਐ...ਫੇਰ ਕੀ ਕਰੇਂਗੀ?" ਫਿਰ ਬੜੀਆਂ ਭਾਵਪੂਰਤ ਨਜ਼ਰਾਂ ਨਾਲ ਕਹਿਣ ਲੱਗਾ, "ਹੋ ਸਕਦੈ ਤੂੰ ਜਿਹਦੇ ਤੋਂ ਆਪਣੀ ਬਿਮਾਰੀ ਛੁਪਾਉਣੀ ਚਾਹੁੰਦੀ ਹੋਵੇਂ, ਉਹ ਇਥੇ ਕਿਤੇ ਹੀ ਹੋਵੇ ਤੇਰੇ ਆਸ ਪਾਸ।"

ਉਹ ਕਹਿ ਕੇ ਚਲਾ ਗਿਆ ਤੇ ਮੈਂ ਸੋਚਦੀ ਰਹਿ ਗਈ। ਇਹ ਪ੍ਰਤਾਪ ਨੇ ਕੀ ਕਹਿ ਦਿੱਤਾ। ਪ੍ਰਤਾਪ ਐਮ.ਐਸ.ਸੀ. ਕੈਮਿਸਟਰੀ ਦਾ ਮੰਨਿਆ ਪ੍ਰਮੰਨਿਆ ਲੈਕਚਰਾਰ, ਪਰ ਮੇਰੇ ਬਾਰੇ ਸੋਚ...ਫਿਰ ਮੈਂ ਸਿਰ ਛੰਡਿਆ, ਸ਼ਾਇਦ ਮਜ਼ਾਕ ਕਰ ਰਿਹਾ ਹੋਵੇ, ਸ਼ਾਇਦ ਕੁਝ ਹੋਰ ਕਿਹਾ ਹੋਵੇ ਉਸਨੇ, ਸ਼ਾਇਦ ਮੇਰਾ ਭੁਲੇਖਾ ਹੀ ਹੋਵੇ, ਉਹਦੇ ਸ਼ਬਦਾਂ 'ਤੇ ਮੁੜ ਗੌਰ ਕੀਤਾ ਮੈਂ, "ਹੋ ਸਕਦੈ ਤੂੰ...।" ਇਹ ਸ਼ਬਦ ਤੂੰ ਤੇ ਫਿਰ ਰੁਕ ਗਈ ਮੈਂ। ਉਹਨੇ ਪਹਿਲੀ ਵਾਰ ਮੈਨੂੰ ਤੂੰ ਕਹਿ ਕੇ ਬੁਲਾਇਆ ਸੀ, ਮੈਨੂੰ ਹੁਣ ਅਹਿਸਾਸ ਹੋਇਆ, ਪਰ ਯਕੀਨ ਨਾ ਆਵੇ, ਮੈਨੂੰ ਆਪਣਾ ਆਪ ਓਪਰਾ ਜਿਹਾ ਲੱਗਾ...ਕੀ ਹੈ ਸਭ? ਕੀ ਵਾਕਿਆ ਹੀ? ਮੈਂ ਕਲਾਸ 'ਚ ਗਈ ਪੜ੍ਹਾਉਣ ਲੱਗੀ, ਲਾਇਬ੍ਰੇਰੀ ਸਟਾਫ ਰੂਮ ਕੰਟੀਨ...ਉਹ ਕਿਥੇ ਸੀ...ਮੇਰੀਆਂ ਨਜ਼ਰਾਂ ਉਹਨੂੰ ਲੱਭ ਰਹੀਆਂ ਸਨ। ਛੁੱਟੀ ਵੇਲੇ ਵੀ ਉਹ ਮੈਨੂੰ ਨਜ਼ਰ ਨਾ ਆਇਆ। ਏਧਰ ਓਧਰ ਦੇਖਦੀ ਰਹੀ...ਪਰ ਉਹ ਕਿਤੇ ਨਹੀਂ ਸੀ। ਘਰ ਆਈ ਤਾਂ ਵੀ ਮੈਨੂੰ ਅਜੀਬ ਮਹਿਸੂਸ ਹੁੰਦਾ ਰਿਹਾ...।

ਅਗਲੇ ਦਿਨ ਮੈਨੂੰ ਸਕੂਲ ਜਾਣ ਦੀ ਬੜੀ ਕਾਹਲ ਸੀ। ਮੈਨੂੰ ਅੱਜ ਤੱਕ ਯਾਦ ਹੈ, ਪ੍ਰਤਾਪ ਨੇ ਉਸ ਦਿਨ ਲਾਲ ਸਵੈਟਰ ਪਾਇਆ ਸੀ। ਮੁਸਕਰਾ ਕੇ ਮਿਲਿਆ ਤਾਂ ਮੈਂ ਪੁੱਛਿਆ, "ਕੱਲ੍ਹ ਤੁਸੀਂ ਕਿਥੇ ਚਲੇ ਗਏ ਸੀ।" ਉਹਨੇ ਫੇਰ ਜਿਵੇਂ ਹਮਲਾ ਹੀ ਕਰ ਦਿੱਤਾ ਹੋਵੇ।

"ਕਿਸੇ ਦੇ ਦਿਲ ਵਿਚ।" ਮੈਂ ਮੁਸਕਰਾ ਪਈ।

ਉਸ ਦਿਨ ਤੋਂ ਇਹ ਮੁਸਕਰਾਹਟ ਮੇਰੇ ਨਾਲ ਹੈ, ਚੁਪ ਚੁਪੀਤੇ ਹੀ ਮੇਰੇ ਜੀਵਨ ਦੀ ਪਤਝੜ 'ਚ ਬਹਾਰ ਆ ਗਈ ਸੀ, ਉਸਨੇ ਇਨੀ ਸਮਝਦਾਰੀ ਤੇ ਸੂਝ-ਬੂਝ ਨਾਲ ਮੇਰੇ ਸਾਹਵੇਂ ਆਸ ਦੇ ਬੂਟੇ ਬੀਜੇ ਸਨ ਕਿ ਕੋਈ ਦਰ ਦੀਵਾਰ ਮੈਨੂੰ ਨਜ਼ਰ ਨਹੀਂ ਆਉਂਦੀ ਸੀ। ਬੀਬੀ ਤੇ ਬਾਊ ਜੀ ਤੇ ਵੀਰ ਥੋੜ੍ਹੇ ਦੁਖੀ ਸਨ ਕਿ ਅੰਤਰਜਾਤੀ ਰਿਸ਼ਤਾ ਕਿਵੇਂ ਸਿਰੇ ਚੜ੍ਹੇਗਾ। ਮੈਂ ਬਾਣੀਆਂ ਦੀ ਕੁੜੀ ਅਤੇ ਉਹ ਅਰੋੜਿਆਂ ਦਾ ਮੁੰਡਾ। ਵੀਰ ਤਾਂ ਜ਼ਿਆਦਾ ਹੀ ਪ੍ਰੇਸ਼ਾਨ ਸੀ, ਬਾਊ ਜੀ ਵੱਖ, ਪਰ ਮੇਰੀ ਵੱਡੀ ਭੈਣ ਨੇ ਇਸ ਦੇ ਬਾਰੇ ਚੰਗੀ ਰਿਪੋਰਟ ਦਿੱਤੀ ਸੀ, ਉਸ ਨਾਲ ਪ੍ਰਤਾਪ ਦੀਆਂ ਬਹੁਤ ਸਪੱਸ਼ਟ ਗੱਲਾਂ ਹੋਈਆਂ ਸਨ।

"ਅਸਥਮਾ ਤਾਂ ਲੋਕਾਂ ਦੀ ਥਿੰਕਿੰਗ ਵਿਚ ਹੈ...ਸਰੀਰਕ ਅਸਥਮੇ ਦਾ ਇਲਾਜ਼ ਹੈ, ਪਰ ਦਿਮਾਗੀ ਅਸਥਮੇ ਨਾਲ ਸਾਰਾ ਦੇਸ਼ ਸਾਰੀ ਦੁਨੀਆ ਸੁੰਨ ਹੋਈ ਪਈ ਹੈ।"

"ਪ੍ਰਤਾਪ ਨਾਲ ਮੇਰੀ ਜ਼ਿੰਦਗੀ ਦੀ ਤਾਰ ਕੀ ਜੁੜੀ, ਮੇਰੇ ਲਈ ਸਭ ਕੁਝ ਹੀ ਬਦਲ ਗਿਆ ਸੀ। ਐਮ.ਏ., ਬੀ.ਐੱਡ ਤੇ ਫਿਰ ਇਸ ਸਕੂਲ ਦੀ ਪ੍ਰਿੰਸੀਪਲ...ਦੈਂਤ ਵਾਂਗ ਮੈਨੂੰ ਹੜੱਪ ਕਰ ਰਹੀ ਬਿਮਾਰੀ ਦੀ ਹੋਂਦ ਹੀ ਮਿਟ ਗਈ ਸੀ। ਮੇਰੇ ਵਜੂਦ ਵਿਚੋਂ, ਅਜੇ ਵੀ ਕਦੇ ਕਦੇ ਤਕਲੀਫ ਹੋ ਜਾਂਦੀ ਸੀ। ਮੌਸਮ ਬਦਲਣ 'ਤੇ, ਇਨਹੇਲਰ ਚੱਲਦੇ ਸਨ, ਕਦੇ ਕਦੇ ਹੁਣ ਵੀ ਅਟੈਕ ਹੋ ਜਾਂਦੈ। ਫਿਰ ਵੀ ਹੁਣ ਬਿਮਾਰੀ ਦੇ ਭੰਬੂਤਾਰੇ ਨਹੀਂ ਦਿੱਸਦੇ, ਹੁਣ ਮੇਰੇ ਸਾਹਮਣੇ ਸਕੂਲ ਇਹਦੀ ਪ੍ਰਗਤੀ ਦਿੱਸਦੀ ਹੈ, ਕਦੇ ਕਦੇ ਬੈਡਮਿੰਟਨ ਵੀ ਖੇਡ ਲੈਂਦੀ ਹਾਂ, ਮੇਰੇ ਲੇਖ ਅਖਬਾਰਾਂ ਵਿਚ ਛਪਦੇ ਹਨ, ਲਗਦੈ ਜ਼ਿੰਦਗੀ ਹੁਸੀਨ ਹੋ ਗਈ ਹੈ, ਭਾਵਨਾ ਮੈਨੂੰ ਪਿਆਰ, ਬੁਲੰਦ ਸੋਚ ਤੇ ਆਸ਼ਾਵਾਦ ਨੇ ਬਿਮਾਰੀ ਦੇ ਜਿੱਲ੍ਹਣ 'ਚੋਂ ਕੱਢ ਦਿੱਤਾ। ਥੋੜ੍ਹਾ ਬਹੁਤਾ ਚਿੜਚਿੜਾਪਣ ਅਜੇ ਹੈ ਬਾਕੀ, ਜਿਸ ਕਾਰਨ ਮੈਂ ਤੇਰੇ ਨਾਲ ਬੁਰੀ ਤਰ੍ਹਾਂ ਪੇਸ਼ ਆਈ ਸਾਂ, "ਆਈ ਐਮ ਰੀਅਲੀ ਸੌਰੀ...।" ਉਸ ਨੇ ਭਾਵਨਾ ਦਾ ਹੱਥ ਦਬਾਉਂਦੇ ਹੋਏ ਕਿਹਾ।

"ਮੈਡਮ...ਮੇਰੇ ਲਈ ਇਹ ਸਭ ਅਚੰਭੇ ਵਾਂਗ ਹੈ... ਤੁਸੀਂ ਇਨ੍ਹੀ ਪੀੜਾ ਜਨਕ ਜ਼ਿੰਦਗੀ 'ਚੋਂ ਗੁਜ਼ਰੇ ਤੇ ਫਿਰ ਵੀ ਹਾਰ ਨਹੀਂ ਮੰਨੀ। ਪਰ ਸ਼ਾਇਦ ਇਹ ਤੁਹਾਡੇ ਪਤੀ ਦੇ ਪਿਆਰ ਕਾਰਨ ਹੀ ਸੀ ਕਿ।"

"ਹਾਂ ਭਾਵਨਾ।" ਉਹਨੇ ਉਹਨੂੰ ਟੋਕਦੇ ਹੋਏ ਕਿਹਾ, "ਪਰ...ਇਸ ਤੋਂ ਵੱਡੀ ਗੱਲ ਇਹ ਹੈ ਕਿ ਉਹਨੇ ਮੇਰੇ ਦਿਮਾਗ ਦੇ ਬੰਦ ਕਿਵਾੜ ਖੋਲ੍ਹ ਦਿੱਤੇ...ਜਦ ਤੁਸੀਂ ਇਕ ਹੀ ਚੀਜ਼ ਬਾਰੇ ਇਕ ਹੀ ਗੱਲ 'ਤੇ ਅਟਕ ਜਾਂਦੇ ਹੋ ਤਾਂ ਚਿੜਚਿੜੇ ਹੋ ਜਾਂਦੇ ਹੋ ਤੁਹਾਨੂੰ ਫਿਰ ਮੰਜਿਲ ਨਹੀਂ ਲੱਭਦੀ, ਮੇਰਾ ਖਿਆਲ ਹੈ ਕਿ ਪ੍ਰਤਾਪ ਦੇ ਹੁਲਾਰੇ ਨਾਲ ਬਿਮਾਰੀ ਦੀ ਬਜਾਏ ਜ਼ਿੰਦਗੀ ਬਾਰੇ, ਆਲੇ-ਦੁਆਲੇ ਬਾਰੇ ਸੋਚਣ ਲੱਗੀ ਤੇ ਰਾਹ ਆਪਣੇ ਆਪ ਮੇਰੇ ਲਈ ਖੁੱਲ੍ਹਦੇ ਗਏ ਤੇ ਨਿਰਾਸ਼ਾ ਦੀ ਥਾਂ ਆਸ਼ਾਵਾਂ ਨੇ ਜੀਣਾ ਸੁਖਾਲਾ ਕਰ ਦਿੱਤਾ...।"

ਭਾਵਨਾ ਗੰਭੀਰ ਹੋ ਗਈ। ਉਹ ਕਦੇ ਮੈਡਮ ਦੇ ਚਿਹਰੇ ਵਲ ਵੇਖਦੀ ਸੀ, ਕਦੇ ਆਪਣੇ ਹੱਥਾਂ ਵਲ। ਕੁਝ ਦੇਰ ਚੁੱਪ ਛਾਈ ਰਹੀ। ਫਿਹ ਉਹ ਜਾਣ ਲਈ ਉਠ ਪਈ। ਦਰਵਾਜ਼ੇ ਤੱਕ ਉਹਦੇ ਨਾਲ ਗਈ ਅਤੇ ਹਲਕੀ ਜਿਹੀ ਗਲਵਕੜੀ ਪਾਈ। ਉਸਦੀਆਂ ਅੱਖਾਂ ਨਮ ਸਨ।

ਅਗਲੇ ਦਿਨ ਉਹ ਸਕੂਲ ਆਈ ਤਾਂ ਭਾਵਨਾ ਉੱਡ ਕੇ ਮਿਲੀ। ਜਿਵੇਂ ਉਨ੍ਹਾਂ ਦਰਮਿਆਨ ਕੋਈ ਡੂੰਘੀ ਸਾਂਝ ਪੈਦਾ ਹੋ ਗਈ ਹੋਵੇ। ਘੁਟੀ-ਘੁਟੀ ਰਹਿਣ ਵਾਲੀ ਭਾਵਨਾ ਦੇ ਚਿਹਰੇ 'ਤੇ ਸਹਿਜ ਮੁਸਕਾਨ ਸੀ। ਉਸਦੀ ਤੋਰ ਵਿਚ ਵੀ ਲੋਹੜੇ ਦਾ ਆਤਮ ਵਿਸ਼ਵਾਸ। ਜਦ ਉਹਨਾਂ ਦੀਆਂ ਨਜ਼ਰਾਂ ਆਪਸ ਵਿਚ ਮਿਲੀਆਂ ਤਾਂ ਉਸਦੀ ਮੁਸਕਾਨ ਧੁਰ ਅੰਦਰ ਲਹਿ ਗਈ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ – 1

ਸੜਕ ਦੇ ਦੂਸਰੇ ਪਾਸੇ ਪਲ ਪਲ ਮਗਰੋਂ ਘਟਦੇ ਜਾਂਦੇ ਸੂਰਜ ਦੀ ਪੀਲੀ ਜਿਹੀ ਧੁੱਪ ਵਿਚ ਇਕ ਯੂ.ਪੀ. ਦਾ ਭਈਆ ਮੂੰਗਫਲੀ ਦੀ ਰੇਹੜੀ ਲਾਈ ਖੜਾ ਸੀ। ਛਿੰਦੇ ਦੇ ਆੜੀ ਨੇ ਦੋਵਾਂ ਪਾਸਿਆਂ ਤੋਂ ਪੈਂਦੀ ਟਰੈਫਿਕ ਵਲ ਧਿਆਨ ਨਾਲ ਵੇਖਿਆ ਤੇ ਸੱਪ ਵਾਂਗ ਵਿਚ ਦੀ ਲੰਘ ਗਿਆ। ਮੂੰਗਫਲੀ ਦਾ ਲਫਾਫਾ ਲੈ ਕੇ ਉਸੇ ਤਰ੍ਹਾਂ ਮੁੜ ਆਇਆ। ਹਰਪਾਲ ਤੇ ਬਰਾੜ ਪਹਿਲਾਂ ਹੈਰਾਨ ਹੋਏ ਵੇਖੀ ਗਏ, ਮੁੜ ਕੇ ਹੱਸ ਪਏ। ਮੂੰਗਫਲੀ ਚੱਬਦੇ ਉਹ ਸ਼ਹਿਰ ਵਲ ਝਾਕੀ ਜਾਂਦੇ ਸਨ। ਹਰਪਾਲ ਵੀ ਇਸ ਵਾਰ ਆਪਣੀਆਂ ਨਿੱਕੀਆਂ ਬਰੀਕ ਮੁਲਾਇਮ ਮੁੱਛਾਂ ਨੂੰ ਉਂਗਲਾਂ ਦੀ ਦਾਬ ਨਾਲ ਪਲੋਸਦਾ, ਕਿਸੇ ਲਹਿਰ ਵਿਚ ਖਲੋਤਾ, ਅੰਦਰ ਉਠਦੀਆਂ ਮੁਸ ਮੁਸੀਆਂ ਵਿਚ ਉਲਝਿਆ ਪਿਆ ਸੀ। ਜਦੋਂ ਛਿੰਦਾ ਮੁੜਿਆ, ਸੂਰਜ ਦੀ ਧੁੱਪ ਮਾੜੀ-ਮੋਟੀ ਸਹਿਕ ਰਹੀ ਸੀ। ਉਹਨੇ ਸਕੂਟਰ ਉਨ੍ਹਾਂ ਕੋਲ ਖੜਾ ਕਰ ਦਿੱਤਾ। ਕੁਲਵੰਤ ਨੇੜੇ ਹੋਇਆ, "ਕੀ ਕਰਕੇ ਆਇਐਂ?"

ਛਿੰਦੇ ਨੇ ਸਕੂਟਰ ਉੱਤੇ ਬੈਠਿਆਂ ਹੀ ਥੱਲੇ ਦੋਵੇਂ ਪੈਰ ਲਾ ਕੇ, ਲਿਫਾਫੇ ਵਿਚੋਂ ਮੂੰਗਫਲੀ ਚੁੱਕ ਕੇ ਤੋੜਦਿਆਂ ਆਖਿਆ, "ਗਈ ਹੋਈ ਐ! ਬੱਸ ਮੁੜਨ ਵਾਲੀ ਈ ਐ।"

ਮੂੰਗਫਲੀ ਖਾ ਕੇ ਉਨ੍ਹਾਂ ਖਾਲੀ ਲਫਾਫਾ ਸੜਕ 'ਤੇ ਸੁੱਟ ਦਿਤਾ। ਛਿੰਦੇ ਨੇ ਆਪਣਾ ਬਟੂਆ ਖੋਹਲ ਕੇ ਵਿਚੋਂ ਵੀਹਾਂ ਦਾ ਨੋਟ ਕੱਢ ਕੇ ਅਧੀਆ ਮੰਗਵਾਉਣ ਲਈ ਆਪਣੇ ਆੜੀ ਨੂੰ ਭੇਜ ਦਿੱਤਾ। ਉਹ ਬੱਗੂ ਦੀ ਦੁਕਾਨ 'ਤੇ ਬਹਿ ਕੇ ਪੀਣ ਲੱਗ ਪਏ। "ਛਿੰਦਿਆ, ਤੂੰ ਮੋਟਾ ਸਾਰਾ ਇਕ ਪੈੱਗ ਹੋਰ ਲਾ ਤੇ ਉਹਦੇ ਸਰ੍ਹਾਣੇ ਹੀ ਜਾ ਖੜ, ਸਿਰ ਖੜੇ ਦਾ ਖਾਲਸਾ ਹੁੰਦੈ! ਕੋਈ ਹੋਰ ਨਾ ਲੈ ਕੇ ਉਡੰਤਰ ਹੋਵੇ।"

ਛਿੰਦੇ ਨੇ ਉਨ੍ਹਾਂ ਵਲ ਸੰਘਣੀ-ਗੱਚ ਮੁਸਕਾਣ ਨਾਲ ਵੇਖਿਆ, ਚੁੱਪ-ਚਾਪ ਇਕ ਹੋਰ ਤਕੜਾ ਸਾਰਾ ਪੈਗ ਪਾਇਆ ਤੇ ਬਿਨਾ ਕੁਝ ਬੋਲੇ ਇਕੋ ਸਾਹੇ ਪੀ ਕੇ ਬਾਹਰ ਨਿਕਲ ਗਿਆ। ਅਧੀਆ ਮੁੱਕਣ ਮਗਰੋਂ ਹਰਪਾਲ ਆਪਣੇ ਆਪ ਵਿਚ ਗੁੰਮ-ਸੁੰਮ ਹੋਇਆ ਬੈਠਾ ਸੀ। ਕੁਲਵੰਤ ਦੀ ਸਲਾਹ 'ਤੇ ਉਹ ਬਾਹਰ ਸੜਕ 'ਤੇ ਆ ਕੇ ਖਲੋ ਗਏ, ਸ਼ਹਿਰ ਦੁਧੀਆ-ਬੱਤੀਆਂ ਨਾਲ ਲਟ ਲਟ ਕਰ ਰਿਹਾ ਸੀ। ਹਰਪਾਲ ਦੇ ਚਿੱਤ ਵਿਚ ਹਨੇਰਾ ਪੈ ਗਿਆ। ਵੇਖ ਕੇ ਤੌਖਲਾ ਉਠਿਆ, ਪਰ ਜਗਮਗਾਹਟ ਵਿਚੋਂ ਉਹਨੂੰ ਸਰੂਰ ਆਉਣ ਲੱਗ ਪਿਆ। ਕੁਲਵੰਤ ਹੋਰੀਂ ਪੈਂਟਾਂ 'ਚ ਹੱਥ ਦੇਈ ਟਰੈਫਿਕ ਨੂੰ ਅੱਖਾਂ ਟਿਕਾਈ ਵੇਖ ਰਹੇ ਸਨ। ਉਦੋਂ ਹੀ ਉਨ੍ਹਾਂ ਕੋਲ ਇਕ ਘਸਮੈਲੇ ਜਿਹੇ ਰੰਗ ਦੀ ਅੰਬੈਸਡਰ ਆ ਖਲੋਤੀ। ਛਿੰਦਾ ਡਰਾਈਵਰ ਦੇ ਉਪਰ ਦੀ ਸਿਰ ਕੱਢ ਕੇ ਬਾਂਹ ਹਿਲਾ ਰਿਹਾ ਸੀ ਤੇ ਤਿੰਨੇ ਗੱਡੀ ਵਲ ਲਪਕੇ। ਹਰਪਾਲ ਮੂਹਰੇ ਛਿੰਦੇ ਨਾਲ ਜਾ ਬੈਠਾ, ਗੱਡੀ ਵਿਚ ਸੁੰਨ-ਸਰਾਂਅ ਪਸਰੀ ਵੇਖ ਕੇ ਹਰਪਾਲ ਨੇ ਧੌਣ ਪਿੱਛੇ ਮੋੜੀ, ਬਾਹਰੋਂ ਪੈਂਦੇ ਚਾਨਣ ਵਿਚ ਉਸਨੂੰ ਮਗਰ ਤਿੰਨ ਜਣੇ ਬੈਠੇ ਦਿਸੇ। ਤਾਕੀ ਦੇ ਨਾਲ ਜਨਾਨੀ ਸੁੰਗੜੀ ਜਿਹੀ ਬੈਠੀ ਸੀ। ਗੱਡੀ ਤੁਰਨ ਤੇ ਕੁਲਵੰਤ ਨੇ ਮਗਰ ਮੁੜ ਕੇ ਛਿੰਦੇ ਨੂੰ ਪੁੱਛਿਆ, "ਮਾਲ ਮੱਤਾ?"

"ਬਾਹਰੋਂ ਲੈ ਲਵਾਂਗੇ!"

ਹਰਪਾਲ ਦੇ ਕੰਨਾਂ ਨੇ ਇਹ ਗੱਲ ਸੁਣੀ, ਉਸ ਦੇ ਚਿੱਤ ਵਿਚ ਖੁਤ-ਖੁਤੀ ਜਿਹੀ ਉਠੀ। ਉਹ ਅੰਦਰੇ ਅੰਦਰ ਹੱਸ ਪਿਆ। ਕਾਰ ਪੂਰੀ ਸਪੀਡ ਨਾਲ ਸੜਕ 'ਤੇ ਨੱਠੀ ਜਾਂਦੀ ਸੀ। ਕਾਰ ਝਬਦੇ ਹੀ ਖੇਤਾਂ ਵਿਚ ਇਕ ਟਿਊਬਵੈੱਲ 'ਤੇ ਆ ਕੇ ਖੜ੍ਹੋ ਗਈ। ਇਹ ਟਿਊਬਵੈੱਲ ਵੱਡੀ ਸੜਕ ਤੋਂ ਫਰਲਾਂਗ ਕੁ ਹੱਟਵਾਂ ਬਣਿਆ ਹੋਇਆ ਸੀ, ਪਾਲ ਨੇ ਲੜਖੜਾਉਂਦਿਆਂ ਹਨੇਰੇ ਵਿਚ ਵੇਖਿਆ, ਦੋ ਤਿੰਨ ਕਮਰੇ ਬਣੇ ਹੋਏ ਸਨ। ਸੜਕ ਨਾਲ ਮਿਲਾਉਂਦੀ ਪਹੀ ਉਤੇ ਦੋਵੇਂ ਪਾਸੀਂ ਉਚੇ ਲੰਮੇ ਸਫੈਦੇ ਸਾਂ ਸਾਂ ਕਰ ਰਹੇ ਸਨ, ਰਾਤ ਠਰੀ ਹੋਈ ਸੀ, ਪਰ ਤਾਰੇ ਅਸਮਾਨ ਹੇਠਾਂ ਝਰਨ ਝਰਨ ਕਰ ਰਹੇ ਸਨ। ਹਨੇਰੇ ਵਿਚ ਹੀ ਕੁੰਡਾ ਖੜਕਦਾ ਸੁਣਿਆ, ਅੰਦਰੋਂ ਮਾੜੀ ਜਿਹੀ ਲੋਅ ਹੋਈ, ਜਿਵੇਂ ਕਿਸੇ ਮੋਮਬੱਤੀ ਜਗਾਈ ਹੋਵੇ ਤੇ ਉਹ ਆਪ ਕਾਰ ਦੀ ਮਗਰਲੀ ਸੀਟ 'ਤੇ ਬੈਠੇ ਹੌਲੀ ਹੌਲੀ ਕਾਨਾ ਫੂਸੀ ਕਰਦੇ ਪੀਣ ਲੱਗ ਪਏ। ਹਨੇਰਾ ਸਾਏ ਵਾਂਗ ਕੰਬ ਰਿਹਾ ਸੀ। ਹਨੇਰੇ ਦੇ ਢੇਰ ਵਿਚ ਦਿਸਦੀ ਚਾਨਣ ਦੀ ਲੀਕ ਚੌੜੀ ਹੁੰਦੀ, ਕੋਈ ਸਾਇਆ ਬਾਹਰ ਨਿਕਲਦਾ, ਫੇਰ ਹੌਲੀ ਜਿਹੀ ਕਾਰ ਕੋਲ ਆ ਕੇ ਫੁਸ ਫੁਸਾਹਟ ਹੁੰਦੀ, ਕਾਰ ਦੀ ਤਾਕੀ ਹੌਲੀ ਕੁ ਦੇ ਕੇ ਖੁਲ੍ਹਣ ਤੇ ਬੰਦ ਹੋਣ ਦੀ ਆਵਾਜ਼ ਦਿੰਦੀ। ਇਹ ਸਿਲਸਿਲਾ ਵਾਹਵਾ ਚਿਰ ਚਲਦਾ ਰਿਹਾ। ਮੁੜ ਕੇ ਆਇਆ, ਬੰਦਾ ਸ਼ਰਾਬ ਨੂੰ ਨੱਠ ਕੇ ਪੈਂਦਾ, ਜਿਵੇਂ ਹਾਬੜ ਗਿਆ ਹੋਵੇ। ਹਰਪਾਲ ਮੁੜ ਕੇ ਆਏ ਬੰਦੇ ਵਲ ਹਨੇਰੇ ਵਿਚ ਅੱਖਾਂ ਚੌੜੀਆਂ ਕਰਕੇ ਵੇਖਦਾ, ਆਉਣ ਵਾਲਾ ਬਨਾਵਟੀ ਜਿਹਾ 'ਸੀ ਸੀ' ਕਰਦਾ ਅਤੇ ਸੀਟੀਆਂ ਵਰਗੀ ਆਵਾਜ਼ ਵਿਚ ਗੱਲਾਂ ਕਰਨ ਲੱਗ ਜਾਂਦਾ। ਪਾਲ ਦੁਬਕਿਆ ਬੈਠਾ ਸੀ। ਪੈੱਗ ਉਹ ਅੰਨ੍ਹੇਵਾਹ ਬਿਨਾ ਸੋਚੇ-ਸਮਝੇ ਪੀਵੀ ਜਾਂਦਾ ਸੀ। ਜਦੋਂ ਬਰਾੜ ਮੁੜ ਕੇ ਆਇਆ, ਉਸ ਹਰਪਾਲ ਨੂੰ ਕੂਹਣੀ ਦੀ ਹੁੱਜ ਮਾਰੀ, ਪਾਲ ਸਮਝ ਗਿਆ। ਉਹ ਹੌਲੀ ਦੇ ਕੇ ਸੀਟ ਤੋਂ ਉੱਠਿਆ, ਕਾਰ ਦੀ ਪੁਰਾਣੀ ਗੱਦੀ 'ਚਰੜ ਚਰੜ' ਕਰਕੇ ਬੋਲ ਪਈ। ਹਰਪਾਲ ਨੂੰ ਮਹਿਸੂਸ ਹੋਇਆ ਜਿਵੇਂ ਉਸਦੇ ਪੈਰ ਮਣ ਮਣ ਭਾਰੇ ਹੋ ਗਏ ਹੋਣ। ਨਸ਼ੇ ਦੀ ਧਕੇਲ ਸਦਕਾ ਉਹ ਧੁੱਸ ਦਿੰਦਾ, ਚਾਨਣ ਦੀ ਲੀਕ ਕੋਲ ਪਹੁੰਚ ਗਿਆ। ਤਖ਼ਤ ਧੱਕ ਕੇ ਜਦੋਂ ਉਹ ਅੰਦਰ ਹੋਇਆ, ਤਾਂ ਮੰਜੇ ਉੱਤੇ ਪਰਾਂਹ ਨੂੰ ਮੂੰਹ ਕਰੀ ਬੈਠੀ ਜਨਾਨੀ ਵਲ ਵੇਖ ਕੇ ਪਤਾ ਨਹੀਂ ਕਿਉਂ, ਪਾਲ ਦਾ ਨਸ਼ਾ ਗੋਤੇ ਖਾਣ ਲੱਗ ਪਿਆ। ਮੋਮਬੱਤੀ ਦੇ ਪੀਲੇ ਚਾਨਣ ਵਿਚ ਪਾਲ ਨੂੰ ਚਾਲੀ ਤੋਂ ਟੱਪੀ ਹੋਈ ਜਨਾਨੀ ਦਾ ਚਿਹਰਾ ਝੁਲਸਿਆ ਹੋਇਆ ਜਾਪਿਆ। ਉਹ ਵਾਹਵਾ ਚਿਰ ਉਹਦੇ ਵਲ ਉਲਰਿਆ ਤੇ ਝੂਟੇ ਖਾਂਦਾ ਵੇਖਦਾ ਰਿਹਾ। ਜਨਾਨੀ ਪਹਿਲਾਂ ਵਾਂਗ ਹੀ ਮੰਜੇ ਉਤੇ ਮੂੰਹ ਦਾ ਅੱਧਾ ਹਿੱਸਾ ਸਿਰ ਉਤਲੇ ਮੈਲੇ ਪੁਰਾਣੇ ਸ਼ਾਲ ਨਾਲ ਢੱਕੀ, ਲੱਤਾਂ ਥੱਲੇ ਲਾਈ ਬੈਠੀ ਰਹੀ। ਪਾਲ ਵਲ ਝਾਕ ਕੇ ਜਨਾਨੀ ਹੌਲੀ ਜਿਹੀ ਬੋਲੀ, "ਆ ਬਹਿ ਜਾਹ!"

ਪਾਲ ਹੈਰਾਨ ਹੋਇਆ, ਬੋਲ ਜਿਵੇਂ ਉਸਦਾ ਜਾਣਿਆ ਪਛਾਣਿਆ ਹੋਵੇ। ਨਸ਼ਾ ਕਿਸੇ ਹੋਰ ਵਹਾਣ ਵਗ ਤੁਰਿਆ। ਕਮਰੇ ਵਿਚ ਵੜ੍ਹਦੇ ਸਾਰ, ਜਿਸ ਲਹਿਰ ਨਾਲ ਉਹ ਉਡ ਰਿਹਾ ਸੀ, ਉਹੀ ਲਹਿਰ ਉਸ ਨੂੰ ਜਵਾਰ ਭਾਟੇ ਵਾਂਗ ਕਿਧਰੇ ਹੋਰ ਧੂਹੀ ਜਾ ਰਹੀ ਸੀ। ਔਰਤ ਦੇ ਝੁਕੇ ਸਿਰ ਵਲ ਵੇਖਦਿਆਂ ਉਸਦਾ ਅੰਦਰ ਦ੍ਰਵ ਗਿਆ ਤੇ ਉਹ ਹੋਰ ਦੀਆਂ ਹੋਰ ਘਾਟੀਆਂ ਵਿਚ ਪੈ ਕੇ ਕਿਤੇ ਦੀ ਕਿਤੇ ਨਿਕਲ ਗਿਆ, ਉਸ ਹੌਲੀ ਕੁ ਦੇ ਕੇ ਭਿੱਜੇ ਜਿਹੇ ਬੋਲ ਨਾਲ ਪੁੱਛਿਆ, "ਤੂੰ ਆਪਣੀ ਮਰਜ਼ੀ ਨਾਲ ਆਈ ਐਂ?" ਜਨਾਨੀ ਕੁਝ ਨਾ ਬੋਲੀ। ਉਸੇ ਤਰ੍ਹਾਂ ਨੀਵੀਂ ਪਾਈ ਬੈਠੀ ਰਹੀ। ਸਮਾਂ ਕਿੰਨਾ ਸਾਰਾ ਬੀਤ ਗਿਆ ਸੀ। ਬੂਹਾ ਖੜਕਿਆ ਉਸ ਸਿਰ ਚੁੱਕ ਕੇ ਬਾਹਰ ਵਲ ਦੇਖਿਆ, ਕੁਝ ਨਾ ਦਿਸਿਆ। ਹੁਣ ਪਾਲ ਦਾ ਮਨ ਹੋਰ ਦੀਆਂ ਹੋਰ ਗੱਲਾਂ ਸੋਚ ਰਿਹਾ ਸੀ। ਜਦੋਂ ਉਹ ਬਾਹਰ ਨਿਕਲਿਆ। ਹਨੇਰੇ ਵਿਚ ਠੰਢੀ ਹਵਾ ਲਗਣ ਨਾਲ ਨਸ਼ਾ ਘਟਣ ਦੀ ਥਾਂ ਹੋਰ ਵਧਣ ਲਗ ਪਿਆ। ਕਾਰ ਕੋਲ ਕਈ ਅਕਾਰ ਖਲੋਤੇ ਵੇਖ ਕੇ ਪਾਲ ਉਨ੍ਹਾਂ ਵਲ ਅਹੁਲਿਆ, ਉਹ ਖਿਝੇ ਜਿਹੇ ਖਲੋਤੇ ਜਾਪੇ, ਉਨ੍ਹਾਂ ਦੀਆਂ ਗੱਲਾਂ ਵਿਚ ਗੁੱਸਾ ਝਲਕਦਾ ਸੀ। ਪਾਲ ਜਦੋਂ ਨੇੜੇ ਹੋਇਆ, ਨਵਾਂ ਮੁੰਡਾ ਜਿਸਦੇ ਸਿਰ ਉਤੇ ਪਟੇ ਸਨ, ਪਾਲ ਨੂੰ ਭੱਜ ਕੇ ਪਿਆ, "ਤੂੰ ਅੰਦਰ ਕਰੇਵਾ ਕਰਕੇ ਈ ਬਹਿ ਗਿਆ?"

ਪਾਲ ਦਾ ਕਾਬੂ ਉਖੜ ਗਿਆ ਤੇ ਕਰੜੀ ਆਵਾਜ਼ ਵਿਚ ਬੋਲਿਆ, "ਤੂੰ ਸਾਲਾ ਲੱਗਦੈਂ, ਮੈਨੂੰ ਇਉਂ ਕਹਿਣ ਦਾ!"

"ਉਇ ਗਾਲ ਨਹੀਂ ਕੱਢਣੀ!" ਬਰਾੜ ਨੇ ਲਪਟ ਕੇ ਹਰਪਾਲ ਨੂੰ ਫੜ ਲਿਆ, ਬਰਾੜ ਨੂੰ ਘੁੱਟੀਆਂ ਬਾਹਾਂ ਵਿਚ ਪਾਲ ਦਾ ਸੜਦਾ ਸਰੀਰ ਮਹਿਸੂਸ ਹੋਇਆ, ਉਹ ਉਚੀ ਉਚੀ ਗਾਲ੍ਹਾਂ ਦੇਣ ਲੱਗ ਪਿਆ, "ਮੇਰਿਆ ਸਹੁਰਿਆ ਤੂੰ, ਹੈਂ ਕੌਣ ਉਇ! ਮੈਨੂੰ ਐਂ ਕਹਿਣ ਆਲਾ! ਤੇਰੀ, ਚੱਕ ਲਾਂ...ਉਇ...!"

ਉਸ ਨੂੰ ਏਨਾ ਝੱਲ ਚੜ੍ਹਿਆ, ਉਸ ਇਕ ਵਾਰ ਨਰੋਏ ਕੁਲਵੰਤ ਦੀ ਕਲੰਗੜੀ ਤੋੜ ਦਿੱਤੀ, ਪਰ ਬਰਾੜ ਨੇ ਉਹਨੂੰ ਦੋਬਾਰਾ ਜੱਫੀ 'ਚ ਲੈ ਕੇ ਉਸਦੇ ਮੂੰਹ ਉਤੇ ਹੱਥ ਰੱਖ ਦਿੱਤਾ, ਮੂੰਹ ਘੁੱਟਿਆ ਹੋਣ ਕਾਰਨ ਉਸਦੇ ਅੰਦਰੋਂ ਟੁੱਟਵੀਂ ਆਵਾਜ਼ ਨਿਕਲ ਰਹੀ ਸੀ, "...ਤੇਰੀ...ਬੈਂ...ਬੇਰਿਆ ਸਾਲਿਆ। ਮੈਂ ਤੈਨੂੰ...ਫੂੰਕ ਦੂੰ...ਉ.ਅ.ਇ! ਭੈਣ-ਦੇਣਿਆ!" ਬਰਾੜ ਉਸਨੂੰ ਉਸੇ ਤਰ੍ਹਾਂ ਮੂੰਹ-ਘੁੱਟੀ ਧੂੰਹਦਾ ਪਰਾਂਹ ਡੰਗਰਾਂ ਵਾਲੇ ਕੋਠਿਆਂ ਕੋਲ ਲੈ ਗਿਆ, ਉਹ ਹਾਲੇ ਵੀ ਉਭੇ ਉਭੇ ਸਾਹ ਲੈ ਰਿਹਾ ਸੀ। ਫਿਰ ਉਹ ਆਪ ਹੀ ਚੁੱਪ ਕਰ ਗਿਆ। ਬਰਾੜ ਉਸ ਨਾਲ ਪਸ਼ੂਆਂ ਵਾਲੇ ਅੰਦਰ ਮੰਜੇ ਉਤੇ ਬੈਠਾ ਖੁਦ ਪਛਤਾ ਰਿਹਾ ਸੀ, "ਉਨ੍ਹਾਂ ਪਾਲ ਨੂੰ ਏਨੀ ਕਿਉਂ ਪਿਆਉਣੀ ਸੀ? ਜੇ ਪਿਆ ਦਿੱਤੀ ਸੀ, ਫੇਰ ਨਾਲ ਕਿਉਂ ਲਿਆਂਦਾ? ਅਜੇ ਉਹ ਸ਼ੁਕਰ ਸ਼ੁਕਰ ਕਰਦਾ ਸੀ, ਖੇਤ ਦੂਰ ਹੋਣ ਕਾਰਨ ਕਿਸੇ ਨੂੰ ਪਤਾ ਨਹੀਂ ਲੱਗਿਆ ਸੀ।

ਵੱਡੇ ਤੜਕੇ, ਜਦੋਂ ਚਾਨਣ ਹੋਣਾ ਸ਼ੁਰੂ ਹੋਇਆ, ਪਾਲ ਦੀ ਅੱਖ ਖੁੱਲ੍ਹੀ, ਉਸ ਨੂੰ ਝਉਲਾ ਜਿਹਾ ਪਿਆ, ਜਿਵੇਂ ਉਹ ਆਪਣੇ ਘਰ ਮੰਜੇ ਉਤੇ ਪਿਆ ਸੀ। ਰਾਤ ਵਾਲੀ ਘਟਨਾ ਉਸ ਦੀਆਂ ਅੱਖਾਂ ਵਿਚ ਧੁੰਦਲੀ ਜਿਹੀ ਸਾਕਾਰ ਹੋਈ, ਉਹਨੂੰ ਇਕ ਪਲ ਆਪਣੇ ਆਪ 'ਤੇ ਗਿਲਾਨੀ ਆਈ। ਪਰ ਛੇਤੀ ਹੀ ਉਸਦਾ ਧਿਆਨ ਇਧਰੋਂ ਹੱਟ ਕੇ ਇਧਰ ਲਗ ਗਿਆ ਕਿ ਉਹ ਕਿੱਥੇ ਸੀ? ਕਮਰੇ ਵਿਚ ਅਜੇ ਹਨੇਰਾ ਸੀ। ਬਾਹਰ ਚਿੜੀਆਂ ਦੀ ਚੂਕਣ ਗੂੰਜ ਰਹੀ ਸੀ। ਉਦੋਂ ਹੀ ਉਸ ਨੂੰ ਕਿਸੇ ਗੱਡੀ ਦੀ ਗੂੰਜ ਸੁਣੀ, ਜਿਹੜੀ ਇਧਰ ਆ ਰਹੀ ਸੀ, ਗੂੰਜ ਨੇੜੇ ਆਉਂਦੀ ਗਈ ਤੇ ਉਹ ਕੰਨ ਘੁੱਟੀ ਪਿਆ ਰਿਹਾ, ਟਰੱਕ ਦੀ ਸ਼ੂਕਰ ਇਕ ਵਾਰ ਨੇੜੇ ਹੋ ਕੇ ਤਲਵੀਂ ਜਿਹੀ ਅਗਾਂਹ ਸਰਕ ਗਈ ਸੀ। ਉਸ ਦੀਆਂ ਅੱਖਾਂ ਭੜੱਕ ਦੇ ਕੇ ਜਗਣ ਲਗ ਪਈਆਂ, ਉਹ ਤਾਂ ਕਿਸੇ ਸੜਕ ਲਾਗਲੇ ਕਮਰੇ ਕੋਲ ਪਿਆ ਸੀ, ਉਸ ਉਠ ਕੇ ਬੂਹਾ ਖੋਹਲਿਆ, ਜਗ੍ਹਾ ਜਾਣੀ-ਪਛਾਣੀ ਲੱਗੀ। ਵਿਹੜੇ ਵਿਚ ਠੰਢ ਗੁਲਾਬੀ ਸੁਰ ਵਿਚ ਧੜਕ ਰਹੀ ਸੀ, ਘਸਮੈਲੇ ਜਿਹੇ ਚਾਨਣ ਵਿਚ ਕਾਰ ਦੇ ਟਾਇਰਾਂ ਦੀਆਂ ਲੀਹਾਂ ਦਿੱਸੀਆਂ। ਉਸਦੇ ਕੰਨ ਹੈਰਾਨ ਰਹਿ ਗਏ, ਉਹ ਤਾਂ ਰਾਤ ਵਾਲੀ ਹੀ ਥਾਂ ਸੀ। ਅੰਦਰ ਆ ਕੇ ਦੂਸਰੇ ਮੰਜੇ ਉਤੇ ਆਪਣੀ ਬੱਝੀ-ਬਝਾਈ ਪੱਗ ਪਈ ਵੇਖੀ, ਉਸ ਫਟਾਫਟ ਪੱਗ ਸਿਰ ਉਪਰ ਰੱਖ ਕੇ ਲੋਟ ਕੀਤੀ, ਕਪੜਿਆਂ ਵਲ ਦੇਖਿਆ। ਉਹਨੇ ਬਾਹਰ ਨਿਕਲ ਕੇ ਡਰਦਿਆਂ ਡਰਦਿਆਂ ਆਸੇ ਪਾਸੇ ਵੇਖਿਆ, ਵਿਹੜੇ ਵਿਚ ਕੋਈ ਨਹੀਂ ਸੀ। ਖੁੱਲ੍ਹੇ-ਡੁੱਲ੍ਹੇ ਪਏ ਵਿਹੜੇ ਵਿਚ ਦੀ ਵਗ ਕੇ ਉਹ ਸੜਕ ਨੂੰ ਹੋ ਲਿਆ। ਉਹਨੇ ਆਪਣੀ ਗੁੱਟ ਘੜੀ ਵੇਖਦਿਆਂ, ਕੋਠਿਆਂ ਵਲ ਦੇਖਿਆ, ਦੂਰੋਂ ਕੋਠੇ ਠਰੀ ਹੋਈ ਸਵੇਰ ਵਿਚ ਧੁੰਦਲੇ ਜਿਹੇ ਜਾਪ ਰਹੇ ਸਨ। ਹਿੱਕ ਨਾਲ ਬਾਹਾਂ ਕੱਠੀਆਂ ਕਰਕੇ ਉਹਨੇ ਠੁਰ ਠੁਰ ਕਰਦਿਆਂ ਸੁੱਤੀ ਪਈ ਸੜਕ 'ਤੇ ਟਾਇਰਾਂ ਦੀ ਗੂੰਜ ਸੁਣੀ, ਪਲ ਕੁ ਪਿੱਛੋਂ ਹਨੇਰੇ ਭਰੀ ਧੁੰਦ ਵਿਚੋਂ ਬੱਤੀਆਂ ਨਜ਼ਰ ਆ ਰਹੀਆਂ ਸਨ।

ਜਦੋਂ ਹਰਪਾਲ ਪਿੰਡ ਵਾਲੇ ਅੱਡੇ 'ਤੇ ਉਤਰਿਆ, ਸੂਰਜ ਸਲੰਘ ਭਰ ਉਚਾ ਉੱਠ ਆਇਆ ਸੀ। ਚੁਪਾਸੇ ਧੁੰਦ ਗਲੇਫੀ ਹੋਈ ਸੀ, ਜਿਹੜੀ ਹੁਣ ਸੂਰਜ ਦੀ ਨਿੱਘੀ-ਤਪਸ਼ ਨਾਲ ਖਿੰਡਣੀ ਸ਼ੁਰੂ ਹੋ ਗਈ। ਘਰ ਵੜ੍ਹਨ ਤੱਕ ਉਸ ਆਪਣੇ ਆਪ ਨੂੰ ਵਾਹਵਾ ਵਲ ਸਿਰ ਕਰ ਲਿਆ, ਧੁੱਪ ਉਦੋਂ ਤੱਕ ਚੰਗੀ ਚਮਕ ਪਈ ਸੀ। ਖਿੜਕ ਲੰਘਦਿਆਂ ਸਾਰ ਇਉਂ ਮਹਿਸੂਸ ਹੋਇਆ, ਜਿਵੇਂ ਘਰ ਵਿਚ ਸੋਗ ਪਿਆ ਹੋਇਆ ਹੋਵੇ। ਵਿਹੜਾ ਅਣਸੰਭਰਿਆ ਪਿਆ ਸੀ। ਚੌਂਕੇ ਵਿਚੋਂ ਦੋ ਤਿੰਨ ਕਾਂ ਉਸਦੀ ਬਿੜਕ ਸੁਣ ਕੇ ਰੌਲਾ ਪਾਉਂਦੇ ਉਡ ਗਏ। ਸਾਹਮਣੀ ਸਬਾਤ ਵਿਚ ਆਇਆ ਤਾਂ ਛੋਟੀ ਭਾਬੀ ਕਪੜਿਆਂ ਦੀ ਫਰੋਲਾ-ਫਰਾਲੀ ਕਰੀ ਜਾਂਦੀ ਸੀ। ਪੈੜ ਚਾਲ ਸੁਣ ਕੇ ਮਲਕੀਤੋ ਨੇ ਭਉਂਕੇ ਦੇਖਿਆ, ਉਸ ਦੀਆਂ, ਅੱਖਾਂ ਵਿਚ ਵੀ ਉਦਾਸੀ ਸੰਘਣੀ ਤੱਕ ਕੇ ਉਸਦਾ ਸ਼ੱਕ ਪੱਕਾ ਹੋ ਗਿਆ।

"ਘਰ ਦੇ ਕਿੱਥੇ ਐ?"

"ਬਾਹਰਲਿਆਂ ਦੇ ਗਏ ਐ!"

ਇਸ ਵਾਰ ਪਾਲ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਭਾਬੀ ਦਾ ਬੋਲ ਸਲ੍ਹਾਬਿਆ ਹੋਵੇ। ਉਹ ਅਜੇ ਵੀ ਕਪੜੇ ਚੁੱਕ ਚੁੱਕ ਇਧਰ ਉਧਰ ਕਰਦੀ ਰਹੀ, ਪਾਲ ਦੀ ਹੈਰਾਨੀ ਵਧ ਗਈ, ਉਧਰਲੇ ਘਰਵਾਲਿਆਂ ਨਾਲ ਕਿੰਨੇ ਸਮੇਂ ਤੋਂ ਬੋਲਚਾਲ ਬੰਦ ਸੀ।

"ਕੀ ਗੱਲ?"

"ਚਾਚੇ ਜਗਦੇਵ ਦੇ ਸੱਟਾਂ ਲੱਗੀਆਂ!"

"ਕਦੋਂ...?"

"ਕੱਲ੍ਹ ਚਿੱਠੀ ਆਈ ਐ, ਹਸਪਤਾਲ ਦਾਖਲ ਐ!"

"ਕਿਵੇਂ...?" ਪਾਲ ਨੂੰ ਹੋਰ ਗੱਲਾਂ ਇਕ ਦਮ ਭੁੱਲ ਗਈਆਂ।

"ਇਹ ਤਾਂ ਪਤਾ ਨ੍ਹੀਂ! ਦੋ ਅੱਖਰ ਈ ਲਿਖੇ ਐ, ਕਿਸੇ ਨਾਲ ਲੜਾਈ ਹੋ ਗਈ!"


ਭਾਬੀ ਦੱਸ ਰਹੀ ਸੀ, ਪਰ ਪਾਲ ਦੇ ਕੰਨਾਂ ਵਿਚ ਸਾਂ ਸਾਂ ਹੋਣ ਲੱਗ ਪਈ। ਉਨ੍ਹਾਂ ਪੈਰੀਂ ਚਾਚੇ ਜਗਦੇਵ ਦੇ ਘਰ ਨੂੰ ਵਗ ਗਿਆ। ਘਰ ਵਿਚ ਸਾਰਾ ਸਰੀਕਾ ਇਕੱਠਾ ਹੋਇਆ ਫਿਰਦਾ ਸੀ। ਸਾਰਿਆਂ ਦੇ ਚਿਹਰਿਆਂ 'ਤੇ ਉਦਾਸੀ ਦੇ ਸੰਘਣੇ ਬੱਦਲ ਛਾਏ ਹੋਏ ਸਨ। ਜਗਦੇਵ ਦੇ ਬੱਚੇ ਸਹਿਮ ਹੇਠ ਘਬਰਾਏ ਹੋਏ ਸਨ! ਪਰ ਉਨ੍ਹਾਂ ਦਾ ਏਨਾ ਖਿਆਲ ਨਹੀਂ ਸੀ, ਬਹੁਤੇ ਆਪੋ ਆਪਣੀਆਂ ਹੱਕ ਰਹੇ ਸਨ। ਪਾਲ ਦੇ ਕੰਨਾਂ ਵਿਚ ਮੇਘਰਾਜ ਦੇ ਛੋਟੇ ਭਰਾ ਦਾ ਬੋਲ ਪਿਆ; "ਐਂ ਨਾ ਕਰੋ ਬਈ, ਬੰਦੇ ਕੱਠੇ ਹੋ ਕੇ ਇੰਦੌਰ ਜਾਵੋ! ਜਾ ਕੇ ਪਤਾ ਕਰੋ ਬਈ ਵਿਚੋਂ ਘਾਣੀ ਕੀ ਐ?"

"ਵੇ ਭਾਈ ਪਰਦੇਸਾਂ ਦਾ ਮਾਮਲਾ!" ਪਾਲ ਨੇ ਕਿਸੇ ਬੁੜੀ ਦਾ ਬੋਲ ਸੁਣਿਆ, "ਖਬਰੇ ਕੀ ਆਫਤ ਆ ਪਈ! ਜਗਦੇਵ ਤਾਂ ਫੂਕ ਫੂਕ ਕੇ ਪੈਰ ਧਰਨ ਵਾਲਾ ਬੰਦਾ ਐ!"

"ਨਾ ਵੇ ਰੱਬਾ, ਉਹਨੂੰ ਤਾਂ ਕੁਸ਼ ਨਾ ਹੋਵੇ। ਸੱਚਿਆ ਪਾਸ਼ਾਅ! ਉਹਦੇ ਭੋਰਾ ਭਰ ਜੁਆਕਾਂ ਵਲ ਵੇਖੀਂ!"

"ਵੇ ਭਾਈ, ਉਹਨੂੰ ਤਾਂ ਰੱਬ ਰਾਜੀ ਬਾਜੀ ਈ ਰੱਖੇ!"

"ਐਂ ਕਿਹੜਾ ਉਹ ਉਥੇ ਕੱਲਾ ਐ। ਭਰਾ ਉਹਦਾ ਕੋਲੇ ਐ। ਭਤੀਜਾ ਐ! ਹੋਰ ਬਥੇਰੇ ਸੰਗੀ ਬੇਲੀ!" ਪਾਲ ਨੂੰ ਆਪਣੀ ਮਾਂ ਦਾ ਅਚਾਨਕ ਬੋਲ ਸੁਣਿਆ, ਉਸ ਜਨਾਨੀਆਂ ਦੇ ਜਮਘਟੇ ਵਲ ਦੇਖਿਆ, ਉਥੇ ਇਕੋ ਜਿਹੇ ਕਪੜਿਆਂ ਵਿਚ ਪੰਦਰਾਂ-ਵੀਹ ਔਰਤਾਂ ਬੈਠੀਆਂ ਗੱਲੀਂ ਜੁਟੀਆਂ ਹੋਈਆਂ ਸਨ। ਅਖੀਰ ਗਿਣ ਮਿਥ ਕੇ ਗੁਰਬਖਸ਼ ਦੇ ਨਾਲ ਜਾਣ ਲਈ ਦੋ ਤਿੰਨ ਹੋਰ ਬੰਦੇ ਸ਼ਰੀਕੇ ਵਿਚੋਂ ਤਿਆਰ ਹੋ ਪਏ, ਜਾਣ ਵਾਲੇ ਤਾਂ ਲੱਕ ਬੰਨ੍ਹ ਕੇ ਚਲੇ ਗਏ। ਪਰ ਪਿਛਲੇ ਸੋਗ ਵਿਚ ਡੁੱਬੇ ਬੈਠੇ ਸਨ। ਜਗਦੇਵ ਦੀ ਕੁੜੀ ਨੇ ਉਸ ਦਿਨ ਦਾ ਖਾਣਾ ਪੀਣਾ ਛੱਡ ਦਿੱਤਾ ਸੀ। ਸਿਆਣੀਆਂ ਬੁੜੀਆਂ ਉਹਨੂੰ ਵਾਰ ਵਾਰ ਸਮਝਾਉਂਦੀਆਂ, "ਪੁੱਤ ਜੁੱਗ-



ਜੁੱਗ ਜਿਉਂਦਾ ਰਹੇ ਥੋਡੇ ਸਿਰ 'ਤੇ ਹੱਥ ਰੱਖਣ ਵਾਲਾ ਥੋਡਾ ਪਿਉ! ਵਾਹਿਗੁਰੂ ਉਹਦਾ ਸਹਾਈ ਹੋਵੇ!" ਕਹਿਣ ਵਾਲੀ ਮਾਈ ਨੇ ਕੁੜੀ ਦੇ ਮੂੰਹ ਵਲ ਦੇਖਿਆ, ਰੰਗ ਪਹਿਲਾਂ ਨਾਲੋਂ ਕਾਲਾ ਪੈ ਗਿਆ ਸੀ। ਉਸਦੇ ਅੰਦਰ ਹਉਕਾ ਫੁੱਲਿਆ, ਇਹ ਉਹੀ ਕੁੜੀ ਸੀ, ਜਿਹੜੀ ਕਿਸੇ ਨੂੰ ਗੱਲ ਨਹੀਂ ਕਰਨ ਦਿੰਦੀ ਸੀ। ਹੁਣ ਉਹੀ ਪੱਥਰ ਦਾ ਬੁੱਤ ਬਣੀ ਬੈਠੀ ਸੀ।

ਕੁਝ ਦਿਨ ਬੀਤਣ ਮਗਰੋਂ ਇੰਦੌਰ ਤੋਂ ਚਿੱਠੀ ਆ ਗਈ ਕਿ ਜਗਦੇਵ ਠੀਕ ਠਾਕ ਐ। ਇਲਾਜ ਚੱਲ ਰਿਹਾ ਹੈ। ਸਾਰਿਆਂ ਨੇ ਸੁੱਖ ਦਾ ਸਾਹ ਭਰਿਆ। ਲਿੱਸੇ ਅਤੇ ਹਿੱਲੇ ਚਿਹਰਿਆਂ ਉਤੇ ਰੌਣਕ ਆ ਗਈ। ਹੁਣ ਹਰਜਾਪ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗ ਪਈ। ਵਿਚ ਦੀ ਪਰਲ ਪਰਲ ਅੱਖਾਂ ਵਿਚੋਂ ਪਾਣੀ ਸਿੰਮਣ ਲੱਗ ਜਾਂਦਾ। ਮਗਰੇ ਇਕ ਖ਼ਤ ਹੋਰ ਆ ਗਿਆ ਕਿ ਜਗਦੇਵ ਸਿਹਤਯਾਬ ਹੁੰਦਾ ਜਾਂਦੈ! ਗੱਲ ਹੌਲੀ ਹੌਲੀ ਦਬਦੀ ਅਸਲੋਂ ਵਿਸਰ ਗਈ। ਸਾਰੇ ਇਉਂ ਗੱਲਾਂ ਕਰਨ ਲਗ ਪਏ, "ਮਾਮੂਲੀ ਸੱਟਾਂ ਐਂ! ਇਹੋ ਜਿਹੀਆਂ ਮਾੜੀਆਂ-ਮੋਟੀਆਂ ਲੜਾਈਆਂ ਤਾਂ ਜੱਟਾਂ ਨੂੰ ਘਿਉ ਵਾਂਗੂ ਲਗਦੀਆਂ!"

ਵੀਹ-ਪੱਚੀ ਦਿਨ ਲੰਘ ਗਏ। ਪੰਜਵੇਂ-ਸੱਤਵੇਂ ਚੰਗੇ ਸੁਰ ਦੀ ਚਿੱਠੀ ਆ ਜਾਂਦੀ। ਪਿੰਡੋਂ ਗਏ ਦੋ ਤਿੰਨ ਬੰਦੇ ਮੁੜ ਆਏ; ਘਰ ਵੜ੍ਹਦਿਆਂ ਉਨ੍ਹਾਂ ਦੇ ਚਿਹਰੇ ਖਿੜੇ ਹੋਏ ਵੇਖ ਕੇ ਸਭ ਨੇ ਧਰਤੀ ਨਮਸਕਾਰੀ। ਉਨ੍ਹਾਂ ਬੁੜੀਆਂ ਕੋਲ ਅਜਿਹੀਆਂ ਗੱਲਾਂ ਕੀਤੀਆਂ ਕਿ ਕੋਈ ਖਾਸ ਗੱਲ ਨਹੀਂ, ਫਿਕਰ ਕਰਨ ਵਾਲੀ ਕੋਈ ਗੱਲ ਨਹੀਂ।

ਦਿਨ ਹੋਰ ਲੰਘ ਗਏ। ਪਰ ਇਕ ਦਿਨ ਟੈਲੀਗਰਾਮ ਨੇ ਭੜਥੂ ਪਾ ਦਿੱਤਾ। ਰੋਣਾ-ਧੋਣਾ ਸ਼ੁਰੂ ਹੋ ਗਿਆ, ਚਾਰੇ ਪਾਸੇ ਹਾਹਾਕਾਰ ਮੱਚ ਗਈ। ਬੁੜੀਆਂ ਨੇ ਵੈਣ ਪਾਉਣੇ ਸ਼ੁਰੂ ਕਰ ਦਿੱਤੇ। ਹਰਜਾਪ ਨੇ ਆਪਣੇ ਵਾਲ ਪੱਟ ਪੱਟ ਕੇ ਨਾਸ ਮਾਰ ਲਿਆ। ਉਹ ਬੁੜੀਆਂ ਦੇ ਫੜ੍ਹਨ ਦੇ ਬਾਵਜੂਦ ਕੰਧਾਂ ਵਿਚ ਟੱਕਰਾਂ ਮਾਰਦੀ। ਰੋਣ ਧੋਣ ਵਿਚੋਂ ਕਿਸੇ ਨੇ ਆਖਿਆ, "ਤਾਰ ਦਾ ਕੀ ਪਤਾ। ਦੁਸ਼ਮਣਾਂ ਨੇ ਝੂਠੀ ਪਾ-ਤੀ ਹੋਵੇ! ਬਈ ਇਨ੍ਹਾਂ ਦੇ ਹੱਥੋਂ ਭਾਂਡੇ ਛੁੱਟ ਜਾਣ।"

"ਕੋਈ ਵੱਡੀ ਗੱਲ ਨਹੀਂ!" ਦੂਜੇ ਨੇ ਹੁੰਗਾਰਾ ਭਰਿਆ, "ਚਿੱਠੀ ਪਾ ਕੇ ਪਤਾ ਕਰ ਲੋ!"

"ਚਿੱਠੀ ਤਾਂ ਅੱਪੜੂ ਉਥੇ ਦਸਾਂ ਦਿਨਾਂ ਵਿਚ!" ਮੇਘਰਾਜ ਨੇ ਆਪਣੇ ਮੋਢੇ ਉਤਰੇ ਪਰਨੇ ਨੂੰ ਠੀਕ ਕੀਤਾ, "ਤਾਰ ਈ ਠੀਕ ਰਹੂ!"

ਉਸਦੀ ਰਾਇ ਸਾਰਿਆਂ ਨੂੰ ਠੀਕ ਲੱਗੀ। ਉਨ੍ਹਾਂ ਜਵਾਬੀ ਤਾਰ ਕਰਕੇ ਪਤਾ ਮੰਗਾਇਆ, ਜਿੰਨੇ ਦਿਨ ਟੈਲੀਗਰਾਮ ਨਹੀਂ ਮੁੜੀ, ਉਤਨੇ ਦਿਨ ਆਸ-ਬੇਆਸ ਵਿਚ ਸਾਰੇ ਧੜਕਦੇ ਰਹੇ, ਜਿਸ ਦਿਨ ਜਵਾਬ ਮੁੜ ਕੇ ਆਇਆ, ਪੱਟੀ ਉਤੇ ਬੈਠੇ ਆਦਮੀ ਇਕ ਦੂਸਰੇ ਨੂੰ ਕਹਿਣ ਲੱਗ ਪਏ, "ਉਇ ਭਾਈ, ਇਹ ਤਾਂ ਆਪਣੇ ਚਿੱਤ ਨੂੰ ਹੌਲੇ ਐ! ਕਦੇ ਮੌਤ ਦੀ ਖ਼ਬਰ ਵੀ ਝੂਠੀ ਹੋਈ ਐ! ਹੋਰ ਤਾਂ ਮੰਨੋ! ਹੋਰ ਗੱਲਾਂ ਸਭ ਝੂਠ! ਮੌਤ ਸੱਚ ਐ! ਇਹ ਬੰਦੇ ਦਾ ਖਹਿੜਾ ਨ੍ਹੀਂ ਛੱਡਦੀ!"

"ਰੱਬ ਨੇ ਕੁਸ਼ ਨ੍ਹੀਂ ਵੇਖਿਆ!" ਇਕ ਹੋਰ ਬਜ਼ੁਰਗ ਨੇ ਰੁੰਨ੍ਹੇ ਗਲ ਨਾਲ ਆਖਿਆ, "ਨਿੱਕੇ ਨਿੱਕੇ ਨਿਆਣੇ ਐ! ਇਕ ਤਾਂ ਜਮਾਂ ਈ ਬਲੂਰ ਜਿਐ! ਬੱਸ, ਕੁੜੀ, ਕੁੜੀ ਐ।"

"ਉਇ ਬਈ ਜੁਆਨ ਕੁੜੀਆਂ ਦੇ ਤਾਂ ਫਿਕਰ ਹੁੰਦੇ ਐ! ਇਨ੍ਹਾਂ ਦਾ ਕੀ ਹੁੰਦੈ? ਇਹ ਵਿਚਾਰੀਆਂ ਕਰ ਵੀ ਕੀ ਸਕਦੀਐਂ?"

"ਆ!" ਪਹਿਲੇ ਨੇ ਮਾੜੀ ਜਿਹੀ ਤਲਖੀ ਮੰਨੀ, "ਕੁੜੀ ਤਾਂ ਬਿਗਾਨਾ ਧਨ ਐ!...ਪਰ ਸਹੁਰੀ ਨੇ ਚਿੱਤ ਨੂੰ ਬਾਹਲਾ ਲਾ ਲਿਆ।"

"ਲਾਵੇ ਕਿਵੇਂ ਨਾ! ਪਿਉ ਸੀ! ਨਾਲੇ ਉਹਨੂੰ ਤਾਂ ਜੱਗੋਂ ਮੁਲਖੋਂ ਬਾਹਰੀ ਪਿਆਰੀ ਸੀ! ਜੋ ਕਰਦਾ ਸੀ, ਇਹਨੂੰ ਪੁੱਛ ਕੇ ਕਰਦਾ ਸੀ!...ਮੌਤ, ਮੌਤ ਐ ਭਾਈ! ਇਹਦੇ ਮੂਹਰੇ ਤਾਂ ਵੱਡੇ ਵੱਡੇ ਹਾਰ 'ਗੇ!" ਹਰਜਾਪ ਨੇ ਆਪਣੇ ਵਾਲ ਖਿੱਚ ਚੱਪਾ ਚੱਪਾ ਕਰ ਲਏ ਸਨ, ਖਾਣਾ ਪੀਣਾ ਉਹਨੇ ਛੱਡਿਆ ਹੋਇਆ ਸੀ, ਰੋ ਰੋ ਕੇ ਉਹਦਾ ਗਲ ਬਹਿ ਗਿਆ ਸੀ। ਸਾਹਬ ਕੁਰ ਤੇ ਬਚਨ ਕੁਰ ਉਸਦੀਆਂ ਮਿੰਨਤਾਂ ਕਰਦੀਆਂ– "ਖਾ ਲੈ ਕੁੜੇ ਜਾਪ, ਏਹੀ ਰੋਟੀਆਂ ਜਿਹੜੀਆਂ ਜਾ ਵੱਧੀਆਂ ਨਿੱਤ ਖਾਣੀਆਂ!"

ਪਰ ਉਹ ਟੱਸ ਤੋਂ ਮੱਸ ਨਾ ਹੋਈ। ਸਾਹਬ ਕੁਰ ਨੇ ਰੋਟੀ ਫੜ ਕੇ ਨੇੜੇ ਕੀਤੀ।

"ਲੈ ਖਾ ਮੇਰੀ ਧੀ," ਜਦੋਂ ਸਾਹਬ ਕੁਰ ਨੇ ਬੁਕਲ ਵਿਚ ਲੈ ਕੇ ਉਸ ਨੂੰ ਰੋਟੀ ਖਾਣ ਲਈ ਪੁਚਕਾਰਿਆ, ਕੁੜੀ ਭੁੱਬਾਂ ਮਾਰ ਕੇ ਰੋਣ ਲੱਗ ਪਈ, ਸਾਹਬ ਕੁਰ ਦਾ ਆਪਣਾ ਚਿੱਤ ਡੋਲ ਗਿਆ, "ਧੀਏ, ਤੂੰ ਦਿਲ ਰੱਖ, ਜੱਗ ਜਿਉਂਦੇ ਰਹਿਣ ਤੇਰੇ ਭਰਾ! ਸਮੇਂ ਨੂੰ ਹੋਏ ਲੈ। ਬੰਦੇ ਹੋਣ ਸਹੀ! ਮੁੰਡੇ ਤਾਂ ਸੌਣ ਦੇ ਘਾਹ ਵਾਂਗੂੰ ਵਧਦੇ ਐ!"

"ਹਾਏ!" ਹਰਜਾਪ ਉਚੀ ਲੇਰ ਮਾਰ ਕੇ ਸਿਰ ਥੱਲੇ ਮਾਰਨ ਲੱਗ ਪਈ, "ਜਿਨ੍ਹਾਂ ਨੂੰ ਸਾਰੀ ਉਮਰ ਮੱਥੇ ਨ੍ਹੀਂ ਸੀ ਲਾਉਣਾ, ਉਨ੍ਹਾਂ ਦੇ ਪੈਰੀਂ ਪੈਣਾ ਪੈ ਗਿਆ ਹਾਅਏ! ਹਾਅਏ ਵੇ ਰੱਬਾ! ਵੇ ਬਾਪੂਊ!!!"

ਸਾਹਬ ਕੁਰ ਦੀਆਂ ਬਾਹਾਂ ਰਤਾ ਕੁ ਨਿੰਸਲ ਹੋਈਆਂ, ਪਰ ਉਹਨੇ ਫਿਰ ਦਿਲ ਕਰੜਾ ਕਰਕੇ ਕਿਹਾ, "ਭਾਣਾ ਮੰਨ! ਜੇ ਜਾ ਵੱਡਾ ਰੱਬ ਕਿਤੇ ਨਜ਼ਰੀ ਪਵੇ, ਉਹਨੂੰ ਬਿਠਾ ਕੇ ਪੁੱਛੀਏ ਨਾ! ਤੂੰ ਐਹਨਾਂ ਭੋਰਾ ਭੋਰਾ ਜੁਆਕਾਂ ਵਲ ਨਾ ਵੇਖਿਆ!"

**(ਬਾਕੀ ਅਗਲੇ ਅੰਕ 'ਚ)**

*ਸਾਹਿਤਕ ਤ੍ਰੈਮਾਸਿਕ ਪਰਚੇ 'ਹੁਣ' ਤੋਂ ਬਾਅਦ ਪੰਜਾਬੀ ਸਾਹਿਤਕ ਹਲਕਿਆਂ ਵਿਚ ਆਲੋਚਕ ਅਤੇ ਬੁੱਧੀਜੀਵੀ ਗੁਰਬਚਨ ਦਾ ਪਰਚਾ 'ਫ਼ਿਲਹਾਲ' ਜ਼ੋਰਦਾਰ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਇਸ ਦੇ ਕੁਝ ਲੇਖ ਕਾਫੀ ਵਿਚਾਰੇ ਜਾ ਰਹੇ ਹਨ। ਹੁਣ ਤੱਕ ਇਸ ਪਰਚੇ ਦੇ ਚਾਰ ਅੰਕ ਛਪੇ ਹਨ। ਗੁਰਬਚਨ ਦੀਆਂ ਸ਼ਾਬਦਿਕ ਡਰੈਗ ਫਲਿੱਕਾਂ ਵਾਂਗ, ਇਹ ਚਾਰੋ ਪਰਚੇ ਹਿੱਟ ਗਏ ਹਨ। ਪਿੱਛੇ ਜਿਹੇ 'ਪੰਜਾਬ ਟਾਈਮਜ਼' ਨੇ ਉਨ੍ਹਾਂ ਦਾ ਪਾਸ਼ ਸਬੰਧੀ ਇਕ ਲੇਖ ਛਾਪਿਆ ਸੀ, ਜਿਸ ਉੱਪਰ ਕਾਫੀ ਵਿਵਾਦ ਭੱਖਿਆ ਰਿਹਾ। ਪੰਜਾਬੀ ਮੂਲ ਦੇ ਫਿਲਮ ਐਕਟਰ 'ਦੇਵ ਆਨੰਦ' ਸਬੰਧੀ ਉਨ੍ਹਾਂ ਦਾ ਇਹ ਲੇਖ ਵੀ ਕਾਫੀ ਦਿਲਚਸਪ ਹੈ ਅਤੇ ਕੁਝ ਨਵੀਂ ਕਿਸਮ ਦੀਆਂ ਜਾਣਕਾਰੀਆਂ ਪਾਠਕਾਂ ਦੇ ਦਰਪੇਸ਼ ਕਰਦਾ ਹੈ। ਅਸੀਂ ਉਨ੍ਹਾਂ ਦਾ ਇਹ ਲੰਮਾ ਲੇਖ ਇਥੇ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਕਿਸ਼ਤਵਾਰ ਛਾਪ ਰਹੇ ਹਾਂ।* **–ਸੰਪਾਦਕ**

# ਜ਼ਮੀਨ ਤੋਂ ਕੁਝ ਗਜ ਉਤਾਂਹ ਉਡਦਾ ਰਿਹਾ ਦੇਵ ਆਨੰਦ

**–ਗੁਰਬਚਨ**

ਸਤੰਬਰ 1952–ਬਾਰਾਂ ਸਾਲਾਂ ਦੀ ਉਮਰ 'ਚ ਫਿਲਮਾਂ ਨੇ ਮੈਨੂੰ ਉਖੇੜ ਦਿੱਤਾ ਸੀ। ਪਿਤਾ ਮੁੰਬਈ 'ਚ ਰਹਿੰਦਾ ਸੀ। ਉਹ ਅੰਮ੍ਰਿਤਸਰ ਆਇਆ ਤਾਂ ਮੈਂ ਅੜੀ ਕਰਕੇ ਉਹਦੇ ਨਾਲ ਮੁੰਬਈ ਪੁੱਜ ਗਿਆ। ਸਕੂਲ ਤੋਂ ਇੰਜ ਟੁੱਟਾ ਜਿਵੇਂ ਕਦੇ ਵਾਪਸ ਨਹੀਂ ਪਰਤਣਾ। ਗਾਇਕ ਮੁਹੰਮਦ ਰਫੀ ਸਾਡੇ ਸ਼ਹਿਰ ਅੰਮ੍ਰਿਤਸਰ ਤੋਂ ਸੀ, ਅਖੇ ਰਫੀ ਨੇ ਬਚਪਨ ਸੁਲਤਾਨਵਿੰਡ ਗੁਜਰਿਆ ਸੀ। ਇਹ ਗੱਲ ਮੈਨੂੰ ਤਰੰਗਿਤ ਕਰੀ ਰੱਖਦੀ। ਸਾਡੇ ਘਰ ਤੋਂ ਦਸ ਮਿੰਟ ਦੀ ਵਾਟ 'ਤੇ ਸੁਲਤਾਨਵਿੰਡ ਸੀ। ਫਿਰ ਪਤਾ ਲੱਗਾ ਦੇਵ ਆਨੰਦ ਪਿਛੋਂ ਗੁਰਦਾਸਪੁਰ ਦਾ ਰਹਿਣ ਵਾਲਾ ਹੈ। ਮੈਂ ਗੁਰਦਾਸਪੁਰ ਕਿੰਨੀ ਵੇਰ ਜਾ ਚੁੱਕਾ ਸੀ।

ਮੁੰਡੇ ਬੰਟੇ/ਗੁੱਲੀ ਡੰਡਾ ਖੇਡਦੇ। ਮੈਂ ਫਿਲਮਾਂ ਦੇਖਦਾ। ਫਿਲਮਾਂ ਦੇਖਦਾ ਤੇ ਫ਼ਿਲਮਾਂ ਵਿਚਲੇ ਸੰਸਾਰ ਬਾਰੇ ਸੋਚਦਾ। ਜਿਵੇਂ ਆਪਣੇ ਦੁਆਲੇ ਦੇ ਸੰਸਾਰ ਨਾਲ ਮੇਰੀ ਅਣਬਣ ਹੋਵੇ। ਫਿਲਮਾਂ ਦਾ ਸੰਸਾਰ ਆਕਾਸ਼ ਵਾਂਗ ਖੁੱਲ੍ਹਾ ਦਿੱਸਦਾ, ਰੰਗਦਾਰ। ਫਿਲਮੀ ਦੁਨੀਆਂ ਦੀ ਹਰ ਖ਼ਬਰ ਮੇਰੇ ਪਾਸ ਹੁੰਦੀ। ਗੁਰੂ ਰਾਮ ਦਾਸ ਲਾਇਬ੍ਰੇਰੀ 'ਚ ਜਾ ਵੜਦਾ। ਅਖਬਾਰਾਂ ਦੇ ਐਤਵਾਰੀ ਐਡੀਸ਼ਨਾਂ 'ਚੋਂ ਫਿਲਮਾਂ ਬਾਰੇ ਪੜ੍ਹਦਾ। ਫਿਲਮੀ ਰਸਾਲਾ 'ਸ਼ਮ੍ਹਾਂ' ਕਿਤੋਂ ਲੈ ਲੈਂਦਾ। ਦੂਜੇ ਤੀਜੇ ਦਿਨ ਬਿਨਾ ਕਿਸੇ ਨੂੰ ਦੱਸੇ ਸਿਨੇਮਾ ਹਾਲ 'ਚ ਬੈਠਾ ਹੁੰਦਾ। ਪੰਜ ਆਨੇ ਦੀ ਟਿਕਟ ਦੀ ਖਾਤਰ ਚੁਸਤੀਆਂ ਮਾਰਨੀਆਂ ਪੈਂਦੀਆਂ। ਮੈਨੂੰ ਪਤਾ ਹੁੰਦਾ ਕਿਹੜੀ ਫਿਲਮ ਆਉਣ ਵਾਲੀ ਹੈ। ਸੁਰੱਈਆ ਤੇ ਦੇਵ ਆਨੰਦ ਦੀਆਂ ਫ਼ਿਲਮਾਂ ਖੂਬ ਚਲਦੀਆਂ। ਦਲੀਪ ਕੁਮਾਰ ਦੀ 'ਅੰਦਾਜ਼' ਫਿਲਮ ਨੇ ਧੂਮਾ ਪੈਦਾ ਕੀਤੀਆਂ। ਅਸ਼ੋਕ ਕੁਮਾਰ ਦੇ ਨਾਂ ਦੀ ਚੜ੍ਹਤ ਸੀ। ਸ਼ਿਆਮ ਨਾਂ ਦਾ ਹੀਰੋ 'ਸ਼ਬਸਤਾਨ' ਫ਼ਿਲਮ ਦੀ ਸ਼ੂਟਿੰਗ ਕਰਦਿਆਂ ਘੋੜੇ ਤੋਂ ਡਿੱਗ ਕੇ ਮਰਿਆ, ਉਰਦੂ ਅਖ਼ਬਾਰ 'ਚੋਂ ਮੈਂ ਇਹ ਪੜ੍ਹਿਆ ਤੇ ਹੋਰਾਂ ਨੂੰ ਦੱਸਿਆ। ਪੰਜਾਬੀ ਦੀ 'ਚਮਨ' ਫਿਲਮ ਅੰਮ੍ਰਿਤਸਰ ਖੂਬ ਚਲਦੀ ਰਹੀ। ਫਿਲਮ ਦੇ ਲਤੀਫੇ–ਨੁਮਾ ਡਾਇਲਾਗ ਮਸ਼ਹੂਰ ਹੋਏ।

ਰਾਜ ਕਪੂਰ ਦੀ 'ਬਰਸਾਤ' ਦੀ ਅਨੂਠੀ ਗਣਕ ਸੀ। ਦੋ ਯੁਵਕਾਂ, ਸ਼ੰਕਰ ਅਤੇ ਜੈਕਿਸ਼ਨ, ਨੇ ਇਹਦੇ 'ਚ ਸੰਗੀਤ ਦਿੱਤਾ ਸੀ, ਸ਼ੈਲੇਂਦਰ ਨੇ ਗਾਣੇ ਲਿਖੇ ਸਨ। ਦੋਨਾਂ ਦੀ ਇਹ ਪਹਿਲੀ ਫ਼ਿਲਮ ਸੀ। 'ਬਰਸਾਤ' ਦੇ ਗਾਣੇ ਪੰਦਰਾਂ ਅਗਸਤ ਵਾਲੇ ਦਿਨ ਚੌਂਕ ਦੇ ਕਾਂਗਰਸੀ ਨੇ ਲਾਊਡ ਸਪੀਕਰ 'ਤੇ ਲਗਾਏ ਸਨ। ਸੁਰੱਈਆ ਅਤੇ ਗੀਤਾ ਬਾਲੀ ਦੀ 'ਬੜੀ ਬਹਿਨ' ਦੇ ਗੀਤ ਰੇਡੀਓ ਸਿਲੋਨ ਤੋਂ ਸੁਣਾਈ ਦਿੰਦੇ। 'ਅਨਮੋਲ ਘੜੀ' ਦਾ ਚਰਚਾ ਸੀ। ਇਸ ਫਿਲਮ ਵਿਚ ਵੀ ਸੁਰੱਈਆ ਸੀ। ਨਿਰਦੇਸ਼ਕ ਕਿਦਾਰ ਸ਼ਰਮਾ ਦੀ 'ਬਾਵਰੇ ਨੈਣ' ਦਾ ਜ਼ਿਕਰ ਸੀ। ਚਾਚਾ ਕਿਸ਼ਨ ਸਿੰਘ ਕਹਿੰਦਾ ਉਹਨੇ ਪੰਜਾਬੀ ਫਿਲਮ 'ਮੰਗਤੀ' ਦਾ ਪਹਿਲਾ ਸ਼ੋਅ ਲਾਹੌਰ ਜਾ ਕੇ ਦੇਖਿਆ। 'ਮੰਗਤੀ' ਲਾਹੌਰ 'ਚ 72 ਹਫਤੇ ਚੱਲੀ ਸੀ। ਮੈਂ ਢੋਲ–ਢਮੱਕਾ ਕਰਨ ਵਾਲੇ ਟਾਂਗੇ ਪਿੱਛੇ ਦੌੜਦਾ–ਤਸਵੀਰਾਂ ਵਾਲੇ ਹੈਂਡ ਬਿਲ ਇਕੱਠੇ ਕਰਦਾ। ਅਲਮਾਰੀ 'ਚ ਉਨ੍ਹਾਂ ਨੂੰ ਰੱਖਦਾ।

ਮੁੰਬਈ ਸ਼ਹਿਰ 'ਚ ਪੁੱਜਦਿਆਂ ਮੈਂ ਲਟੋਰੀ ਮਾਰਨੀ ਸ਼ੁਰੂ ਕਰ ਦਿੱਤੀ–ਇਕਲਿਆਂ। ਲੋਕਲ ਟਰੇਨ ਫੜ ਕੇ ਮੈਂ ਕਿਤੇ ਵੀ ਚਲੇ ਜਾਂਦਾ। ਮੈਨੂੰ ਬੋਰੀਵਲੀ ਤੋਂ ਚਰਚਗੇਟ ਸਟੇਸ਼ਨਾਂ ਦੇ ਨਾਂ ਤਰਤੀਬਵਾਰ ਯਾਦ ਹੋ ਚੁੱਕੇ ਸਨ। ਤਦੋਂ ਮੁੰਬਈ ਸ਼ਹਿਰ ਦੀ ਅਪਾਰ ਚਮਕ ਸੀ। ਭੜੀ, ਗਲਾਜ਼ਤ ਤੋਂ ਮੁਕਤ–ਇਹ ਸ਼ਹਿਰ ਕੁਦਰਤ ਦੇ ਪੈਗਾਮ ਵਰਗਾ ਸੀ। ਦੱਖਣੀ ਮੁੰਬਈ, ਬੋਰੀ ਬੰਦਰ, ਫੋਰਟ, ਗੇਟਵੇਅ ਆਫ ਇੰਡੀਆ, ਕੋਲਾਬਾ, ਮੈਰਿਨ ਡਰਾਈਵ, ਮਾਲਾਬਾਰ ਹਿੱਲ ਦੀ ਅਨੂਠੀ ਆਭਾ ਸੀ। ਅਮੀਰ ਲੋਕਾਂ ਦੀ ਰਿਹਾਇਸ਼ ਵਾਲਾ ਮੁੰਬਈ ਦਾ ਇਹ ਦੱਖਣੀ ਹਿੱਸਾ ਸਮੁੰਦਰ ਦੇ ਕੰਢੇ ਹੈ। ਉੱਤਰੀ ਹਿੱਸਾ ਦੂਰ ਦਰਾਜ ਤੱਕ ਖੁੱਲ੍ਹਾ, ਮ੍ਹਾਤੜਾਂ ਲਈ ਸੀ–ਹਰਾ ਭਰਾ, ਬਿਨਾ ਭੀੜ ਤੋਂ ਖੁੱਲ੍ਹਾ। ਭੀੜ ਸਿਰਫ ਸਵੇਰੇ ਕੰਮ 'ਤੇ ਜਾਣ ਵੇਲੇ ਲੋਕਲ ਟਰੇਨ 'ਚ ਹੁੰਦੀ। ਸਾਂਤਾ ਕਰੂਜ਼ ਤੋਂ ਉਰ੍ਹਾਂ ਬੋਰੀਵਲੀ ਤੱਕ ਦਾ ਇਲਾਕਾ ਏਦਾਂ ਜਿਵੇਂ ਦਿਹਾਤ ਹੋਵੇ। ਇਧਰ ਬੱਸ ਸਰਵਿਸ ਨਹੀਂ ਸੀ। ਸਫਰ ਲੋਕਲ ਟ੍ਰੇਨ ਰਾਹੀਂ ਹੁੰਦਾ। ਅੰਧੇਰੀ–ਕੁਰਲਾ ਰੋਡ 'ਤੇ ਕੋਈ ਬਸ ਸਰਵਿਸ ਨਹੀਂ ਸੀ। ਚਾਅਲਾਂ ਬਹੁਤ ਘੱਟ ਸਨ। ਬਸਤੀਆਂ ਗੰਦੀਆਂ ਨਹੀਂ ਸਨ ਹੋਈਆਂ। ਮਾਲਾਬਾਰ ਹਿੱਲ ਅਤੇ ਕੋਲਾਬਾ ਵਾਲੇ ਪਾਸੇ ਜੱਦੀ ਅਮੀਰ ਪਾਰਸੀ ਸਨ। ਮਾਲਾਬਾਰ ਹਿੱਲ 'ਤੇ ਪਾਰਸੀਆਂ ਦਾ ਖੂਹ ਸੀ, ਜਿੱਥੇ ਲਾਸ਼ਾਂ ਦਾ ਨਿਕਾਸ ਹੁੰਦਾ। ਪਾਲੀ ਹਿਲ 'ਤੇ ਕੁਝ ਇਕ ਫਿਲਮੀ ਬੰਦਿਆਂ ਦੇ ਬੰਗਲੇ ਸਨ, ਜ਼ਿਆਦਾ ਐਂਗਲੋ–ਇੰਡੀਅਨ ਰਹਿੰਦੇ ਸਨ। ਫਿਲਮੀ ਪਰਿਵਾਰਾਂ 'ਚ ਯੂਸਫ਼ ਖਾਨ ਉਰਫ ਦਲੀਪ ਕੁਮਾਰ ਅਤੇ ਉਹਦੇ ਭਰਾ ਨਾਸਿਰ ਖਾਨ ਦਾ ਬੰਗਲਾ ਵੀ ਸੀ। ਨਾਸਿਰ ਖਾਨ ਵੀ ਐਕਟਰ ਸੀ। ਮੈਂ, ਬਾਰਾਂ ਸਾਲਾਂ ਤੋਂ ਨਿੱਕਾ ਮੁੰਡਾ, ਪਿਤਾ ਕੋਲ ਕਾਂਦੀਵਲੀ ਦੇ ਦੋ ਕਮਰਿਆਂ ਦੇ ਫਲੈਟ 'ਚ ਰਹਿਣ ਲੱਗਾ। ਕੋਈ ਕੰਮ ਨਹੀਂ। ਸਕੂਲ ਜਾਣ ਦੀ ਜ਼ਹਿਮਤ ਨਹੀਂ। ਆਵਾਰਾਗਰਦੀ ਹੀ ਕਰਨੀ ਹੁੰਦੀ ਸੀ। ਸਵੇਰੇ ਇਕੱਲਾ ਘਰੋਂ ਨਿਕਲ ਤੁਰਦਾ। ਕਾਂਦੀਵਲੀ ਸਟੇਸ਼ਨ 'ਤੇ ਹਫ਼ਤਾਵਾਰੀ ਫਿਲਮ ਮੈਗਜ਼ੀਨ 'ਸਕਰੀਨ' ਚਾਰ ਆਨੇ 'ਚ ਖਰੀਦ ਲੈਂਦਾ। 'ਫਿਲਮਫੇਅਰ' ਅਜੇ ਨਿਕਲਣਾ ਸ਼ੁਰੂ ਨਹੀਂ ਸੀ ਹੋਇਆ। 1953 'ਚ ਇਹਦਾ ਪਹਿਲਾ ਅੰਕ ਅੱਠ ਆਨੇ 'ਚ ਮੈਂ ਬੋਰੀ ਬੰਦਰ (ਵਿਕਟੋਰੀਆ ਟਰਮੀਨਸ) ਸਟੇਸ਼ਨ ਤੋਂ ਖਰੀਦਿਆ ਸੀ। ਮੁੰਬਈ ਪੁੱਜਦਿਆਂ ਫਿਲਮਾਂ ਬਾਰੇ ਹੋਰ ਮਸਾਲਾ ਪ੍ਰਾਪਤ ਹੋਇਆ ਕਿ ਲਤਾ ਮੰਗੇਸ਼ਕਰ ਇਕ ਗਾਣਾ ਗਾਉਣ ਦਾ ਤਿੰਨ ਸੌ ਰੁਪਿਆ ਲੈਂਦੀ ਹੈ, ਕਿ ਰਾਜ ਕਪੂਰ ਆਰ.ਕੇ. ਫਿਲਮਜ਼ ਦੇ ਬੈਨਰ ਹੇਠ ਚਾਰ ਫਿਲਮਾਂ ਬਣਾ ਰਿਹਾ ਹੈ, ਜਿਨ੍ਹਾਂ ਵਿਚ ਇਕ ਫਿਲਮ ਦਾ ਨਾਂ 'ਬੂਟ ਪਾਲਿਸ਼' ਹੈ।

ਬੰਬੇ ਟਾਕੀਜ਼ ਸਟੂਡੀਓ ਸਾਡੇ ਕਾਂਦੀਵਲੀ ਵਾਲੇ ਫਲੈਟ ਤੋਂ ਬਹੁਤੀ ਦੂਰ ਨਹੀਂ ਸੀ। ਇਹ ਪਤਾ ਲੱਗਣ 'ਤੇ ਮੈਂ ਹਵਾ 'ਚ ਟਪੂਸੀ ਮਾਰੀ। ਕਾਂਦੀਵਲੀ ਸਟੇਸ਼ਨ ਤੋਂ ਚਰਚ ਗੇਟ ਨੂੰ ਜਾਣ ਵਾਲੀ ਗੱਡੀ 'ਤੇ ਬੈਠੋ ਤਾਂ ਅਗਲਾ ਸਟੇਸ਼ਨ ਮਲਾਡ ਆਉਂਦਾ ਹੈ, ਜਿੱਥੇ ਉਦੋਂ ਬੰਬੇ ਟਾਕੀਜ਼ ਸਟੂਡੀਓ ਸੀ। ਮਲਾਡ ਤੋਂ ਅਗਲਾ ਸਟੇਸ਼ਨ ਹੈ ਗੋਰੇਗਾਓਂ। ਗੋਰੇਗਾਓਂ 'ਚ ਫਿਲਮਸਤਾਨ ਸਟੂਡੀਓ ਸੀ। ਗੋਰੇਗਾਓਂ ਤੋਂ ਅਗਲਾ ਸਟੇਸ਼ਨ ਜੁਗੇਸ਼ਵਰੀ ਹੈ। ਗੱਡੀ ਜੁਗੇਸ਼ਵਰੀ ਕੋਲੋਂ ਲੰਘਦੀ ਤਾਂ ਸੈਂਕੜੇ ਮੱਝਾਂ ਕਤਾਰਾਂ 'ਚ ਬੱਝੀਆਂ ਦਿਸਦੀਆਂ। ਜ਼ਰੂਰ ਏਥੇ ਵੱਡੀ ਸਾਰੀ ਡੇਅਰੀ ਹੋਵੇਗੀ। ਅਗਲਾ ਸਟੇਸ਼ਨ ਅੰਧੇਰੀ ਸੀ, ਜਿੱਥੋਂ ਕੁਰਲਾ ਵਾਲੀ ਸੜਕ 'ਤੇ ਪੈ ਜਾਵੋ ਤਾਂ ਰਾਹ 'ਚ ਚਾਰ ਸਟੂਡੀਓ ਆਉਂਦੇ ਸਨ। ਇਕ ਦਾ ਨਾਂ ਮਾਡਰਨ ਸਟੂਡੀਓ, ਦੂਜੇ ਦਾ ਨਾਂ ਐਮ.ਟੀ. ਸਟੂਡੀਓ, ਤੀਜੇ ਦਾ ਮੋਹਨ ਸਟੂਡੀਓ ਤੇ ਚੌਥੇ ਦਾ ਨਾਂ ਹੁਣ ਮੈਨੂੰ ਭੁੱਲ ਗਿਆ ਹੈ।

ਇਕ ਸਵੇਰ ਮੈਂ ਇਕੱਲਾ ਕਾਂਦੀਵਲੀ ਤੋਂ ਲੋਕਲ ਟਰੇਨ ਫੜ ਮਲਾਡ ਸਟੇਸ਼ਨ 'ਤੇ ਉਤਰਦਾ ਹਾਂ। ਰਸਤਾ ਪੁੱਛਦਾ ਤੁਰਦਾ ਬੰਬੇ ਟਾਕੀਜ਼ ਪੁੱਜ ਜਾਂਦਾ ਹਾਂ। ਇਸ ਸਟੂਡੀਓ ਦਾ ਹਿੱਸੇਦਾਰ ਅਸ਼ੋਕ ਕੁਮਾਰ ਹੈ, ਇਹ ਮੈਨੂੰ ਪਤਾ ਹੈ। ਬੰਬੇ ਟਾਕੀਜ਼ 'ਚ ਸਿੱਖ ਕੈਮਰਾ ਮੈਨ ਬਚਨ ਸਿੰਘ ਕੰਮ ਕਰਦਾ ਹੈ, ਜਿਹਨੂੰ ਮੇਰਾ ਪਿਤਾ ਜਾਣਦਾ ਹੈ। ਲਟੋਰੂ ਬਿਰਤੀ ਦੇ ਬਲ–ਬੂਤੇ ਮੈਂ ਬੰਬੇ ਟਾਕੀਜ਼ ਸਟੂਡੀਓਜ਼ ਦੇ ਗੇਟ ਰਾਹੀਂ ਅੰਦਰ ਗੁਜ਼ਰਨ ਲਈ ਚੁਸਤੀ ਮਾਰਦਾ ਹਾਂ। ਚੌਂਕੀਦਾਰ ਬੋਲਦਾ, 'ਅਰੇ, ਕਹਾਂ ਜਾ ਰਹੇ ਹੋ, ਸਰਦਾਰ?' ਮੈਂ ਜੁਆਬ ਦਿੰਦਾ ਹਾਂ, 'ਅੰਕਲ ਬਚਨ ਸਿੰਘ ਕੈਮਰਾਮੈਨ ਕੋ ਮਿਲਣਾ ਹੈ।' ਚੌਂਕੀਦਾਰ ਸਿਰ ਮਾਰਦਾ ਕਹਿੰਦਾ ਹੈ, 'ਦੋ ਨੰਬਰ ਸੈੱਟ ਮੇਂ ਮਿਲੇਗਾ।' ਮੇਰੇ ਸਿਰ 'ਤੇ ਪੱਗ ਹੈ। ਇਹਨੇ ਮੇਰੇ ਝੂਠ ਨੂੰ ਸੱਚ ਬਣਾ ਦਿੱਤਾ ਹੈ।

ਇਕ ਪਾਸੇ ਵੱਡਾ ਗੋਦਾਮ–ਕੋਲਡ ਸਟੋਰੇਜ ਵਰਗਾ–ਕੋਠਾ ਹੈ। ਇਹੀ ਸੈੱਟ ਹੋਵੇਗਾ। ਮੈਨੂੰ ਨਹੀਂ ਪਤਾ ਇਹਦੇ ਅੰਦਰ ਕੀ ਹੈ, ਜਾਂ ਕੀ ਹੋ ਰਿਹਾ ਹੈ। ਹਲਕੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਮੈਂ ਮਲੂਕੜੇ ਜਿਹੇ ਅੰਦਰ ਦਾਖ਼ਲ ਹੁੰਦਾ ਹਾਂ। ਸੱਜੇ ਕੁਝ ਲੱਕੜ ਦੇ ਟੁੱਟੇ ਭੱਜੇ ਪੇਂਟ ਕੀਤੇ ਬੋਰਡ ਪਏ ਹਨ। ਰਤਾ ਕੁ ਅਗਾਂਹ ਇਕ ਫਿਲਮ ਦਾ ਸੈੱਟ ਬਣਿਆ ਹੋਇਆ ਹੈ। ਅਗੇ ਵਧਦਾ ਹਾਂ ਤਾਂ ਇਕ ਬੰਦਾ ਦੀਵਾਰਾਂ 'ਤੇ ਫਿੱਟ ਲਾਈਟਾਂ ਕੋਲ ਬੈਠੇ ਬੰਦੇ ਨੂੰ ਲਾਈਟ ਦੀ ਦਿਸ਼ਾ ਦਰੁਸਤ ਕਰਨ ਲਈ ਉੱਚੀ ਬੋਲ ਰਿਹਾ ਹੈ, 'ਸ਼ੰਕਰ, ਇਸ ਕੀ ਡਾਇਰੈਕਸ਼ਨ ਸਿੱਧੀ ਕੋਨੇ ਕੀ ਤਰਫ ਕਰੋ...ਓ ਦੀਵਾਕਰ, ਦਾਨੇ ਤਰਫ਼ ਲਾਈਟ ਮਾਰੋ।' ਲਾਈਟਿੰਗ ਦਰੁੱਸਤ ਹੁੰਦੀ ਹੈ ਤਾਂ ਸਾਹਮਣੇ ਖੱਬੇ ਮੇਜ਼ਪੋਸ਼ 'ਤੇ ਅਭਿਨੇਤਰੀ ਊਸ਼ਾ ਕਿਰਨ ਬੈਠੀ ਦਿਖਾਈ ਦਿੰਦੀ ਹੈ। ਉਹਦੀ ਗੋਦ 'ਚ ਬੱਚਾ ਹੈ। ਕਲੈਪਰ ਬੁਆਏ ਕੈਮਰੇ ਅੱਗੇ ਕਲੈਪ ਕਰਦਾ ਹੈ ਤਾਂ ਮੈਂ ਫਿਲਮ ਦਾ ਨਾਂ ਪੜ੍ਹ ਲੈਂਦਾ ਹਾਂ, 'ਪਤਿਤਾ'। ਦ੍ਰਿਸ਼ ਨੰਬਰ ਤੇ ਟੇਕ ਨੰਬਰ ਵੀ ਲਿਖੇ ਹੋਏ ਹਨ। ਇਹਦੀ ਮੈਨੂੰ ਸਮਝ ਨਹੀਂ ਹੈ। ਬਾਅਦ ਵਿਚ ਪਤਾ ਲੱਗਦਾ ਹੈ ਕਿ ਫਿਲਮ ਦਾ ਨਿਰਦੇਸ਼ਕ ਅਮੀਆ ਚਕਰਵਰਤੀ ਹੈ, ਜਿਸਨੇ ਹੁਣੇ ਜਿਹੇ 'ਦਾਗ' ਫਿਲਮ ਬਣਾਈ ਹੈ। 'ਦਾਗ' ਮੈਂ ਅੰਮ੍ਰਿਤਸਰ 'ਚ ਦੇਖ ਚੁੱਕਾ ਹਾਂ। ਇਹਦੇ ਵਿਚ ਦਲੀਪ ਕੁਮਾਰ ਤੇ ਨਿੰਮੀ ਹਨ। ਤਲਤ ਮਹਿਮੂਦ ਦੇ ਗਾਏ 'ਐ ਮੇਰੇ ਦਿਲ ਕਹੀਂ ਔਰ ਚਲ' ਨੇ ਲੋਕਾਂ ਦੇ ਦਿਲਾਂ ਨੂੰ ਵਿੰਨ੍ਹ ਕੇ ਰੱਖ ਦਿੱਤਾ ਹੈ।

ਨਿਰਦੇਸ਼ਕ 'ਸਾਈਲੰਸ' ਕਹਿੰਦਿਆਂ 'ਟੇਕ' ਦੀ ਆਵਾਜ਼ ਦਿੰਦਾ ਹੈ, ਕੈਮਰਾ ਰੋਲ ਕਰਨ ਲੱਗਦਾ। ਸਾਹਮਣੇ ਸੈੱਟ ਦੇ ਦਰਵਾਜ਼ੇ ਥਾਣੀਂ ਤੇਜ਼ੀ ਨਾਲ ਦੇਵ ਆਨੰਦ ਦਾਖ਼ਲ ਹੁੰਦਾ। ਉਹਦਾ ਚਮਕਦਾ ਚਿਹਰਾ ਮੇਕਅੱਪ ਨਾਲ ਹੋਰ ਚਮਕ ਰਿਹਾ। ਮੂੰਹ 'ਤੇ ਪੈਂਦੀ ਰੋਸ਼ਨੀ ਨੇ ਉਹਨੂੰ ਚੌਕਲੇਟ ਕਰੀਮ ਹੀਰੋ ਬਣਾ ਦਿੱਤਾ। ਉਹ ਮੂੰਹ ਨੂੰ ਉਲਾਰ ਕੇ ਬੋਲਦਾ। ਉਹਦੇ ਮੱਥੇ 'ਤੇ ਵਾਲਾਂ ਦਾ ਗੁੱਛਾ ਪਿਛਾਂਹ ਕੀਤਾ ਹੋਇਆ। ਉਹਨੇ ਚੈੱਕ ਕੋਟ ਪਹਿਨਿਆ ਹੋਇਆ। ਐਕਸ਼ਨ ਸ਼ੁਰੂ ਹੈ। ਕੈਮਰੇ ਦੇ ਫਰੇਮ ਉਪਰ ਵੱਡਾ ਸਾਰਾ ਮਾਈਕ ਲਟਕ ਰਿਹਾ। ਊਸ਼ਾ ਕਿਰਨ ਨੂੰ ਬੈਠਿਆਂ ਦੇਖ ਦੇਵ ਆਨੰਦ ਰੁਕਦਾ ਹੈ। ਮੂੰਹ ਸੀਰੀਅਸ ਬਣਾਂਦਾ। ਬੁੱਲ੍ਹਾਂ ਨੂੰ ਦਬਾਂਦਾ। ਕੈਮਰਾ ਰੋਲ ਕਰ ਰਿਹਾ ਹੈ। ਕੈਮਰਾਮੈਨ ਇਕ ਅੱਖ ਬੰਦ ਕਰਕੇ ਕੈਮਰੇ ਦੇ ਵਿਊ 'ਚੋਂ ਦ੍ਰਿਸ਼ ਦੇਖ ਰਿਹਾ ਹੈ। ਸਾਰੇ ਪਾਸੇ ਚੁੱਪ ਹੈ। ਊਸ਼ਾ ਕਿਰਨ ਨੂੰ ਮੁਖਾਤਿਬ ਹੋ ਦੇਵ ਆਨੰਦ ਬੋਲਦਾ ਹੈ, "ਯੇਹ ਬੱਚਾ ਕਿਸ ਕਾ ਹੈ।" (ਫਿਲਮ 'ਚ ਉਹ ਕੰਵਾਰੀ ਮਾਂ ਬਣ ਚੁੱਕੀ ਹੈ, ਕਿਸੇ ਨੇ ਉਹਦਾ 'ਰੇਪ' ਕੀਤਾ ਹੈ।) ਜਦ ਉਹ ਬੱਚੇ ਦੇ ਬਾਪ ਦਾ ਨਾਂ ਦੱਸਦੀ ਹੈ ਤਾਂ ਦੇਵ ਆਨੰਦ ਹੋਰ ਗੰਭੀਰ ਹੋ ਕੇ ਅਭਿਨੈ ਕਰਦਾ, ਬੁੱਲ੍ਹਾਂ ਨੂੰ ਦਬਾਂਦਾ, ਬੋਲਦਾ, "ਵੁਹ ਬਦਮਾਸ਼, ਉਸ ਕੀ ਯੇਹ ਹਿੰਮਤ।" ਤੜਪ 'ਚੋਂ ਗੁਜ਼ਰਦਿਆਂ ਉਹ ਖੱਬੇ ਪਾਸੇ ਘੁੰਮਦਾ ਬੋਲਦਾ, "ਯੇਹ ਕੈਸੇ ਹੁਆ ਰਾਧਾ, ਯੇਹ ਕੈਸੇ ਹੂਆ...।" ਤੁਰੰਤ ਨਿਰਦੇਸ਼ਕ ਦੀ ਆਵਾਜ਼ ਆਉਂਦੀ ਹੈ–'ਕੱਟ।'

ਦੇਵ ਆਨੰਦ ਨੇ ਡਾਇਲਾਗ ਬੋਲਦਿਆਂ ਹੱਥਾਂ ਨੂੰ ਮੂੰਹ ਕੋਲ ਲਿਜਾਂਦਿਆਂ ਘੁੰਮਣਾ ਸੀ। ਨਿਰਦੇਸ਼ਕ ਨੂੰ ਉਹਦੇ ਘੁੰਮਣ ਦਾ ਅੰਦਾਜ਼ ਠੀਕ ਨਹੀਂ ਲੱਗਦਾ : 'ਕੱਟ'।

ਮੈਂ ਪਹਿਲੀ ਵੇਰ ਕਿਸੇ ਫਿਲਮ ਦੀ ਸ਼ੂਟਿੰਗ ਦੇਖੀ ਹੈ। ਪਹਿਲੀ ਵੇਰ ਕਿਸੇ ਫਿਲਮ ਐਕਟਰ ਨੂੰ ਅਭਿਨੈ ਕਰਦੇ ਦੇਖਿਆ ਹੈ। ਗੁਰਦਾਸਪੁਰ ਵਾਲਾ ਦੇਵ ਆਨੰਦ ਮੇਰੇ ਸਾਹਮਣੇ ਦਿਖ ਰਿਹਾ।

ਦੇਵ ਆਨੰਦ ਨੇ ਨਿੱਕੇ ਹੁੰਦੇ ਗੁਰਦਾਸਪੁਰ 'ਚ ਸੁੱਖ ਦੇ ਦਿਨ ਬਿਤਾਏ। ਕੁੜੀਆਂ ਵਰਗਾ ਸੁਨੱਖਾ ਚਿਹਰਾ, ਮਲੂਕੜਾ, ਮਾਂ ਦਾ ਲਾਡਲਾ। ਉਹਨੂੰ ਕੁੜੀਆਂ ਦੇ ਸਕੂਲ ਪਾ ਦਿੱਤਾ ਗਿਆ। ਪਿਤਾ ਗਰਮੀਆਂ 'ਚ ਪਰਿਵਾਰ ਨੂੰ ਡਲਹੌਜ਼ੀ ਲੈ ਜਾਂਦਾ। ਕ੍ਰੀਮੀ ਚਿਹਰੇ ਕਰਕੇ ਕੁੜੀਆਂ ਉਹਦੀਆਂ ਗੱਲ੍ਹਾਂ ਪੁੱਟਦੀਆਂ, ਕਈ ਚੁੰਮ ਲੈਂਦੀਆਂ। ਉਹ ਸਵੈ ਮੋਹਾ ਬਣ ਗਿਆ। ਉਹ ਜ਼ਿੰਦਗੀ ਭਰ ਇਸ ਮਨੋਰੋਗ ਤੋਂ ਮੁਕਤ ਨਾ ਹੋ ਸਕਿਆ। ਬੋਲਣ ਦਾ ਅੰਦਾਜ਼, ਜਿਸਮ ਦੀ ਭਾਸ਼ਾ, ਆਵਾਜ਼ ਦੀ ਲਚਕੀਲੀ ਫੁਰਫੁਰ, ਬਣਾਵਟੀ ਅਭਿਨੈ। ਜ਼ਮੀਨ ਤੋਂ ਕੁਝ ਗਜ ਉਤਾਂਹ ਉਡਦਾ ਰਿਹਾ। ਇਹ ਗੱਲ ਉਹਦੀ ਹਯਾਤੀ ਦਾ ਧਰੋਹਰ ਬਣ ਗਈ। ਇਹ ਉਹਦੀਆਂ ਬਣਾਈਆਂ ਫਿਲਮਾਂ ਦੀ ਸ਼ੈਲੀ ਬਣੀ।


ਦੇਵ ਆਪਣੇ ਦੋਸਤ ਭੱਗੂ (ਭਗਵੰਤ ਸਿੰਘ) ਨਾਲ ਅਕਸਰ ਅੰਮ੍ਰਿਤਸਰ ਜਾਂਦਾ। ਦਰਬਾਰ ਸਾਹਿਬ ਦੁਆਲੇ ਘੁੰਮਦਾ। ਇਹਦਾ ਜ਼ਿਕਰ ਉਹ ਸਵੈ–ਜੀਵਨੀ 'ਚ ਕਰਦਾ ਹੈ।

ਧਰਮਸ਼ਾਲਾ ਤੋਂ ਇੰਟਰ ਕਰਨ ਬਾਅਦ ਉਹ ਲਾਹੌਰ ਦੇ ਗੌਰਮਿੰਟ ਕਾਲਜ 'ਚ ਬੀ.ਏ. (ਅੰਗਰੇਜ਼ੀ ਆਨਰਜ਼) ਕਰਨ ਲੱਗਾ। ਗੌਰਮਿੰਟ ਕਾਲਜ ਤੋਂ ਅੰਗਰੇਜ਼ੀ ਆਨਰਜ਼ ਜਾਂ ਅੰਗਰੇਜ਼ੀ ਐਮ.ਏ. ਕਰਨ ਵਾਲੇ ਉਦੋਂ ਆਪਣੇ ਆਪ ਨੂੰ ਨਾਢੂਖਾਨ ਸਮਝਦੇ ਸਨ। ਦੇਵ ਤੋਂ ਪਹਿਲਾਂ ਯੁੱਧਿਸ਼ਟਰ ਸਾਹਨੀ (ਬਲਰਾਜ ਸਾਹਨੀ) ਨੇ ਵੀ ਲਾਹੌਰ ਦੇ ਗੌਰਮਿੰਟ ਕਾਲਜ ਤੋਂ ਐਮ.ਏ. ਕੀਤੀ ਸੀ। ਉਹ ਵੀ ਦੇਵ ਦੇ ਵੱਡੇ ਭਰਾ ਚੇਤਨ ਆਨੰਦ ਵਾਂਗ ਇੰਗਲੈਂਡ ਗਿਆ ਸੀ। ਦੇਵ ਚੇਤਨ ਆਨੰਦ ਵਾਂਗ ਵਲਾਇਤ ਜਾ ਕੇ ਪੜ੍ਹਨਾ ਚਾਹੁੰਦਾ ਸੀ। ਪਿਤਾ ਦੀ ਵਕਾਲਤ ਤੋਂ ਆਮਦਨ ਘਟਣੀ ਸ਼ੁਰੂ ਹੋ ਗਈ ਸੀ। ਨੌਂ ਭੈਣ ਭਰਾਵਾਂ ਦਾ ਪਰਿਵਾਰ ਸੀ। ਪਿਤਾ ਚਾਹੁੰਦਾ ਸੀ ਦੇਵ (ਅਸਲ ਨਾਂ–ਧਰਮ ਦੇਵ) ਸਰਕਾਰੀ ਨੌਕਰੀ ਕਰ ਲਵੇ। ਪਰ ਉਹ ਸ਼ੀਸ਼ੇ 'ਚ ਚਿਹਰਾ ਦੇਖ ਕੇ ਸੋਚਦਾ–ਉਹ ਲਾਹੌਰ 'ਚ ਕੀ ਕਰ ਰਿਹਾ ਹੈ? ਇਕ ਦਿਨ ਉਹ ਬਿਮਾਰ ਮਾਂ ਦੀ ਦਵਾਈ ਲੈਣ ਅੰਮ੍ਰਿਤਸਰ ਗਿਆ ਤਾਂ ਸਿਖ਼ਰ ਗਰਮੀ 'ਚ ਦਰਬਾਰ ਸਾਹਿਬ ਕੋਲ ਇਕ ਦੁਕਾਨ 'ਤੇ ਸ਼ਰਬਤ ਪੀਣ ਲੱਗੇ ਕਿਸੇ ਨੇ ਉਹਦੇ ਚਮਕਦੇ ਚਿਹਰੇ ਬਾਰੇ ਕਿਹਾ, "ਤੂੰ ਜ਼ਰੂਰ ਕਦੇ ਚਮਕਦਾ ਸਿਤਾਰਾ ਬਣੇਂਗਾ।" ਉਹਨੂੰ ਲੱਗਾ ਮੁੰਬਈ ਦਾ ਫਿਲਮ ਸੰਸਾਰ ਆਵਾਜ਼ ਮਾਰ ਰਿਹਾ ਹੈ। ਆਪਣੇ ਚਿਹਰੇ ਨਾਲ ਮੋਹ ਉਹਨੂੰ ਬੇਚੈਨ ਕਰੀ ਰੱਖਦਾ। ਸੰਨ 1943 ਦੇ ਇਕ ਦਿਨ ਉਹਨੇ ਤੀਹ ਰੁਪਏ ਜੇਬ 'ਚ ਪਾਏ, ਮੁੰਬਈ ਦੀ ਟਿਕਟ ਕਟਵਾਈ, ਲਾਹੌਰ ਸਟੇਸ਼ਨ 'ਤੇ ਖੜੀ ਫਰੰਟੀਅਰ ਮੇਲ 'ਚ ਜਾ ਬੈਠਾ। ਫਿਰ ਕਦੇ ਪਿਛਾਂਹ ਵਲ ਮੂੰਹ ਨਹੀਂ ਕੀਤਾ।

ਮੁੰਬਈ ਕਲਕੱਤਾ ਆਦਿ ਥਾਵਾਂ 'ਚ ਵਿਸਤਾਰ ਲੱਭਣ ਵਾਲਿਆਂ ਲਈ ਪੰਜਾਬ ਵਿਸਾਰਣ ਵਾਲੀ ਭੋਇੰ ਸੀ। ਆਰੀਆ ਸਮਾਜ ਲਹਿਰ ਨੇ ਅਜਿਹੇ ਲੋਕਾਂ ਨੂੰ ਮਾਂ–ਭੂਮੀ ਅਤੇ ਮਾਂ ਬੋਲੀ ਤੋਂ ਸਦਾ ਲਈ ਦੂਰ ਜਾਣ ਲਈ ਹਜੁੱਕਾ ਮਾਰਿਆ ਸੀ। ਪੰਜਾਬੀ ਪਿਛੋਕੜ ਦੇ ਫਿਲਮੀ ਲੋਕ, ਜੋ ਦੇਸ਼ ਵੰਡ ਤੋਂ ਪਹਿਲਾਂ ਲਾਹੌਰ 'ਚ ਸਨ, ਉਨ੍ਹਾਂ ਲਈ ਮੁੰਬਈ ਆਦਿ ਦੇ ਉੱਚ ਪ੍ਰਸੰਗਾਂ 'ਚ ਵਿਲੀਨ ਹੋਣਾ ਲਾਜ਼ਮੀ ਹੋ ਗਿਆ ਸੀ। ਫਿਲਮ ਸੰਸਾਰ ਉਦੋਂ ਪੰਜਾਬੀਆਂ ਨਾਲ ਭਰਿਆ ਪਿਆ ਸੀ। ਸਿਵਾਏ ਬਲਰਾਜ ਸਾਹਨੀ ਦੇ, ਕੋਈ ਪੰਜਾਬ ਵਲ ਨਾ ਪਰਤਿਆ।

ਅਜਿਹੀ ਬੇਪ੍ਰਤੀਤੀ ਲਾਹੌਰ–ਮੁੰਬਈ ਵਾਲਿਆਂ ਨੂੰ ਵਿਰਸੇ 'ਚ ਪ੍ਰਾਪਤ ਹੋਈ। ਬੰਗਾਲੀਆਂ ਦੇ ਪ੍ਰਸੰਗ 'ਚ ਏਦਾਂ ਨਹੀਂ ਹੋਇਆ। ਉਨ੍ਹਾਂ ਕੋਲ ਕਲਕੱਤਾ ਸੀ। ਪੰਜਾਬੀਆਂ ਕੋਲ ਲਾਹੌਰ ਸੀ ਤੇ ਉਹ ਹੁਣ ਖੁੱਸ ਚੁੱਕਾ ਸੀ। ਲਾਹੌਰ ਦੀ ਫਿਲਮੀ ਅਤੇ ਅਦਬੀ ਚਮਕ ਮੁੰਬਈ ਪਹੁੰਚ ਗਈ। ਬਾਕੀ ਦੇ ਲੋਕ ਦਿੱਲੀ ਪੁੱਜੇ। ਲਾਹੌਰ ਤੋਂ ਬਾਅਦ ਲੁਧਿਆਣਾ ਆ ਕੇ ਸੈਟਲ ਹੋਣਾ ਦੋ ਕਦਮ ਪਿਛਾਂਹ ਵਾਲੀ ਗੱਲ ਸੀ। ਉਦੋਂ ਬਟਾਲਾ ਬਠਿੰਡਾ ਕਿਸੇ ਗਿਣਤੀ 'ਚ ਨਹੀਂ ਸਨ, ਜਿਵੇਂ ਹੁਣ ਵੀ ਨਹੀਂ ਹਨ। ਪੰਜਾਬ ਦੀ ਸਭਿਆਚਾਰਕ ਅਤੇ ਬੌਧਿਕ ਗਤੀ ਨੂੰ ਸਮਝਣਾ ਹੈ ਤਾਂ ਵੀਹਵੀਂ ਸਦੀ 'ਚ ਵਾਪਰਣ ਵਾਲੇ ਇਹਦੇ ਹਿਜ਼ਰਤੀ ਗ੍ਰਾਫ ਨੂੰ ਧਿਆਨ 'ਚ ਰੱਖਣਾ ਪੈਣਾ ਹੈ।

**(ਬਾਕੀ ਅਗਲੇ ਅੰਕ 'ਚ)**


ਦੇਵ ਆਨੰਦ


Ticket Price PER DAY
$25 Advance
LCSA ENTERTAINMENT
MONTY & ALTAF HUSSIAN
Presents
Buy Your Tickets @
www.southasincarnival.com
www.livebollywoodshows.com
SAHARA ONE
8 hours NON STOP meet & greet at Stage I
FARHATH HUSSAIN'S
South Asian
CARNIVAL 09
Autograph & Picture
Meet & Greet
imagine
TV ASIA
HEADLINES TODAY
8 Hours NON STOP live performance Show at Stage II
RACHNA
MOHD SALAMAT
KRISHNA
KUMAR SANU
ALI ZAFAR
AMANAT ALI
SMITA PAREKH
NISHA JAIN
SUJATA
LIVE PERFORMANCE
SUNIL JOGI
VINAY
KHANA KHAZANA COURT DELICIOUS FOOD & COOKERY STARE
DULHAN THE SOUTH ASIN WEDDING EXPO
CATWALK STAGE / FASHION STAGE BY CELEBRETIES DESIGNERS
DESI BAZAR JEWELERY, CLOTHS, SHOES, ACCESSORIES & MUCH MORE...
ON AUGUST 15TH & 16TH 2009 @ 12PM - 8PM IN CHICAGO
For More Info:
MONTY: 847-770-1088
ALTAF HUSSAIN: 847-271-4427
SAJJAD SHAMSI: 630-205-4069
DHITU: 847-340-1120
This two-day South Asian Carnival event will be a colorful extravaganza, which will include MEET & GREET with Top Bollywood Celebrities, performances by Top Playback singers, Catwalk & Fashion shows by celebrities desingers, Khana Khazana court with delicious food and Cookery shows, Dulhan the south asian wedding expo and a large number of Stalls, Food, and Entertainment.
ENTRY PER DAY ADVANCE
$25
$35 AT DOOR
Maharaja CRUISE 1-877-MAHARAJA
Raj Jewels
ALL POINTS HOME HEALTH CARE
National Bankcard
Iftekhar Shareef
www.natl-bankcard.com
ALL American BANK www.aabnk.com
Medstar LABORATORY INC.
Luxchateau Hookah Lounge
www.luxchateau.com
Azeem (630) 670 7868
STRIKE TEN
ROSELLE, IL
www.southasincarnival.com
www.livebollywoodshows.com
Sabri Nehari
Pakistani Cuisine
INFERNO HOOKAH LOUNGE 847-301-9999
PROMOTE YOUR
BUSINESS/PRODUCTS/SERVICES
40,000 PEOPLE IN 2 DAYS EVENT
BOOTHS / STALLS
$950
PRICE INCLUDES FOR 2 DAYS EVENT
BUY TICKETS ONLINE
WWW.SOUTHASIANCARNIVAL.COM
VARIOUS PACKAGES AVAILABLE FOR YOUR BUSINESS SPONSORSHIP.
INFO@SOUTHASIANCARNIVAL.COM
OFFICE: 630-351-2973/ 331-472-9818
MUSA: 312-772-8072 • BEENISH: 312-788-0088
TICKET LOCATIONS
ATLANTIC VIDEO 773-338-3600
KWICK PANTRY630-268-9574
JAI HIND 847-490-9858
ANNADATA 630-233-2525
INDIA VIDEO 847-534-0125
SHREEJI GROCERS 847-952-9181
SURABHI S.MARKET 630-497-9900
JUZ DESI 630-378-9988
ATMIYA PLAZA 630-213-2222
KHALED INDO-PAK 630-539-4078
PEOPLE C. SALON 630-653-1111
INTERNATIONAL VIDEO (NEPERVILLE)
PURAN GROCERY (PEORIA)
DESI NEEDS 847-662-2200
UNITED GROCERS 847-599-9989
UNITED GROCERS 847-566-6639
SPICE BAZAAR 847-549-0065
PRABHU GROCERS 847-537-1010
EASTERN FOODS 630-830-4400
INDIA BAZAAR 630-830-6020
PRABHU GROCERS 847-470-0101
SHEETAL 847-808-8630
SLEEK HAIR 847-537-6192
INDIAN FOODS 847-827-5567
GRACEPRINTING.COM

# PUNJABI CULTURAL SOCIETY OF CHICAGO

*Proudly presents*

# 15th PUNJABI SPORTS FESTIVAL

**SUNDAY, AUGUST 23, 2009, TIME 9AM-5PM AT**
**CENTENNIAL PARK, 1776 CENTENNIAL PL. ADDISON, IL. 60101**

**KABADDI, VOLLEYBALL, SOCCER, ATHLETICS, MUSICAL CHAIR, YOGA,**
**BHANGRA AEROBICS, KID'S EVENTS & MUCH MORE.**

**PCS KABADDI CUP FIRST PRIZE $3100, SECOND PRIZE $1100**
**PCS VOLLEYBALL, BASKETBALL & SOCCER CUP FIRST PRIZE $500**

**Free entry, Complimentary Breakfast & Lunch, Enjoy Family Style Fun, All day Sports Festival. All Teams Register by August 16, 2009. Team Registration fee is $50 & Individual Sports $5 per person.**

**PCS Basketball Tournament Saturday, August 22, 2009,**
**Time 9am-5pm at**
**Community Recreation Center, 120 Oak St. Addison, IL. 60101**







**For More Information Please Contact:**

Ronny Kular (312) 318-4426, Surinder Sangha (847) 532-0610, Bhinder Pamma (847) 361-3579, Baljeet Sangha (630) 833-8091, Baljit Sidhu (630) 862-0941, Balwinder Girn (847) 947-1129, Raj Mago (630) 440-7730, Moh Saini (847) 705-0434, Paul Lail (847) 837-9047, Sukhmail Atwal (847) 564-4735, Onkar Sangha (630) 674-2052, Amarjit Atwal (847) 564-4735, Thakar Basati (847) 736-6092, Jasbir Palia (219) 924-5250, Pardeep Deol (630) 336-7245, Harbir Virk (847) 942-9046, Sunny Kular (312) 226-4425.

**PUNJABI CULTURAL SOCIETY OF CHICAGO**
**P.O. BOX 1244, PALATINE, IL 60078**
**(847) 359-5PCS or Visit www.PCSChicago.org**

# ਕਬੱਡੀ ਕਬੱਡੀ! ਕਬੱਡੀ!! ਕਬੱਡੀ!!!

# ਪੰਜਾਬ ਸਪੋਰਟਸ ਕਲੱਬ, ਮਿਡਵੈਸਟ (ਸ਼ਿਕਾਗੋ)


## ਸੱਤਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਟੂਰਨਾਮੈਂਟ

ਫਰੀ ਦਾਖਲਾ, ਮੁਫਤ ਖਾਣਾ ਤੇ ਮੁਫਤ ਪਾਰਕਿੰਗ

## ਦਿਨ: ਐਤਵਾਰ, 9 ਅਗਸਤ 2009

ਸਮਾਂ: ਸਵੇਰੇ 10 ਵਜੇ ਤੋਂ ਦੇਰ ਸ਼ਾਮ ਤੱਕ
ਸਥਾਨ: ਬਸੀ ਵੁਡਜ਼, ਐਲਕ ਗਰੂਵ, ਇਲੀਨਾਏ (ਹਿਗਿਨਸ ਰੋਡ ਅਤੇ ਰੂਟ 53)





ਸੂਬੇਦਾਰ ਕਰਤਾਰ ਸਿੰਘ ਧਾਲੀਵਾਲ
ਯਾਦਗਾਰੀ ਟਰਾਫੀ
ਵਲੋਂ ਸ. ਦਰਸ਼ਨ ਸਿੰਘ ਧਾਲੀਵਾਲ




ਮੁੱਖ ਮਹਿਮਾਨ
ਸ੍ਰੀ ਅਸ਼ੋਕ ਕੁਮਾਰ ਅਤਰੀ
(ਕੌਂਸਲ ਜਨਰਲ ਸ਼ਿਕਾਗੋ)



ਗੈਸਟ ਆਫ ਆਨਰ
ਅਮਨਦੀਪ ਸਿੰਘ ਧਾਰਨੀ
(ਸਿਨਸਿਨੈਟੀ)



ਗੈਸਟ ਆਫ ਆਨਰ
ਅਮੋਲਕ ਸਿੰਘ ਗਾਖਲ
(ਇੰਟਰਨੈਸ਼ਨਲ ਕਬੱਡੀ ਪ੍ਰੋਮੋਟਰ)



ਸਵਰਗੀ ਸ. ਲਾਲ ਸਿੰਘ
ਯਾਦਗਾਰੀ ਦੂਜਾ ਇਨਾਮ
ਵਲੋਂ ਸ. ਬਲਵਿੰਦਰ ਸਿੰਘ
ਏਵਨ ਕਾਰਪੈਟਸ

## ਪੰਜਾਬ ਦੇ ਨਾਮਵਰ ਗਾਇਕ ਸ਼ਾਮ ਨੂੰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ




ਸੁਰਿੰਦਰ ਛਿੰਦਾ



ਗੀਤਾ ਜੈਲਦਾਰ



ਹਰਮਨ ਦੀਪ



ਇਸ਼ਮੀਤ ਨਰੂਲਾ



ਜਸਬੀਰ ਗੁਣਾਚੌਰੀਆ

### ਬੋਰਡ ਆਫ ਡਾਇਰੈਕਟਰਜ਼

ਚੇਅਰਮੈਨ-ਦਵਿੰਦਰ ਸਿੰਘ ਰੰਗੀ
ਪ੍ਰਧਾਨ-ਹੈਪੀ ਸਿੰਘ ਹੀਰ
ਨਿੱਕ ਗਾਖਲ
ਜੈ ਦੇਵ ਸਿੰਘ ਭੱਠਲ
ਕਰਨਲ ਨਿਰਮਲ ਸਿੰਘ ਸਿੰਘਾ
ਲਵਦੀਪ ਸਿੰਘ ਦੁੱਲਤ
ਅਜੈਬ ਸਿੰਘ ਲਖਣ
ਮਿੱਕੀ ਕਾਹਲੋਂ
ਸੰਤੋਖ ਸਿੰਘ ਡੀ ਸੀ
ਨਰਿੰਦਰ ਸਿੰਘ ਸਰਾ
ਬਲਦੇਵ ਸਿੰਘ ਗਿੱਲ
ਸੋਨੂੰ ਸਿੰਘ ਖਹਿਰਾ
ਹਰਕੇਵਲ ਸਿੰਘ ਲਾਲੀ
ਜਸਵਿੰਦਰ ਸਿੰਘ ਧਾਲੀਵਾਲ
ਜਗਦੇਵ ਸਿੰਘ ਖਹਿਰਾ
ਅਜਮੇਰ ਸਿੰਘ ਪੰਨੂ
ਗੁਰਿੰਦਰ ਸਿੰਘ ਢਿੱਲੋਂ
ਗਿਆਨ ਸਿੰਘ ਸੀਹਰਾ
ਮਹਿੰਦਰ ਸਿੰਘ ਰਕਾਲਾ
ਜਿੰਦੀ ਦਿਆਲ
ਮਲਕੀਅਤ ਸਿੰਘ ਸਿੱਧੂ
ਲੱਕੀ ਤੇ ਜੱਸੀ ਸਹੋਤਾ
ਡਾ. ਹਰਜਿੰਦਰ ਸਿੰਘ ਖਹਿਰਾ

### ਸਹਿਯੋਗੀ ਸੰਸਥਾਵਾਂ:

ਪੀ.ਐਚ.ਓ. ਸ਼ਿਕਾਗੋ, ਪੀ ਸੀ ਐਸ ਸ਼ਿਕਾਗੋ, ਪੀ ਸੀ ਐਸ ਸਾਊਥਬੈਂਡ, ਸਿੱਖ ਕਲਚਰਲ ਸੁਸਾਇਟੀ ਆਫ ਇੰਡੀਆਨਾ ਮਿਸ਼ਵਾਕਾ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਫਾਈਵ ਰੀਵਰ ਇੰਟਰਟੇਨਮੈਂਟ ਇੰਡੀਅਨ- ਐਪੋਲਿਸ, ਬਾਬਾ ਮੱਖਣ ਸ਼ਾਹ ਲੁਬਾਣਾ ਸੁਸਾਇਟੀ (ਸਾਊਥ ਬੈਂਡ), ਪੀ ਏ ਓ ਸ਼ਿਕਾਗੋ, ਸਿੱਖ ਰਿਲੀਜੀਅਸ ਸੁਸਾਇਟੀ ਆਫ ਸ਼ਿਕਾਗੋ (ਐਸ. ਆਰ. ਐਸ.), ਗੁਰਦੁਆਰਾ ਸਾਹਿਬ ਦੀਵਾਨ ਐਵਨਿਊ, ਪੀ.ਸੀ.ਓ. ਵਿਸਕਾਨਸਨ, ਪੀ.ਸੀ. ਐਸ. ਮਿਸ਼ੀਗਨ, ਐਫ.ਆਈ.ਏ. ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਆਫ ਇੰਡੀਆਨਾ, ਦੋਆਬਾ ਸਪੋਰਟਸ ਕੱਲਬ ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਬੈਟਲਕਰੀਕ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥ ਬੈਂਡ, ਗੁਰੂ ਨਾਨਕ ਸਿੱਖ ਸੈਂਟਰ ਲੈਨਸਿੰਗ, ਲਾਇਨ ਕਲੱਬ ਆਫ ਪੰਜਾਬ, ਪੀ.ਸੀ.ਐਸ. ਫੋਰਟਵਿਨ, ਏ.ਏ.ਐਸ.ਏ, ਪੰਜਾਬੀ ਕਲਚਰਲ ਸੁਸਾਇਟੀ, ਇੰਡੀਅਨਐਪੋਲਿਸ, ਐਸ.ਆਰ.ਐਸ. ਇੰਡੀਆਨਾ ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ, ਪੀ ਸੀ ਐਸ ਕੈਲਮਜ਼ੂ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ, ਪੰਜਾਬੀ ਟਰੱਕ ਯੂਨੀਅਨ ਸ਼ਿਕਾਗੋ, ਪੰਜਾਬ ਟੈਕਸੀ ਐਂਡ ਲਿਮੋ ਯੂਨੀਅਨ ਸ਼ਿਕਾਗੋ, ਪੰਜਾਬ ਸਪੋਰਟਸ ਐਂਡ ਕਲਚਰਲ ਕੱਲਬ ਸਿਨਸਿਨੈਟੀ।

### ਮੀਡੀਆ ਸਪਾਂਸਰ:

ਪੰਜਾਬ ਟਾਈਮਜ਼, ਦੇਸੀ ਜੰਕਸ਼ਨ 1530 ਏ.ਐਮ., ਰੌਣਕ ਮੇਲਾ 1590 ਏ.ਐਮ., ਸਿੱਖ ਟੀ.ਵੀ., ਟੀ.ਵੀ. ਏਸ਼ੀਆ, ਡੇਲੀ ਅਜੀਤ, ਪੰਜਾਬੀ ਲੇਖਕ ਡਾਟ ਕਾਮ, ਸਾਡਾ ਪੰਜਾਬ ਡਾਟ ਕਾਮ, ਸਾਊਥ ਏਸ਼ੀਆ ਵਨ, ਸ਼ੇਰ-ਏ-ਪੰਜਾਬ, ਸ਼ਾਨ ਫੋਟੋਗ੍ਰਾਫੀ, ਬਿੰਦੀਆ ਕਮਿਊਨੀਕੇਸ਼ਨ

## ਹੋਰ ਜਾਣਕਾਰੀ ਲਈ ਕਾਲ ਕਰੋ

630-205-6575, 847-544-1788, 847-830-8387, 847-878-8412, 513-373-0145, 847-338-3866, 630-205-9264, 630-205-5288, 224-588-1317, 630-479-0031